**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 44, November 03, 2012
20451 N Plum Grove Rd. Palatine, IL 60074
Ph:847-359-0746, Fax:847-705-9388

## ਸਿਆਸਤ ‘ਚ ਰੁੜ੍ਹ ਗਿਆ ਜ਼ਖ਼ਮਾਂ ਦਾ ਦਰਦ

# ਨਵੰਬਰ 84: ਅਜੇ ਵੀ ਅੱਲੇ ਨੇ ਜ਼ਖ਼ਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ ਚੁਰਾਸੀ ਦੇ ਕਤਲੇਆਮ ਦੇ ਜ਼ਖ਼ਮ 28 ਵਰ੍ਹਿਆਂ ਬਾਅਦ ਵੀ ਅੱਲ੍ਹੇ ਹਨ। ਹੁਣ ਤੱਕ ਦੀ ਕਿਸੇ ਵੀ ਹਕੂਮਤ ਨੇ ਇਨ੍ਹਾਂ ‘ਤੇ ਜ਼ਖ਼ਮਾਂ ਉਤੇ ਮੱਲ੍ਹਮ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਨਸਾਫ ਮਿਲਣ ਵਿਚ ਤਕਰੀਬਨ ਤਿੰਨ ਦਹਾਕਿਆਂ ਦੀ ਦੇਰੀ ਨੇ ਭਾਰਤੀ ਨਿਆਂ ਪ੍ਰਣਾਲੀ ‘ਤੇ ਸਵਾਲੀਆ ਨਿਸ਼ਾਨ ਲਾਇਆ ਹੋਇਆ ਹੈ। ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਵੀ ਭਾਜਪਾ ਦੀ ਭਾਈਵਾਲੀ ਨਾਲ ਕਈ ਵਰ੍ਹੇ ਕੇਂਦਰੀ ਸੱਤਾ ਦਾ ਸੁੱਖ ਮਾਣ ਚੁੱਕਾ ਹੈ ਪਰ ਉਸ ਵੱਲੋਂ ਚੁਰਾਸੀ ਦੇ ਪੀੜਤਾਂ ਨੂੰ ਇਨਸਾਫ ਦਵਾਉਣ ਲਈ ਕੋਈ ਚਾਰਾਜੋਈ ਨਹੀਂ ਕੀਤੀ ਗਈ।

ਉਂਜ, ਸ਼੍ਰੋਮਣੀ ਅਕਾਲੀ ਦਲ ਨੇ ਇਸ ਮਸਲੇ ਨੂੰ ਲੈ ਕੇ ਲਗਾਤਾਰ ਸਿਆਸਤ ਕੀਤੀ ਹੈ ਤੇ ਚੋਣਾਂ ਦੌਰਾਨ ਇਸ ਨੂੰ ਕਾਂਗਰਸ ਖ਼ਿਲਾਫ਼ ਖ਼ੂਬ ਵਰਤਿਆ ਹੈ। ਭਾਜਪਾ ਵੀ ਲੋੜ ਪੈਣ ‘ਤੇ ਇਸ ਮਸਲੇ ਨੂੰ ਕਾਂਗਰਸ ਖ਼ਿਲਾਫ਼ ਵਰਤਦੀ ਆਈ ਹੈ ਪਰ ਖ਼ੁਦ ਸੱਤਾ ਸੰਭਾਲਣ ‘ਤੇ ਹਮੇਸ਼ਾ ਖਾਮੋਸ਼ ਹੀ ਰਹੀ ਹੈ। ਇਹੀ ਕਾਰਨ ਹੈ ਕਿ ਕਈ ਜਾਂਚ ਕਮਿਸ਼ਨ ਬਣਨ ਤੋਂ ਬਾਅਦ ਵੀ ਇਸ ਕਤਲੇਆਮ ਦੀ ਅਸਲ ਤਸਵੀਰ ਸਾਹਮਣੇ ਨਹੀਂ ਆ ਸਕੀ ਤੇ ਤਿੰਨ ਦਹਾਕੇ ਬੀਤਣ ‘ਤੇ ਵੀ ਪੀੜਤ ਇਨਸਾਫ ਲਈ ਅਦਾਲਤਾਂ ਵਿਚ ਰੁਲ ਰਹੇ ਹਨ।

ਉਘੇ ਵਕੀਲ ਐਚ.ਐਸ.ਫੂਲਕਾ ਦਾ ਕਹਿਣਾ ਹੈ ਕਿ ਇਸ ਵੱਡੇ ਕਤਲੇਆਮ ਦੇ ਕਾਤਲਾਂ ਨੂੰ ਸਜ਼ਾਵਾਂ ਨਹੀਂ ਸਗੋਂ ਉੱਚੀਆਂ ਪਦਵੀਆਂ ਦਿੱਤੀਆਂ ਗਈਆਂ। ਇਸ ਨਾਲ ਘੱਟ ਗਿਣਤੀਆਂ ਖ਼ਿਲਾਫ਼ ਜ਼ਿਆਦਤੀਆਂ ਦਾ ਰੁਝਾਨ ਸ਼ੁਰੂ ਹੋਇਆ। ਇਸ ਤੋਂ ਬਾਅਦ 2008 ਵਿਚ ਉੜੀਸਾ ਵਿਚ ਈਸਾਈਆਂ ਖ਼ਿਲਾਫ਼ ਅਤੇ ਹੁਣ ਆਸਾਮ ਵਿਚ ਘੱਟ ਗਿਣਤੀਆਂ ਖ਼ਿਲਾਫ਼ ਜ਼ੁਲਮ ਹੋਇਆ ਹੈ।

(ਬਾਕੀ ਸਫਾ 6 ’ਤੇ)

### ਸਿਰਫ ਪੰਜ ਕੇਸ

ਹੇਠਲੀਆਂ ਅਦਾਲਤਾਂ ਵਿਚ ਹੁਣ ਸਿਰਫ ਪੰਜ ਕੇਸ ਹੀ ਰਹਿ ਗਏ ਹਨ। ਬਹੁਤੇ ਕੇਸ ਹਾਈ ਕੋਰਟ ਵਿਚ ਹਨ। ਸਰਕਾਰੀ ਅੰਕੜਿਆਂ ਅਨੁਸਾਰ ਇਸ ਕਤਲੇਆਮ ਵਿਚ 2733 ਬੰਦੇ ਮਾਰੇ ਗਏ ਸਨ ਜਦੋਂਕਿ ਗੈਰ-ਸਰਕਾਰੀ ਅੰਕੜਿਆਂ ਮੁਤਾਬਕ ਇਸ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਚਾਰ ਹਜ਼ਾਰ ਬਣਦੀ ਹੈ।

### ਪੁਜਾਰੀ ਨੇ ਬਚਾਇਆ

ਦਿੱਲੀ ਦੇ ਗੜ੍ਹੀ ਇਲਾਕੇ ਵਿਚ ਰਹਿੰਦੇ ਗੁਰਪਾਲ ਸਿੰਘ ਦਾ ਕਹਿਣਾ ਹੈ ਕਿ ਦਿੱਲੀ ਕਤਲੇਆਮ ਵੇਲੇ ਉਹ ਸਾਢੇ ਚਾਰ ਸਾਲ ਦਾ ਸੀ ਤੇ ਉਸ ਦੇ ਪਿਤਾ, ਦਾਦਾ ਤੇ ਦੋ ਚਾਚੇ ਦੰਗਿਆਂ ਦਾ ਸ਼ਿਕਾਰ ਹੋ ਗਏ ਸਨ। ਪਰਿਵਾਰ ਦੇ ਕਮਾਉਣ ਵਾਲੇ ਚਾਰ ਜੀਅ ਮਾਰੇ ਗਏ। ਉਸ ਨੂੰ ਇਕ ਪੁਜਾਰੀ ਨੇ ਬਚਾਅ ਲਿਆ ਸੀ।



ਗੁਰਦੁਆਰਾ ਨਾਨਕ ਪ੍ਰਕਾਸ਼ ਦੀ ਅਗਵਾਈ ਹੇਠ ਫਰਿਜ਼ਨੋ ’ਚ ਸਜਾਇਆ ਗਿਆ ਨਗਰ ਕੀਰਤਨ (ਰਿਪੋਰਟ ਸਫਾ 22 ’ਤੇ ਪੜ੍ਹੋ)

# ਸੈਂਡੀ ਤੂਫਾਨ ਨੇ ਈਸਟ ਕੋਸਟ ’ਚ ਵਰਤਾਇਆ ਕਹਿਰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਚੱਕਰਵਰਤੀ ਤੂਫਾਨ ਸੈਂਡੀ ਨੇ ਅਮਰੀਕਾ ਦੇ ਤੱਟੀ ਰਾਜਾਂ ਵਿਚ ਭਿਆਨਕ ਤਬਾਹੀ ਮਚਾਈ ਹੈ। ਤੂਫ਼ਾਨ ਨਾਲ 20 ਅਰਬ ਡਾਲਰ ਦੇ ਨੁਕਸਾਨ ਦਾ ਖਦਸ਼ਾ ਹੈ ਜੋ ਅਮਰੀਕੀ ਇਤਿਹਾਸ ਵਿਚ ਕੁਦਰਤੀ ਆਫ਼ਤ ਨਾਲ ਹੋਣ ਵਾਲਾ ਸਭ ਤੋਂ ਵੱਡਾ ਨੁਕਸਾਨ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਰਿਪਬਲਿਕਨ ਉਮੀਦਵਾਰ ਮਿਟ ਰੋਮਨੀ ਨੇ ਆਪੋ-ਆਪਣਾ ਚੋਣ ਪ੍ਰਚਾਰ ਰੱਦ ਕਰ ਦਿੱਤਾ ਹੈ।

ਤੂਫਾਨੀ ਹਵਾਵਾਂ ਤੇ ਮੋਹਲੇਧਾਰ ਮੀਂਹ ਕਾਰਨ ਦਰਜਨਾਂ ਬੰਦੇ ਮਾਰੇ ਗਏ ਹਨ ਤੇ ਹਜ਼ਾਰਾਂ ਘਰ ਤਬਾਹ ਹੋ ਗਏ। ਇਸ ਤੋਂ ਇਲਾਵਾ ਹਜ਼ਾਰਾਂ ਦਰਖਤ ਪੁੱਟੇ ਗਏ, ਬਿਜਲੀ ਦੇ ਸੈਂਕੜੇ ਖੰਭੇ ਟੁੱਟ ਗਏ ਤੇ ਨਿਊ ਯਾਰਕ ਸਮੇਤ ਕਈ ਸ਼ਹਿਰਾਂ ਵਿਚ ਬਿਜਲੀ ਬੰਦ ਹੋਣ ਕਾਰਨ ਘੁੱਪ ਹਨੇਰਾ ਛਾ ਗਿਆ। ਇਸ ਤੁਫਾਨ ਕਾਰਨ ਛੇ ਕਰੋੜ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਤੇ 15 ਹਜ਼ਾਰ ਤੋਂ ਵੱਧ ਉਡਾਣਾਂ ਰੱਦ ਕਰਨੀਆਂ ਪਈਆਂ। ਬਚਾਅ ਦਲਾਂ ਨੇ 10 ਲੱਖ ਲੋਕਾਂ ਨੂੰ ਸੁਰਖਿਅਤ ਥਾਵਾਂ ‘ਤੇ ਪਹੁੰਚਾਇਆ

(ਬਾਕੀ ਸਫਾ 6 ’ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ ’ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre–Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ੴ ਵਿਸ਼ਵ ਸਿੱਖ ਕੌਂਸਲ WORLD SIKH COUNCIL

# ਨੈਸ਼ਨਲ ਸਿੱਖ ਕਨਵੈਨਸ਼ਨ 2012

## ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ

## 9 ਤੋਂ 11 ਨਵੰਬਰ, 2012

**ਸਿੱਖ ਗੁਰਦੁਆਰਾ ਸੈਨ ਹੋਜ਼ੇ** (3636 Murillo Avenue San Jose, CA 95148)

ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ (WSC-AR) ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਦੀ ਅਮਰੀਕਾ ਵਿਚ ਇਕ ਪ੍ਰਤੀਨਿਧ ਅਤੇ ਚੁਣੀ ਹੋਈ ਸੰਸਥਾ ਹੈ। ਕੌਮੀ ਪੱਧਰ 'ਤੇ ਇਸ ਦੇ ਮੈਂਬਰਾਂ ਵਿਚ 47 ਗੁਰਦੁਆਰੇ ਅਤੇ ਹੋਰ ਸਿੱਖ ਸੰਸਥਾਵਾਂ ਸ਼ਾਮਲ ਹਨ। ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ (WSC-AR) ਸਿੱਖ ਮਸਲਿਆਂ ਦੇ ਹੱਲ ਲਈ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵਕਾਲਤ, ਵਿਦਿਅਕ ਅਤੇ ਮਨੁਖੀ ਭਲਾਈ ਦੇ ਮਸਲਿਆਂ 'ਤੇ ਕੇਂਦ੍ਰਿਤ ਰਹਿ ਕੇ ਕੰਮ ਕਰਦੀ ਹੈ।

### ਵਿਸ਼ੇਸ਼ ਪ੍ਰੋਗਰਾਮ

**ਸ਼ੁੱਕਰਵਾਰ, 9 ਨਵੰਬਰ 2012**
ਸਵੇਰੇ 8:00 ਤੋਂ ਰਾਤ 8:00
ਗੁਰਦੁਆਰਿਆਂ ਦੇ ਪ੍ਰਤੀਨਿਧਾਂ ਅਤੇ ਹਾਜ਼ਰ ਵਿਅਕਤੀਆਂ ਤੋਂ ਸੁਝਾਅ
ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) - ਪ੍ਰਾਪਤੀਆਂ
ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨਾਲ ਸਾਂਝਾ ਸੰਮੇਲਨ
ਸਿੱਖਾਂ ਦੀ ਵਿਸ਼ਵ ਪੱਧਰ 'ਤੇ ਜਥੇਬੰਦੀ ਦੀ ਬਣਤਰ

**ਸਨਿਚਰਵਾਰ, 10 ਨਵੰਬਰ 2012**
ਸਵੇਰੇ 8:00 ਤੋਂ ਸ਼ਾਮ 5:30
ਗੁਰਦੁਆਰਿਆਂ 'ਚ ਝਗੜਿਆਂ ਦੇ ਨਿਬੇੜਿਆਂ ਦੀ ਸੇਵਾ-ਮੁੱਖ ਵਿਸ਼ੇਸ਼ਤਾਵਾਂ
ਸਿੱਖ ਨੌਜਵਾਨਾਂ ਲਈ ਧਾਰਮਿਕ ਸੇਵਾਵਾਂ ਵਿਚ ਸੁਧਾਰ ਲਿਆਉਣਾ
ਸਿੱਖ ਵਿਦਿਆ ਦਾ ਭਵਿੱਖ: (ਚਾਰਟਰ ਸਕੂਲਾਂ ਸਮੇਤ)
ਸਮਾਜਿਕ ਅਤੇ ਹੋਰ ਲੋੜਾਂ ਵਾਸਤੇ ਸਿੱਖ ਨੈਟਵਰਕ

**ਐਤਵਾਰ 11 ਨਵੰਬਰ 2012**
ਸਵੇਰੇ 8:00 ਤੋਂ ਬਾਅਦ ਦੁਪਹਿਰ 1:00
ਜਨਰਲ ਬਾਡੀ ਇਜਲਾਸ
ਅੰਤਲੇ ਵਿਚਾਰ ਅਤੇ ਮਤੇ
ਵਿਸਕਾਨਸਿਨ ਗੋਲੀ ਕਾਂਡ: ਪ੍ਰਤੀਨਿਧ
ਸਿੱਖ ਪੰਥ ਦੇ ਸੇਵਾਦਾਰਾਂ ਅਤੇ ਹਿਤੈਸ਼ੀਆਂ ਦਾ ਮਾਣ-ਸਨਮਾਨ
ਸਭ ਸਿੱਖ ਹਿਤੈਸ਼ੀਆਂ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ

**Member Gurdwaras of WSC-AR:**

1. Pacific Coast Khalsa Diwan Society, Stockton, CA
2. Gurdwara Sahib Fremont, Fremont, CA
3. Guru Nanak Sikh Mission, Livingston, CA
4. Sikh Gurdwara of LA, North Hollywood, CA
5. Sikh Gurdwara Riverside, Riverside, CA
6. Gurdwara Guru Angad Darbar, Bakersfield, CA
7. Colorado Singh Sabha, Denver, CO
8. Guru Singh Sabha of Augusta, Augusta, GA
9. Sikh Study Circle of Atlanta, Atlanta, GA
10. Sikh Religious Society of Chicago, Palatine, IL
11. Sikh Society of South, New Orleans, LA
12. New England Sikh Study Circle, Boston, MA
13. Singh Sabha of Michigan, Canton, MI
14. Sikh Gurdwara of Michigan, Rochester Hills, MI
15. Sikh Society of Michigan, Madison Heights, MI
16. Downriver Gurdwara Sahib, Brownstown, MI
17. Guru Nanak Foundation of Jackson, MS
18. Sikh Gurdwara of North Carolina, Durham, NC
19. Sikh Sabha of Upper Valley, Hanover, NH
20. Garden State Sikh Association, Bridgewater, NJ
21. Guru Nanak Sikh Society of Delaware Valley, Sewell, NJ
22. Siri Guru Singh Sabha, Glenrock, NJ
23. Sikh Sabha of New Jersey, Lawrenceville, NJ
24. Gurdwara Baba Deep Singh, Las Vegas, NV
25. Sikh Cultural Society Inc., Richmond Hills, NY
26. Sikh Cultural &Edu. Society of Western NY, Buffalo, NY
27. Sikh Foundation of Syracuse, Liverpool, NY
28. Guru Nanak Found. of Greater Cleveland, Richfield, OH
29. Guru Gobind Singh Sikh Society, Bedford, OH
30. Guru Nanak Religious Society of Central Ohio, Columbus, OH
31. Sikh Sadh Sangat, Easton, PA
32. Philadelphia Sikh Society, Millbourne, PA
33. Tristate Sikh Cultural Society, Monroeville, PA
34. Mid South Sikh Sabha, Memphis, TN
35. Sikh Center of Gulf Coast, Houston, TX
36. Siri Guru Singh Sabha, Richardson, TX
37. Sikh Gurdwara of North Texas, Garland, TX
38. Singh Sabha Gurdwara, Fairfax, VA
39. Sikh Association of Central Virginia, VA
40. Sikh Religious Society of Wisconsin, Brookfield, WI
41. Gurdwara Singh Sabha of Opalika, Atlanta, GA

**World Sikh Council**
P.O. Box 3635, Columbus, Ohio 43210, USA
**Phone: 888-340-1702, Fax: 888-398-1875**
E-mail: contact@worldsikhcouncil.org, **Web: www.worldsikhcouncil.org**

**ਹੋਰ ਜਾਣਕਾਰੀ ਲਈ ਸੰਪਰਕ ਕਰੋ**
ਕਵਨੀਤ ਸਿੰਘ: 856-816-0788
ਸਤਪਾਲ ਸਿੰਘ: 917-592-7297
ਭੁਪਿੰਦਰ ਸਿੰਘ ਢਿੱਲੋਂ: 408-568-0034
ਗੁਰਇੰਦਰ ਪਾਲ ਸਿੰਘ: 408-679-9302
ਨਰਿੰਦਰਪਾਲ ਸਿੰਘ: 408-623-4977
ਮਨੋਹਰ ਸਿੰਘ: 802-345-1354

**Other Sikh Institution Members of WSC-AR:**

1. Siri Guru Granth Sahib Found., Anaheim, CA
2. Sikhs Serving America, Topeka, KS
3. Sikh Youth Federation of North America, White Plains, NY
4. Sikh Heritage Foundation, Long Island, NY
5. Sikh Educational &Religious Foundation, Dublin, OH
6. Sikh Youth Federation of USA, Toledo, OH
7. Academy of Guru Granth Studies, Arlington, TX

---


# ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਹਾਜ਼ਰੀ ਭਰਨ ਆਈਆਂ ਸੰਗਤਾਂ ਨੂੰ

# ਨਿੱਘੀ ਜੀ ਆਇਆਂ ਨੂੰ

# Kash Fabrics

**One Stop Shopping Center**
29576 Mission Blvd, Hayward, CA 94544 Phone: 510-538-1138

## ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

*26 ਸਾਲ ਤੋਂ ਤੁਹਾਡੀ ਸੇਵਾ ਵਿਚ*

**The Name You Can Trust**

ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ

***Bridal *Boutique *Jewelry***

ਸੂਟਾਂ, ਸਾੜੀਆਂ ਤੇ ਲਹਿੰਗਿਆਂ ਨਾਲ ਮੈਚ ਕਰਦੀ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

Visit us on the Web at www.kashfabrics.com
**Ph: 510-538-1138**

# ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਯਾਦ 'ਚ ਸਮਾਗਮ

**ਸੈਨ ਹੋਜ਼ੇ (ਬਿਊਰੋ):** ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਮਰੇ ਸ਼ਹੀਦਾਂ ਦੀ ਯਾਦ ਵਿਚ ਇਕ ਸ਼ਹੀਦੀ ਸਮਾਗਮ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਲੰਘੇ ਐਤਵਾਰ ਕੀਤਾ ਗਿਆ। ਇਸ ਸ਼ਹੀਦੀ ਸਮਾਗਮ ਵਿਚ ਦੂਰੋਂ ਦੂਰੋਂ ਆਈਆਂ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਸਿੱਖ ਕੌਮ ਦੀ ਆਜ਼ਾਦੀ ਲਈ ਲੜੀ ਜਾ ਰਹੀ ਜੰਗ ਦੇ ਯੋਧਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।



*ਬੀਬੀ ਖਾਲੜਾ, ਭਾਈ ਜੋਗਾ ਨੰਗਲ, ਭਾਈ ਬੈਨੀਵਾਲ, ਭਾਈ ਮਾਨ ਤੇ ਭਾਈ ਦਾਖਾ*



*ਨਾਭੇ ਵਾਲੀਆਂ ਬੀਬੀਆਂ ਦਾ ਜਥਾ*

ਸਵੇਰ ਦੇ ਦੀਵਾਨ ਵਿਚ ਗੁਰੂ ਘਰ ਦੇ ਕੀਰਤਨੀਆਂ ਨੇ ਗੁਰਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਉਪਰੰਤ ਸਰਬਜੀਤ ਸਿੰਘ ਸਾਜਨ ਅਤੇ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਪੰਥ ਦੇ ਮਹਾਨ ਸ਼ਹੀਦਾਂ ਦਾ ਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਇਆ। ਇਹ ਪ੍ਰੋਗਰਾਮ ਜਿਥੇ ਸੰਗਤਾਂ ਨੇ ਗੁਰੂ ਘਰ ਆ ਕੇ ਸੁਣਿਆ, ਉਥੇ ਇਸ ਪ੍ਰੋਗਰਾਮ ਨੂੰ ਦੁਨੀਆਂ ਵਿਚ ਸੁਣਾਉਣ ਦੀ ਸੇਵਾ ਰੇਡੀਓ ਚੜ੍ਹਦੀ ਕਲਾ ਕੈਲੀਫ਼ੋਰਨੀਆ ਅਤੇ ਰੇਡੀਓ ਅਣਖੀਲਾ ਪੰਜਾਬ (ਮਾਈ ਪੰਜਾਬ ਡਾਟ ਸੀਏ) ਨੇ ਕੀਤੀ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਦੱਸਿਆ ਕਿ ਕਿਵੇਂ ਪਿਛਲੇ ਸਮੇਂ ਦੌਰਾਨ ਸਿੱਖਾਂ ਉਤੇ ਹਕੂਮਤ ਨੇ ਜ਼ੁਲਮ ਦੀ ਹਨੇਰੀ ਝੁਲਾਈ, ਕਿਵੇਂ ਹਜ਼ਾਰਾਂ ਸਿੱਖਾਂ-ਜਿਨ੍ਹਾਂ ਵਿਚ ਬੀਬੀਆਂ, ਬੱਚੇ ਤੇ ਬਜੁਰਗ ਵੀ ਸ਼ਾਮਲ ਸਨ, ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਤੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਜਲਾ ਦਿਤਾ। ਉਨ੍ਹਾਂ ਵਿਸਥਾਰ ਵਿਚ ਦੱਸਿਆ ਕਿ ਕਿਵੇਂ ਭਾਈ ਜਸਵੰਤ ਸਿੰਘ ਖਾਲੜਾ ਨੇ ਪੁਲਿਸ ਵਲੋਂ ਲਾਪਤਾ ਕੀਤੇ ਗਏ ਤੇ ਅਣਪਛਾਤੀਆਂ ਲਾਸ਼ਾਂ ਕਰਾਰ ਦੇ ਕੇ ਸਸਕਾਰੇ ਗਏ ਲੋਕਾਂ ਦੇ ਨਾਂ ਲੱਭ ਕੇ ਦਸਤਾਵੇਜ਼ ਤਿਆਰ ਕੀਤੇ। ਕਿਵੇਂ ਹਿੰਦ ਦੀਆਂ ਕੋਰਟਾਂ ਨੇ ਉਹ ਕੇਸ ਚਲਾਉਣ ਤੋਂ ਇਨਕਾਰ ਕੀਤਾ ਤੇ ਕਿਵੇਂ ਭਾਈ ਖਾਲੜਾ ਨੂੰ ਸ਼ਹੀਦ ਕੀਤਾ ਗਿਆ। ਬੀਬੀ ਖਾਲੜਾ ਨੇ ਕਿਹਾ ਕਿ ਪੁਲਿਸ ਵਲੋਂ ਲਾਵਾਰਸ ਲਾਸ਼ਾਂ ਕਰਾਰ ਦਿੱਤੇ ਗਏ ਸਭ ਲੋਕਾਂ ਦੀ ਪਛਾਣ ਕਰਨ ਲਈ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ 6 ਸਤੰਬਰ, ਜਿਸ ਦਿਨ ਭਾਈ ਖਾਲੜਾ ਨੂੰ ਘਰੋਂ ਚੁੱਕਿਆ ਗਿਆ, ਨੂੰ ਲਾਪਤਾ ਲੋਕਾਂ ਦੇ ਪਛਾਣ ਦਿਵਸ ਵਜੋਂ ਮਨਾਇਆ ਜਾਵੇ। ਇਸ ਸਮੇਂ ਭਾਈ ਜਸਵੰਤ ਸਿੰਘ ਖਾਲੜਾ ਵਲੋਂ ਲਾਵਰਸ ਲਾਸ਼ਾਂ ਬਾਰੇ ਕੈਨੇਡਾ ਵਿਚ ਕੀਤੀ ਗਈ ਤਕਰੀਰ ਦੀ ਵੀਡੀਓ ਵੀ ਸੰਗਤਾਂ ਨੂੰ ਦਿਖਾਈ ਗਈ।

ਪੰਥਕ ਬੁਲਾਰੇ ਪਰਮਜੀਤ ਸਿੰਘ ਦਾਖਾ ਨੇ ਖਾੜਕੂ ਲਹਿਰ ਦੌਰਾਨ ਪੁਲਿਸ ਜ਼ਬਰ ਦੀ ਆਪਣੇ ਪਰਿਵਾਰ ਨਾਲ ਬੀਤੀ ਵਾਰਤਾ ਸੁਣਾਉਂਦਿਆਂ ਦੱਸਿਆ ਕਿ ਕਿਵੇਂ ਉਹ ਸਿਰਫ 21 ਦਿਨ ਦੀ ਆਪਣੀ ਬੇਟੀ ਨੂੰ ਛੱਡ ਕੇ ਅਮਰੀਕਾ ਆਪਣੀ ਜਾਨ ਬਚਾ ਕੇ ਨਿਕਲਿਆ ਤੇ ਕਿਵੇਂ ਉਸ ਪਿਛੋਂ 7 ਮਹੀਨੇ ਦੀ ਉਨ੍ਹਾਂ ਦੀ ਧੀ ਨੂੰ ਪੁਲਿਸ ਨੇ ਕੀੜੀਆਂ ਦੇ ਭੌਣ ਉਪਰ ਪਾਇਆ। ਉਨ੍ਹਾਂ ਦੱਸਿਆ ਕਿ ਮੈਂ ਆਪਣੀ ਬੇਟੀ, ਜਿਸ ਨੂੰ 21 ਦਿਨ ਦੀ ਛੱਡ ਕੇ ਆਇਆ ਸੀ, ਨੂੰ ਪੂਰੇ 21 ਸਾਲਾਂ ਬਾਅਦ ਇਸ 27 ਤਰੀਕ ਨੂੰ ਮਿਲਿਆ ਹਾਂ।





*ਪਰਮਜੀਤ ਕੌਰ ਖਾਲੜਾ ਤੇ ਉਨ੍ਹਾਂ ਦੀ ਬੇਟੀ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

ਭਾਈ ਗੁਰਚਰਨ ਸਿੰਘ ਮਾਨ ਨੇ ਵੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦਿਆਂ ਕਿਹਾ ਕੇ ਸਾਨੂੰ ਆਪਣੇ ਇਤਿਹਾਸ 'ਤੇ ਮਾਣ ਹੋਣਾ ਚਾਹੀਦਾ ਹੈ। ਅਖੀਰ ਵਿਚ ਭਾਈ ਪ੍ਰੀਤਮ ਸਿੰਘ ਜੋਗਾ ਨੰਗਲ ਨੇ ਕਿਹਾ ਕਿ ਬ੍ਰਾਹਮਣਵਾਦੀ ਹਿੰਦੂ ਹਕੂਮਤ ਦਾ ਸਿੱਖਾਂ ਪ੍ਰਤੀ ਵਿਰੋਧ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਗੁਰੂ ਨਾਨਕ ਸਾਹਿਬ ਨੇ ਜਨੇਊ ਪਾਉਣ ਤੋਂ ਇਨਕਾਰ ਕੀਤਾ ਸੀ ਅਤੇ ਇਹ ਵਿਰੋਧ ਅੱਜ ਤੱਕ ਵੀ ਜਾਰੀ ਹੈ ਜਿਸ ਦਾ ਅਸਰ ਅਸੀਂ ਪਿਛਲੇ ਸਮਿਆਂ ਵਿਚ ਦਰਬਾਰ ਸਾਹਿਬ ਉਪਰ ਭਾਰਤੀ ਫੌਜ ਦੇ ਹਮਲੇ ਅਤੇ ਸਿੱਖਾਂ ਉਤੇ ਕੀਤੇ ਗਏ ਬੇਇੰਤਹਾ ਤਸ਼ੱਦਦ ਦੇ ਰੂਪ ਵਿਚ ਦੇਖਦੇ ਆ ਰਹੇ ਹਾਂ।

ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਭਾਈ ਸੁਖਦੇਵ ਸਿੰਘ ਬੈਨੀਵਾਲ ਨੇ ਨਿਭਾਈ। ਸਮਾਗਮ ਦੇ ਪ੍ਰਬੰਧਕਾਂ ਵਲੋਂ ਰੇਡੀਓ ਚੜ੍ਹਦੀ ਕਲਾ ਅਤੇ ਰੇਡੀਓ ਮਾਈ ਪੰਜਾਬ ਦਾ ਧੰਨਵਾਦ ਕੀਤਾ ਗਿਆ ਅਤੇ ਕਮੇਟੀ ਨੂੰ ਬੇਨਤੀ ਕੀਤੀ ਗਈ ਕਿ ਅਜਿਹੇ ਪ੍ਰੋਗਰਾਮ ਬਰਾਬਰ ਕਰਵਾਏ ਜਾਂਦੇ ਰਹਿਣ।

ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਰਾਜਿੰਦਰਪਾਲ ਸਿੰਘ, ਭੁਪਿੰਦਰ ਸਿੰਘ ਪਰਮਾਰ, ਰਾਜਿੰਦਰ ਸਿੰਘ ਰਾਜਾ, ਹਰਜੋਤ ਸਿੰਘ, ਦਲਜੀਤ ਸਿੰਘ, ਸਰਬਜੋਤ ਸਿੰਘ ਸਵੱਦੀ, ਕਮਲਜੀਤ ਸਿੰਘ ਅਟਵਾਲ, ਨੀਤੂ ਸਿੰਘ, ਰਾਜੂ ਪਵਾਰ, ਸੁਖਦੇਵ ਸਿੰਘ ਬੈਨੀਵਾਲ, ਬਲਵਿੰਦਰ ਸਿੰਘ ਬਰਾੜ, ਸੁਖਵੰਤ ਸਿੰਘ ਢਿੱਲੋਂ, ਅਵਤਾਰ ਸਿੰਘ ਅਤੇ ਸੁਖਵਿੰਦਰ ਸਿੰਘ ਗੋਗੀ ਨੇ ਤਨ ਮਨ ਧਨ ਨਾਲ ਸੇਵਾ ਕੀਤੀ।

## ਜਸਵੰਤ ਸਿੰਘ ਖਾਲੜਾ ਦੀ ਤਸਵੀਰ ਸਿੱਖ ਆਰਟ ਗੈਲਰੀ ਵਿਚ ਸਥਾਪਤ

**ਸੈਨ ਹੋਜ਼ੇ (ਬਿਊਰੋ):** ਮਨੁੱਖੀ ਅਧਿਕਾਰਾਂ ਲਈ ਜੂਝ ਮਰੇ ਭਾਈ ਜਸਵੰਤ ਸਿੰਘ ਖਾਲੜਾ ਦੀ ਤਸਵੀਰ ਇਥੇ ਗੁਰਦੁਆਰਾ ਸੈਨ ਹੋਜ਼ੇ ਦੀ ਆਰਟ ਗੈਲਰੀ ਵਿਚ ਲਾਈ ਗਈ ਹੈ। ਜ਼ਿਕਰਯੋਗ ਹੈ ਕਿ ਭਾਈ ਖਾਲੜਾ ਨੂੰ ਪੰਜਾਬ ਵਿਚ ਅਣਪਛਾਤੀਆਂ ਲਾਸ਼ਾਂ ਦਾ ਮਾਮਲਾ ਉਠਾਉਣ ਕਰ ਕੇ 1995 ਵਿਚ ਪੁਲਿਸ ਨੇ ਘਰੋਂ ਚੁੱਕ ਕੇ ਖਤਮ ਕਰ ਦਿੱਤਾ ਸੀ।

ਤਸਵੀਰ ਲੰਘੇ ਐਤਵਾਰ ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਨਮਿਤ ਰੱਖੇ ਗਏ ਇਕ ਸਮਾਗਮ ਤੋਂ ਬਾਅਦ ਸਥਾਨਕ ਸਿੱਖ ਆਗੂਆਂ ਦੀ ਮੌਜੂਦਗੀ ਵਿਚ ਬੀਬੀ ਖਾਲੜਾ ਅਤੇ ਉਨ੍ਹਾਂ ਦੀ ਬੇਟੀ ਵਲੋਂ ਆਰਟ ਗੈਲਰੀ ਵਿਚ ਸੁਸ਼ੋਭਿਤ ਕੀਤੀ ਗਈ। ਇਹ ਤਸਵੀਰ ਭਾਈ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਪੰਜਾਬ ਤੋਂ ਆਪਣੇ ਨਾਲ ਲੈ ਕੇ ਆਏ ਸੀ। ਇਸ ਮੌਕੇ ਭਾਈ ਸੁਖਦੇਵ ਸਿੰਘ ਬੈਨੀਵਾਲ, ਪ੍ਰੀਤਮ ਸਿੰਘ ਜੋਗਾ ਨੰਗਲ, ਰਾਜਿੰਦਰਪਾਲ ਸਿੰਘ, ਰਾਜਿੰਦਰ ਸਿੰਘ, ਮਨੋਹਰ ਸਿੰਘ ਗਰੇਵਾਲ (ਵਰਲਡ ਸਿੱਖ ਕੌਂਸਲ ਅਮਰੀਕਾ), ਕਮਲਜੀਤ ਸਿੰਘ ਅਟਵਾਲ, ਭੁਪਿੰਦਰ ਸਿੰਘ ਪਰਮਾਰ ਅਤੇ ਹੋਰ ਸਿੱਖ ਆਗੂ ਮੌਜੂਦ ਸਨ।



# ਬਿਲ ਹੈਰੀਸਨ ਲਈ ਫੰਡਰੇਜ਼ਰ ਸਮਾਗਮ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਭਾਈਚਾਰੇ ਵਲੋਂ ਫਰੀਮਾਂਟ ਸਿਟੀ ਦੇ ਮੇਅਰ ਦੀ ਚੋਣ ਲੜ ਰਹੇ ਬਿਲ ਹੈਰੀਸਨ ਅਤੇ ਓਲੋਨੀ ਕਾਲਜ ਦੇ ਬੋਰਡ ਵਾਸਤੇ ਚੋਣ ਲੜ ਰਹੀ ਟਰੀਸਾ ਕੋਕਸ ਦੀ ਹਮਾਇਤ ਵਿਚ ਇਕ ਫੰਡਰੇਜ਼ਰ ਸਮਾਗਮ ਸ. ਹਰਪ੍ਰੀਤ ਸਿੰਘ ਢਿੱਲੋਂ ਦੇ ਉਦਮ ਨਾਲ ਇਥੇ ਹੋਟਲ ਹਾਲੀਡੇ ਇਨ ਵਿਚ ਕੀਤਾ ਗਿਆ ਜਿਸ ਵਿਚ ਸਥਾਨਕ ਸਿੱਖ ਆਗੂਆਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ।



*ਬਿਲ ਹੈਰੀਸਨ*



*ਹਰਪ੍ਰੀਤ ਸਿੰਘ ਢਿੱਲੋਂ*

ਸ੍ਰੀ ਬਿਲ ਹੈਰੀਸਨ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਖ ਭਾਈਚਾਰੇ ਵਲੋਂ ਫਰੀਮਾਂਟ ਦੀ ਤਰੱਕੀ ਵਿਚ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਸਿੱਖ ਭਾਈਚਾਰੇ ਦੀਆਂ ਕਾਫੀ ਸਮੱਸਿਆਵਾਂ ਬਾਰੇ ਪਤਾ ਹੈ ਜਿਨ੍ਹਾਂ ਵਿਚ ਗੁਰਦੁਆਰਾ ਫਰੀਮਾਂਟ ਦੀ ਸੰਗਤ ਨੂੰ ਕਾਰ ਪਾਰਕਿੰਗ ਲਈ ਆ ਰਹੀ ਸਮੱਸਿਆ ਵੀ ਸ਼ਾਮਲ ਹੈ। ਉਨ੍ਹਾਂ ਵਾਅਦਾ ਕੀਤਾ ਕਿ ਜੇ ਉਹ ਮੇਅਰ ਚੁਣੇ ਗਏ ਤਾਂ ਸਿੱਖ ਭਾਈਚਾਰੇ ਨਾਲ ਬੈਠ ਕੇ ਇਸ ਦਾ ਹੱਲ ਕੱਢਿਆ ਜਾਏਗਾ। ਮੇਅਰ ਨੇ ਆਪਣੀ ਹਮਾਇਤ ਵਿਚ ਆਏ ਸਿੱਖ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਅਤੇ ਫਰੀਮਾਂਟ ਵਿਚ ਵਸਦੇ ਸਿੱਖਾਂ ਨੂੰ ਵੋਟ ਲਈ ਅਪੀਲ ਕੀਤੀ।



ਸਥਾਨਕ ਸਿੱਖ ਆਗੂ ਪ੍ਰੀਤਮ ਸਿੰਘ ਜੋਗਾ ਨੰਗਲ ਨੇ ਮੇਅਰ ਨੂੰ ਵਿਸ਼ਵਾਸ ਦਿਵਾਇਆ ਕਿ ਸਿੱਖ ਭਾਈਚਾਰੇ ਵਲੋਂ ਉਨ੍ਹਾਂ ਦੀ ਡਟਵੀਂ ਹਮਾਇਤ ਕੀਤੀ ਜਾਵੇਗੀ ਅਤੇ ਅਗਲਾ ਮੇਅਰ ਬਣਾਇਆ ਜਾਵੇਗਾ।





# ਅਲਵਿਦਾ ਜਸਪਾਲ ਭੱਟੀ ਅਲਵਿਦਾ...

**ਚੰਡੀਗੜ੍ਹ:** ਆਪਣੇ ਵਿਅੰਗ ਨਾਲ ਦੇਸ਼ ਦੇ ਜਰਜਰ ਸਿਸਟਮ 'ਤੇ ਕਰਾਰੀ ਚੋਟ ਕਰਨ ਵਾਲੇ ਜਸਪਾਲ ਭੱਟੀ (57) ਦੀ ਲੰਘੇ ਦਿਨੀਂ ਸ਼ਾਹਕੋਟ ਨੇੜੇ ਸੜਕ ਹਾਦਸੇ ਵਿਚ ਮੌਤ ਹੋ ਗਈ। 24 ਅਕਤੂਬਰ ਦੀ ਰਾਤ ਇਕ ਵਜੇ ਦੇ ਕਰੀਬ ਵਾਪਰੇ ਇਸ ਹਾਦਸੇ ਵਿਚ ਉਨ੍ਹਾਂ ਦਾ ਬੇਟਾ ਜਸਰਾਜ ਭੱਟੀ, ਫਿਲਮ ਦੀ ਹੀਰੋਇਨ ਸੁਰੀਲੀ ਗੌਤਮ ਤੇ ਮੀਡੀਆ ਮੈਨੇਜਰ ਨਵਨੀਤ ਜੋਸ਼ੀ ਜ਼ਖਮੀ ਹੋ ਗਏ। ਨਵੀਂ ਆ ਰਹੀ ਫਿਲਮ 'ਪਾਵਰ ਕੱਟ' ਦੀ ਪ੍ਰਮੋਸ਼ਨ ਲਈ ਜਸਪਾਲ ਭੱਟੀ ਹੌਂਡਾ ਅਕੌਰਡ ਕਾਰ ਰਾਹੀਂ ਬਠਿੰਡਾ ਤੋਂ ਜਲੰਧਰ ਆ ਰਹੇ ਸਨ। ਜਦੋਂ ਉਨ੍ਹਾਂ ਦੀ ਕਾਰ ਸ਼ਾਹਕੋਟ ਕਸਬਾ ਲੰਘ ਕੇ ਟਰੱਕ ਯੂਨੀਅਨ ਦੇ ਦਫਤਰ ਨੇੜੇ ਪੈਂਦੇ ਤਿੱਖੇ ਮੋੜ ਕੋਲੋਂ ਦੀ ਲੰਘੀ ਤਾਂ ਉਹ ਟਾਹਲੀ ਨਾਲ ਜਾ ਟਕਰਾਈ।

ਇਹ ਟੱਕਰ ਏਨੀ ਜ਼ਬਰਦਸਤ ਸੀ ਕਿ ਕਾਰ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਜਸਰਾਜ ਭੱਟੀ ਕਾਰ ਚਲਾ ਰਿਹਾ ਸੀ ਤੇ ਜਸਪਾਲ ਭੱਟੀ ਤੇ ਨਵਨੀਤ ਜੋਸ਼ੀ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਸਨ ਜਦਕਿ ਫਿਲਮ ਦੀ ਹੀਰੋਇਨ ਸੁਰੀਲੀ ਗੌਤਮ ਅੱਗੇ ਬੈਠੀ ਹੋਈ ਸੀ। 'ਉਲਟਾ-ਪੁਲਟਾ', 'ਫਲਾਪ ਸ਼ੋਅ' ਤੇ ਫ਼ਿਲਮ 'ਮਾਹੌਲ ਠੀਕ ਹੈ' ਸਣੇ ਹੋਰ ਬਹੁਤ ਸਾਰੀਆਂ ਹਿੰਦੀ ਫ਼ਿਲਮਾਂ ਵਿਚ ਕੰਮ ਕਰਨ ਵਾਲੇ ਭੱਟੀ ਦੀ ਮੌਤ ਨਾਲ ਸਿਰਫ ਕਲਾਕਾਰ ਹੀ ਨਹੀਂ ਸਗੋਂ ਆਮ ਲੋਕ ਵੀ ਗ਼ਮਜ਼ਦਾ ਹਨ।

ਸ. ਭੱਟੀ ਦਾ ਜਨਮ 3 ਮਾਰਚ, 1955 ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਇੰਜਨੀਅਰਿੰਗ ਕਾਲਜ, ਚੰਡੀਗੜ੍ਹ ਤੋਂ ਬੀ.ਈ. ਇਲੈਕਟ੍ਰਿਕ ਪਾਸ ਕੀਤੀ। ਬਿਜਲੀ ਬੋਰਡ ਵਿਚ ਨੌਕਰੀ ਕੀਤੀ ਤੇ ਬਾਅਦ ਵਿਚ ਵਿਅੰਗ ਕਾਰਟੂਨਿਸਟ ਦੇ ਤੌਰ 'ਤੇ ਕਰੀਅਰ ਸ਼ੁਰੂ ਕੀਤਾ। 'ਉਲਟਾ ਪੁਲਟਾ', 'ਫਲਾਪ ਸ਼ੋਅ', 'ਰੰਗ ਵਿਚ ਭੰਗ' ਰਾਹੀਂ ਉਨ੍ਹਾਂ ਪ੍ਰਸਿੱਧੀ ਹਾਸਲ ਕੀਤੀ। 'ਜੀਜਾ ਜੀ', 'ਮਾਹੌਲ ਠੀਕ ਹੈ' ਉਨ੍ਹਾਂ ਦੀਆਂ ਉਘੀਆਂ ਫ਼ਿਲਮਾਂ ਸਨ।



## ਕੌਮੀ ਪੱਧਰ ਦਾ ਪਹਿਲਾ ਸਰਦਾਰ ਕਾਮੇਡੀਅਨ

**ਚੰਡੀਗੜ੍ਹ:** ਜਸਪਾਲ ਭੱਟੀ ਪਹਿਲੇ ਸਰਦਾਰ ਹਾਸਰਸ ਕਲਾਕਾਰ ਸਨ ਜਿਨ੍ਹਾਂ ਨੇ ਕੌਮੀ ਪੱਧਰ 'ਤੇ ਆਪਣੀ ਪਛਾਣ ਬਣਾਈ। ਜਿਨ੍ਹਾਂ ਸਮਿਆਂ ਵਿਚ ਕਦੇ ਦੂਰਦਰਸ਼ਨ ਤੋਂ ਚੱਲਣ ਵਾਲਾ 'ਚਿੱਤਰਹਾਰ' ਪ੍ਰੋਗਰਾਮ ਹਰੇਕ ਦੀ ਪਹਿਲੀ ਪਸੰਦ ਹੋਇਆ ਕਰਦਾ ਸੀ ਤਾਂ ਇਸ ਪ੍ਰੋਗਰਾਮ ਵਿਚ 'ਰੰਗ ਵਿਚ ਭੰਗ' ਨਾਂ ਦਾ ਦੋ-ਤਿੰਨ ਮਿੰਟ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜੋ ਜਸਪਾਲ ਭੱਟੀ ਕਰਿਆ ਕਰਦੇ ਸਨ। ਪਹਿਲਾਂ ਪਹਿਲ ਇਸ ਪ੍ਰੋਗਰਾਮ ਨੂੰ ਲੋਕਾਂ ਨੇ ਸੱਚਮੁੱਚ ਹੀ ਆਪਣੇ ਚਿੱਤਰਹਾਰ ਵਿਚ ਪਈ ਰੰਗ ਵਿਚ ਭੰਗ ਸਮਝਿਆ ਪਰ ਇਹ ਪ੍ਰੋਗਰਾਮ ਇੰਨਾ ਹਰਮਨਪਿਆਰਾ ਹੋ ਗਿਆ ਕਿ ਫਿਰ ਲੋਕ ਚਿੱਤਰਹਾਰ ਇਸ ਲਈ ਦੇਖਣ ਲੱਗ ਪਏ ਸਨ ਕਿ ਉਸ ਵਿਚ ਜਸਪਾਲ ਭੱਟੀ ਦਾ 'ਰੰਗ ਵਿਚ ਭੰਗ' ਪ੍ਰੋਗਰਾਮ ਆਉਣਾ ਹੁੰਦਾ ਸੀ। ਦੁਸਹਿਰੇ ਨੂੰ ਸਰਦੀ ਦੀ ਆਮਦ ਵਜੋਂ ਦੇਖਿਆ ਜਾਂਦਾ ਹੈ ਤੇ ਇਸ ਬਦਲਦੇ ਮੌਸਮ ਵਿੱਚ ਵੀ ਜਸਪਾਲ ਭੱਟੀ ਆਪਣੀ ਟੀਮ ਨਾਲ ਹੱਥਾਂ ਵਿਚ ਪੱਖੀਆਂ ਲੈ ਕੇ ਲੋਕਾਂ ਨੂੰ ਇਸ ਦੀ ਵਰਤੋਂ ਕਰਨ ਦੀ ਆਦਤ ਪਾਉਣ ਲਈ ਸ਼ਹਿਰ-ਸ਼ਹਿਰ ਫਿਰ ਰਹੇ ਸਨ। ਆਪਣੀ ਨਵੀਂ ਫ਼ਿਲਮ 'ਪਾਵਰ ਕੱਟ' ਦੀ ਪ੍ਰਮੋਸ਼ਨ ਨੂੰ ਮਿਲੇ ਹੁੰਗਾਰੇ ਤੋਂ ਉਨ੍ਹਾਂ ਨੂੰ ਇੰਨਾ ਚਾਅ ਸੀ ਕਿ ਉਨ੍ਹਾਂ ਦੇ ਪੈਰ ਧਰਤੀ 'ਤੇ ਨਹੀਂ ਸੀ ਲੱਗ ਰਹੇ। ਫ਼ਿਲਮ ਦੇ ਰਿਲੀਜ਼ ਲਈ ਤੈਅ ਤਾਰੀਖ ਤੋਂ ਇਕ ਦਿਨ ਪਹਿਲਾਂ ਹੀ ਹੋਣੀ ਨੇ ਉਸ ਨੂੰ ਸਦਾ ਲਈ ਖੋਹ ਲਿਆ। ਸ. ਭੱਟੀ ਦੇ ਵਿਅੰਗ ਕੱਸਣ ਦਾ ਨਜ਼ਰੀਆ ਤੇ ਤਰੀਕਾ ਇੰਨਾ ਨਿਵੇਕਲਾ ਸੀ ਜੋ ਲੋਕਾਂ ਦੇ ਦਿਲਾਂ ਨੂੰ ਛੂਹ ਜਾਂਦਾ ਸੀ। ਉਹ ਲੋਕਾਂ ਨੂੰ ਹਾਸੇ ਹਾਸੇ ਵਿਚ ਹੀ ਪੈਣ ਵਾਲੀ ਬਿਪਤਾ ਬਾਰੇ ਪਹਿਲਾਂ ਹੀ ਸੁਚੇਤ ਕਰ ਦਿੰਦੇ ਸਨ। ਫ਼ਿਲਮ ਦੇ ਦੀ ਰਿਲੀਜ਼ਿੰਗ ਮੌਕੇ ਕਰਵਾਏ ਜਾ ਰਹੇ ਸਮਾਗਮ ਲਈ ਛਪਵਾਏ ਸੱਦਾ ਪੱਤਰਾਂ 'ਤੇ ਵੀ 'ਪੱਖੀ' ਦੀ ਤਸਵੀਰ ਛਾਪੀ ਗਈ ਸੀ ਜਿਸ ਦੇ ਨਾਲ ਲਿਖਿਆ ਸੀ, 'ਇਕ ਤੋਹਫਾ ਜਸਪਾਲ ਭੱਟੀ ਵੱਲੋਂ।

# ਬਿਲ ਕੁਇਰਕ ਤੇ ਰਿਚਰਡ ਵੇਲ ਲਈ ਫੰਡਰੇਜ਼ਰ

**ਹੇਵਰਡ (ਬਿਊਰੋ):** ਐਲਾਮੀਡਾ ਕਾਊਂਟੀ ਦੇ ਸੁਪਰਵਾਈਜ਼ਰ ਦੀ ਚੋਣ ਲੜ ਰਹੇ ਰਿਚਰਡ ਵੇਲ ਅਤੇ ਕੈਲੀਫੋਰਨੀਆ ਸਟੇਟ ਅਸੈਂਬਲੀ ਲਈ ਉਮੀਦਵਾਰ ਬਿਲ ਕੁਇਰਕ ਲਈ ਇਕ ਫੰਡਰੇਜ਼ਰ ਸਮਾਗਮ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ (ਬੇਏਰੀਆ) ਵਲੋਂ ਪ੍ਰੀਤਮ ਸਿੰਘ ਜੋਗਾ ਨੰਗਲ ਦੇ ਸਹਿਯੋਗ ਨਾਲ ਲੰਘੀ 21 ਅਕਤੂਬਰ ਨੂੰ ਇਥੇ ਮਾਊਂਟੇਨ ਮਾਈਕਸ ਪੀਜ਼ਾ ਵਿਚ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਬਿਲ ਕੁਇਰਕ ਅਤੇ ਰਿਚਰਡ ਵੇਲ ਨੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਭਰਵੀਂ ਹਮਾਇਤ ਕਰਨ। ਨਾਲ ਹੀ ਉਨ੍ਹਾਂ ਭਰੋਸਾ ਦਿੱਤਾ ਕਿ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਵੱਲ ਉਹ ਉਚੇਚਾ ਧਿਆਨ ਦੇਣਗੇ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਕੰਵਲਜੀਤ ਸਿੰਘ ਅਟਵਾਲ, ਸੁਖਵੰਤ ਸਿੰਘ ਢਿੱਲੋਂ, ਅਵਨਿੰਦਰ ਸਿੰਘ, ਮਨਜੀਤ ਸਿੰਘ ਵਿਰਕ, ਦਰਸ਼ਨ ਸਿੰਘ ਔਜਲਾ, ਦਵਿੰਦਰ ਸਿੰਘ ਚਾਨਾ, ਹਰਦੇਵ ਗਰੇਵਾਲ, ਪ੍ਰੀਤਮ ਸਿੰਘ ਗਰੇਵਾਲ, ਜਸਵਿੰਦਰ ਸਿੰਘ ਸੋਹਲ, ਮੇਜਰ ਸਿੰਘ ਨਾਗਰਾ, ਐਚ ਵੜੈਚ, ਭੁਪਿੰਦਰ ਪਰਮਾਰ, ਪ੍ਰੀਤਮ ਸਿੰਘ ਜੋਗਾ ਨੰਗਲ, ਰਾਜਾ ਅਤੇ ਹੋਰ ਪਤਵੰਤੇ ਹਾਜ਼ਰ ਸਨ।




## ਤਾਰਾ ਸਾਗਰ ਦੀ ਕਿਤਾਬ ਦੇ ਪ੍ਰੋਗਰਾਮ ਬਾਰੇ ਸਪੱਸ਼ਟੀਕਰਣ


**ਫਰੀਮਾਂਟ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੇਅ ਏਰੀਆ ਇਕਾਈ ਨੇ ਪਿਛਲੇ ਹਫਤੇ ਦੀਆਂ ਅਖਬਾਰਾਂ ਵਿਚ ਲੇਖਕ ਤਾਰਾ ਸਾਗਰ ਦੀ ਪੁਸਤਕ ਦੇ ਰਿਲੀਜ਼ ਸਮਾਗਮ ਸਬੰਧੀ ਕੁਝ ਅਖਬਾਰਾਂ ਵਿਚ ਛਪੀ ਖਬਰ ਵਿਚ ਕੁਝ ਹੋਰ ਸੰਸਥਾਵਾਂ ਦੇ ਨਾਲ ਸਭਾ ਦਾ ਨਾਂ ਇਸ ਸਮਾਗਮ ਨਾਲ ਜੋੜੇ ਜਾਣ 'ਤੇ ਇਤਰਾਜ ਕੀਤਾ ਹੈ ਅਤੇ ਸਪਸ਼ਟ ਕੀਤਾ ਹੈ ਕਿ ਇਸ ਦਾ ਉਸ ਸਮਾਗਮ ਨਾਲ ਕੋਈ ਸਬੰਧ ਨਹੀਂ ਸੀ।

ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ 'ਸਾਗਰ' ਦੀ ਕਿਤਾਬ ਦਾ ਪ੍ਰੋਗਰਾਮ ਸਭਾ ਵੱਲੋਂ ਬਾਕੀ ਦੇ ਪ੍ਰੋਗਰਾਮਾਂ ਨਾਲ 6 ਅਕਤੂਬਰ ਨੂੰ ਕਰਵਾਉਣ ਦਾ ਫੈਸਲਾ ਹੋਇਆ ਸੀ ਪਰ ਸਾਗਰ ਆਪਣੀ ਇੱਕਲੀ ਕਿਤਾਬ 'ਤੇ ਹੀ ਪ੍ਰੋਗਰਾਮ ਕਰਵਾਉਣਾ ਚਾਹੁੰਦਾ ਸੀ ਅਤੇ ਉਸ ਨੇ ਇਹ ਪ੍ਰੋਗਰਾਮ 7 ਅਕਤੂਬਰ ਨੂੰ ਸਭਾ ਤੋਂ ਬਾਹਰ ਜਾ ਕੇ ਨਿਜੀ ਤੌਰ ਤੇ ਕਰਵਾਇਆ ਸੀ। ਇਸ ਵਿਚ ਸਭਾ ਦਾ ਕੋਈ ਸਹਿਯੋਗ ਨਹੀਂ ਸੀ। ਸਭਾ ਦੀ ਕਾਰਜਕਾਰਨੀ ਵੀ ਸਮੂਚੇ ਤੌਰ ਤੇ ਇਸ ਵਿਚ ਸ਼ਾਮਲ ਨਹੀਂ ਸੀ। ਪੰਜਾਬੀ ਸਾਹਿਤ ਸਭਾ ਦਾ ਨਾਂ ਜੋੜਨ ਦਾ ਸਭਾ ਦੀ ਕਾਰਜਕਾਰਨੀ ਵਲੋ ਪੁਰਜੋਰ ਖੰਡਨ ਕੀਤਾ ਗਿਆ ਹੈ ਤਾਂ ਜੋ ਕਾਰਜਕਾਰਨੀ ਦੇ ਫੈਸਲੇ ਤੋਂ ਬਿਨਾ ਭਵਿੱਖ ਵਿਚ ਕੋਈ ਵੀ ਪੰਜਾਬੀ ਸਾਹਿਤ ਸਭਾ ਦੇ ਨਾਂ ਦੀ ਵਰਤੋਂ ਨਾ ਕਰ ਸਕੇ।

ਲਿਵਿੰਗਸਟਨ ਸਿਟੀ ਦੇ ਵੋਟਰਾਂ ਨੂੰ ਅਪੀਲ

ਲਿਵਿੰਗਸਟਨ ਸਿਟੀ ਕੌਂਸਲ ਲਈ
ਉਮੀਦਵਾਰ ਸਿੱਖ ਭਾਈਚਾਰੇ ਦੇ
ਹਰਮਨ ਪਿਆਰੇ ਅਗਾਂਹਵਧੂ ਨੌਜਵਾਨ
ਰੋਮੀ ਫੰਗੂੜਾ
ਨੂੰ 6 ਨਵੰਬਰ ਦੀਆਂ ਵੋਟਾਂ ਵਿਚ ਜਿਤਾ
ਕੇ ਕਾਮਯਾਬ ਕਰੋ

ਵਲੋਂ: ਸਮੂਹ ਸਮਰਥਕ ਰੋਮੀ ਫੰਗੂੜਾ


ਰੋਮੀ ਫੰਗੂੜਾ

# 33ਵਾਂ ਯੂਬਾ ਸਿਟੀ ਨਗਰ ਕੀਰਤਨ 4 ਨਵੰਬਰ ਨੂੰ

**ਯੂਬਾ ਸਿਟੀ (ਬਿਊਰੋ):** ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਵਿਚ 33ਵਾਂ ਮਹਾਨ ਨਗਰ ਕੀਰਤਨ ਆਉਂਦੇ ਐਤਵਾਰ 4 ਨਵੰਬਰ ਨੂੰ ਹੋ ਰਿਹਾ ਹੈ। ਇਹ ਸਾਲਾਨਾ ਨਗਰ ਕੀਰਤਨ ਕੀ ਸੱਚ ਮੁੱਚ ਗੁਰੂ ਗ੍ਰੰਥ ਸਾਹਿਬ ਦਾ ਕੋਈ ਸੁਨੇਹਾ ਸਾਨੂੰ ਦੇ ਸਕਿਆ ਹੈ? ਸਿੱਖੀ ਬਾਰੇ ਦੂਜੇ ਧਰਮਾਂ ਤੱਕ ਕੋਈ ਸੁਨੇਹਾ ਪਹੁੰਚਾ ਸਕਿਆ ਹੈ ਜਾਂ ਫਿਰ ਸਾਡੇ ਲਈ ਇਹ ਇਕ ਮਹਿਜ਼ ਮੇਲਾ ਅਤੇ ਸਾਡੇ ਆਗੂਆਂ ਲਈ ਆਪੋ ਆਪਣੀ ਧੜੇਬੰਦਕ ਹਊਮੈ ਨੂੰ ਪੱਠੇ ਪਾਉਣ ਦਾ ਇਕ ਵਸੀਲਾ ਮਾਤਰ ਬਣ ਕੇ ਰਹਿ ਗਿਆ ਹੈ? ਸੰਗਤ ਲਈ ਇਹ ਇਕ ਬਹੁਤ ਵੱਡਾ ਸਵਾਲ ਹੈ।

ਇਸ ਸਮੇਂ ਇਸ ਨਗਰ ਕੀਰਤਨ ਦੀਆਂ ਤਿਆਰੀਆਂ ਭਾਵੇਂ ਮੁਕੰਮਲ ਹਨ ਪਰ ਪ੍ਰਬੰਧਕ ਬੋਰਡ ਵਿਚਲੀ ਤਿੱਖੀ ਧੜੇਬੰਦੀ ਵੀ ਸਪਸ਼ਟ ਦਿਖਾਈ ਦਿੰਦੀ ਹੈ। ਵੱਖੋ ਵੱਖਰੇ ਧੜੇ ਭਾਵੇਂ ਆਪਣੇ ਮਤਭੇਦ ਭੁਲਾ ਕੇ ਨਗਰ ਕੀਰਤਨ ਦੀਆਂ ਤਿਆਰੀਆਂ ਲਈ ਉਤਸ਼ਾਹ ਵਿਚ ਹੋਣ ਦਾ ਦਾਅਵਾ ਕਰਦੇ ਹਨ ਪਰ ਹਕੀਕਤ ਵਿਚ ਵੱਖੋ ਵੱਖਰੇ ਧੜਿਆਂ ਦੇ ਨੇਤਾ ਇਨ੍ਹਾਂ ਤਿਆਰੀਆਂ ਰਾਹੀਂ ਆਪੋ ਆਪਣੀ ਤਾਕਤ ਤੇ ਹਉਮੈ ਦਾ ਦਿਖਾਵਾ ਵੱਧ ਤੇ ਕੰਮ ਘੱਟ ਕਰਦੇ ਦਿਖਾਈ ਦਿੰਦੇ ਹਨ। ਸਭ ਤਿਆਰੀਆਂ ਪਿਛਲੇ ਸਾਲਾਂ ਵਾਂਗ ਸ਼ਰਧਾਵਾਨ ਸੰਗਤ ਹੀ ਕਰ ਰਹੀ ਹੈ।

ਗੁਰਦੁਆਰਾ ਟਾਇਰਾ ਬਿਊਨਾ, ਜਿਸ ਦੀ ਅਗਵਾਈ ਹੇਠ ਇਹ ਨਗਰ ਕੀਰਤਨ ਹੁੰਦਾ ਹੈ, ਦੇ ਪ੍ਰਧਾਨ ਸ. ਰਸ਼ਪਾਲ ਸਿੰਘ ਪੁਰੇਵਾਲ ਪਿਛਲੇ ਚਾਰ ਹਫ਼ਤਿਆਂ ਤੋਂ ਭਾਰਤ ਗਏ ਹੋਏ ਹਨ। ਜਦੋਂ ਨਗਰ ਕੀਰਤਨ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਹੋਣ ਤਾਂ ਉਨ੍ਹਾਂ ਦੀ ਗੈਰਹਾਜ਼ਰੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਸੂਤਰਾਂ ਅਨੁਸਾਰ ਗੁਰੂਘਰ ਨਾਲ ਜੁੜੇ ਕੁਝ ਮੋਹਤਬਰ ਸੱਜਣਾਂ ਨੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਇਸ ਸਮੇਂ ਉਹ ਪੰਜਾਬ ਨਾ ਜਾਣ ਸਗੋਂ ਗੁਰੂਘਰ ਨੂੰ ਵੱਧ ਤੋਂ ਵੱਧ ਸਮਾਂ ਦੇਣ। ਪਰ ਪ੍ਰਧਾਨ ਹੁਰੀਂ ਇਹੋ ਕਹਿੰਦੇ ਰਹੇ ਕਿ ਉਹ ਇਨ੍ਹਾਂ ਦਿਨਾਂ ਵਿਚ ਆਏ ਸਾਲ ਭਾਰਤ ਜਾਂਦੇ ਹਨ ਤੇ ਉਹ ਇਸ ਸਾਲ ਵੀ ਜਾਣਗੇ। ਇਹ ਸੁਆਲ ਵੀ ਉਠ ਰਿਹਾ ਹੈ ਕਿ ਜੇ ਕੋਈ ਪਰਿਵਾਰਕ ਮਜਬੂਰੀ ਨਹੀਂ ਸੀ ਤਾਂ ਕੀ ਉਹ ਸਿਰਫ ਭਾਰਤ ਘੁੰਮਣ-ਫਿਰਨ ਇਕ ਮਹੀਨਾ ਅੱਗੇ ਪਿੱਛੇ ਨਹੀਂ ਸੀ ਕਰ ਸਕਦੇ? ਇਹ ਵੀ ਕਿਹਾ ਜਾ ਰਿਹਾ ਹੈ ਕਿ ਸੱਤਾਧਾਰੀ ਧੜੇ ਵਿਚ ਕੁਝ ਅਜਿਹੇ ਲੋਕ ਹਨ ਜਿਨ੍ਹਾਂ ਨੇ ਪ੍ਰਧਾਨ ਨੂੰ ਮਿਥ ਕੇ ਤਿਆਰੀਆਂ ਤੋਂ ਲਾਂਭੇ ਕੀਤਾ ਹੈ ਕਿਉਂਕਿ ਉਹ ਡਰਦੇ ਸਨ ਕਿ ਜੇ ਪ੍ਰਧਾਨ ਹੁਰੀਂ ਇਥੇ ਰਹਿੰਦੇ ਹਨ ਤਾਂ ਉਹ ਆਪਣੀਆਂ ਮਨਮਾਨੀਆਂ ਨਹੀਂ ਸਨ ਕਰ ਸਕਣਗੇ। ਆਮ ਵਿਸ਼ਵਾਸ ਹੈ ਕਿ ਪ੍ਰਧਾਨ ਤਾਂ ਰਾਜਨੀਤੀ ਤੋਂ ਕੋਰਾ ਸ਼ਰਧਾਵਾਨ ਸਿੱਖ ਹੈ, ਉਹ ਗੁਰੂਘਰ ਵਿਚ ਫੋਕੀ ਚੌਧਰ ਕਰਨ ਵਾਲੇ ਲੋਕਾਂ ਦਾ ਅਕਸਰ ਵਿਰੋਧ ਵੀ ਕਰਦਾ ਹੈ ਪਰ ਫੋਕੀ ਚੌਧਰ ਕਰਨ ਵਾਲੇ ਨੇਤਾਵਾਂ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਪ੍ਰਧਾਨ ਸਾਹਿਬ ਹਰ ਸਾਲ ਆਪਣੇ ਪਿੰਡ ਦੀ ਛਿੰਝ ਦੇਖਣ ਜਾਂਦੇ ਹਨ ਤੇ ਇਸ ਸਾਲ ਵੀ ਗਏ ਹਨ। ਸੁਆਲ ਇਹ ਹੈ ਕਿ ਪ੍ਰਧਾਨ ਸਾਹਿਬ ਲਈ ਪਿੰਡ ਦੀ ਛਿੰਝ ਦੇਖਣਾ ਵੱਧ ਅਹਿਮ ਹੈ ਜਾਂ ਕੌਮਾਂਤਰੀ ਪੱਧਰ ਦੇ ਇਸ ਸਿੱਖ ਸਮਾਗਮ ਦੀਆਂ ਤਿਆਰੀਆਂ?

ਤੇਤੀ ਸਾਲ ਪਹਿਲਾਂ ਜਦੋਂ ਇਹ ਨਗਰ ਕੀਰਤਨ ਸ਼ੁਰੂ ਹੋਇਆ ਸੀ, ਉਦੋਂ ਤੇ ਹੁਣ ਤੱਕ ਹਾਲਾਤ ਬਹੁਤ ਬਦਲ ਗਏ ਹਨ। ਨਗਰ ਕੀਰਤਨ ਸਜਾਉਣਾ ਨਿਰੋਲ ਧਾਰਮਿਕ ਸਮਾਗਮ ਹੈ ਪਰ ਪਿਛਲੇ ਕਈ ਸਾਲਾਂ ਤੋਂ ਵੱਖੋ ਵੱਖਰੇ ਧੜਿਆਂ ਦੇ ਆਗੂਆਂ ਨੇ ਇਸ ਨੂੰ ਆਪਣੇ ਨਿੱਜੀ ਵਿਚਾਰਾਂ, ਦਿਖਾਵੇ ਤੇ ਹਉਮੈ ਤਕ ਸੀਮਤ ਕਰ ਲਿਆ ਹੈ। ਜੇ ਪਿਛਲੇ ਸਾਲ ਦੇ ਨਗਰ ਕੀਰਤਨ ਦੇ ਮੁੱਖ ਦੀਵਾਨ ਨੂੰ ਹੀ ਦੇਖਿਆ ਜਾਵੇ ਤਾਂ ਉਸ ਵਿਚ ਬੋਲਣ ਵਾਲਿਆਂ ਵਿਚੋਂ ਕੋਈ ਵੀ ਧਾਰਮਿਕ ਬੁਲਾਰਾ ਨਹੀਂ ਸੀ। ਸਾਰੇ ਬੁਲਾਰੇ ਸਿਆਸੀ ਸਨ। ਸਮੁੱਚੇ ਸਮਾਗਮ ਵਿਚ ਸਹੀ ਮਾਅਨਿਆਂ ਵਿਚ ਪੰਥ ਦੀ ਕੋਈ ਗੱਲ ਨਹੀਂ ਹੋਈ। ਜਿਸ ਸ਼ਬਦ ਗੁਰੂ ਦਾ ਦਿਨ ਮਨਾ ਰਹੇ ਸਨ, ਉਸ ਬਾਰੇ ਵੀ ਕਿਸੇ ਬੁਲਾਰੇ ਨੇ ਕੋਈ ਗੱਲ ਨਹੀਂ ਕੀਤੀ। ਇਹ ਸਿੱਖ ਧਰਮ ਦੀ ਤ੍ਰਾਸਦੀ ਹੀ ਹੈ ਕਿ ਦਿਨ ਗੁਰੂ ਗ੍ਰੰਥ ਸਾਹਿਬ ਦਾ ਮਨਾਇਆ ਜਾ ਰਿਹਾ ਹੋਵੇ, ਤੇ ਉਥੇ ਗੱਲ ਨਾ ਗੁਰੂ ਗ੍ਰੰਥ ਸਾਹਿਬ ਦੀ ਹੋਵੇ ਤੇ ਨਾ ਪੰਥ ਦੀ। ਪਿਛਲੇ ਸਾਲ ਨਗਰ ਕੀਰਤਨ ਮੌਕੇ ਦਰਜਨ ਦੇ ਕਰੀਬ ਰਾਜਸੀ ਬੁਲਾਰੇ ਬੋਲੇ, ਸਾਰੇ ਇਕੋ ਧੜੇ ਦੇ ਸਨ। ਪਿਛਲੇ ਸਾਲ ਸੰਗਤ ਵਿਚ ਪੰਥ ਦੀ ਮਹਾਨ ਸ਼ਖਸੀਅਤ ਤੇ ਵਿਦਵਾਨ ਡਾ. ਭਾਈ ਹਰਬੰਸ ਲਾਲ ਹਾਜ਼ਰ ਸਨ। ਪ੍ਰਬੰਧਕਾਂ ਵਿਚੋਂ ਕਿਸੇ ਨੇ ਉਨ੍ਹਾਂ ਦਾ ਨੋਟਿਸ ਹੀ ਨਹੀਂ ਲਿਆ। ਯਾਦ ਰਹੇ ਕਿ ਭਾਈ ਹਰਬੰਸ ਲਾਲ ਵਿਗਿਆਨੀ ਹਨ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬਾਨੀ ਮੈਂਬਰ ਹਨ ਅਤੇ ਪੱਛਮੀ ਦੇਸ਼ਾਂ ਵਿਚ ਉਨ੍ਹਾਂ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਸਿਰਤੋੜ ਕੰਮ ਕੀਤਾ ਹੈ। ਇਸੇ ਲਈ ਅਕਾਲ ਤਖ਼ਤ ਤੋਂ ਉਨ੍ਹਾਂ ਨੂੰ ਭਾਈ ਸਾਹਿਬ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

ਯੂਬਾ ਸਿਟੀ ਦੇ ਨਗਰ ਕੀਰਤਨ ਦੇ ਪੁਰਾਣੇ ਦਿਨਾਂ ਨੂੰ ਚੇਤੇ ਕਰਨਾ ਹੋਵੇ ਤਾਂ ਗੱਲ 1978 'ਤੇ ਜਾ ਪੁੱਜਦੀ ਹੈ। ਯੂਬਾ ਸਿਟੀ ਦੇ ਸਭ ਤੋਂ ਪੁਰਾਣੇ ਪੜ੍ਹੇ-ਲਿਖੇ ਅਤੇ ਭਾਈਚਾਰੇ ਨਾਲ ਪਿਛਲੇ 66 ਸਾਲਾਂ ਤੋਂ ਜੁੜੇ ਹੋਏ ਬਜ਼ੁਰਗ ਡਾ. ਗੁਲਜ਼ਾਰ ਸਿੰਘ ਜੌਹਲ ਦੇ ਦੱਸਣ ਮੁਤਾਬਿਕ ਇਹ ਨਗਰ ਕੀਰਤਨ ਕੈਨੇਡਾ ਵਿਚ ਨਿਕਲਦੇ ਨਗਰ ਕੀਰਤਨ ਦੀ ਤਰਜ਼ ਉਤੇ ਸ਼ੁਰੂ ਕੀਤਾ ਗਿਆ ਸੀ। ਦੀਦਾਰ ਸਿੰਘ ਬੈਂਸ, ਮੌਜੂਦਾ ਪ੍ਰਧਾਨ ਰਸ਼ਪਾਲ ਸਿੰਘ ਪੁਰਵਾਲ ਦੇ ਪਿਤਾ ਸ. ਊਧਮ ਸਿੰਘ ਅਤੇ ਤਾਇਆ ਬਖਤੌਰ ਸਿੰਘ ਹਰ ਸਾਲ ਯੂਬਾ ਸਿਟੀ ਤੋਂ ਵੈਨਕੂਵਰ/ਸਰੀ (ਕੈਨੇਡਾ) ਨਗਰ ਕੀਰਤਨ ਵਿਚ ਹਿੱਸਾ ਲੈਣ ਜਾਂਦੇ। ਸੰਨ 1978 ਵਿਚ ਵੈਨਕੂਵਰ/ਸਰੀ ਦੇ ਨਗਰ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਯੂਬਾ ਸਿਟੀ ਵਿਚ ਵੀ ਅਜਿਹਾ ਨਗਰ ਕੀਰਤਨ ਕੱਢਣ ਬਾਰੇ ਸੰਗਤ ਨਾਲ ਸਲਾਹ ਕੀਤੀ। ਡਾ. ਜੌਹਲ ਦੇ ਦੱਸਣ ਅਨੁਸਾਰ ਜਦੋਂ ਉਹ ਨਗਰ ਕੀਰਤਨ ਦੀ ਤਜਵੀਜ਼ ਲੈ ਕੇ ਸਿਟੀ ਹਾਲ ਗਏ ਤਾਂ ਸਿਟੀ ਪ੍ਰਸਾਸ਼ਨ ਨੇ ਉਨ੍ਹਾਂ ਨੂੰ ਭਰਪੂਰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਸਿਟੀ ਨੇ ਇਹ ਸਹਿਯੋਗ ਦਿੱਤਾ ਵੀ ਅਤੇ ਹੁਣ ਤਕ ਦਿੱਤਾ ਜਾ ਰਿਹਾ ਹੈ। ਨਗਰ ਕੀਰਤਨ ਲਈ ਨਵੰਬਰ ਵਿਚ ਆਉਂਦੇ ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ ਚੁਣਿਆ ਗਿਆ। ਯੂਬਾ ਸਿਟੀ ਖੇਤੀ ਵਾਲਾ ਇਲਾਕਾ ਹੈ। ਨਵੰਬਰ ਤੱਕ ਖੇਤੀ ਦਾ ਸਾਰਾ ਕੰਮ ਮੁੱਕ ਜਾਂਦਾ ਹੈ।

1979 ਵਿਚ ਪਹਿਲੀ ਵਾਰ ਸਜਾਏ ਨਗਰ ਕੀਰਤਨ ਲਈ ਵੈਨਕੂਵਰ/ਸਰੀ ਤੋਂ ਕਾਰੀਗਰ ਮੰਗਵਾ ਕੇ ਫਲੋਟ ਤਿਆਰ ਕੀਤਾ ਗਿਆ। ਪਹਿਲੇ ਸਾਲਾਂ ਵਿਚ ਸਿੱਖ ਪਰੇਡ ਸੱਚਮੁੱਚ ਪਰੇਡ ਹੁੰਦੀ ਸੀ। ਕੋਈ ਗੰਦ ਨਹੀਂ ਪਾਉਂਦਾ ਸੀ। ਸਾਰੇ ਲੋਕ ਸੜਕ ਦੇ ਇਕ ਪਾਸੇ ਹੀ ਪੈਦਲ ਚਲਦੇ ਸਨ ਪਰ ਜਿਉਂ ਜਿਉਂ ਇਹ ਨਗਰ ਕੀਰਤਨ ਹੋਰ ਸਫਲ ਹੁੰਦਾ ਗਿਆ, ਤਿਉਂ ਤਿਉਂ ਸੰਗਤ ਵੀ ਵਧਦੀ ਗਈ। ਇਸ ਦੇ ਨਾਲ ਹੀ ਸੰਗਤਾਂ ਤੇ ਪ੍ਰਬੰਧਕਾਂ ਵਿਚ ਵਖਰੇਵੇਂ ਵੀ ਵਧਦੇ ਗਏ। ਇਕ ਸਮਾਂ ਆ ਗਿਆ ਜਦੋਂ ਸੰਗਤ ਨੇ ਅਨੁਸ਼ਾਸਨ ਵਾਲਾ ਬੰਧੇਜ ਤੋੜ ਦਿੱਤਾ ਤੇ ਇਹ ਧਾਰਮਿਕ ਸਮਾਗਮ ਨਾਲੋਂ ਪੇਂਡੂ ਮੇਲੇ ਦਾ ਰੂਪ ਵਧੇਰੇ ਧਾਰਨ ਲੱਗਾ। ਗੈਰ ਭਾਰਤੀ ਭਾਈਚਾਰੇ ਦੇ ਲੋਕਾਂ ਵਲੋਂ ਮੇਲੇ ਦੌਰਾਨ ਖਰੂਦ ਹੋਣ ਦੀਆਂ ਸ਼ਿਕਾਇਤਾਂ ਪਹੁੰਚਣ ਲੱਗੀਆਂ।

1994 ਵਿਚ ਸਿਟੀ ਪ੍ਰਸਾਸ਼ਨ ਨੇ ਨਗਰ ਕੀਰਤਨ ਯੂਬਾ ਸਿਟੀ ਦੇ ਰਿਹਾਇਸ਼ੀ ਇਲਾਕਿਆਂ ਵਿਚ ਜਾਣ ਤੋਂ ਰੋਕ ਦਿੱਤਾ ਅਤੇ ਇਸ ਦਾ ਰੂਟ ਸ਼ਹਿਰੋਂ ਬਾਹਰਵਾਰ ਗੁਰਦੁਆਰੇ ਦੇ ਆਸ-ਪਾਸ ਤੱਕ ਹੀ ਸੀਮਤ ਕਰ ਦਿੱਤਾ। ਨਗਰ ਕੀਰਤਨ ਪ੍ਰਬੰਧਕਾਂ ਤੇ ਸੰਗਤ ਦੇ ਕੁਝ ਹਿੱਸੇ ਨੇ ਇਸ ਤੋਂ ਵੀ ਕੋਈ ਸਬਕ ਨਹੀਂ ਸਿੱਖਿਆ, ਸਗੋਂ ਇਸ ਪਵਿੱਤਰ ਦਿਹਾੜੇ ਨੂੰ ਆਪਣੀ ਹਉਮੈ ਚਮਕਾਉਣ, ਤਾਕਤ ਅਜ਼ਮਾਉਣ ਤੇ ਨਿੱਜੀ ਰੰਜ਼ਿਸ਼ਾਂ ਕੱਢਣ ਲਈ ਵਰਤਦੇ ਰਹੇ। ਆਏ ਸਾਲ ਲੜਾਈਆਂ ਹੋਣ ਲੱਗੀਆਂ। ਪਿਛਲੇ ਸਾਲ ਭਾਵੇਂ ਕੋਈ ਲੜਾਈ ਨਹੀਂ ਹੋਈ ਪਰ ਹਾਲਤ ਕਾਫੀ ਤਣਾਅ ਵਾਲੀ ਸੀ। ਕਈ ਸਾਲਾਂ ਤੋਂ ਇਹ ਰੇੜਕਾ ਪੈਂਦਾ ਰਿਹਾ ਕਿ ਕਿਹੜੀ ਧਿਰ ਨੇ ਕਿਹੜੀ ਥਾਂ ਉਤੇ ਲੰਗਰ ਲਾਉਣਾ ਹੈ।

ਨਗਰ ਕੀਰਤਨ ਦੀ ਅਨੁਸ਼ਾਸਨ ਕਮੇਟੀ ਅਤੇ ਸਿੱਖ ਪਰੇਡ ਦੇ ਸੁਰੱਖਿਆ ਤੇ ਸੇਵਾ ਵਾਲੰਟੀਅਰਾਂ ਦੇ ਤਕਰੀਬਨ 25 ਸਾਲ ਆਗੂ ਰਹੇ ਬਜ਼ੁਰਗ ਕੈਪਟਨ ਜਗਰੂਪ ਸਿੰਘ ਅਟਵਾਲ ਅਨੁਸਾਰ ਇਸ ਵਿਚ ਸੰਗਤ ਦਾ ਨਹੀਂ ਸਗੋਂ ਅਖੌਤੀ ਆਗੂਆਂ ਦਾ ਕਸੂਰ ਹੈ। ਪਹਿਲਾਂ ਇਨ੍ਹਾਂ ਅਖੌਤੀ ਆਗੂਆਂ ਨੇ ਹੀ ਅਨੁਸ਼ਾਸਨ ਤੋੜਿਆ ਸੀ। ਉਨ੍ਹਾਂ ਅਫਸੋਸ ਜਾਹਰ ਕੀਤਾ ਕਿ ਹੁਣ ਇਹ ਨਗਰ ਕੀਰਤਨ ਸਿਰਫ ਦਿਖਾਵਾ ਜਿਹਾ ਬਣ ਕੇ ਰਹਿ ਗਿਆ ਹੈ। ਜੇ ਪ੍ਰਬੰਧਕਾਂ ਵਿਚੋਂ ਕੁਝ ਬੰਦੇ ਜਾਂ ਬੋਰਡ ਦੇ ਕਈ ਡਾਇਰੈਕਟਰ ਨਗਰ ਕੀਰਤਨ ਵਿਚ ਬੁਲਟ ਪਰੂਫ ਜੈਕਟਾਂ ਪਾਈ ਫਿਰਨ ਤੇ ਆਪਣੇ ਨਾਲ ਦੋ ਦੋ ਬਾਡੀਗਾਰਡ ਲਈ ਫਿਰਨ, ਉਹ ਵੀ ਸੰਗਤ ਦੇ ਪੈਸੇ ਨਾਲ; ਤਾਂ ਸੋਚਣ ਵਾਲੀ ਗੱਲ ਹੈ ਕਿ ਇਹ ਸਭ ਕਿਉਂ? ਜੇ ਲੰਗਰ ਵਰਤਾਉਣ ਵਾਲੇ ਪੰਡਾਲਾਂ ਵਿਚ ਡਾਂਗਾਂ, ਸੋਟੇ ਤੇ ਕਿਰਪਾਨਾਂ ਜਮ੍ਹਾਂ ਕਰ ਕੇ ਰੱਖੇ ਜਾਣ ਅਤੇ ਦੇਖਿਆ ਜਾਵੇ ਕਿ ਕੌਣ ਕਿਹੜੇ ਪੰਡਾਲ ਵਿਚ ਲੰਗਰ ਛਕਦਾ ਤਾਂ ਫਿਰ ਇਹ ਕਿਹੜੀ ਸੇਵਾ ਹੈ?

ਇਸ ਨਗਰ ਕੀਰਤਨ ਉਤੇ ਕਰੀਬ ਦੋ ਲੱਖ ਡਾਲਰ ਖਰਚਾ ਹੁੰਦਾ ਹੈ ਜਿਸ ਵਿਚੋਂ ਜ਼ਿਆਦਾ ਖਰਚਾ ਇੰਸ਼ੋਰੈਂਸ ਜਾਂ ਸੁਰੱਖਿਆ ਕਰਮਚਾਰੀਆਂ ਉਤੇ ਹੁੰਦਾ ਹੈ। ਪ੍ਰਬੰਧਕਾਂ ਵਲੋਂ ਹਰ ਸਾਲ ਨਗਰ ਕੀਰਤਨ ਦੀ ਹਾਜ਼ਰੀ ਵਧਾ ਕੇ ਦੱਸੀ ਜਾਂਦੀ ਹੈ। ਜਿਸ ਦਾ ਨਤੀਜਾ ਸੁਰੱਖਿਆ ਪ੍ਰਬੰਧਾਂ ਉਤੇ ਵੱਧ ਖਰਚੇ ਦੇ ਰੂਪ ਵਿਚ ਨਿਕਲਦਾ ਹੈ।

ਨਗਰ ਕੀਰਤਨ ਦੌਰਾਨ ਭਾਂਤ ਸੁਭਾਂਤੇ ਲੰਗਰ ਲੱਗਦੇ ਹਨ। ਦੂਰੋਂ ਦੂਰੋਂ ਸੰਗਤਾਂ ਪਹੁੰਚਦੀਆਂ ਹਨ ਪਰ ਕੀ ਉਹ ਕੋਈ ਸੁਨੇਹਾ ਵੀ ਲੈ ਕੇ ਜਾਂਦੀਆਂ ਹਨ? ਇਹ ਸੋਚਣਾ ਬਣਦਾ ਹੈ।


*To Advertise with Punjab Times*

***Call: 847-359-0746***

***punjabtimesusa.com***



**House for Rent**

**in Bakersfield, CA**

**■3 bedroom + 2 bath ■Living room ■Kitchen ■Game room ■Gated Driveway ■Huge backyard! ■Gated Pool**

***Very nice neighborhood *Near Auto Mall *Near School *Close to Walmart Supercenter & Lowes *Very close to freeway**

**Call Saleem at 805-660-5527**



**ਪੰਜਾਬੀ ਤਰਜ਼ਮਾਕਾਰਾਂ ਦੀ ਲੋੜ ਹੈ**

ਪੰਜਾਬੀ ਤੇ ਅੰਗਰੇਜ਼ੀ ਵਿਚ ਤਰਜ਼ਮਾ ਕਰ ਸਕਣ ਵਾਲੇ ਕੁਝ ਤਰਜ਼ਮਾਕਾਰਾਂ ਦੀ ਲੋੜ ਹੈ ਜੋ ਸਰੀਰਿਕ ਤੌਰ 'ਤੇ ਅੰਗਹੀਣਾਂ ਦੀ ਬਿਨਾ ਪ੍ਰੀਖਿਆ ਸਿਟੀਜ਼ਨ ਅਤੇ ਡਿਸਏਬਿਲਟੀ ਲਾਭ ਲੈਣ ਵਿਚ ਮਦਦ ਕਰਨ ਸਕਣ

**ਕਾਲ ਕਰੋ: 323-510-1100**



**ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**

**ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ**

**ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ**

**ਫੋਨ: (559) 317-2149**



**Paramjit S. Khaira**

**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**

Working under state law SB 577



**Law Offices of Gill & Heridis**

<u>Immigration Services</u>
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

<u>Personal Injury</u>
■Auto Collision



*Bhupinder Gill, Esq.*
*Attorney at Law*
*(Admitted in CA)*

*Call for initial consultation*

*Attorney Bhupinder Gill, Esq.*
*Attorney George Heridis, Esq.*

**(408) 940-6065, (408) 736-5203**

**Email: gill@ghfirm.com Web: www.ghfirm.com**


**830 Stewart Drive, Suite#231, Sunnyvale, CA 94085**



**Buy or Sell** *House, Liquor Store, Gas Station etc.*

**In Bay Area & Central Valley**

* For Quick Short Sale
* Home Loans & SBA Loans
* Refinance @ Zero Cost
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**

www.singhraj.bayeastweb.com
**Fax: 510-490-9703**

MISSIONPEAK BROKERS, INC.

**46560 Fremont Blvd., Suite#111, Fremont, CA 94538**

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com
**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੈਂਡੀ ਤੂਫਾਨ ਨੇ ਈਸਟ ਕੋਸਟ 'ਚ ਵਰਤਾਇਆ ਕਹਿਰ

*(ਸਫਾ ਇਕ ਦੀ ਬਾਕੀ)*

ਹੈ। ਨਿਊ ਯਾਰਕ ਸਟਾਕ ਐਕਸਚੇਂਜ ਵਿਚ ਤਿੰਨ ਫੁੱਟ ਤੱਕ ਪਾਣੀ ਭਰ ਗਿਆ। 1888 ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਨਿਊ ਯਾਰਕ ਸਟਾਕ ਐਕਸਚੇਂਜ ਲਗਾਤਾਰ ਬੰਦ ਰਹੀ। ਰਾਸ਼ਟਰਪਤੀ ਬਰਾਕ ਓਬਾਮਾ ਨੇ ਤੂਫਾਨ ਨੂੰ ਵੱਡੀ ਬਿਪਤਾ ਕਰਾਰ ਦਿੰਦਿਆਂ ਬੇਘਰੇ ਲੋਕਾਂ ਲਈ ਰਾਹਤ ਜਾਰੀ ਕਰਨ ਦੇ ਹੁਕਮ ਦਿੱਤੇ ਹਨ।

ਅੱਸੀ ਮੀਲ ਦੀ ਤੇਜ਼ ਰਫਤਾਰ ਨਾਲ ਚੱਲੀਆਂ ਹਵਾਵਾਂ ਕਾਰਨ ਕਈ ਇਲਾਕਿਆਂ ਵਿਚ ਦਰਖਤ ਜੜ੍ਹਾਂ ਤੋਂ ਪੁੱਟੇ ਗਏ। ਆਵਾਜਾਈ ਵਿਵਸਥਾ ਪੂਰੀ ਤਰ੍ਹਾਂ ਚਰਮਰਾ ਗਈ ਤੇ ਬਿਜਲੀ ਪਲਾਂਟ ਵਿਚ ਧਮਾਕਾ ਹੋ ਜਾਣ ਨਾਲ ਮੈਨਹਟਨ ਦਾ ਬਹੁਤਾ ਇਲਾਕਾ ਹਨੇਰੇ ਵਿਚ ਡੁੱਬ ਗਿਆ। ਤੱਟਵਰਤੀ ਇਲਾਕਿਆਂ ਵਿਚ 13 ਫੁੱਟ ਤੱਕ ਉੱਚੀਆਂ ਲਹਿਰਾਂ ਉਠੀਆਂ। ਨਿਊ ਜਰਸੀ ਵਿਚ ਵੱਡੀ ਗਿਣਤੀ ਵਿਚ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ।

ਨਿਊ ਜਰਸੀ, ਨਿਊ ਯਾਰਕ, ਮੈਰੀਲੈਂਡ, ਨੌਰਥ ਕੈਰੋਲਾਈਨਾ, ਵੈਸਟ ਵਰਜੀਨੀਆ, ਪੈਨਸਿਲਵੇਨੀਆ ਤੇ ਕਨੈਕਟੀਕਟ ਵਿਚ 60 ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ ਤੇ ਇਸ 'ਚ ਹੋਰ ਵਾਧਾ ਹੋਣ ਦਾ ਖਦਸ਼ਾ ਹੈ। ਗਰਾਊਂਡ ਜ਼ੀਰੋ ਵਿਚ ਹੜ੍ਹ ਦਾ ਪਾਣੀ ਭਰ ਗਿਆ। ਨਿਊ ਯਾਰਕ ਸਿਟੀ ਹਸਪਤਾਲ



*ਨਿਊਯਾਰਕ ਨੇੜੇ ਸਟੈਪਲਟਨ 'ਚ ਤੂਫਾਨ ਦੀ ਮਾਰ ਹੇਠ ਆਇਆ ਵਾਟਰ ਟੈਂਕਰ।*

ਵਿਚ ਮਰੀਜ਼ਾਂ ਤੇ ਕਰਮਚਾਰੀਆਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ। ਅਮਰੀਕੀ ਪਰਮਾਣੂ ਰੈਗੂਲੇਟਰੀ ਕਮਿਸ਼ਨ ਨੇ ਨਿਊਜਰਸੀ ਦੇ ਓਸਟਰ ਕ੍ਰੀਕ ਪ੍ਰਮਾਣੂ ਬਿਜਲੀ ਪਲਾਂਟ ਵਿਚ ਹੰਗਾਮੀ ਹਾਲਤ ਦਾ ਐਲਾਨ ਕਰ ਦਿੱਤਾ।

ਵਾਸ਼ਿੰਗਟਨ ਡੀ.ਸੀ., ਫਿਲਾਡੈਲਫੀਆ, ਨਿਊਯਾਰਕ ਤੇ ਹੋਰ ਰਾਜਾਂ ਵਿਚ ਸਕੂਲ ਬੰਦ ਹੋਣ ਨਾਲ 47 ਲੱਖ ਬੱਚੇ ਪ੍ਰਭਾਵਿਤ ਹੋਏ। ਉਧਰ, ਬਰਤਾਨੀਆ ਵਿਚ 1962 ਵਿਚ 'ਮਿਊਟਿਨੀ ਆਨ ਦ ਬਾਊਂਟੀ' ਦੇ ਫਿਲਮੀ ਰੁਪਾਂਤਰ ਲਈ ਤਿਆਰ ਕੀਤੇ ਗਏ ਪ੍ਰਸਿੱਧ ਜਹਾਜ਼ ਦੀ ਹੂ-ਬਹੂ ਸ਼ਕਲ ਵਾਲਾ ਐਚ.ਐਮ.ਐਸ. ਬਾਊਂਟੀ ਜਹਾਜ਼ ਸੈਂਡੀ ਦੀ ਭੇਟ ਗਿਆ ਹੈ। ਇਸ ਜਹਾਜ਼ ਨੂੰ 2006 ਵਿਚ ਆਈ ਸਫਲ ਫਿਲਮ 'ਪਾਇਰੇਟਸ ਆਫ ਦ ਕੈਰੇਬੀਅਨ-ਡੈਡ ਮੈਨਸ ਚੈਸਟ' ਵਿਚ ਵੀ ਵੇਖਿਆ ਗਿਆ ਸੀ। ਸੈਂਡੀ ਦੇ ਕਾਰਨ ਜਹਾਜ਼ ਅਟਲਾਂਟਿਕ ਸਾਗਰ ਦੇ ਪਾਣੀ ਵਿਚ ਡੁੱਬ ਗਿਆ ਤੇ ਉਸ 'ਤੇ ਸਵਾਰ ਤਿੰਨ ਲੋਕ ਵੀ ਪਾਣੀ ਵਿਚ ਵਹਿ ਗਏ।

# ਨਵੰਬਰ 84: ਅਜੇ ਵੀ ਅੱਲੇ ਨੇ ਜ਼ਖ਼ਮ

*(ਸਫਾ ਇਕ ਦੀ ਬਾਕੀ)*

ਉਨ੍ਹਾਂ ਅਨੁਸਾਰ ਇਸ ਹਿੰਸਾ ਦੀਆਂ ਜੜ੍ਹਾਂ ਚੁਰਾਸੀ ਦੇ ਕਤਲੇਆਮ ਵਿਚ ਹਨ। ਨਵੰਬਰ 1984 ਵਿਚ ਸਿੱਖਾਂ ਦਾ ਕਤਲੇਆਮ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ, ਇਸ ਨੂੰ ਸਰਕਾਰੀ ਸ਼ਹਿ ਹਾਸਲ ਸੀ। ਉਨ੍ਹਾਂ ਮਿਸਾਲ ਦਿੱਤੀ ਕਿ ਕਤਲੇਆਮ ਦੌਰਾਨ ਕਈ ਥਾਵਾਂ 'ਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਵੀ ਸਿੱਖਾਂ ਨੂੰ ਬਚਾਇਆ। ਇਸ ਲਈ ਇਸ ਨੂੰ ਫਿਰਕੂ ਦੰਗੇ ਨਹੀਂ ਕਿਹਾ ਜਾ ਸਕਦਾ। ਦੁੱਖ ਦੀ ਗੱਲ ਇਹ ਹੈ ਕਿ ਪੀੜਤਾਂ ਨੂੰ ਹੁਣ ਪੂਰਾ ਇਨਸਾਫ ਮਿਲ ਵੀ ਨਹੀਂ ਸਕਦਾ ਕਿਉਂਕਿ ਬਹੁਤ ਸਾਰੇ ਗਵਾਹ ਤੇ ਕਾਤਲ ਮਰ ਚੁੱਕੇ ਹਨ।

ਸਰਕਾਰੀ ਦਖ਼ਲ ਨਾਲ ਅਫਸਰਸ਼ਾਹੀ ਨੇ ਅਜਿਹਾ ਰੋਲ-ਘਚੋਲਾ ਪਾਇਆ ਹੈ ਕਿ ਅਦਾਲਤਾਂ ਵਿਚ ਕੇਸ ਲੰਮੇ ਖਿੱਚੇ ਜਾ ਰਹੇ ਹਨ। ਉਂਜ, ਕੁਝ ਗਵਾਹ ਤੇ ਕਾਤਲ ਅਜੇ ਵੀ ਜ਼ਿੰਦਾ ਹਨ। ਅਜੇ ਵੀ ਸਰਕਾਰ ਇਨ੍ਹਾਂ ਕੇਸਾਂ ਦੀ ਸਹੀ ਪੈਰਵੀ ਕਰਕੇ ਕਾਤਲਾਂ ਨੂੰ ਸਜ਼ਾਵਾਂ ਦਿਵਾ ਸਕਦੀ ਹੈ। ਜੇ ਕੁਝ ਸਾਲ ਹੋਰ ਬੀਤ ਗਏ ਤਾਂ ਨਾ ਗਵਾਹ ਤੇ ਨਾ ਹੀ ਕਾਤਲ ਰਹਿਣਗੇ ਤੇ ਇਸ ਦਰਦ ਦੀ ਰੜਕ ਕਦੇ ਨਹੀਂ ਮੁੱਕੇਗੀ।

# ਗੁਰਬਾਣੀ ਸਾਹਿਤ ਲਿਜਾਣ ਦਾ ਤਰੀਕਾ ਤੈਅ ਹੋਵੇਗਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਗੁਰਬਾਣੀ ਦੇ ਗੁਟਕੇ ਤੇ ਹੋਰ ਧਾਰਮਿਕ ਸਾਹਿਤ ਨੂੰ ਇਕ ਥਾਂ ਤੋਂ ਦੂਜੀ ਥਾਂ ਭੇਜਣ ਦਾ ਢੰਗ ਤਰੀਕਾ ਤੈਅ ਕਰਨ ਦਾ ਮਾਮਲਾ ਜਲਦੀ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਲੰਘੇ ਦਿਨ ਜੀਵਨ ਪਬਲੀਸ਼ਰ ਨਾਂ ਦੀ ਪ੍ਰਕਾਸ਼ਨ ਸੰਸਥਾ ਵੱਲੋਂ ਅੰਮ੍ਰਿਤਸਰ ਤੋਂ ਰਾਜਸਥਾਨ ਭੇਜੇ ਜਾ ਰਹੇ ਗੁਰਬਾਣੀ ਦੇ ਗੁਟਕਿਆਂ ਤੇ ਹੋਰ ਧਾਰਮਿਕ ਸਾਹਿਤ ਨੂੰ ਟਰਾਂਸਪੋਰਟ ਰਾਹੀਂ ਭੇਜੇ ਜਾਣ ਦੇ ਢੰਗ ਤਰੀਕੇ ਦਾ ਸਖ਼ਤ ਵਿਰੋਧ ਹੋਇਆ ਸੀ। ਇਸ ਮਾਮਲੇ ਵਿਚ ਸਿੱਖ ਵਿਦਵਾਨਾਂ ਤੇ ਪ੍ਰਕਾਸ਼ਨ ਘਰਾਂ



ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਗੁਰਬਾਣੀ ਸਾਹਿਤ ਨੂੰ ਇਕ ਥਾਂ ਤੋਂ ਦੂਜੀ ਥਾਂ ਭੇਜਣ ਦਾ ਢੰਗ ਤਰੀਕਾ ਤੈਅ ਕੀਤਾ ਜਾਵੇ ਤਾਂ ਜੋ ਇਸ ਨਾਲ ਗੁਰਬਾਣੀ ਸਾਹਿਤ ਦਾ ਅਪਮਾਨ ਨਾ ਹੋਵੇ ਤੇ ਪ੍ਰਕਾਸ਼ਨ ਘਰਾਂ ਨੂੰ ਅਜਿਹੀ ਸਮੱਗਰੀ ਭੇਜਣ ਸਮੇਂ ਕੋਈ ਔਕੜ ਵੀ ਨਾ ਆਵੇ। ਇਸ ਬਾਰੇ ਗੱਲ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ ਤੇ ਜਲਦੀ ਹੀ ਇਸ ਬਾਰੇ ਕੋਈ ਢੰਗ ਤਰੀਕਾ ਤੈਅ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਬਾਰੇ ਭਾਵੇਂ ਪਹਿਲਾਂ ਵੀ ਮਾਮਲਾ ਵਿਚਾਰਿਆ ਜਾ ਚੁੱਕਾ ਹੈ ਤੇ ਮਤੇ ਵੀ ਪਾਏ ਗਏ ਹਨ ਪਰ ਇਸ ਮਾਮਲੇ ਨੂੰ ਮੁੜ ਵਿਚਾਰਨ ਦੀ ਲੋੜ ਹੈ।

# ਭਾਰਤ ਵੱਲੋਂ ਪਾਕਿਸਤਾਨ ਨਾਲ ਕ੍ਰਿਕਟ ਸਬੰਧ ਬਹਾਲ

**ਨਵੀਂ ਦਿੱਲੀ:** ਭਾਰਤ ਤੇ ਪਾਕਿਸਤਾਨ ਦੇ ਕ੍ਰਿਕਟ ਪ੍ਰਸ਼ੰਸਕਾਂ ਲਈ ਚੰਗੀ ਖ਼ਬਰ ਹੈ ਕਿਉਂਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪਾਕਿਸਤਾਨ ਕ੍ਰਿਕਟ ਟੀਮ ਦੇ ਭਾਰਤ ਦੌਰੇ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਪੰਜ ਸਾਲ ਬਾਅਦ ਪਾਕਿਸਤਾਨ ਕ੍ਰਿਕਟ ਟੀਮ ਭਾਰਤ ਦੇ ਦੌਰੇ 'ਤੇ ਆਵੇਗੀ। ਇਹ ਦੌਰਾ 25 ਦਸੰਬਰ ਤੋਂ ਸ਼ੁਰੂ ਹੋਵੇਗਾ ਤੇ ਭਾਰਤ ਸਰਕਾਰ ਵਲੋਂ ਮਹਿਮਾਨ ਟੀਮ ਨੂੰ ਸਖ਼ਤ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ।

ਇਹ ਫੈਸਲਾ ਬੀ.ਸੀ.ਸੀ.ਆਈ. ਦੇ ਅਧਿਕਾਰੀਆਂ ਦੀ ਕੇਂਦਰੀ ਗ੍ਰਹਿ ਸਕੱਤਰ ਆਰ.ਕੇ. ਸਿੰਘ ਨਾਲ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ। ਬੀ.ਸੀ.ਸੀ.ਆਈ. ਦੇ ਸੀਨੀਅਰ ਅਧਿਕਾਰੀ ਤੇ ਕੇਂਦਰੀ ਮੰਤਰੀ ਰਾਜੀਵ ਸ਼ੁਕਲਾ ਨੇ ਮੀਡੀਆ ਨਾਲ ਗੱਲ ਕਰਦਿਆਂ ਇਸ ਗੱਲ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਸੁਰੱਖਿਆ ਦੇ ਮਾਮਲੇ ਤੋਂ ਇਲਾਵਾ ਪਾਕਿਸਤਾਨ ਦੇ ਕ੍ਰਿਕਟ ਪ੍ਰਸ਼ੰਸਕਾਂ ਨੂੰ ਵੀਜ਼ਾ ਦੇਣ ਦੇ ਮੁੱਦੇ 'ਤੇ ਗੱਲਬਾਤ ਕੀਤੀ ਗਈ।

ਇਸ ਦੌਰੇ ਦੌਰਾਨ ਦੋਵੇਂ ਟੀਮਾਂ ਵਿਚਕਾਰ ਤਿੰਨ ਇਕ ਦਿਨਾ ਤੇ ਦੋ ਟੀ-20 ਮੈਚਾਂ ਦੀ ਲੜੀ ਖੇਡੀ ਜਾਵੇਗੀ। ਇਹ ਮੈਚ ਕੋਲਕਾਤਾ, ਬੰਗਲੌਰ, ਚੇਨਈ ਤੇ ਅਹਿਮਦਾਬਾਦ ਵਿਚ ਖੇਡੇ ਜਾਣਗੇ। ਪਾਕਿਸਤਾਨ ਕ੍ਰਿਕਟ ਬੋਰਡ ਵਲੋਂ ਇਸ ਲੜੀ ਨੂੰ ਧਿਆਨ ਵਿਚ ਰੱਖਦਿਆਂ ਪਹਿਲਾਂ ਹੀ ਪਾਕਿਸਤਾਨ ਟੀਮ ਦਾ ਦਸੰਬਰ ਵਿਚ ਹੋਣ ਵਾਲਾ ਜ਼ਿੰਬਾਬਵੇ ਦੌਰਾ ਵੀ ਰੱਦ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਦੋਵਾਂ ਦੇਸ਼ਾਂ ਵਿਚਾਲੇ ਆਖਰੀ ਵਾਰ 2007-08 ਵਿਚ ਲੜੀ ਖੇਡੀ ਗਈ ਸੀ। ਇਹ ਲੜੀ ਵੀ ਭਾਰਤ ਵਿਚ ਹੀ ਹੋਈ ਸੀ।

ਇਸ ਤੋਂ ਬਾਅਦ ਭਾਰਤੀ ਟੀਮ ਨੇ ਸਾਲ 2009 ਵਿਚ ਪਾਕਿਸਤਾਨ ਦੇ ਦੌਰੇ 'ਤੇ ਜਾਣਾ ਸੀ ਪਰ 26 ਨਵੰਬਰ, 2008 ਨੂੰ ਮੁੰਬਈ ਵਿਚ ਹੋਏ ਅਤਿਵਾਦੀ ਹਮਲੇ ਦੇ ਬਾਅਦ ਇਹ ਦੌਰਾ ਰੱਦ ਕਰ ਦਿੱਤਾ ਗਿਆ ਸੀ। 2008 ਤੋਂ ਬਾਅਦ ਦੋਵੇਂ ਟੀਮਾਂ ਵਿਸ਼ਵ ਕੱਪ, ਚੈਂਪੀਅਨਜ਼ ਟਰਾਫੀ ਤੇ ਏਸ਼ੀਆ ਕੱਪ ਦੌਰਾਨ ਆਹਮੋ-ਸਾਹਮਣੇ ਹੋ ਚੁੱਕੀਆਂ ਹਨ।

# ਪੰਜਾਬੀ ਫ਼ਿਲਮ 'ਸਾਡਾ ਹੱਕ' ਉਤੇ ਰੋਕ ਖਿਲਾਫ ਲਾਮਬੰਦੀ

**ਚੰਡੀਗੜ੍ਹ:** ਭਾਰਤੀ ਫ਼ਿਲਮ ਸੈਂਸਰ ਬੋਰਡ ਨੇ ਪੰਜਾਬ ਦੇ ਦੁਖਾਂਤ ਬਾਰੇ ਬਣੀ ਪੰਜਾਬੀ ਫ਼ਿਲਮ 'ਸਾਡਾ ਹੱਕ' ਨੂੰ ਪ੍ਰਵਾਨਗੀ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਫ਼ਿਲਮ ਦੇ ਨਿਰਮਾਤਾਵਾਂ ਅਨੁਸਾਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੂਰੀ ਦੀ ਪੂਰੀ ਫ਼ਿਲਮ ਨੂੰ ਹੀ ਸੈਂਸਰ ਬੋਰਡ ਵੱਲੋਂ ਰੱਦ ਕਰ ਦਿੱਤਾ ਗਿਆ ਹੈ।

ਫ਼ਿਲਮ ਦੇ ਲੇਖਕ-ਪ੍ਰੋਡਿਊਸਰ ਕੁਲਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ 80 ਤੇ 90 ਦੇ ਦਹਾਕੇ ਵਿਚ ਪੰਜਾਬ ਦੇ ਕਾਲੇ ਦੌਰ 'ਤੇ ਝਾਤ ਪਾਉਂਦੀ ਤੇ ਸੱਚੀਆਂ ਘਟਨਾਵਾਂ 'ਤੇ ਆਧਾਰਤ ਇਸ ਫ਼ਿਲਮ ਨੂੰ ਸੈਂਸਰ ਬੋਰਡ ਨੇ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਪ੍ਰਵਾਨਗੀ ਨਾ ਦੇਣ ਦਾ ਇਕ ਵੀ ਕਾਰਨ ਨਾ ਦੱਸਿਆ ਜਦਕਿ ਇਸ ਤੋਂ ਪਹਿਲਾਂ ਜਦੋਂ ਵੀ ਕਦੇ ਸੈਂਸਰ ਬੋਰਡ ਕੋਲ ਵਿਵਾਦਮਈ ਸੀਨਾਂ ਵਾਲੀ ਕੋਈ ਫ਼ਿਲਮ ਆਉਂਦੀ ਹੈ ਤਾਂ ਬੋਰਡ ਸਾਰੀ ਫ਼ਿਲਮ ਨੂੰ ਰੱਦ ਕਰਨ ਦੀ ਬਜਾਏ ਵਿਵਾਦਮਈ ਸੀਨ ਕੱਢਣ ਦੀ ਸਲਾਹ ਦਿੰਦਾ ਹੈ। ਉਨ੍ਹਾਂ ਕਿਹਾ ਕਿ ਫ਼ਿਲਮ ਵਿਚ ਹਰ ਕਾਨੂੰਨੀ ਪੱਖ ਨੂੰ ਧਿਆਨ ਵਿਚ ਰੱਖਦਿਆਂ ਇਹ ਵਿਖਾਇਆ ਗਿਆ ਹੈ ਕਿ ਅਸਲ ਵਿਚ 80 ਤੇ 90 ਦੇ ਦਹਾਕੇ ਦੌਰਾਨ ਪੰਜਾਬ ਦੁਖਾਂਤ ਦੇ ਦੌਰ ਵਿਚੋਂ ਕਿਉਂ



*ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਫਿਲਮ ਦੇ ਨੁਮਾਇੰਦੇ।*

ਲੰਘਿਆ, ਖਾੜਕੂਵਾਦ 'ਤੇ ਝਾਤ ਪਾਉਂਦੀਆਂ ਘਟਨਾਵਾਂ ਤੇ ਅੱਜ ਦਾ ਨੌਜਵਾਨ ਉਸ ਸਮੇਂ ਬਾਰੇ ਕੀ ਸੋਚਦਾ ਹੈ। ਇਸ ਮੌਕੇ ਸੀਨੀਅਰ ਐਡਵੋਕੇਟ ਅਮਰ ਸਿੰਘ ਚਾਹਲ ਨੇ ਕਿਹਾ ਕਿ ਕੋਈ ਸਿਸਟਮ ਜਦੋਂ ਫੇਲ੍ਹ ਹੋ ਜਾਂਦਾ ਹੈ ਤਾਂ ਅਜਿਹੀਆਂ ਫ਼ਿਲਮਾਂ ਬਣਦੀਆਂ ਹੀ ਹਨ ਪਰ ਸੈਂਸਰ ਬੋਰਡ ਨੇ ਇਸ ਪੂਰੀ ਦੀ ਪੂਰੀ ਫ਼ਿਲਮ ਨੂੰ ਹੀ ਪ੍ਰਵਾਨਗੀ ਨਾ ਦੇ ਕੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਉਪਰ ਸੱਟ ਮਾਰੀ ਹੈ।

ਇਸ ਮੌਕੇ ਫ਼ਿਲਮ ਦੇ ਅਦਾਕਾਰ ਦਿਨੇਸ਼ ਸੂਦ ਨੇ ਕਿਹਾ ਕਿ ਫ਼ਿਲਮ 'ਤੇ ਦੋ ਕਰੋੜ ਰੁਪਏ ਖ਼ਰਚੇ ਗਏ ਹਨ ਤੇ ਹੁਣ ਜੇ ਇਹ ਫ਼ਿਲਮ ਰਿਲੀਜ਼ ਨਹੀਂ ਹੁੰਦੀ ਤਾਂ ਇਸ ਦਾ ਫ਼ਿਲਮ ਟੀਮ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਦੱਸਿਆ ਕਿ ਇਸ ਫ਼ਿਲਮ ਨੂੰ ਰਿਲੀਜ਼ ਕਰਾਉਣ ਲਈ ਕਾਨੂੰਨੀ ਸੰਘਰਸ਼ ਕੀਤਾ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# Short Sale Specialist

## Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

# Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**



# Yarra, Kharazi & Associates

**Phone: (888) 97YARRA (92772)**

## Bankruptcy & Criminal Law

Offices in Bakersfield, Fresno and Merced
Bring this ad in and receive a free consultation

## ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

**ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ**

## ਯੱਰਾ, ਖਰਾਜ਼ੀ ਐਂਡ ਐਸੋਸੀਏਟਸ

**ਫੋਨ: 1-888-979-2772**

Email: Info@rwyarra.com



ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ **ਗੁਰਬਾਣੀ ਰੇਡੀਓ** ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
# Punjabi RADIO USA
*Uniting Punjabi's All Over*
Studio Telephone : (408) 272-5200

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

**ਤਾਜ਼ੀਆਂ ਖ਼ਬਰਾਂ ਰੇਡੀਓ 'ਤੇ**
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1

**ਨਵੇਂ ਪ੍ਰੋਗਰਾਮ**
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

## ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ

*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*

# 605.475.6868 • 832.551.5029

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਡਾ. ਮਨਮੋਹਨ ਸਿੰਘ ਵੱਲੋਂ ਵਜ਼ਾਰਤ ਵਿਚ ਵੱਡਾ ਫੇਰਬਦਲ

## ਕੈਬਨਿਟ 'ਚ 17 ਨਵੇਂ ਚਿਹਰੇ ਸ਼ਾਮਲ

**ਨਵੀਂ ਦਿੱਲੀ:** ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਯੂ.ਪੀ.ਏ. ਸਰਕਾਰ ਨੇ ਕੇਂਦਰੀ ਮੰਤਰੀ ਮੰਡਲ ਵਿਚ ਵੱਡਾ ਫੇਰਬਦਲ ਕਰਦਿਆਂ ਪਿਛਲੇ ਸਮੇਂ ਦੌਰਾਨ ਸਾਖ 'ਤੇ ਲੱਗੇ ਦਾਗ ਸਾਫ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਯੂ.ਪੀ.ਏ.-2 ਦੇ ਮੰਤਰੀ ਮੰਡਲ ਵਿਚ ਵੱਡਾ ਫੇਰਬਦਲ ਕਰਕੇ 17 ਨਵੇਂ ਚਿਹਰੇ ਸ਼ਾਮਲ ਕਰਨ ਤੋਂ ਇਲਾਵਾ 10 ਨੂੰ ਤਰੱਕੀ ਦੇ ਕੇ ਕਈ ਮੰਤਰੀਆਂ ਦੇ ਵਿਭਾਗ ਬਦਲੇ ਹਨ।

ਇਸ ਵੱਡੇ ਫੇਰਬਦਲ ਵਿਚ ਸਲਮਾਨ ਖੁਰਸ਼ੀਦ ਨਵੇਂ ਵਿਦੇਸ਼ ਮੰਤਰੀ, ਅਸ਼ਵਨੀ ਕੁਮਾਰ ਕਾਨੂੰਨ, ਪਵਨ ਕੁਮਾਰ ਬਾਂਸਲ ਰੇਲ, ਵੀਰੱਪਾ ਮੋਇਲੀ ਪੈਟਰੋਲੀਅਮ, ਐਮ.ਐਮ.ਪੀ. ਰਾਜੂ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਬਣਾਏ ਗਏ ਹਨ ਜਦਕਿ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੂੰ ਰਾਜ ਮੰਤਰੀ ਬਣਾ ਕੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦਾ ਸੁਤੰਤਰ ਚਾਰਜ ਦਿੱਤਾ ਗਿਆ ਹੈ।

ਮੰਤਰੀ ਪ੍ਰੀਸ਼ਦ ਦੀ ਗਿਣਤੀ ਹੁਣ 67 ਤੋਂ 78 ਹੋ ਗਈ ਹੈ। ਇਸ ਫੇਰਬਦਲ ਵਿਚ 11 ਮੰਤਰੀਆਂ ਦੇ ਸ਼ਾਮਲ ਹੋਣ ਜਾਂ ਤਰੱਕੀ ਹੋਣ ਨਾਲ ਹੀ ਆਂਧਰਾ ਪ੍ਰਦੇਸ਼ ਦੀ ਪ੍ਰਤੀਨਿਧਤਾ ਸਭ ਤੋਂ ਵਧ ਗਈ ਹੈ। ਇਸ ਮਾਮਲੇ ਵਿਚ ਇਸ ਰਾਜ ਨੇ ਉਤਰ ਪ੍ਰਦੇਸ਼, ਕੇਰਲ, ਮਹਾਰਾਸ਼ਟਰ, ਤਾਮਿਲਨਾਡੂ ਤੇ ਰਾਜਸਥਾਨ ਨੂੰ ਪਛਾੜ ਦਿੱਤਾ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਵਿਚ ਸ਼ਾਮਲ ਔਰਤਾਂ ਦੀ ਗਿਣਤੀ 10 ਹੋ ਗਈ ਹੈ। ਕਾਂਗਰਸ ਕੋਲ 16 ਸਾਲਾਂ ਬਾਅਦ ਰੇਲ ਮੰਤਰਾਲਾ ਆਇਆ ਹੈ।

ਪਿਛਲੇ ਦਿਨੀਂ 19 ਮੰਤਰੀਆਂ ਵੱਲੋਂ ਅਸਤੀਫ਼ੇ ਦੇਣ ਕਾਰਨ ਕਈ ਅਹੁਦੇ ਖਾਲੀ ਸਨ। ਸ੍ਰੀ ਪਵਨ ਕੁਮਾਰ ਬਾਂਸਲ ਤੋਂ ਜਲ ਸਰੋਤਾਂ ਬਾਰੇ ਮਹਿਕਮਾ ਵਾਪਸ ਲੈ ਕੇ ਉਨ੍ਹਾਂ ਨੂੰ ਰੇਲ, ਐਸ. ਜੈਪਾਲ ਰੈਡੀ ਤੋਂ ਪੈਟਰੋਲੀਅਮ ਲੈ ਕੇ ਵਿਗਿਆਨ ਤੇ ਤਕਨਾਲੋਜੀ ਵਿਭਾਗ ਦਿੱਤਾ ਗਿਆ ਹੈ। ਰਾਜ ਸਭਾ ਦੇ ਸਾਬਕਾ ਡਿਪਟੀ ਚੇਅਰਮੈਨ ਕੇ. ਰਹਿਮਾਨ ਖਾਨ ਦੀ ਸਰਕਾਰ ਵਿਚ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਵਜੋਂ ਵਾਪਸੀ ਹੋਈ ਹੈ। ਸਭ ਤੋਂ ਵੱਧ ਹੈਰਾਨੀ ਸਲਮਾਨ ਖੁਰਸ਼ੀਦ ਦੀ ਤਰੱਕੀ ਤੋਂ ਹੈ। ਉਨ੍ਹਾਂ ਤੋਂ ਕਾਨੂੰਨ ਮੰਤਰਾਲਾ ਲੈ ਕੇ ਵਿਦੇਸ਼ ਮੰਤਰਾਲਾ ਦਿੱਤਾ ਗਿਆ ਹੈ।

ਸਹੁੰ ਚੁੱਕਣ ਵਾਲੇ 22 ਮੰਤਰੀਆਂ ਵਿਚ ਕੈਬਨਿਟ ਮੰਤਰੀ ਕੇ.ਆਰ. ਖ਼ਾਨ ਘੱਟ ਗਿਣਤੀ ਮਾਮਲੇ, ਦਿਨਸ਼ਾ ਜੇ ਪਟੇਲ ਖਾਣ, ਅਜੈ ਮਾਕਨ ਮਕਾਨ ਤੇ ਐਮ.ਐਮ.ਪੀ. ਰਾਜੂ ਮਨੁੱਖੀ ਵਸੀਲਿਆਂ ਦੇ ਵਿਕਾਸ, ਅਸ਼ਵਨੀ ਕੁਮਾਰ ਕਾਨੂੰਨ, ਹਰੀਸ਼ ਰਾਵਤ ਜਲ ਸਰੋਤ, ਚੰਦਰੇਸ਼ ਕੁਮਾਰ ਕਟੋਚ ਸਭਿਆਚਾਰ ਮਾਮਲੇ ਸ਼ਾਮਲ ਹਨ। ਮਨੀਸ਼ ਤਿਵਾੜੀ ਸੂਚਨਾ ਤੇ ਪ੍ਰਸਾਰਨ ਤੇ ਕੇ. ਚਿਰੰਜੀਵੀ ਸੈਰ-ਸਪਾਟਾ ਮਾਮਲਿਆਂ ਦੇ ਰਾਜ ਮੰਤਰੀ ਹੋਣਗੇ।

ਇਨ੍ਹਾਂ ਦੋਹਾਂ ਕੋਲ ਮਹਿਕਮਿਆਂ ਦਾ ਸੁਤੰਤਰ ਚਾਰਜ ਰਹੇਗਾ। ਇਹ ਦੋਵੇਂ ਮਹਿਕਮੇ ਪਹਿਲਾਂ ਕੈਬਨਿਟ ਮੰਤਰੀ ਵਜੋਂ ਅਸਤੀਫ਼ਾ ਦੇਣ ਵਾਲੇ ਅੰਬਿਕਾ ਸੋਨੀ ਕੋਲ ਸਨ। ਖਾਸ ਗੱਲ ਇਹ ਰਹੀ ਕਿ ਸਹੁੰ ਚੁੱਕਣ ਵਾਲੇ ਮੰਤਰੀਆਂ ਵਿਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਤਾਰਿਕ ਅਨਵਰ ਨੂੰ ਛੱਡ ਕੇ ਸਾਰੇ ਕਾਂਗਰਸ ਦੇ ਮੈਂਬਰ ਹਨ। ਉਨ੍ਹਾਂ ਕੋਲ ਖੇਤੀ ਮਹਿਕਮਾ ਹੈ। ਸਹੁੰ ਚੁੱਕਣ ਵਾਲੇ ਰਾਜ ਮੰਤਰੀਆਂ ਵਿਚ ਸ਼ਸ਼ੀ ਥਰੂਰ ਦੀ ਦੋ ਸਾਲਾਂ ਮਗਰੋਂ ਵਾਪਸੀ ਹੋਈ ਹੈ। ਉਨ੍ਹਾਂ ਕੋਲ ਮਨੁੱਖੀ ਵਸੀਲਿਆਂ ਦੇ ਵਿਕਾਸ ਦਾ ਮਹਿਕਮਾ ਹੋਵੇਗਾ।

ਜਿਨ੍ਹਾਂ ਕੈਬਨਿਟ ਮੰਤਰੀਆਂ ਦੇ ਮਹਿਕਮੇ ਬਦਲੇ ਗਏ ਹਨ, ਉਨ੍ਹਾਂ ਵਿਚ ਵੀਰੱਪਾ ਮੋਇਲੀ ਤੋਂ ਕਾਰਪੋਰੇਟ ਮਾਮਲਿਆਂ ਦਾ ਮਹਿਕਮਾ ਵਾਪਸ ਲੈ ਕੇ ਪੈਟਰੋਲੀਅਮ ਦੇ ਦਿੱਤਾ ਗਿਆ ਹੈ। ਜੈਪਾਲ ਰੈਡੀ ਤੋਂ ਪੈਟਰੋਲੀਅਮ ਵਿਭਾਗ ਲੈ ਕੇ ਵਿਗਿਆਨ ਤੇ ਤਕਨੀਕੀ ਵਿਭਾਗ ਦਿੱਤਾ ਗਿਆ ਹੈ। ਕਮਲ ਨਾਥ ਨੂੰ ਸੰਸਦੀ ਮਾਮਲੇ ਤੇ ਸ਼ਹਿਰੀ ਵਿਕਾਸ, ਵਾਈ. ਰਵੀ ਨੂੰ ਪਰਵਾਸੀ ਭਾਰਤੀ ਮਾਮਲਿਆਂ, ਕਪਿਲ ਸਿੱਬਲ ਨੂੰ ਸੰਚਾਰ ਤੇ ਆਈ.ਟੀ., ਸੀ.ਪੀ. ਜੋਸ਼ੀ ਨੂੰ ਸੜਕੀ ਆਵਾਜਾਈ ਤੇ ਹਾਈਵੇਅ, ਕੁਮਾਰੀ ਸ਼ੈਲਜਾ ਨੂੰ ਸਮਾਜਿਕ ਨਿਆਂ, ਪਵਨ ਕੁਮਾਰ ਬਾਂਸਲ ਨੂੰ ਰੇਲ, ਸਲਮਾਨ ਖੁਰਸ਼ੀਦ ਨੂੰ ਵਿਦੇਸ਼ ਤੇ ਜੈਰਾਮ ਰਮੇਸ਼ ਨੂੰ ਪੇਂਡੂ ਵਿਕਾਸ ਮੰਤਰਾਲਾ ਦਿੱਤਾ ਗਿਆ ਹੈ।

ਇਸੇ ਨਾਲ ਰਾਜ ਮੰਤਰੀਆਂ ਜੋਯਤਿਰਾਦਿਤਿਆ ਸਿੰਧੀਆ ਨੂੰ ਬਿਜਲੀ, ਕੇ.ਐਚ. ਮੁਨੀਅੱਪਾ ਨੂੰ ਲਘੂ ਤੇ ਦਰਮਿਆਨੇ ਉੱਦਮ, ਭਰਤ ਸਿੰਘ ਸੋਲੰਕੀ ਨੂੰ ਪੀਣ ਵਾਲੇ ਪਾਣੀ ਤੇ ਸਫ਼ਾਈ, ਸਚਿਨ ਪਾਇਲਟ ਨੂੰ ਕਾਰਪੋਰੇਟ ਤੇ ਜਤਿੰਦਰ ਸਿੰਘ ਨੂੰ ਖੇਡ ਤੇ ਯੁਵਕ ਮਾਮਲਿਆਂ ਦਾ ਸੁਤੰਤਰ ਚਾਰਜ ਦਿੱਤਾ ਗਿਆ ਹੈ। ਐਨ.ਸੀ.ਪੀ. ਦੇ ਸੀਨੀਅਰ ਆਗੂ ਤਾਰਿਕ ਅਨਵਰ ਨੇ ਆਪਣੇ ਸਿਆਸੀ ਜੀਵਨ ਦੇ ਚਾਰ ਦਹਾਕਿਆਂ ਵਿਚ ਪਹਿਲੀ ਵਾਰੀ ਮੰਤਰੀ ਮੰਡਲ ਵਿਚ ਥਾਂ ਲਈ ਹੈ। 61 ਸਾਲਾ ਅਨਵਰ 1999 ਤੱਕ ਕਾਂਗਰਸ ਵਿਚ ਰਹੇ ਤੇ ਬਾਅਦ ਵਿਚ ਸ਼ਰਦ ਪਵਾਰ ਦੀ ਅਗਵਾਈ ਹੇਠ ਐਨਸੀਪੀ ਵਿਚ ਚਲੇ ਗਏ। ਉਹ ਇਸ ਵੇਲੇ ਰਾਜ ਸਭਾ ਮੈਂਬਰ ਹਨ।

ਇਸ ਦੌਰਾਨ ਕਾਂਗਰਸ ਨੇ ਪੱਛਮੀ ਬੰਗਾਲ ਵਿਚੋਂ ਤਿੰਨ ਮੰਤਰੀ ਲਏ ਹਨ ਜਿਨ੍ਹਾਂ ਵਿਚੋਂ ਦੋ ਤਾਂ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਤਿੱਖੇ ਵਿਰੋਧੀ ਹਨ। ਅਧੀਰ ਰੰਜਨ ਚੌਧਰੀ ਤੇ ਦੀਪਾ ਦਾਸ ਮੁਨਸ਼ੀ ਮਮਤਾ ਨੂੰ ਤਾਨਾਸ਼ਾਹ ਤੱਕ ਆਖ ਚੁੱਕੇ ਹਨ। ਮੰਤਰੀ ਮੰਡਲ ਵਿਚ ਹੋਏ ਤਾਜ਼ਾ ਫੇਰ ਬਦਲ ਵਿਚ ਮੱਧ ਪ੍ਰਦੇਸ਼ ਵਿਚੋਂ ਕਿਸੇ ਨੂੰ ਥਾਂ ਨਾ ਮਿਲਣ 'ਤੇ ਕਾਂਗਰਸ ਦੇ ਜਨਰਲ ਸਕੱਤਰ ਦਿੱਗਵਿਜੈ ਸਿੰਘ ਕਾਫੀ ਨਿਰਾਸ਼ ਹਨ।

## ਅਕਾਲੀ ਆਗੂ ਮਲਕੀਤ ਸਿੰਘ ਕੀਤੂ ਦੀ ਹੱਤਿਆ

**ਮੋਗਾ:** ਇਥੋਂ ਦੇ ਪਿੰਡ ਬਿਲਾਸਪੁਰ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਾਬਕਾ ਵਿਧਾਇਕ ਤੇ ਪੰਜਾਬ ਟਰੱਕ ਆਪਰੇਟਰ ਯੂਨੀਅਨ ਦੇ ਸੂਬਾਈ ਪ੍ਰਧਾਨ ਮਲਕੀਤ ਸਿੰਘ ਕੀਤੂ ਦੀ ਉਨ੍ਹਾਂ ਦੇ ਘਰ ਵਿਚ ਹੀ ਉਨ੍ਹਾਂ ਦੇ ਭਤੀਜੇ ਨੇ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ। ਪੁਲਿਸ ਵੱਲੋਂ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਜੱਸਾ, ਰਾਜੂ, ਕੁਲਵੰਤ ਸਿੰਘ ਲਾਡੀ ਵਾਸੀ ਬਿਲਾਸਪੁਰ, ਅੰਗਰੇਜ਼ ਸਿੰਘ ਵਾਸੀ ਦੀਪਗੜ੍ਹ (ਬਰਨਾਲਾ) ਵਿਰੁੱਧ ਹੱਤਿਆ ਦਾ ਕੇਸ ਦਰਜ ਕੀਤਾ ਗਿਆ ਹੈ।

ਜ਼ਿਲ੍ਹਾ ਪੁਲੀਸ ਮੁਖੀ ਸੁਰਜੀਤ ਸਿੰਘ ਗਰੇਵਾਲ ਅਨੁਸਾਰ ਸ. ਕੀਤੂ 29 ਅਕਤੂਬਰ ਨੂੰ ਸਵੇਰੇ ਕਿਸੇ ਸਮਾਗਮ 'ਤੇ ਜਾਣ ਲਈ ਤਿਆਰ ਹੋ ਰਹੇ ਸਨ। ਉਹ ਨਹਾ ਕੇ ਗੁਸਲਖਾਨੇ ਵਿਚੋਂ ਬਾਹਰ ਨਿਕਲੇ ਹੀ ਸਨ ਕਿ ਉਨ੍ਹਾਂ ਦੇ ਭਤੀਜਿਆਂ ਨੇ ਆ ਕੇ ਉਨ੍ਹਾਂ ਨਾਲ ਝਗੜਾ ਸ਼ੁਰੂ ਕਰ ਦਿੱਤਾ ਜੋ ਅਸਲੇ ਨਾਲ ਲੈਸ ਸਨ। ਇਸ ਦੌਰਾਨ ਹਰਪ੍ਰੀਤ ਨੇ ਆਪਣੇ ਪਿਸਤੌਲ ਨਾਲ ਸ. ਕੀਤੂ 'ਤੇ ਗੋਲੀਆਂ ਚਲਾ ਦਿੱਤੀਆਂ। ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਉਨ੍ਹਾਂ ਦਾ ਬੇਟਾ ਕੁਲਵੰਤ ਸਿੰਘ ਕੰਤਾ ਤੇ ਗੰਨਮੈਨ ਸਣੇ ਹੋਰ ਲੋਕ ਉਥੇ ਪੁੱਜੇ ਜੋ ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲੈ ਕੇ ਗਏ ਪਰ ਰਸਤੇ ਵਿਚ ਹੀ ਉਨ੍ਹਾਂ ਦੀ ਮੌਤ ਹੋ ਗਈ।



ਘਟਨਾ ਤੋਂ ਬਾਅਦ ਹਮਲਾਵਰ ਆਪਣੀ ਕਾਰ 'ਤੇ ਫਰਾਰ ਹੋ ਗਏ ਤੇ ਇਕ ਕਾਰ ਉਥੇ ਹੀ ਛੱਡ ਗਏ ਜਿਸਨੂੰ ਬਾਅਦ ਵਿਚ ਪੁਲਿਸ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਸੂਤਰਾਂ ਮੁਤਾਬਕ ਅਕਾਲੀ ਆਗੂ ਅਤੇ ਉਨ੍ਹਾਂ ਦੇ ਭਤੀਜਿਆਂ ਵਿਚਾਲੇ ਘਰੇਲੂ ਰੰਜਿਸ਼ ਚੱਲਦੀ ਆ ਰਹੀ ਸੀ ਜਿਸ ਤਹਿਤ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਤੇ ਮੌਜੂਦਾ ਹਲਕਾ ਇੰਚਾਰਜ ਮਲਕੀਤ ਸਿੰਘ ਕੀਤੂ ਦੀ ਉਨ੍ਹਾਂ ਦੇ ਜੱਦੀ ਪਿੰਡ ਬਿਲਾਸਪੁਰ (ਮੋਗਾ) ਵਿਖੇ ਰਿਹਾਇਸ਼ 'ਤੇ ਉਨ੍ਹਾਂ ਦੇ ਭਤੀਜੇ ਵੱਲੋਂ ਹੀ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਗਈ। ਸ. ਕੀਤੂ ਦਾ ਜਨਮ ਜ਼ਿਲ੍ਹਾ ਮੋਗਾ ਦੇ ਪਿੰਡ ਬਿਲਾਸਪੁਰ ਵਿਚ ਹੋਇਆ। ਉਨ੍ਹਾਂ ਦੇ ਸਿਆਸੀ ਜੀਵਨ ਦੀ ਸ਼ੁਰੂਆਤ 1982 ਤੋਂ ਟਰੱਕ ਯੂਨੀਅਨ ਦੇ ਪ੍ਰਧਾਨ ਵਜੋਂ ਹੋਈ। ਇਸ ਵੇਲੇ ਵੀ ਉਹ ਪੰਜਾਬ ਟਰੱਕ ਆਪਰੇਟਰ ਯੂਨੀਅਨ ਦੇ ਸੂਬਾਈ ਪ੍ਰਧਾਨ ਦੇ ਅਹੁਦੇ 'ਤੇ ਕਾਰਜਸ਼ੀਲ ਸਨ।

ਉਨ੍ਹਾਂ 1992 ਵਿਚ ਅਕਾਲੀ ਧਿਰਾਂ ਵੱਲੋਂ ਬਾਈਕਾਟ ਦੇ ਬਾਵਜੂਦ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਸਾਬਕਾ ਰਾਜ ਮੰਤਰੀ ਪੰਜਾਬ ਤੇ ਕਾਂਗਰਸੀ ਉਮੀਦਵਾਰ ਦੇ ਖ਼ਿਲਾਫ਼ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਹਾਰ ਗਏ। 1997 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਟਿਕਟ ਨਾ ਦਿੱਤੇ ਜਾਣ 'ਤੇ ਉਨ੍ਹਾਂ ਫਿਰ ਆਜ਼ਾਦ ਉਮੀਦਵਾਰ ਵਜੋਂ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਚੋਣ ਲੜੀ ਜਿਸ ਵਿਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਹਰਾ ਕੇ ਪੰਜਾਬ ਵਿਧਾਨ ਸਭਾ ਵਿਚ ਪੈਰ ਧਰਿਆ। ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਮੁੜ ਅਕਾਲੀ ਦਲ ਵਿਚ ਸ਼ਾਮਲ ਕਰ ਲਿਆ ਤੇ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਮੁੜ ਹਲਕਾ ਬਰਨਾਲਾ ਤੋਂ ਕਾਂਗਰਸੀ ਉਮੀਦਵਾਰ ਸੁਰਿੰਦਰਪਾਲ ਸਿੰਘ ਸੀਬੀਆ ਨੂੰ ਹਰਾ ਕੇ ਵਿਧਾਇਕ ਬਣੇ ਤੇ ਪੰਜਾਬ ਦੀ ਸਿਆਸਤ ਵਿਚ ਉਨ੍ਹਾਂ ਆਪਣਾ ਅਹਿਮ ਮੁਕਾਮ ਬਣਾਇਆ।

## ਐਨ.ਆਰ.ਆਈ. ਸਭਾ ਲਈ ਸਿਰਫ਼ ਪਰਵਾਸੀ ਭਾਰਤੀ ਪਾਉਣ ਵੋਟਾਂ

**ਜਲੰਧਰ:** ਲੰਬੇ ਅਰਸੇ ਬਾਅਦ ਹੋਈ ਐਨ.ਆਰ.ਆਈ. ਸਭਾ ਦੀ ਕਨਵੈਨਸ਼ਨ ਵਿਚ ਹਾਜ਼ਰ ਪਰਵਾਸੀ ਭਾਰਤੀਆਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ ਕਿ ਪ੍ਰਧਾਨਗੀ ਲਈ ਹੋਣ ਵਾਲੀ ਚੋਣ ਵਿਚ ਸਿਰਫ ਐਨ.ਆਰ.ਆਈ. ਨੂੰ ਹੀ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ ਜਦੋਂਕਿ ਪਹਿਲਾਂ ਸਭਾ ਦੇ ਸੰਵਿਧਾਨ ਮੁਤਾਬਕ ਐਨ.ਆਰ.ਆਈ. ਦੇ ਨੌਮਿਨੀ ਨੂੰ ਵੀ ਵੋਟ ਪਾਉਣ ਦਾ ਅਧਿਕਾਰ ਸੀ। ਇਸ ਕਨਵੈਨਸ਼ਨ ਵਿਚ ਸਭਾ ਦੇ ਚੇਅਰਮੈਨ ਦੀਆਂ ਤਾਕਤਾਂ ਨੂੰ ਵੀ ਘੱਟ ਕਰਨ ਦੇ ਮਤੇ ਵੀ ਪਾਸ ਕੀਤੇ ਗਏ। ਨੌਮਿਨੀ ਤੋਂ ਵੋਟ ਦਾ ਅਧਿਕਾਰ ਖੋਹਣ ਤੇ ਚੇਅਰਮੈਨ ਦੀਆਂ ਤਾਕਤਾਂ ਨੂੰ ਘੱਟ ਕਰਕੇ ਸਭਾ ਦੇ ਪ੍ਰਧਾਨ ਤੇ ਕਾਰਜਕਾਰਨੀ ਨੂੰ ਮਜ਼ਬੂਤ ਬਣਾਉਣ ਵਾਲੇ ਮਤੇ ਪ੍ਰਧਾਨਗੀ ਦੇ ਮੁੱਖ ਦਾਅਵੇਦਾਰ ਜਸਬੀਰ ਸਿੰਘ ਸ਼ੇਰਗਿੱਲ ਵੱਲੋਂ ਇਕ ਦਿਨ ਪਹਿਲਾ ਹੀ ਏਜੰਡੇ 'ਤੇ ਲਿਆਂਦੇ ਗਏ ਸਨ।

**ਪ੍ਰਧਾਨਗੀ ਲਈ ਚੰਗੀ ਚੋਖੀ ਜ਼ੋਰਅਜ਼ਮਾਈ**

ਜਲੰਧਰ ਦੇ ਏ.ਪੀ.ਜੇ. ਕਾਲਜ ਦੇ ਆਡੀਟੋਰੀਅਮ ਵਿਚ ਹੋਈ ਐਨ.ਆਰ.ਆਈ. ਸਭਾ ਦੀ ਕਨਵੈਨਸ਼ਨ ਦੀ ਪ੍ਰਧਾਨਗੀ ਸਭਾ ਦੇ ਚੇਅਰਮੈਨ ਐਸ ਆਰ ਲੱਧੜ ਨੇ ਕੀਤੀ ਜਦਕਿ ਐਨਆਰਆਈ ਕਮਿਸ਼ਨਰ ਆਰ ਕੇ ਗੀਤਾ ਵੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਸ੍ਰੀ ਲੱਧੜ ਨੇ ਐਨ.ਆਰ.ਆਈ. ਸਭਾ ਦੇ ਪ੍ਰਧਾਨ ਲਈ ਚੋਣ ਵਾਸਤੇ ਵੋਟ ਦਾ ਅਧਿਕਾਰ ਐਨ.ਆਰ.ਆਈ. ਜਾਂ ਉਸ ਦੇ ਨੌਮਿਨੀ ਨੂੰ ਦੇਣ ਦਾ ਪ੍ਰਸਤਾਵ ਰੱਖਿਆ ਜਿਸ ਨੂੰ ਹਾਜ਼ਰ ਪਰਵਾਸੀ ਭਾਰਤੀਆਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਸਰਕਾਰੀ ਧਿਰ ਵੱਲੋਂ ਇਕ ਮਾਤਰ ਹੀ ਮਤਾ ਰੱਖੇ ਜਾਣ ਤੋਂ ਬਾਅਦ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ, ਪ੍ਰੀਤਮ ਸਿੰਘ ਨਾਰੰਗਪੁਰ ਤੇ ਸਾਬਕਾ ਵਾਈਸ ਪ੍ਰਧਾਨ ਰਹੇ ਜਸਬੀਰ ਸਿੰਘ ਸ਼ੇਰਗਿੱਲ ਨੇ ਹੋਰ ਮਤੇ ਵੀ ਸਾਂਝੇ ਤੌਰ 'ਤੇ ਰੱਖੇ ਜਿਸ ਨੂੰ ਪਰਵਾਸੀ ਭਾਰਤੀਆਂ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਚੇਅਰਮੈਨ ਦੀਆਂ ਤਾਕਤਾਂ ਨੂੰ ਘਟਾਉਣ ਵਾਲੇ ਮਤਿਆਂ ਵਿਚ ਕਾਰਜਕਾਰਨੀ ਵੱਲੋਂ ਪਾਸ ਕੀਤੇ ਗਏ ਪ੍ਰਸਤਾਵਾਂ ਨੂੰ ਰੱਦ ਕਰਨ ਦੇ ਅਧਿਕਾਰ ਸਿਰਫ ਮੁੱਖ ਪੈਟਰਨ ਨੂੰ ਦੇਣ, ਪ੍ਰਧਾਨ ਦੇ ਅਹੁਦੇ ਦੀ ਮਿਆਦ ਦੋ ਤੋਂ ਤਿੰਨ ਸਾਲ ਕਰਨ, ਪ੍ਰਧਾਨ ਵੱਲੋਂ ਕਾਰਜਕਾਰੀ ਦੇ ਮੈਂਬਰਾਂ ਨੂੰ ਅਹੁਦੇ ਦੇਣ ਸਮੇਂ ਸਭਾ ਦੇ ਚੇਅਰਮੈਨ ਨਾਲ ਸਲਾਹ ਕਰਨ ਤੇ ਸਭਾ ਵਿਚ ਮੁਲਾਜ਼ਮ ਰੱਖਣ ਤੇ ਕੱਢਣ ਦੇ ਅਧਿਕਾਰ ਪ੍ਰਧਾਨ ਨੂੰ ਦੇਣ ਦੇ ਮਤੇ ਸ਼ਾਮਲ ਸਨ ਜਦਕਿ ਪਹਿਲਾਂ ਇਹ ਸਾਰੀਆਂ ਤਾਕਤਾਂ ਸਭਾ ਦੇ ਚੇਅਰਮੈਨ ਕੋਲ ਸਨ।

## ਅੰਮ੍ਰਿਤਸਰ ਤੇ ਯੂਰਪ ਵਿਚਾਲੇ ਹਵਾਈ ਸੰਪਰਕ ਬੰਦ

**ਅੰਮ੍ਰਿਤਸਰ:** ਅੰਮ੍ਰਿਤਸਰ ਤੋਂ ਲੰਡਨ ਵਿਚਾਲੇ ਪਿਛਲੇ ਇਕ ਸਾਲ ਤੋਂ ਚੱਲ ਰਹੀ ਬ੍ਰਿਟਿਸ਼ ਮਿਡ ਲੈਂਡ ਇੰਟਰਨੈਸ਼ਨਲ ਏਅਰ ਲਾਈਨ (ਬੀ.ਐਮ.ਆਈ.) ਦੀ ਉਡਾਣ 27 ਅਕਤੂਬਰ ਤੋਂ ਬੰਦ ਹੋ ਜਾਣ ਨਾਲ ਅੰਮ੍ਰਿਤਸਰ ਤੇ ਯੂਰਪ ਵਿਚਾਲੇ ਜੁੜਿਆ ਸਿੱਧਾ ਹਵਾਈ ਸੰਪਰਕ ਖ਼ਤਮ ਹੋ ਗਿਆ। ਇਸ ਨਾਲ ਜਿਥੇ ਯਾਤਰੂ ਪ੍ਰਭਾਵਿਤ ਹੋਣਗੇ, ਉਥੇ ਵਪਾਰ ਵੀ ਪ੍ਰਭਾਵਿਤ ਹੋਵੇਗਾ।

ਦੱਸਣਯੋਗ ਕਿ ਏਅਰ ਇੰਡੀਆ ਹਵਾਈ ਕੰਪਨੀ ਦੀ ਅੰਮ੍ਰਿਤਸਰ-ਲੰਡਨ-ਟੋਰਾਂਟੋ ਹਵਾਈ ਉਡਾਣ ਦੇ 31 ਅਕਤੂਬਰ, 2010 ਵਿਚ ਬੰਦ ਹੋਣ ਤੋਂ ਬਾਅਦ ਪਰਵਾਸੀ ਭਾਰਤੀਆਂ ਲਈ ਅੰਮ੍ਰਿਤਸਰ ਆਉਣ ਵਾਸਤੇ ਇਹ ਉਡਾਣ ਲਾਹੇਵੰਦ ਸਾਬਤ ਹੋਈ ਸੀ। ਇਸ ਉਡਾਣ ਰਾਹੀਂ ਪਰਵਾਸੀ ਭਾਰਤੀ ਦਿੱਲੀ ਹਵਾਈ ਅੱਡੇ 'ਤੇ ਉਤਰਨ ਦੀ ਥਾਂ ਸਿੱਧੇ ਅੰਮ੍ਰਿਤਸਰ ਪੁੱਜ ਜਾਂਦੇ ਸਨ। ਹੁਣ ਇਸ ਦੇ ਬੰਦ ਹੋਣ ਨਾਲ ਵੱਡਾ ਨੁਕਸਾਨ ਹੋਵੇਗਾ। ਇਸੇ ਤਰ੍ਹਾਂ ਵਪਾਰੀ ਵਰਗ ਨੇ ਫਿਕਰ ਜ਼ਾਹਿਰ ਕੀਤਾ ਹੈ ਕਿ ਉਨ੍ਹਾਂ ਨੂੰ ਹੁਣ ਆਪਣਾ ਮਾਲ ਯੂਰਪ ਭੇਜਣ ਲਈ ਮੁੜ ਦਿੱਲੀ ਭੇਜਣਾ ਪਵੇਗਾ।

## ਕਾਂਗਰਸ ਅਤੇ ਸਾਂਝੇ ਮੋਰਚੇ ਵੱਲੋਂ ਏਕੇ ਦੀ ਤਿਆਰੀ?

### ਅੰਦਰਖਾਤੇ ਮੁਲਾਕਾਤਾਂ ਦਾ ਦੌਰ-ਦੌਰਾ





ਚੰਡੀਗੜ੍ਹ: ਅਗਾਮੀ ਲੋਕ ਸਭਾ ਚੋਣਾਂ ਵਿਚ ਪੰਜਾਬ ਦੀ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੂੰ ਮਾਤ ਦੇਣ ਲਈ ਕਾਂਗਰਸ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਅਗਵਾਈ ਵਾਲਾ ਸਾਂਝਾ ਮੋਰਚਾ ਹੱਥ ਮਿਲਾਉਣ ਦੀ ਤਿਆਰੀ 'ਚ ਹੈ ਤੇ ਅਗਲੀ ਜਨਵਰੀ ਤੱਕ ਨਵਾਂ ਮੁਹਾਜ਼ ਸਾਹਮਣੇ ਆ ਸਕਦਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਪਾਰਟੀ ਹਾਈ ਕਮਾਂਡ ਨੂੰ ਭੇਜੀ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ। ਸਾਂਝੇ ਮੋਰਚੇ ਵਿਚ ਪੀਪਲਜ਼ ਪਾਰਟੀ ਤੋਂ ਇਲਾਵਾ ਸੀ.ਪੀ.ਆਈ. ਤੇ ਸੀ.ਪੀ.ਐਮ. ਵੀ ਸ਼ਾਮਲ ਹਨ ਤੇ ਮੋਰਚੇ ਵੱਲੋਂ ਮੁਕਤਸਰ ਵਿਚ ਮਾਘੀ ਮੇਲੇ 'ਤੇ ਕਾਂਗਰਸ ਨਾਲ ਮੰਚ ਸਾਂਝਾ ਕਰਕੇ ਇਸ ਦੀ ਸ਼ੁਰੂਆਤ ਕੀਤੇ ਜਾਣ ਦੇ ਆਸਾਰ ਹਨ। ਮਾਲਵੇ ਵਿਚ ਸਾਂਝੇ ਮੋਰਚੇ ਦੀ ਕਾਫੀ ਪੈਂਠ ਹੈ ਤੇ ਮਾਘੀ ਮੇਲੇ 'ਤੇ ਕਾਨਫਰੰਸ ਨਵੇਂ ਮੁਹਾਜ਼ ਦਾ ਚੰਗਾ ਸ਼ਕਤੀ ਪ੍ਰਦਰਸ਼ਨ ਸਾਬਤ ਹੋ ਸਕਦਾ ਹੈ।

ਪੰਜਾਬ ਕਾਂਗਰਸ ਨੇ ਸਾਂਝੇ ਮੋਰਚੇ ਦੇ ਭਿਆਲ ਪੀਪਲਜ਼ ਪਾਰਟੀ ਤੇ ਖੱਬੀਆਂ ਪਾਰਟੀਆਂ ਨਾਲ ਗ਼ੈਰ-ਰਸਮੀ ਮੁਲਾਕਾਤਾਂ ਸ਼ੁਰੂ ਕਰ ਦਿੱਤੀਆਂ ਹਨ ਤੇ 2014 ਦੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਚੁਣਾਵੀ ਸੂਝ-ਬੂਝ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਕਾਂਗਰਸ ਅਸੂਲਨ ਬਠਿੰਡਾ ਸੀਟ ਪੀਪਲਜ਼ ਪਾਰਟੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਅਤੇ ਫਰੀਦਕੋਟ (ਰਾਖਵੀਂ) ਖੱਬੀਆਂ ਪਾਰਟੀਆਂ ਲਈ ਛੱਡਣ ਵਾਸਤੇ ਸਹਿਮਤ ਹੋ ਸਕਦੀ ਹੈ। ਖੱਬੀਆਂ ਪਾਰਟੀਆਂ ਪਹਿਲਾਂ ਫਰੀਦਕੋਟ ਤੋਂ ਇਲਾਵਾ ਹੁਸ਼ਿਆਰਪੁਰ (ਰਾਖਵੀਂ) ਸੀਟ 'ਤੇ ਵੀ ਲੜਨ ਦੀ ਦਿਲਚਸਪੀ ਲੈ ਰਹੀਆਂ ਸਨ ਪਰ ਕਾਂਗਰਸ ਸੂਤਰਾਂ ਅਨੁਸਾਰ ਉਹ (ਖੱਬੀਆਂ ਪਾਰਟੀਆਂ) ਹੁਣ ਹੁਸ਼ਿਆਰਪੁਰ ਸੀਟ ਲਈ ਆਪਣੀ ਮੰਗ ਛੱਡਣ ਲਈ ਤਿਆਰ ਹੋ ਸਕਦੀਆਂ ਹਨ।

ਪੰਜਾਬ ਕਾਂਗਰਸ ਲੀਡਰਸ਼ਿਪ ਦਾ ਖਿਆਲ ਹੈ ਕਿ ਬਠਿੰਡਾ ਸੀਟ ਤੋਂ ਮਨਪ੍ਰੀਤ ਸਿੰਘ ਬਾਦਲ ਦੇ ਖੜ੍ਹੇ ਹੋਣ ਨਾਲ ਬਾਦਲ ਪਰਿਵਾਰ ਨੂੰ ਹਲਕੇ ਵਿਚ ਘੇਰਿਆ ਜਾ ਸਕਦਾ ਹੈ ਤੇ ਇਸ ਪੈਂਤੜੇ ਰਾਹੀਂ ਪਾਰਟੀ ਨੂੰ ਰਾਜ ਦੀਆਂ ਬਾਕੀ ਸੀਟਾਂ 'ਤੇ ਲਾਹਾ ਮਿਲ ਸਕਦਾ ਹੈ। ਪਾਰਟੀ ਦਾ ਇਹ ਵੀ ਖਿਆਲ ਹੈ ਕਿ ਸਾਂਝੇ ਮੋਰਚੇ ਨਾਲ ਹੱਥ ਮਿਲਾ ਕੇ ਅਕਾਲੀ-ਭਾਜਪਾ ਗੱਠਜੋੜ ਖ਼ਿਲਾਫ਼ ਵੋਟ ਬੈਂਕ ਨੂੰ ਇਕਜੁੱਟ ਕਰਨ ਵਿਚ ਮਦਦ ਮਿਲ ਸਕਦੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸਾਂਝੇ ਮੋਰਚੇ ਨੂੰ ਤਕਰੀਬਨ ਛੇ ਫੀਸਦ ਵੋਟਾਂ ਮਿਲੀਆਂ ਸਨ ਜਿਸ ਵਿਚ ਪੀਪਲਜ਼ ਪਾਰਟੀ ਦਾ ਹਿੱਸਾ 5.1 ਫੀਸਦੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੀਪਲਜ਼ ਪਾਰਟੀ ਵੱਲੋਂ 20 ਨਵੰਬਰ ਨੂੰ ਬੁਲਾਈ ਸਰਬ ਪਾਰਟੀ ਮੀਟਿੰਗ ਤੋਂ ਬਾਅਦ ਚੀਜ਼ਾਂ ਦਿਸ਼ਾ ਵੱਲ ਤੁਰ ਪੈਣਗੀਆਂ। ਪੀਪਲਜ਼ ਪਾਰਟੀ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਲੋਕ ਸਭਾ ਚੋਣਾਂ ਅਜੇ ਦੂਰ ਹਨ ਅਤੇ ਚੋਣ ਗੱਠਜੋੜ ਦੀਆਂ ਗੱਲਾਂ ਦਾ ਅਜੇ ਸਹੀ ਸਮਾਂ ਨਹੀਂ ਹੈ। ਉਨ੍ਹਾਂ ਇਸ ਸਬੰਧ ਵਿਚ ਕਾਂਗਰਸ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਹੋਣ ਤੋਂ ਵੀ ਇਨਕਾਰ ਕੀਤਾ। ਉਂਜ, ਉਨ੍ਹਾਂ ਆਖਿਆ ਕਿ ਜੇ ਸਰਬ ਪਾਰਟੀ ਮੀਟਿੰਗ "ਸਾਂਝੇ ਟੀਚੇ" ਕਾਇਮ ਕਰਨ ਵਿਚ ਕਾਮਯਾਬ ਹੋਈ ਅਤੇ ਜੇ ਦਿਲਾਂ ਦੀ ਸਾਂਝ ਬਣੀ ਤਾਂ ਕਾਂਗਰਸ ਨਾਲ ਮੁਹਾਜ਼ ਸੰਭਵ ਹੈ।

# Matrimonials

## ਵਰ ਦੀ ਲੋੜ ਹੈ

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5’-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ ‘ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790, e-mail: prince.kular@yahoo.com

Well settled Saini Sikh parents seek stricktly Gursikh match for US Citizen innocently divorced daughter, 28, 5’-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

## ਕੰਨਿਆ ਦੀ ਲੋੜ ਹੈ

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5’-11”, ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5’-7” ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-675-5441

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

*To Advertise with Punjab Times*
*Call: 847-359-0746*
*Fax:847-705-9388*

# ਕਿੰਗਫਿਸ਼ਰ ਵੱਲੋਂ ਮੁਲਾਜ਼ਮਾਂ ਨਾਲ ਸਮਝੌਤਾ

**ਨਵੀਂ ਦਿੱਲੀ:** ਆਪਣੇ ਕਰਮਚਾਰੀਆਂ ਨਾਲ ਸਮਝੌਤਾ ਹੋਣ ਮਗਰੋਂ ਕਿੰਗਫਿਸ਼ਰ ਏਅਰਲਾਈਨਜ਼ ਨੇ ਕਈ ਦਿਨਾਂ ਤੋਂ ਚੱਲ ਰਹੀ ਤਾਲਾਬੰਦੀ ਤੁਰੰਤ ਖਤਮ ਕਰ ਦਿੱਤੀ ਹੈ।

ਸਮਝੌਤੇ ਤਹਿਤ ਕੰਪਨੀ ਵੱਲੋਂ ਆਪਣੇ ਸਾਰੇ ਹੜਤਾਲੀ ਮੁਲਾਜ਼ਮਾਂ ਨੂੰ ਚਾਰ ਮਹੀਨਿਆਂ ਦੀ ਤਨਖਾਹ ਤੇ ਹੋਰ ਬਕਾਏ ਦਸੰਬਰ ਦੇ ਅਖੀਰ ਤੱਕ ਦੇ ਦਿੱਤੇ ਜਾਣਗੇ। ਇਸ ਨਾਲ ਕਰਮਚਾਰੀਆਂ ਨੇ ਤੁਰੰਤ ਕੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਕਿੰਗਫਿਸ਼ਰ ਏਅਰਲਾਈਨਜ਼ ਦੀਆਂ ਉਡਾਨਾਂ 30 ਸਤੰਬਰ ਤੋਂ ਬੰਦ ਸਨ ਤੇ ਇਸ ਨੂੰ 26 ਅਗਸਤ, 2003 ਵਿਚ ਲਾਇਸੈਂਸ ਜਾਰੀ ਕੀਤਾ ਗਿਆ ਸੀ ਜਿਸ ਦੀ ਵੈਧਤਾ ਇਸ ਸਾਲ 31 ਦਸੰਬਰ ਤੱਕ ਹੈ।

**Truck For Sale**

**2007 Columbia with Rebuilt Engine that has only 5,000 miles**
**New brakes, New clutch, New battery & New starter.**
**Price: $25,000 or O.B.O.**

**Contact: Gurinder Singh (Gogi) @ 916-257-7865**

**SUPER TRAVEL**
847-676-9090, 773-465-5566
*E-mail: supertravel2003@yahoo.com*
***Lowest Fares With Excellent Service***
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

*For Emergency Call anytime at 847-673-3825*
EARLY BIRD SALE!!!!
India $545
London $250

**Prince’s Barber Shop**
**37477 Fremont Blvd, suite C, Fremont, CA 94536**
***Men & Children’s Hair Cut***
*Threading *Custom Text
*Men’s Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

**Business hours:**
Mon thru Friday 9am to 8pm
Sat- Sunday- 8am to 8pm
(Tuesday 9am to 4pm)

**Cell: (510)-677-9942**
**Shop: (510)-505-9605**

# ਭਰਪੂਰ ਸਿੰਘ ਔਲਖ ਸੁਰਗਵਾਸ

**ਫਰੀਮਾਂਟ (ਅਸ਼ੋਕ ਭੌਰਾ):** ਪੰਜਾਬੀ ਦੇ ਉਘੇ ਨਾਟਕਕਾਰ ਪ੍ਰੋ. ਸਰਬਜੀਤ ਸਿੰਘ ਔਲਖ ਜਿਨ੍ਹਾਂ ਦਾ ਦੇਹਾਂਤ ਕੁਝ ਸਮਾਂ ਇਕ ਸੜਕ ਦੁਰਘਟਨਾ ਵਿਚ ਹੋ ਗਿਆ ਸੀ, ਦੇ ਪਿਤਾ ਸ. ਭਰਪੂਰ ਸਿੰਘ ਔਲਖ ਪਿਛਲੇ ਦਿਨੀਂ ਆਪਣੇ ਪਿੰਡ ਠੀਕਰੀਵਾਲ (ਜਿਲ੍ਹਾ ਬਰਨਾਲਾ) ਕੁਝ ਸਮਾਂ ਬਿਮਾਰ ਰਹਿਣ ਉਪਰੰਤ ਸੁਰਗਵਾਸ ਹੋ ਗਏ। ਉਹ 74 ਵਰ੍ਹਿਆਂ ਦੇ ਸਨ ਅਤੇ ਭਾਰਤੀ ਫੌਜ ਵਿਚ ਡਾਕਟਰ ਰਹੇ ਸਨ। ਉਹ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਸ. ਔਲਖ ਦੀ ਕੈਲੀਫੋਰਨੀਆ ਰਹਿੰਦੀ ਬੇਟੀ ਹਰਪ੍ਰੀਤ ਕੌਰ ਅਨੁਸਾਰ ਸ. ਔਲਖ ਦਾ ਸਸਕਾਰ 4 ਨਵੰਬਰ ਐਤਵਾਰ ਨੂੰ ਪਿੰਡ ਠੀਕਰੀਵਾਲ ਵਿਚ ਬਾਅਦ ਦੁਪਹਿਰ ਹੋਵੇਗਾ।


*ਭਰਪੂਰ ਸਿੰਘ ਔਲਖ*

ਪੰਜਾਬ ਲੋਕ ਮੰਚ ਦੇ ਸੁਰਿੰਦਰ ਸਿੰਘ ਧਨੋਆ, ਜਸਵਿੰਦਰ ਧਨੋਆ ਜੋ ਪ੍ਰੋ. ਸਰਬਜੀਤ ਸਿੰਘ ਦੇ ਕੁੜਮ ਵੀ ਹਨ, ਪੰਜਾਬੀ ਸਾਹਿਤ ਸਭਾ ਬੇਏਰੀਆ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ, ਗੀਤਕਾਰ ਮੱਖਣ ਲੁਹਾਰ ਅਤੇ ਪਰਿਵਾਰ ਦੇ ਹੋਰ ਬਹੁਤ ਸਾਰੇ ਸਨੇਹੀਆਂ ਨੇ ਸ. ਔਲਖ ਦੇ ਵਿਛੋੜੇ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪਲਵਿੰਦਰ ਮਾਹੀ ਨੂੰ ਸਦਮਾ, ਮਾਤਾ ਸੁਰਗਵਾਸ

**ਯੂਬਾ ਸਿਟੀ (ਬਿਊਰੋ):** ਉਘੇ ਸਮਾਜ ਸੇਵੀ ਤੇ ਪੰਜਾਬੀ ਗੀਤਕਾਰ ਮੰਚ ਦੇ ਸੀਨੀਅਰ ਮੈਂਬਰ ਸ੍ਰੀ ਪਲਵਿੰਦਰ ਮਾਹੀ ਦੇ ਮਾਤਾ ਬੀਬੀ ਸੁਰਜੀਤ ਕੌਰ ਦਾ ਬੀਤੇ ਦਿਨ ਇਥੇ ਦਿਹਾਂਤ ਹੋ ਗਿਆ। ਉਹ ਆਪਣੇ ਪਿਛੇ ਪਤੀ ਸ੍ਰੀ ਮੋਹਣ ਲਾਲ ਮਾਹੀ, ਪੁੱਤਰ ਪਲਵਿੰਦਰ ਮਾਹੀ ਤੇ ਨੂੰਹ ਬਖਸ਼ੋ ਮਾਹੀ, ਸੁਖਵਿੰਦਰ ਮਾਹੀ ਤੇ ਨੂੰਹ ਕਮਲੇਸ਼ ਮਾਹੀ, ਧੀ ਸ਼ਲਿੰਦਰ ਕੌਰ ਤੇ ਜਵਾਈ ਅਮਰੀਕ ਸਿੰਘ ਤੋਂ ਇਲਾਵਾ ਪੋਤਰੇ-ਪੋਤਰੀਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਜ਼ਿਕਰਯੋਗ ਹੈ ਕਿ ਬੀਬੀ ਸੁਰਜੀਤ ਕੌਰ ਪਿੰਡ ਕੋਟ ਫਤੂਹੀ ਦੇ ਸਰਪੰਚ ਵੀ ਰਹੇ ਹਨ।


*ਬੀਬੀ ਸੁਰਜੀਤ ਕੌਰ*

ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਦੇ ਪ੍ਰਧਾਨ ਮੱਖਣ ਲੁਹਾਰ, ਜਨਰਲ ਸਕੱਤਰ ਬਿੱਕਰ ਕੰਮੇਆਣਾ, ਸਕੱਤਰ ਰਾਜ ਸੂਦ, ਖਜ਼ਾਨਚੀ ਕੁਲਜੀਤ ਮਾਨ, ਕਾਲਮਨਵੀਸ ਐਸ. ਅਸ਼ੋਕ ਭੌਰਾ, ‘ਪੰਜ ਦਰਿਆ’ ਦੇ ਸੰਪਾਦਕ ਜਗਦੇਵ ਸਿੰਘ ਭੰਡਾਲ, ਕੁਲਦੀਪ ਧਾਲੀਵਾਲ, ਅਮਰ ਦੜੋਚ, ਗੁਰਬਚਨ ਚੋਪੜਾ, ਜੀਵਨ ਰੱਤੂ, ਤਰਲੋਕ ਸਿੰਘ, ਤਾਰਾ ਸਾਗਰ, ਹਰਮੇਸ਼ ਬੰਗੜ, ਐਮ.ਆਰ. ਪਾਲ ਤੇ ਮੰਚ ਦੇ ਸਮੂਹ ਮੈਂਬਰਾਂ ਨੇ ਮਾਹੀ ਪਰਿਵਾਰ ਦੇ ਇਸ ਦੁੱਖ ‘ਚ ਸ਼ਰੀਕ ਹੁੰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ।

ਬੀਬੀ ਸੂਰਜੀਤ ਕੌਰ ਦਾ ਅੰਤਿਮ ਸੰਸਕਾਰ ਉਲਰੇ ਮੈਮੋਰੀਅਲ ਚੈਪਲ ਵਿਖੇ 3 ਨਵੰਬਰ, ਸਨਿਚਰਵਾਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਮਾਹੀ ਪਰਿਵਾਰ ਨਾਲ ਸੰਪਰਕ ਫੋਨ 530-237-7084 ‘ਤੇ ਕੀਤਾ ਜਾ ਸਕਦਾ ਹੈ।

**MRP TRAVEL**
*Lowest International and Domestic Fares*
A·R·C **FLY ANY AIRLINE OF YOUR CHOICE** IATA
***Providing the lowest Airfare, Cruise and Travel Packages to Asia, Africa, Europe, the Middle East and North America***
**408-929-8005**
**E-mail:mrptravel@gmail.com**
**2123 Port Way, San Jose, CA 95133**
***CST: 2097308-40***
*Passport & Visa services also available*

***India Vacation tour package also available.***
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

**ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ**
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 ’ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ ’ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
**FARMERS**®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com

**Gurcharan Singh Mann**
**Insurance Agent**
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਚੀਸ-ਚੁਰਾਸੀ

# ਦਰਦ ਵੰਡਾ ਵੇ ਲੋਕਾ

ਉੱਘੇ ਸਿੱਖ ਵਕੀਲ ਐਚ.ਐਸ. ਫੂਲਕਾ ਨੇ ਸਮੂਹ ਧਰਮਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਵੰਬਰ-1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਲੋਕਾਂ ਨੂੰ ਨਿਆਂ ਦਿਵਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਾਸਤੇ ਇਕਜੁੱਟ ਹੋ ਕੇ ਸਹਿਯੋਗ ਦੇਣ। ਉਨ੍ਹਾਂ ਦੱਸਿਆ ਕਿ ਇਸ ਬਾਰੇ ਆਨਲਾਈਨ ਪਟੀਸ਼ਨ 'ਤੇ ਦਸਤਖ਼ਤ ਕਰਵਾਏ ਜਾ ਰਹੇ ਹਨ। ਨਵੰਬਰ-84 ਨਾਲ ਸਬੰਧਤ ਪ੍ਰਦਰਸ਼ਨੀ ਦਾ ਮੁੱਖ ਮੰਤਵ ਸੁੱਤੀ ਹੋਈ ਸਰਕਾਰ ਨੂੰ ਜਗਾਉਣਾ ਹੈ।



## ਨਵੰਬਰ 1984 ਸਰਕਾਰੀ ਕਤਲੇਆਮ: ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ:** ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਸਬੰਧ ਵਿਚ ਦਰਬਾਰ ਸਾਹਿਬ ਨੇੜੇ ਲਾਈ ਗਈ ਫੋਟੋ ਪ੍ਰਦਰਸ਼ਨੀ ਨੂੰ ਦੇਖਣ ਪੁੱਜੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਆਖਿਆ ਕਿ 28 ਵਰ੍ਹੇ ਬੀਤਣ ਮਗਰੋਂ ਵੀ ਇਨ੍ਹਾਂ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਪੀੜਤਾਂ ਨੂੰ ਨਿਆਂ ਨਹੀਂ ਮਿਲਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਤੱਕ ਆਈਆਂ ਸਰਕਾਰਾਂ ਨੇ ਦੇਸ਼ ਲਈ ਹਮੇਸ਼ਾਂ ਹੀ ਵਧੇਰੇ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਅਣਗੌਲਿਆ ਕੀਤਾ ਹੈ।

ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਨਵੰਬਰ 1984 ਵਿਚ ਦਿੱਲੀ ਸਮੇਤ ਦੇਸ਼ ਭਰ ਵਿੱਚ ਵਾਪਰੇ ਸਿੱਖ ਵਿਰੋਧੀ ਦੰਗੇ ਇਕ ਧਰਮ ਦੇ ਦੂਜੇ ਧਰਮ ਖ਼ਿਲਾਫ਼ ਦੰਗੇ ਨਹੀਂ ਸਨ ਸਗੋਂ ਉਸ ਵੇਲੇ ਦੀ ਸਰਕਾਰ ਵੱਲੋਂ ਸਿੱਖ ਭਾਈਚਾਰੇ ਖ਼ਿਲਾਫ਼ ਕੀਤੇ ਦੰਗੇ ਸਨ। ਇਨ੍ਹਾਂ ਦੰਗਿਆਂ ਵਿਚ ਸਰਕਾਰ ਨਾਲ ਜੁੜੇ ਲੋਕਾਂ ਨੇ ਦੰਗਿਆਂ ਵਿਚ ਸ਼ਮੂਲੀਅਤ ਕੀਤੀ ਤੇ ਸਿੱਖ ਭਾਈਚਾਰੇ ਦਾ ਜਾਨੀ-ਮਾਲੀ ਨੁਕਸਾਨ ਕੀਤਾ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਹੁਣ ਤੱਕ ਪੀੜਤਾਂ ਨੂੰ ਨਿਆਂ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਦੇਸ਼ ਦੀ ਰਾਖੀ ਤੇ ਆਜ਼ਾਦੀ ਲਈ ਹਰ ਮੁਹਾਜ਼ 'ਤੇ ਕੁਰਬਾਨੀਆਂ ਦਿੱਤੀਆਂ ਹਨ ਪਰ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਨੂੰ ਅਣਗੌਲਿਆ ਕੀਤਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਦੰਗਾ ਪੀੜਤਾਂ ਨੂੰ ਨਿਆਂ ਦਿਵਾਉਣ ਦੀ ਮੁਹਿੰਮ ਸਮੁੱਚੇ ਸਿੱਖ ਭਾਈਚਾਰੇ ਦੀ ਮੁਹਿੰਮ ਹੈ।

# ਅਠਾਈ ਵਰ੍ਹਿਆਂ ਦੇ ਜ਼ਖ਼ਮਾਂ ਦੀ ਲੰਮੀ ਚੀਸ

ਚੰਡੀਗੜ੍ਹ: ਪੂਰੇ ਅਠਾਈ ਵਰ੍ਹੇ ਲੰਘਣ 'ਤੇ ਵੀ ਨਵੰਬਰ ਚੁਰਾਸੀ ਦੇ ਜ਼ਖ਼ਮਾਂ ਦੀ ਚੀਸ ਨਹੀਂ ਘਟੀ ਕਿਉਂਕਿ ਇਨ੍ਹਾਂ ਜ਼ਖ਼ਮਾਂ 'ਤੇ ਸਮੇਂ ਦੀਆਂ ਹਕੂਮਤਾਂ ਨੇ ਕਦੇ ਵੀ ਮਲ੍ਹਮ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਅੱਜ ਵੀ ਪੀੜਤ ਇਨਸਾਫ ਲਈ ਅਦਾਲਤਾਂ 'ਚ ਰੁਲ ਰਹੇ ਹਨ ਪਰ ਹਕੂਮਤਾਂ ਜ਼ਾਲਮ ਦੋਸ਼ੀਆਂ ਨੂੰ ਬਚਾਉਣ ਲਈ ਜੁਟੀਆਂ ਹੋਈਆਂ ਹਨ। ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਦਾ ਕਹਿਣਾ ਹੈ ਕਿ ਇਹ ਸਰਕਾਰੀ ਸ਼ਹਿ ਪ੍ਰਾਪਤ ਕਤਲੇਆਮ ਸੀ ਜਿਸ 'ਚ ਚੁਣ-ਚੁਣ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਉਨ੍ਹਾਂ ਮਿਸਾਲ ਪੇਸ਼ ਕੀਤੀ ਕਿ ਪਹਿਲੀ ਨਵੰਬਰ 1984 ਨੂੰ ਜਦੋਂ ਇਕ ਬਜ਼ੁਰਗ ਸਿੱਖ ਨੇ ਆਪਣੇ-ਆਪ ਨੂੰ ਬਚਾਉਣ ਲਈ ਸਾਬਕਾ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਦੇ ਘਰ ਵਿਚ ਸ਼ਰਨ ਲਈ ਤਾਂ ਉਨ੍ਹਾਂ ਬਜ਼ੁਰਗ ਸਿੱਖ ਨੂੰ ਬਚਾਉਣ ਲਈ ਹਰ ਸੰਭਵ ਯਤਨ ਕੀਤਾ। ਉਨ੍ਹਾਂ ਦੇ ਅੰਗ ਰੱਖਿਅਕਾਂ ਨੇ ਹਵਾ ਵਿਚ ਗੋਲੀ ਵੀ ਚਲਾਈ ਪਰ ਭੜਕੀ ਭੀੜ ਨੇ ਘਰ ਦੇ ਅੰਦਰ ਆ ਕੇ ਭੰਨਤੋੜ ਸ਼ੁਰੂ ਕਰ ਦਿੱਤੀ ਤੇ ਇਸ ਬਜ਼ੁਰਗ ਸਿੱਖ ਨੂੰ ਅੱਗ ਵਿਚ ਸੁੱਟ ਦਿੱਤਾ ਜਿਸ ਕਾਰਨ ਉਹ ਸੜ ਕੇ ਮਰ ਗਿਆ। ਉਸ ਵੇਲੇ ਇਕ ਪੁਲਿਸ ਵੈਨ ਵੀ ਘਟਨਾ ਸਥਾਨ ਦੇ ਦੁਆਲੇ ਘੁੰਮ ਰਹੀ ਸੀ ਪਰ ਉਸ ਨੇ ਭੜਕੀ ਭੀੜ ਤੋਂ ਨਿਹੱਥੇ ਬਜ਼ੁਰਗ ਸਿੱਖ ਨੂੰ ਬਚਾਉਣ ਲਈ ਕੋਈ ਮਦਦ ਮੁਹੱਈਆ ਨਹੀਂ ਕੀਤੀ।

ਉਨ੍ਹਾਂ ਦੱਸਿਆ ਕਿ ਇਹ ਖੁਲਾਸਾ ਰਾਮ ਵਿਲਾਸ ਪਾਸਵਾਨ ਵੱਲੋਂ ਦਾਇਰ ਸੁਪਰੀਮ ਕੋਰਟ 'ਚ ਹਲਫੀਆ ਬਿਆਨ 'ਚ ਹੋਇਆ ਸੀ ਜਿਸ ਨੂੰ ਲੰਘੇ ਦਿਨ ਅੰਮ੍ਰਿਤਸਰ 'ਚ ਜਾਰੀ ਕੀਤਾ ਗਿਆ। ਇਸ ਮੌਕੇ ਐਡਵੋਕੇਟ ਫੂਲਕਾ ਨੇ ਆਖਿਆ ਕਿ ਨਵੰਬਰ 1984 ਵਿਚ ਵਾਪਰੇ ਸਿੱਖ ਵਿਰੋਧੀ ਦੰਗੇ ਯੋਜਨਾਬੱਧ ਢੰਗ ਨਾਲ ਕੀਤੇ ਗਏ ਸਿੱਖ ਵਿਰੋਧੀ ਸਰਕਾਰੀ ਦੰਗੇ ਸਨ। ਉਨ੍ਹਾਂ ਮਿਸਾਲ ਦਿੱਤੀ ਕਿ ਇਨ੍ਹਾਂ ਸਰਕਾਰੀ ਦੰਗਿਆਂ ਦੌਰਾਨ ਕਈ ਥਾਵਾਂ 'ਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਵੀ ਸਿੱਖਾਂ ਨੂੰ ਬਚਾਇਆ ਸੀ। ਇਸ ਲਈ ਇਨ੍ਹਾਂ ਦੰਗਿਆਂ ਨੂੰ ਫਿਰਕੂ ਦੰਗੇ ਨਹੀਂ ਕਿਹਾ ਜਾ ਸਕਦਾ।

ਇਸ ਮਾਮਲੇ ਵਿਚ ਇਕ ਹੋਰ ਮਿਸਾਲ ਪੇਸ਼ ਕਰਦਿਆਂ ਉਨ੍ਹਾਂ ਪਾਲਮ ਕਲੋਨੀ ਦੀ ਜੋਗਿੰਦਰ ਕੌਰ ਵੱਲੋਂ ਮਿਸ਼ਰਾ ਕਮਿਸ਼ਨ ਕੋਲ ਦਿੱਤਾ ਬਿਆਨ ਜਾਰੀ ਕੀਤਾ ਜਿਸ ਵਿਚ ਇਸ ਔਰਤ ਨੇ ਦਸਿਆ ਕਿ 3 ਨਵੰਬਰ, 1984 ਨੂੰ ਜਦੋਂ ਉਹ ਆਪਣੀ ਜਾਨ ਬਚਾਉਣ ਲਈ ਲੁਕਦੇ ਫਿਰ ਰਹੇ ਸਨ ਤਾਂ ਇਕ ਥਾਂ 'ਤੇ ਭੜਕੀ ਭੀੜ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਇਸ ਔਰਤ ਨੇ ਆਪਣੇ-ਆਪ ਨੂੰ ਹਿੰਦੂ ਦੱਸਿਆ ਪਰ ਭੀੜ ਨੇ ਉਸ ਦੇ ਲੜਕੇ ਦੇ ਚਿਹਰੇ 'ਤੇ ਦਸਤਾਰ ਦੇ ਚਿੰਨ੍ਹ ਦੇਖ ਲਏ ਤੇ ਆਖਿਆ ਕਿ ਇਹ ਸਿੱਖ ਪਰਿਵਾਰ ਹੈ ਜਿਸ ਨੇ ਆਪਣੇ-ਆਪ ਨੂੰ ਬਚਾਉਣ ਲਈ ਹੁਣੇ ਹੀ ਆਪਣੇ ਕੇਸ ਕੱਟੇ ਹਨ। ਭੀੜ ਨੇ ਉਸ ਦੇ ਮੁੰਡੇ ਦੀ ਮਾਰ ਕੁੱਟ ਸ਼ੁਰੂ ਕਰ ਦਿੱਤੀ ਪਰ ਔਰਤ ਵੱਲੋਂ ਹਿੰਦੀ ਵਿਚ ਗੱਲਬਾਤ ਕੀਤੇ ਜਾਣ ਕਾਰਨ ਕੁਝ ਵਿਅਕਤੀ ਉਨ੍ਹਾਂ ਨੂੰ ਹਿੰਦੂ ਸਮਝ ਕੇ ਮੰਦਰ ਵਿਚ ਛੱਡ ਗਏ। ਮੰਦਰ ਵਿਚ ਵੀ ਕੁਝ ਲੋਕਾਂ ਨੇ ਉਨ੍ਹਾਂ ਨੂੰ ਮਾਰਨ ਦਾ ਯਤਨ ਕੀਤਾ ਪਰ ਉਸ ਵੇਲੇ ਮੰਦਰ ਦੇ ਪੁਜਾਰੀ ਨੇ ਉਨ੍ਹਾਂ ਨੂੰ ਬਚਾਇਆ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਦੰਗਿਆਂ ਵਿਚ ਸਰਕਾਰੀਤੰਤਰ ਦੀ ਪੂਰੀ ਤਰ੍ਹਾਂ ਸ਼ਮੂਲੀਅਤ ਸੀ ਜਿਸ ਨੇ ਸਿਰਫ ਸਿੱਖਾਂ ਨੂੰ ਹੀ ਆਪਣਾ ਨਿਸ਼ਾਨਾ ਬਣਾਇਆ।



***ਐਡਵੋਕੇਟ ਐਚ.ਐਸ. ਫੂਲਕਾ ਦਾਅਵਾ ਕੀਤਾ ਕਿ ਨਵੰਬਰ 1984 ਵਿਚ ਵਾਪਰੇ ਦੰਗੇ ਹਿੰਦੂ-ਸਿੱਖ ਦੰਗੇ ਨਹੀਂ ਸਨ, ਸਗੋਂ ਸਰਕਾਰ ਵੱਲੋਂ ਯੋਜਨਾਬੱਧ ਢੰਗ ਨਾਲ ਸਿੱਖਾਂ ਖ਼ਿਲਾਫ਼ ਕਰਵਾਏ ਗਏ ਸਨ। ਇਸ ਬਾਰੇ ਸ਼ੁਰੂ ਕੀਤੀ 'ਫਾਰਗੌਟਨ ਸਿਟੀਜ਼ਨ' ਮੁਹਿੰਮ ਤਹਿਤ 9 ਨਵੰਬਰ ਨੂੰ ਦਿੱਲੀ ਵਿਖੇ ਮੂਕ ਅਦਾਲਤ ਵੀ ਲਾਈ ਜਾਵੇਗੀ ਜਿਸ ਵਿਚ ਸਾਬਕਾ ਜੱਜ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਕਰਨਗੇ। ਇਸ ਅਦਾਲਤ ਵਿਚ ਉਹ ਗਵਾਹ ਪੇਸ਼ ਕੀਤਾ ਜਾਣਗੇ ਜਿਨ੍ਹਾਂ ਨੂੰ ਪੁਲਿਸ ਨੇ ਗਵਾਹ ਵਜੋਂ ਪੇਸ਼ ਨਹੀਂ ਹੋਣ ਦਿੱਤਾ ਜਾਂ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਆਨਲਾਈਨ ਪਟੀਸ਼ਨ 'ਤੇ ਦਸਤਖ਼ਤ ਕਰਵਾ ਕੇ ਇਹ ਪ੍ਰਧਾਨ ਮੰਤਰੀ ਨੂੰ ਸੌਂਪੀ ਜਾਵੇਗੀ।***

## ਭਾਰਤ ਦੇ ਇਤਿਹਾਸ 'ਤੇ ਕਲੰਕ: ਰਾਘਵਨ

ਲੋਕ ਰਾਜ ਸੰਗਠਨ ਦੇ ਮੁਖੀ ਕੇ. ਰਾਘਵਨ ਨੇ ਆਖਿਆ ਕਿ ਨਵੰਬਰ 1984 ਵਿਚ ਵਾਪਰੇ ਦੰਗੇ ਦੇਸ਼ ਦੇ ਇਤਿਹਾਸ 'ਤੇ ਇਕ ਕਲੰਕ ਹਨ ਤੇ ਇਹ ਕਲੰਕ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਨਾਲ ਹੀ ਦੂਰ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਜੇਕਰ ਅਜਿਹੇ ਦੰਗਿਆਂ ਦੀ ਸਰਕਾਰੀ ਤੇ ਸਿਆਸੀ ਪੱਧਰ 'ਤੇ ਪੁਸ਼ਤ ਪਨਾਹੀ ਨਾ ਕੀਤੀ ਜਾਂਦੀ ਤਾਂ ਬਾਬਰੀ ਮਸਜਿਦ ਕਾਂਡ, ਗੁਜਰਾਤ ਦੰਗੇ, ਆਸਾਮ ਦੰਗੇ ਨਾ ਵਾਪਰਦੇ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਵੱਖ ਵੱਖ ਥਾਵਾਂ 'ਤੇ ਵੱਖ-ਵੱਖ ਸਮਿਆਂ ਵਿਚ ਵਾਪਰੇ ਇਨ੍ਹਾਂ ਦੰਗਿਆਂ ਕਾਰਨ ਹਰ ਧਰਮ ਦੇ ਲੋਕ ਪ੍ਰਭਾਵਿਤ ਹੋਏ ਹਨ। ਇਸ ਲਈ ਇਕੱਠੇ ਹੋ ਕੇ ਸਾਂਝੇ ਤੌਰ 'ਤੇ ਗੁਨਾਹਗਾਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਯਤਨ ਕਰਨ ਦੀ ਲੋੜ ਹੈ।


ਉਨ੍ਹਾਂ ਮੰਗ ਕੀਤੀ ਕਿ ਸਜ਼ਾਵਾਂ ਹੇਠਲੇ ਪੱਧਰ ਤੋਂ ਨਹੀਂ ਸਗੋਂ ਉੱਪਰਲੇ ਪੱਧਰ ਤੋਂ ਸ਼ੁਰੂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਅਜਿਹੇ ਦੰਗਿਆਂ ਨੂੰ ਰੋਕਣ ਲਈ ਦੇਸ਼ ਵਿਚ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ।

# ਕਾਨੂੰਨਦਾਨਾਂ ਅਤੇ ਬੁੱਧੀਜੀਵੀਆਂ ਨੇ ਮਾਰਿਆ ਹਾਅ ਦਾ ਨਾਅਰਾ

**ਨਵੀਂ ਦਿੱਲੀ:** ਦੇਸ਼ ਦੀਆਂ ਕੁਝ ਉੱਘੀਆਂ ਹਸਤੀਆਂ ਨੇ ਮੰਗ ਕੀਤੀ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਸਬੰਧਤ ਲੋਕਾਂ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਵਿਸ਼ੇਸ਼ ਟੀਮ ਵੱਲੋਂ ਮੁੜ ਕੀਤੀ ਜਾਵੇ। ਇਨ੍ਹਾਂ ਦੰਗਿਆਂ ਨੂੰ ਹੁਣ 28 ਸਾਲ ਹੋਣ ਜਾ ਰਹੇ ਹਨ।

ਜਸਟਿਸ ਵੀ.ਆਰ. ਕ੍ਰਿਸ਼ਨਾ ਅਈਅਰ, ਐਫ ਨਾਰੀਮਾਨ, ਜਸਟਿਸ ਅਜੀਤ ਸਿੰਘ ਬੈਂਸ, ਜਸਟਿਸ ਰਾਜਿੰਦਰ ਸੱਚਰ, ਉਤੇ ਪੱਤਰਕਾਰ ਕੁਲਦੀਪ ਨਈਅਰ, ਸ਼ਾਂਤੀ ਭੂਸ਼ਨ, ਪ੍ਰਸ਼ਾਂਤ ਭੂਸ਼ਨ ਤੇ ਹੋਰ ਹਸਤੀਆਂ ਨੇ ਕਿਹਾ ਕਿ ਦੰਗਿਆਂ ਸਬੰਧੀ ਕੇਸਾਂ ਦੀ ਸੁਣਵਾਈ ਫਾਸਟ ਟਰੈਕ ਅਦਾਲਤਾਂ ਵਿਚ ਹੋਵੇ ਤੇ ਵਿਸ਼ੇਸ਼ ਜਾਂਚ ਟੀਮ ਰਾਹੀਂ ਸੁਪਰੀਮ ਕੋਰਟ ਵੱਲੋਂ ਇਸ ਦੀ ਨਿਗਰਾਨੀ ਕੀਤੀ ਜਾਵੇ।


ਇਨ੍ਹਾਂ ਉਘੇ ਵਿਅਕਤੀਆਂ ਨੇ ਕਿਹਾ ਕਿ ਬੇਕਸੂਰ ਸ਼ਹਿਰੀਆਂ ਨੂੰ ਮਾਰਨ ਵਾਲਿਆਂ ਨੂੰ ਸਜ਼ਾ ਯਕੀਨੀ ਬਣਾਈ ਜਾਵੇ ਤੇ ਇਸ ਮੰਤਵ ਲਈ ਉਨ੍ਹਾਂ ਮਾਮਲਿਆਂ ਦੀ ਜਾਂਚ ਮੁੜ ਕਰਵਾਈ ਜਾਵੇ ਜੋ ਪੁਲੀਸ ਵੱਲੋਂ ਇੱਕ ਜਾਂ ਦੂਜੇ ਕਾਰਨਾਂ ਕਰਕੇ ਬੰਦ ਕਰ ਦਿੱਤੇ ਗਏ ਸਨ। ਇਸ ਦੇ ਨਾਲ ਹੀ ਇਹ ਮੰਗ ਵੀ ਕੀਤੀ ਗਈ ਕਿ ਸਬੰਧਤ ਮਾਮਲਿਆਂ ਦੀ ਜਾਂਚ ਵਿਸ਼ੇਸ਼ ਟੀਮ ਤੋਂ ਕਰਵਾਈ ਜਾਵੇ ਜਿਸ ਵਿੱਚ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੂੰ ਸ਼ਾਮਲ ਨਾ ਕੀਤਾ ਜਾਵੇ। ਇਸ ਜਾਂਚ ਦੀ ਨਿਗਰਾਨੀ ਸੁਪਰੀਮ ਕੋਰਟ ਵੱਲੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਆਉਣ ਤੋਂ ਸੱਤ ਸਾਲ ਬਾਅਦ ਵੀ ਮੁਲਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ।



ਕੁਲਦੀਪ ਨਈਅਰ



ਜਸਟਿਸ ਕ੍ਰਿਸ਼ਨਾ ਅਈਅਰ



ਜਸਟਿਸ ਰਾਜਿੰਦਰ ਸੱਚਰ



ਜਸਟਿਸ ਅਜੀਤ ਸਿੰਘ ਬੈਂਸ

ਇਸੇ ਦੌਰਾਨ ਸਿੱਖ ਜਥੇਬੰਦੀ ਆਲ ਇੰਡੀਆ ਸਿੱਖ ਕਾਨਫਰੰਸ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਵਿਚ ਸ਼ਾਮਲ ਲੋਕਾਂ ਨੂੰ ਸਜ਼ਾਵਾਂ ਦੇਣ ਵਿਚ ਅਸਫ਼ਲ ਰਹਿਣ ਲਈ ਕੇਂਦਰ ਦੀ ਨਿੰਦਾ ਕੀਤੀ ਹੈ। ਜਥੇਬੰਦੀ ਨੇ ਇਸ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਫੌਰੀ ਨਿਆਂਇਕ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕਾਨਫਰੰਸ ਨੇ ਇਹ ਵੀ ਕਿਹਾ ਕਿ ਇਹ ਇਸ ਮਹੀਨੇ ਦੇ ਸ਼ੁਰੂ ਵਿਚ ਲੰਡਨ ਵਿਚ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਕੇ.ਐਸ. ਬਰਾੜ 'ਤੇ ਹੋਏ ਹਮਲੇ ਦੀ ਨਿੰਦਾ ਨਹੀਂ ਕਰੇਗੀ।

ਬਰਾੜ ਨੇ 1984 ਵਿਚ ਅਪਰੇਸ਼ਨ ਬਲਿਊ ਸਟਾਰ ਦੌਰਾਨ ਫੌਜ ਦੀ ਅਗਵਾਈ ਕੀਤੀ ਸੀ। ਕਾਨਫਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਲੈਫਟੀਨੈਂਟ ਜਨਰਲ ਬਰਾੜ 'ਤੇ ਹਮਲੇ ਦੀ ਨਿੰਦਾ ਨਹੀਂ ਕਰੇਗੀ। 1984 ਦੇ ਸਿੱਖ ਦੰਗਿਆਂ ਦੇ ਪੀੜਤਾਂ ਲਈ ਨਿਆਂ ਦੀ ਮੰਗ ਕਰਦਿਆਂ ਉਨ੍ਹਾਂ ਨੇ ਕਿਹਾ ਕਿ 27 ਸਾਲ ਪਹਿਲਾਂ ਮਿਲੇ ਦਰਦ ਤੇ ਅਨਿਆਂ ਨੂੰ ਸਿੱਖ ਭੁਲੇ ਨਹੀਂ ਹਨ।

ਬੱਬਰ ਨੇ ਕਿਹਾ ਕਿ ਮਾਨਵੀ ਹੱਕਾਂ ਬਾਰੇ ਸੰਗਠਨ 'ਸਿੱਖਸ ਫਾਰ ਜਸਟਿਸ' ਨੇ 31 ਅਕਤੂਬਰ ਨੂੰ ਬਰਤਾਨੀਆ ਦੀ ਪਾਰਲੀਮੈਂਟ ਅੱਗੇ ਲੰਡਨ ਵਿਚ ਰੋਸ ਮੁਜ਼ਾਹਰਾ ਕੀਤਾ ਤੇ ਦੰਗਿਆਂ ਦੌਰਾਨ ਸਿੱਖਾਂ ਨਾਲ ਹੋਈ ਵਧੀਕੀ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਕਾਨਫਰੰਸ ਦੋ ਨਵੰਬਰ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮਿਲ ਕੇ ਮੰਗ ਪੱਤਰ ਵੀ ਦੇਵੇਗੀ ਜਿਸ ਵਿਚ ਇਸ ਘੋਰ ਅਪਰਾਧ ਵਿਚ ਸ਼ਾਮਲ ਅਫ਼ਸਰਾਂ ਦੀ ਸੂਚੀ ਵੀ ਉਨ੍ਹਾਂ ਨੂੰ ਸੌਂਪੇਗੀ।

ਕਾਨਫਰੰਸ ਨੇ ਦੰਗਿਆਂ ਬਾਰੇ, ਲਾਸ਼ਾਂ ਨੂੰ ਟਿਕਾਣੇ ਲਾਉਣ ਬਾਰੇ, ਮੌਤ ਦੇ ਸਰਟੀਫਿਕੇਟ ਜਾਰੀ ਕੀਤੇ ਜਾਣ ਬਾਰੇ ਸਾਰੀ ਜਾਣਕਾਰੀ ਸੂਚਨਾ ਅਧਿਕਾਰ ਐਕਟ ਤਹਿਤ ਲੜੀਵਾਰ ਰੂਪ ਵਿਚ ਇਕੱਠੀ ਕੀਤੀ ਹੈ ਤੇ ਵਧੀਕੀਆਂ ਵਿਰੁੱਧ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ।

# ਬਰਾਕ ਓਬਾਮਾ ਨੇ ਸਿਰਜਿਆ ਇਤਿਹਾਸ

**ਵਾਸ਼ਿੰਗਟਨ:** ਰਾਸ਼ਟਰਪਤੀ ਦੀ ਚੋਣ ਲਈ ਨਵੰਬਰ ਨੂੰ ਵੋਟਾਂ ਪੈਣ ਤੋਂ 12 ਦਿਨ ਪਹਿਲਾਂ ਹੀ ਵੋਟ ਪਾ ਕੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਨਵਾਂ ਇਤਿਹਾਸ ਰਚਿਆ ਹੈ। ਉਹ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ ਜਿਨ੍ਹਾਂ ਨੇ ਇੰਨੀ ਜਲਦੀ ਆਪਣੀ ਵੋਟ ਭੁਗਤਾਈ ਹੈ। ਰੀਪਬਲਿਕਨ ਉਮੀਦਵਾਰ ਮਿੱਟ ਰੋਮਨੀ ਨਾਲ ਆਪਣੀ ਚੋਣ ਨੂੰ ਉਨ੍ਹਾਂ 'ਫਸਵਾਂ ਮੁਕਾਬਲਾ' ਕਿਹਾ ਹੈ।

ਚੋਣ ਪ੍ਰਚਾਰ ਦੇ ਰੁਝੇਵਿਆਂ ਭਰੇ ਪ੍ਰੋਗਰਾਮ ਵਿਚੋਂ ਹੀ 51 ਸਾਲਾ ਓਬਾਮਾ ਤਰਜੀਵੀਆ ਦੇ ਰਿਚਮੰਡ ਤੋਂ ਆਪਣੇ ਪਿੱਤਰੀ ਗ੍ਰਹਿ ਸ਼ਿਕਾਗੋ ਦੇ ਮਾਰਟਿਨ ਲੂਥਰ ਕਿੰਗ ਕਮਿਊਨਿਟੀ ਸੈਂਟਰ ਪੁੱਜੇ ਤੇ ਉਥੇ ਆਪਣੀ ਵੋਟ ਪਾਈ। ਚੋਣ ਬੂਥ ਵਿਚ ਪੁੱਜਦਿਆਂ ਉਨ੍ਹਾਂ ਨੇ ਸਭ ਨਾਲ ਦੁਆ-ਸਲਾਮ ਕੀਤੀ ਹੈ ਤੇ ਕਿਹਾ ਇੰਨੀ ਜਲਦੀ ਵੋਟਾਂ ਪਾਉਣਾ ਬਹੁਤ ਚੰਗਾ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਿਸੇ ਰਾਸ਼ਟਰਪਤੀ ਨੇ ਇੰਨੇ ਦਿਨ ਪਹਿਲਾਂ ਵੋਟ ਪਾਈ ਹੋਵੇ।

ਪਛਾਣ ਦੇ ਮੰਤਵ ਨਾਲ ਜਦੋਂ ਇਕ ਮਹਿਲਾ ਚੋਣ ਅਧਿਕਾਰੀ ਨੇ ਉਨ੍ਹਾਂ ਤੋਂ ਡਰਾਈਵਿੰਗ ਲਾਇਸੈਂਸ ਮੰਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਬਿਲਕੁਲ ਸਹੀ ਹਨ। ਫਿਰ ਉਨ੍ਹਾਂ ਨੇ ਆਪਣੀ ਜੇਬ ਵਿਚੋਂ ਆਪਣਾ ਡਰਾਈਵਿੰਗ ਲਾਇਸੈਂਸ ਕੱਢਿਆ ਤੇ ਮਖੌਲ ਕੀਤਾ ਕਿ ਹੁਣ ਇਹ ਨਾ ਕਿਹਾ ਜਾਵੇ ਕਿ ਇਸ ਤਸਵੀਰ ਵਿਚਾਲੇ ਓਬਾਮਾ ਦੇ ਤਾਂ ਕੋਈ ਚਿੱਟਾ ਵਾਲ ਨਹੀਂ ਹੈ। ਉਨ੍ਹਾਂ ਨੇ ਇਸ ਮਹਿਲਾ ਚੋਣ ਅਧਿਕਾਰੀ ਵੱਲੋਂ ਲਾਇਸੈਂਸ ਨੂੰ ਧਿਆਨ ਨਾਲ ਦੇਖਣ 'ਤੇ ਵੀ ਹਾਸਾ-ਠੱਠਾ ਕਰਦਿਆਂ ਕਿਹਾ ਕਿ ਚੰਗਾ ਹੋਇਆ ਕਿ ਉਨ੍ਹਾਂ ਨੇ ਆਪਣਾ ਲਾਇਸੈਂਸ ਨਵਿਆ ਲਿਆ ਸੀ। ਵੋਟ ਪਾਉਣ ਮਗਰੋਂ ਉਨ੍ਹਾਂ ਨੇ ਚੋਣ ਅਮਲੇ ਨਾਲ ਤਸਵੀਰਾਂ ਵੀ ਖਿਚਵਾਈਆਂ।

ਉਧਰ, ਇਕ ਤਾਜ਼ਾ ਸਰਵੇਖਣ ਅਨੁਸਾਰ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਪਦ ਦੇ ਉਮੀਦਵਾਰ ਮਿਟ ਰੋਮਨੀ ਆਪਣੇ ਵਿਰੋਧੀ ਤੇ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਤੋਂ ਅੱਗੇ ਹੋ ਗਏ ਹਨ। ਵਾਸ਼ਿੰਗਟਨ ਪੋਸਟ-ਏ ਬੀ ਸੀ ਨਿਊਜ਼ ਦੇ ਸਰਵੇਖਣ ਦੇ ਨਤੀਜਿਆਂ ਦਾ ਬੀਤੇ ਦਿਨ ਖੁਲਾਸਾ ਕੀਤਾ ਗਿਆ ਹੈ। ਪਹਿਲੀ ਵਾਰ ਰੋਮਨੀ ਨੂੰ 50 ਫੀਸਦੀ ਵੋਟਰਾਂ ਦਾ ਸਮਰਥਨ ਮਿਲਿਆ ਜਦਕਿ ਓਬਾਮਾ ਉਨ੍ਹਾਂ ਤੋਂ ਪਿਛੇ ਹਨ ਜਿਨ੍ਹਾਂ ਨੂੰ 47 ਫੀਸਦੀ ਸਮਰਥਨ ਮਿਲਿਆ ਹੈ। 'ਦ ਵਾਸ਼ਿੰਗਟਨ ਪੋਸਟ' ਨੇ ਦੱਸਿਆ ਕਿ ਹੁਣ ਤਕ ਦੇ ਸਰਵੇਖਣ ਵਿਚ ਓਬਾਮਾ ਨੂੰ ਇਸ ਵਾਰ ਸਭ ਤੋਂ ਘੱਟ ਸਮਰਥਨ ਮਿਲਿਆ ਹੈ। ਦੋਵਾਂ ਨੇਤਾਵਾਂ ਵਿਚ ਤਿੰਨ ਫੀਸਦੀ ਵੋਟਾਂ ਦਾ ਫਰਕ ਹੈ।

## ਲੋਕ ਸਭਾ ਮੈਂਬਰਾਂ ਬਾਰੇ ਕੋਈ ਸਰਵੇਖਣ ਨਹੀਂ ਕਰਵਾਇਆ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਪਾਰਟੀ ਨੇ ਪੰਜਾਬ ਵਿਚ ਮੌਜੂਦਾ ਲੋਕ ਸਭਾ ਮੈਂਬਰਾਂ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਕੋਈ ਵੀ ਸਰਵੇਖਣ ਨਹੀਂ ਕਰਾਇਆ ਤੇ ਇਸ ਬਾਰੇ ਸਾਰੀਆਂ ਰਿਪੋਰਟਾਂ ਕਾਲਪਨਿਕ ਹਨ।

ਕੈਪਟਨ ਨੇ ਕਿਹਾ ਕਿ ਇਸ ਕਾਲਪਨਿਕ ਰਿਪੋਰਟ ਦੇ ਉਲਟ ਪੰਜਾਬ ਦੇ ਅੱਠ ਲੋਕ ਸਭਾ ਹਲਕਿਆਂ ਵਿਚ ਪਾਰਟੀ ਦੇ ਮੌਜੂਦਾ ਐਮ.ਪੀਜ਼. ਦੀ ਸਥਿਤੀ ਬਹੁਤ ਮਜ਼ਬੂਤ ਹੈ। ਇਸ ਤੋਂ ਇਲਾਵਾ ਜਿਹੜੇ ਹਲਕਿਆਂ ਵਿਚ ਕਾਂਗਰਸ ਦਾ ਮੌਜੂਦਾ ਐਮ.ਪੀ. ਨਹੀਂ ਹੈ, ਉਸ ਵਾਸਤੇ ਵੀ ਕਿਸੇ ਉਮੀਦਵਾਰ ਨੂੰ ਲੈ ਕੇ ਹਾਲੇ ਕੋਈ ਤਜਵੀਜ਼ ਨਹੀਂ। ਉਨ੍ਹਾਂ ਕਿਹਾ ਕਿ ਮੌਜੂਦਾ ਕਾਂਗਰਸੀ ਐਮ.ਪੀ. ਨਾ ਸਿਰਫ ਚੰਗਾ ਕੰਮ ਕਰ ਰਹੇ ਹਨ ਬਲਕਿ ਅਕਾਲੀ-ਭਾਜਪਾ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨੇ ਉਨ੍ਹਾਂ ਦੀ ਹਾਲਤ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ।

# ਨਨਕਾਣਾ ਸਾਹਿਬ ਨੂੰ ਪਵਿੱਤਰ ਨਗਰੀ ਐਲਾਨਿਆ

**ਚੰਡੀਗੜ੍ਹ:** ਪਾਕਿਸਤਾਨ ਸਰਕਾਰ ਨੇ ਦੇਸ਼ਾਂ ਵਿਦੇਸ਼ਾਂ 'ਚੋਂ ਦਰਸ਼ਨਾਂ ਲਈ ਆਉਂਦੀਆਂ ਸਿੱਖ ਸੰਗਤਾਂ ਦੀ ਚਿਰਾਂ ਤੋਂ ਕੀਤੀ ਜਾ ਰਹੀ ਮੰਗ 'ਤੇ ਨਨਕਾਣਾ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇ ਦਿੱਤਾ ਹੈ। ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਆਫ ਪਾਕਿਸਤਾਨ ਵੱਲੋਂ ਕਰਵਾਈ ਗਈ ਵਕੀਲਾਂ ਦੀ ਅੰਤਰ ਰਾਸ਼ਟਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਵੱਲੋਂ ਨਨਕਾਣਾ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪਾਕਿਸਤਾਨ ਆਉਣ ਵਾਲਾ ਕੋਈ ਵੀ ਭਾਰਤੀ ਨਾਗਰਿਕ ਭਾਵੇਂ ਉਸ ਕੋਲ ਪਾਕਿਸਤਾਨ ਦੇ ਕਿਸੇ ਵੀ ਸ਼ਹਿਰ ਦਾ ਵੀਜ਼ਾ ਹੋਵੇ, ਉਹ ਨਨਕਾਣਾ ਸਾਹਿਬ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਦੇ ਦਰਸ਼ਨ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਭਾਰਤੀਆਂ ਲਈ ਹਰ ਸ਼ਹਿਰ ਵਿਚ ਜਾਣ ਲਈ ਵੀਜ਼ੇ ਦੀ ਵੱਖਰੀ ਇਜਾਜ਼ਤ ਲੈਣੀ ਪੈਂਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਰਤੀ ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਪ੍ਰਵੀਨ ਪਾਰਖ ਨੇ ਇਸ ਮੀਟਿੰਗ ਵਿਚ ਭਾਰਤੀ ਵਕੀਲਾਂ ਲਈ ਪਾਕਿਸਤਾਨ ਦਾ ਇਕ ਸਾਲ ਦਾ ਵੀਜ਼ਾ ਜਾਰੀ ਕਰਨ ਦੀ ਮੰਗ ਕੀਤੀ ਸੀ ਪਰ ਇਸ ਦੇ ਜਵਾਬ ਵਿਚ ਰਹਿਮਾਨ ਮਲਿਕ ਨੇ ਐਲਾਨ ਕੀਤਾ ਕਿ ਜੇਕਰ ਕੋਈ ਭਾਰਤੀ ਵਕੀਲ ਆਪਣੇ ਰਾਜ ਦੀ ਬਾਰ ਐਸੋਸੀਏਸ਼ਨ ਤੋਂ ਆਪਣੇ ਵੀਜ਼ੇ ਦੇ ਕਾਗਜ਼ ਪ੍ਰਮਾਣਿਤ ਕਰਵਾ ਕੇ ਭਾਰਤ ਵਿਚਲੇ ਪਾਕਿਸਤਾਨੀ ਦੂਤਾਵਾਸ ਵਿਚ ਭੇਜੇਗਾ ਤਾਂ ਉਸ ਨੂੰ ਪਾਕਿਸਤਾਨ ਦਾ ਇਕ ਸਾਲ ਦਾ ਨਹੀਂ ਸਗੋਂ ਪੰਜ ਸਾਲ ਦਾ ਵੀਜ਼ਾ ਦਿੱਤਾ ਜਾਇਆ ਕਰੇਗਾ। ਇਸ ਤੋਂ ਇਲਾਵਾ ਜਨਾਬ ਰਹਿਮਾਨ ਮਲਿਕ ਨੇ ਐਲਾਨ ਕੀਤਾ ਕਿ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਭਵਿੱਖ ਵਿਚ ਪੁਲਿਸ ਰਜਿਸਟ੍ਰੇਸ਼ਨ ਦੀ ਲੋੜ ਨਹੀਂ।

## ਪੁਸਤਕ 'ਸਿੱਖ ਸੈਨਤਾਂ' 10 ਨਵੰਬਰ ਨੂੰ ਰਿਲੀਜ਼ ਹੋਵੇਗੀ

**ਅੰਮ੍ਰਿਤਸਰ (ਬਿਊਰੋ):** ਸਿੱਖ ਵਿਦਵਾਨ ਪ੍ਰੋ. ਅਵਤਾਰ ਸਿੰਘ (ਰਾਮਗੜ੍ਹੀਆ ਕਾਲਜ, ਫਗਵਾੜਾ) ਦੀ ਲਿਖੀ ਕਿਤਾਬ 'ਸਿੱਖ ਸੈਨਤਾਂ' ਅੰਮ੍ਰਿਤਸਰ ਵਿਖੇ 10 ਨਵੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਅਵਤਾਰ ਸਿੰਘ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਦੇ ਭਰਾ ਹਨ।

ਪਟਿਆਲੇ ਦੀ ਇਕ ਧਾਰਮਿਕ ਸੰਸਥਾ 'ਸਿੱਖ ਜਾਗੋ ਲਹਿਰ' ਵਲੋਂ ਇਸ ਮੌਕੇ ਸਥਾਨਕ ਗੁਰੂ ਨਾਨਕ ਭਵਨ ਵਿਖੇ ਨਿਹੰਗ ਸਿੰਘਾਂ ਬਾਰੇ ਕੀਤੇ ਜਾ ਰਹੇ ਕੌਮਾਂਤਰੀ ਸੈਮੀਨਾਰ ਵਿਚ ਪ੍ਰਸਿੱਧ ਪੰਥਕ ਬੁਲਾਰੇ ਭਾਗ ਲੈਣਗੇ ਜਿਨ੍ਹਾਂ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਦਮਦਮੀ ਟਕਸਾਲ ਦੇ ਮੁਖੀ ਤੋਂ ਇਲਾਵਾ ਨਾਮਵਰ ਸਿੱਖ ਬੁਧੀਜੀਵੀ ਸ਼ਾਮਲ ਹੋਣਗੇ।

Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

Yarra, Kharazi & Associates
Phone: (888) 97YARRA (92772)

Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ
Trust your matter to a specialist
ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ
Offices in Bakersfield, Fresno and Merced.
Bring this ad in and receive a free consultation
ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ
ਯੱਰਾ, ਖਰਾਜ਼ੀ ਐਂਡ ਐਸੋਸੀਏਟਸ
ਫੋਨ: 1-888-979-2772
Email: Info@rwyarra.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785
1816 Main Ave., Secramento CA, 95838

# ਕੇਂਦਰੀ ਫੰਡਾਂ ਨਾਲ ਡੰਗ ਟਪਾਉਣਾ ਔਖਾ

**ਚੰਡੀਗੜ੍ਹ:** ਕੰਗਾਲੀ ਦੇ ਦੌਰ ਵਿਚੋਂ ਲੰਘ ਰਹੀ ਪੰਜਾਬ ਸਰਕਾਰ ਭਾਵੇਂ ਆਮ ਲੋਕਾਂ 'ਤੇ ਟੈਕਸਾਂ ਦਾ ਬੋਝ ਪਾ ਕੇ ਇਸ ਔਖੀ ਘੜੀ 'ਚੋਂ ਬਾਹਰ ਨਿਕਲਣ ਲਈ ਹੱਥ ਪੈਰ ਮਾਰ ਰਹੀ ਹੈ ਪਰ ਕੇਂਦਰੀ ਵੱਲੋਂ ਆਪਣੇ ਫੰਡਾਂ ਦੀ ਵਰਤੋਂ ਬਾਰੇ ਅਪਣਾਇਆ ਜਾ ਰਿਹਾ ਸਖ਼ਤੀ ਵਾਲਾ ਰਵੱਈਆ ਸੂਬਾ ਸਰਕਾਰ ਲਈ ਮੁਸ਼ਕਲਾਂ ਖੜ੍ਹੀਆਂ ਕਰ ਰਿਹਾ ਹੈ। ਮਾੜੇ ਆਰਥਿਕ ਹਾਲਾਤ ਕਰਕੇ ਸੂਬਾ ਸਰਕਾਰ ਨੂੰ ਕਈ ਲੋਕ ਲਭਾਊ ਸਕੀਮਾਂ ਬੰਦ ਕਰਨੀਆਂ ਪਈਆਂ ਹਨ ਤੇ ਸਰਕਾਰ ਦੇ ਆਮਦਨ ਨਾਲੋਂ ਵੱਧ ਖ਼ਰਚ ਮੁਸੀਬਤ ਬਣ ਰਹੇ ਹਨ।

ਸਰਕਾਰ ਦਾ ਹਰ ਵਰ੍ਹੇ ਨੌਂ ਹਜ਼ਾਰ ਕਰੋੜ ਰੁਪਏ ਖਰਚਾ ਆਮਦਨ ਨਾਲੋਂ ਵੱਧ ਹੋ ਰਿਹਾ ਹੈ ਤੇ ਇਸ ਵਰ੍ਹੇ ਹਾਲਾਤ ਵਧੇਰੇ ਖ਼ਰਾਬ ਹਨ ਕਿਉਂਕਿ ਪਿਛਲੀ ਛਿਮਾਹੀ ਵਿਚ ਹੀ ਵਾਧੂ ਖਰਚਾ ਛੇ ਹਜ਼ਾਰ ਕਰੋੜ ਰੁਪਏ ਦੇ ਨੇੜੇ ਹੋ ਚੁੱਕਾ ਹੈ। ਸਰਕਾਰੀ ਸੂਤਰਾਂ ਮੁਤਾਬਕ ਜ਼ੁਬਾਨੀ ਹੁਕਮਾਂ 'ਤੇ ਇਸ ਸਮੇਂ ਖ਼ਜ਼ਾਨਿਆਂ ਵੱਲੋਂ ਬਿੱਲਾਂ ਦੀ ਅਦਾਇਗੀ ਉੱਪਰ ਪਾਬੰਦੀ ਚਲ ਰਹੀ ਹੈ। ਪਹਿਲੇ ਸਾਲਾਂ ਦੌਰਾਨ ਕੇਂਦਰ ਸਰਕਾਰ ਦੀ ਨਰਮੀ ਜਾਂ ਨਿਯਮਾਂ ਦੇ ਢਿੱਲੇ ਹੋਣ ਕਾਰਨ ਬਹੁਤ ਸਾਰੇ ਕੇਂਦਰੀ ਯੋਜਨਾ ਦੇ ਫੰਡ ਪੰਜਾਬ ਸਰਕਾਰ ਏਧਰ-ਉਧਰ ਖਰਚ ਕਰਕੇ ਆਪਣਾ ਬੁੱਤਾ ਸਾਰਦੀ ਰਹੀ ਹੈ।

ਇਸੇ ਤਰ੍ਹਾਂ ਬਹੁਤ ਸਾਰੇ ਅਜਿਹੇ ਕੇਂਦਰੀ ਫੰਡ ਹਨ ਜਿਨ੍ਹਾਂ ਵਿਚ ਸਰਕਾਰ ਵੱਲੋਂ ਵੀ ਹਿੱਸਾ ਪਾਇਆ ਜਾਣਾ ਹੁੰਦਾ ਹੈ। ਅਜਿਹੇ ਫੰਡਾਂ ਲਈ ਵੀ ਕਈ ਤਰ੍ਹਾਂ ਦੀਆਂ ਚੋਰ-ਮੋਰੀਆਂ ਸਨ ਪਰ ਕੇਂਦਰ ਸਰਕਾਰ ਨੇ ਰੁਖ਼ ਸਖ਼ਤ ਕਰ ਲਿਆ ਹੈ। ਪੰਜਾਬ ਵਿਚੋਂ ਬਹੁਤ ਸਾਰੀਆਂ ਸ਼ਿਕਾਇਤਾਂ ਵੀ ਕੇਂਦਰ ਸਰਕਾਰ ਨੂੰ ਪਹੁੰਚਦੀਆਂ ਰਹੀਆਂ ਹਨ। ਪਿਛਲੀ ਸਰਕਾਰ ਸਮੇਂ ਮੁੱਖ ਮੰਤਰੀ ਕਈ ਵਾਰ ਕੇਂਦਰੀ ਮੰਤਰੀ ਕੋਲ ਯੋਜਨਾਵਾਂ ਲੈ ਕੇ ਜਾਂਦੇ ਸਨ ਤੇ ਕੁਝ

## ਕੇਂਦਰੀ ਫੰਡਾਂ ਦੀ ਵਰਤੋਂ 'ਤੇ ਸ਼ਿਕੰਜਾ ਕਸਿਆ

ਨਾ ਕੁਝ ਮੰਨਵਾ ਕੇ ਹੀ ਵਾਪਸ ਪਰਤਦੇ ਸਨ। ਹੁਣ ਇਸ ਸਿਲਸਲੇ 'ਚ ਵੀ ਕਾਫ਼ੀ ਕਮੀ ਆਈ ਹੈ। ਮੁੱਖ ਮੰਤਰੀ ਵੱਲੋਂ ਪੰਜਾਬ ਨੂੰ ਸੋਕਾ ਰਾਹਤ ਦੇਣ ਦੀ ਗੱਲ ਤਾਂ ਉਕਾ ਹੀ ਰੱਦ ਕਰ ਦਿੱਤੀ ਗਈ ਹੈ। ਆਰਥਿਕ ਮਾਹਿਰਾਂ ਤੇ ਅਫ਼ਸਰਸ਼ਾਹੀ ਦੇ ਵੱਡੇ ਹਿੱਸੇ 'ਚ ਇਹ ਪ੍ਰਭਾਵ ਪਾਇਆ ਜਾ ਰਿਹਾ ਹੈ ਕਿ ਸਰਕਾਰ ਦੀ ਆਰਥਿਕ ਤੰਗੀ ਹੋਰ ਵਧੇਰੇ ਵਧ ਸਕਦੀ ਹੈ ਤੇ ਸਰਕਾਰ ਅੱਗੇ ਚੁਣੌਤੀਆਂ ਵੀ ਵੱਡੀਆਂ ਹਨ। ਇਕ ਪਾਸੇ ਕੇਂਦਰ ਦਾ ਰਵੱਈਆ ਸਖ਼ਤ ਹੋ ਰਿਹਾ ਹੈ। ਦੂਜੇ ਪਾਸੇ ਸਰਕਾਰ ਦੀ ਮਾਲੀ ਸਾਧਨ ਜੁਟਾਉਣ ਦੀ ਸਮਰੱਥਾ ਬੇਹੱਦ ਕਮਜ਼ੋਰ ਹੈ। ਅਕਾਲੀ ਦਲ ਨੇ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਤਿੰਨ ਹਜ਼ਾਰ ਕਰੋੜ ਰੁਪਏ ਦੇ ਨਵੇਂ ਟੈਕਸ ਲਾਉਣ ਦੀ ਯੋਜਨਾ ਬਣਾਈ ਸੀ ਪਰ ਭਾਜਪਾ ਇਹ ਗੱਲ ਸੁਣਨ ਨੂੰ ਤਿਆਰ ਨਹੀਂ ਸੀ।

ਆਖਰ 900 ਕਰੋੜ ਰੁਪਏ ਦੇ ਨਵੇਂ ਟੈਕਸ ਲੱਗੇ ਹਨ ਪਰ ਇਸ ਨਾਲ ਮਸਲਾ ਹੱਲ ਹੋਣ ਵਾਲਾ ਨਹੀਂ। ਸਰਕਾਰ ਨੇ ਆਰਥਿਕ ਤੰਗੀ ਘਟਾਉਣ ਲਈ ਆਟਾ-ਦਾਲ ਯੋਜਨਾ ਨੂੰ ਫੌਰੀ ਬੰਦ ਕਰ ਰੱਖਿਆ ਹੈ। ਹੋਰ ਕਈ ਲੋਕ ਭਲਾਈ ਵਾਲੀਆਂ ਯੋਜਨਾਵਾਂ ਦੀਆਂ ਕਰੀਬ ਸਾਲ-ਡੇਢ ਸਾਲ ਤੋਂ ਅਦਾਇਗੀਆਂ ਰੁਕੀਆਂ ਪਈਆਂ ਹਨ। ਖ਼ਜ਼ਾਨੇ ਵਿਚ ਦੋ ਹਜ਼ਾਰ ਕਰੋੜ ਰੁਪਏ ਦੇ ਬਿੱਲਾਂ ਦਾ ਭੁਗਤਾਨ ਰੋਕ ਛੱਡਿਆ ਹੈ।

## ਅੰਨ੍ਹੇਵਾਹ ਖ਼ਰਚਿਆਂ ਅੱਗੇ ਵਿੱਤ ਵਿਭਾਗ ਵੱਲੋਂ ਹੱਥ ਖੜ੍ਹੇ

***ਚੰਡੀਗੜ੍ਹ:*** *ਪੰਜਾਬ ਸਰਕਾਰ ਦੇ ਅੰਨ੍ਹੇਵਾਹ ਖ਼ਰਚਿਆਂ ਅੱਗੇ ਸੂਬੇ ਦੀ ਜਨਤਾ 'ਤੇ ਨਵੇਂ ਟੈਕਸਾਂ ਦਾ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਸਾਲਾਨਾ ਮਾਲੀ ਬੋਝ ਨਾਕਾਫ਼ੀ ਹੈ। ਸਰਕਾਰ ਦੀ ਬੇ-ਫਜ਼ੂਲੀ ਖ਼ਰਚੀ ਕਰਕੇ ਖ਼ਜ਼ਾਨੇ 'ਚ ਤਕਰੀਬਨ 2300 ਕਰੋੜ ਰੁਪਏ ਦੇ ਬਿੱਲ ਅਟਕੇ ਹੋਏ ਹਨ। ਬੇਵੱਸ ਹੋਏ ਵਿੱਤ ਵਿਭਾਗ ਨੇ ਸਾਰੀਆਂ ਦੇਣਦਾਰੀਆਂ ਬੰਦ ਕਰ ਦਿੱਤੀਆਂ ਹਨ। ਸਿਰਫ਼ ਤਨਖ਼ਾਹਾਂ, ਪੈਨਸ਼ਨਾਂ ਤੇ ਬਿਜਲੀ ਸਬਸਿਡੀ ਦਾ ਭੁਗਤਾਨ ਕੀਤਾ ਜਾ ਰਿਹਾ ਹੈ। ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਮਜ਼ੋਰ ਮਾਲੀ ਹਾਲਤ ਕਾਰਨ ਦਸੰਬਰ ਪਿੱਛੋਂ ਸਬਸਿਡੀ ਜਾਂ ਬੁਢਾਪਾ ਪੈਨਸ਼ਨਾਂ 'ਚੋਂ ਇਕ ਦਾ ਭੁਗਤਾਨ ਰੋਕਣ ਦੀ ਨੌਬਤ ਆ ਜਾਵੇਗੀ। ਪੈਸਾ ਨਾ ਹੋਣ ਕਾਰਨ ਤੇ ਦਿਹਾਤੀ ਵਿਕਾਸ ਫੰਡ ਗਹਿਣੇ ਪਿਆ ਹੋਣ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੰਗਤ ਦਰਸ਼ਨ ਪ੍ਰੋਗਰਾਮ ਨੂੰ ਪਹਿਲਾਂ ਹੀ ਮੁਲਤਵੀ ਕਰਨ ਦਾ ਫ਼ੈਸਲਾ ਕਰ ਚੁੱਕੇ ਹਨ।ਵਿੱਤ ਵਿਭਾਗ ਦੀ ਪੂਰੀ ਟੇਕ ਨਵੰਬਰ ਤੇ ਦਸੰਬਰ ਮਹੀਨੇ ਦੌਰਾਨ ਝੋਨੇ ਤੇ ਨਰਮੇ ਸਮੇਤ ਸਾਉਣੀ ਦੀਆਂ ਹੋਰ ਫ਼ਸਲਾਂ ਤੋਂ ਆਉਣ ਵਾਲੇ ਟੈਕਸਾਂ 'ਤੇ ਹੀ ਲੱਗੀ ਹੋਈ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਤੱਕ ਤਾਂ ਵਿਭਾਗ ਨੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਤੇ ਭੱਤਿਆਂ 'ਚ ਪਿਛਲੇ ਸਾਲ ਨਵੰਬਰ ਤੇ ਦਸੰਬਰ ਮਹੀਨੇ ਕੀਤੇ ਵਾਧੇ ਦੀ ਅਦਾਇਗੀ ਦਾ ਪ੍ਰਬੰਧ ਹੀ ਬੜੀ ਮੁਸ਼ਕਲ ਨਾਲ ਕੀਤਾ ਹੈ ਤੇ ਸਰਕਾਰ ਦੀ ਸਾਲਾਨਾ ਯੋਜਨਾ ਲਾਗੂ ਕਰਨ ਲਈ ਤਾਂ ਅਜੇ ਤੱਕ ਸੋਚਿਆ ਹੀ ਨਹੀਂ ਜਾ ਸਕਿਆ। ਸਾਉਣੀ ਦੇ ਸੀਜ਼ਨ ਦੌਰਾਨ ਫ਼ਸਲਾਂ ਦੇ ਟੈਕਸਾਂ ਤੋਂ ਤਕਰੀਬਨ ਇਕ ਹਜ਼ਾਰ ਕਰੋੜ ਰੁਪਏ ਆਉਣ ਦੀ ਉਮੀਦ ਹੈ ਜਿਸ ਤੋਂ ਲੱਗਦਾ ਹੈ ਕਿ ਨਵੰਬਰ ਤੋਂ ਬਾਅਦ ਹਾਲਾਤ ਕਾਬੂ ਹੇਠ ਆ ਜਾਣਗੇ।*




***ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਚੱਲ ਰਹੀ ਸਰਕਾਰ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਸਹੂਲਤਾਂ ਵੱਲ ਤਾਂ ਪੂਰਾ ਧਿਆਨ ਦੇ ਰਹੀ ਹੈ ਅਤੇ ਇਨ੍ਹਾਂ ਨੂੰ ਇਲਾਜ ਲਈ ਵਿਦੇਸ਼ੀਂ ਵੀ ਭੇਜਿਆ ਜਾ ਰਿਹਾ ਹੈ ਪਰ ਸੂਬੇ ਦੇ ਆਮ ਲੋਕਾਂ ਨੂੰ ਬੁਨਆਦੀ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾਈਆਂ ਜਾ ਰਹੀਆਂ। ਕੇਂਦਰ ਸਰਕਾਰ ਤੋਂ ਭਲਾਈ ਸਕੀਮਾਂ ਲਈ ਜਿਹੜੇ ਫੰਡ ਮਿਲ ਰਹੇ ਹਨ, ਉਹ ਹੋਰ ਪਾਸੇ ਖਰਚੇ ਜਾ ਰਹੇ ਹਨ। ਫੰਡਾਂ ਬਾਝੋਂ ਸਰਕਾਰੀ ਅਤੇ ਅਰਧ-ਸਰਕਾਰੀ ਅਦਾਰੇ ਡਾਵਾਂਡੋਲ ਹਨ। ਹਾਲ ਹੀ ਵਿਚ ਉਪ ਮੁੱਖ ਮੰਤਰੀ ਵੱਲੋਂ ਆਪਣੇ ਪੁਰਾਣੇ ਸਨਾਵਰ ਸਕੂਲ ਨੂੰ ਇਕ ਕਰੋੜ ਰੁਪਏ ਦੇਣ ਦੇ ਐਲਾਨ ਨੇ ਸਿਆਸੀ ਪਿੜ ਵਾਹਵਾ ਭਖਾਇਆ ਅਤੇ ਆਖਰ ਇਹ ਐਲਾਨ ਰੱਦ ਕਰਨਾ ਪਿਆ। ਸੂਬੇ ਦਾ ਹਾਲ ਹੁਣ ਇਹ ਹੈ ਕਿ ਵਿੱਤ ਵਿਭਾਗ ਨੇ ਵੀ ਹੱਥ ਖੜ੍ਹੇ ਕਰ ਦਿੱਤੇ ਹਨ। ਸਾਰੇ ਵਿਭਾਗ ਵਿੱਤੀ ਸੰਕਟ ਦੀ ਮਾਰ ਹੇਠ ਹਨ ਅਤੇ ਸਰਕਾਰ ਚਲਾ ਰਹੇ ਆਗੂ ਸ਼ਾਹ-ਖਰਚੀ ਕਰ ਰਹੇ ਹਨ।***

# ਪੰਜਾਬ: ਫੰਡ ਫਰਾਡ

## ਬਾਦਲ ਦੇ ਕੈਂਪ ਦਾ ਬੋਝ ਯੂਨੀਵਰਸਿਟੀ 'ਤੇ

ਚੰਡੀਗੜ੍ਹ: ਗ਼ਰੀਬੀ ਕਾਰਨ ਇਲਾਜ ਤੋਂ ਅਸਮਰਥ ਲੋਕਾਂ ਨੂੰ ਪਿੰਡ-ਪਿੰਡ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਲਾਇਆ ਮੈਗਾ ਮੈਡੀਕਲ ਕੈਂਪ ਬਾਬਾ ਫ਼ਰੀਦ ਯੂਨੀਵਰਸਿਟੀ, ਫ਼ਰੀਦਕੋਟ 'ਤੇ ਭਾਰੂ ਪੈ ਗਿਆ ਕਿਉਂਕਿ ਕੈਂਪ ਲਾਉਣ ਨਾਲ ਕੋਈ ਵਾਹ ਵਾਸਤਾ ਨਾ ਹੋਣ ਦੇ ਬਾਵਜੂਦ 1 ਕਰੋੜ, 49 ਲੱਖ ਰੁਪਏ ਦਾ ਬਿੱਲ ਬਣਾ ਕੇ ਯੂਨੀਵਰਸਿਟੀ ਨੂੰ ਅਦਾ ਕਰਨ ਲਈ ਭੇਜ ਦਿੱਤਾ ਗਿਆ। ਇਹ ਖਰਚਾ ਸਿਰਫ਼ ਟੈਂਟ ਤੇ ਸਾਊਂਡ ਦਾ ਹੈ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਮੁਕਤਸਰ ਦੀ ਮੰਗ 'ਤੇ ਬਾਬਾ ਫ਼ਰੀਦ ਯੂਨੀਵਰਸਿਟੀ 15 ਲੱਖ ਰੁਪਏ ਮੈਡੀਕਲ ਕੈਂਪ ਦੇ ਖਰਚੇ ਅਦਾ ਵੀ ਕਰ ਚੁੱਕੀ ਹੈ। ਇਸ ਰਕਮ ਨਾਲ ਬਿਜਲੀ ਦੇ ਆਰਜ਼ੀ ਪ੍ਰਬੰਧ ਕੀਤੇ ਗਏ ਸਨ। ਨਿਯਮਾਂ ਮੁਤਾਬਕ ਯੂਨੀਵਰਸਿਟੀ ਆਜ਼ਾਦ ਅਦਾਰੇ ਦੇ ਤੌਰ 'ਤੇ ਕੰਮਕਾਰ ਕਰਦੀ ਹੈ ਤੇ ਸੂਬਾ ਸਰਕਾਰ ਉਸ ਤੋਂ ਕੋਈ ਆਰਥਕ ਮਦਦ ਨਹੀਂ ਮੰਗ ਸਕਦੀ ਸਗੋਂ ਹਰ ਸਾਲ ਯੂਨੀਵਰਸਿਟੀ ਨੂੰ ਖੋਜ ਕਾਰਜਾਂ ਲਈ ਤੈਅ ਗਰਾਂਟ ਜਾਰੀ ਕਰਨੀ ਹੁੰਦੀ ਹੈ। ਪਿਛਲੇ 15 ਸਾਲਾਂ ਵਿਚ ਪੰਜਾਬ ਸਰਕਾਰ ਨੇ ਇਸ ਯੂਨੀਵਰਸਿਟੀ ਨੂੰ ਇਕ ਵਾਰ ਵੀ ਸਾਲਾਨਾ ਗਰਾਂਟ ਅਦਾ ਨਹੀਂ ਕੀਤੀ ਤੇ ਯੂਨੀਵਰਸਿਟੀ ਦਾਖਲਾ ਫੀਸਾਂ ਦੇ ਸਿਰ 'ਤੇ ਹੀ ਆਪਣੇ ਖਰਚੇ ਚਲਾ ਰਹੀ ਹੈ। ਇਸ ਵੇਲੇ ਯੂਨੀਵਰਸਿਟੀ ਕੋਲ ਤਕਰੀਬਨ 60 ਕਰੋੜ ਰੁਪਏ ਹਨ ਤੇ ਹਰ ਮਹੀਨੇ ਪੰਜ ਕਰੋੜ ਰੁਪਏ ਤਨਖ਼ਾਹਾਂ 'ਚ ਖਰਚ ਹੋ ਜਾਂਦੇ ਹਨ।

# ਲੀਡਰਾਂ ਦੇ ਦਵਾ-ਦਾਰੂ 'ਤੇ ਅੱਠ ਕਰੋੜ

**ਚੰਡੀਗੜ੍ਹ:** ਲੋਕਾਂ ਲਈ ਬੇਸ਼ੱਕ ਖ਼ਜ਼ਾਨਾ ਖਾਲੀ ਹੈ ਪਰ ਪੰਜਾਬ ਸਰਕਾਰ ਆਪਣੇ ਮੰਤਰੀਆਂ ਤੇ ਵਿਧਾਇਕਾਂ ਦੀ ਖ਼ਾਤਰਦਾਰੀ 'ਚ ਕੋਈ ਕਸਰ ਨਹੀਂ ਛੱਡ ਰਹੀ। ਖਾਣ-ਪੀਣ ਤੇ ਹੋਰ ਐਸ਼ੋ-ਆਰਾਮ ਦੇ ਨਾਲ-ਨਾਲ ਮੰਤਰੀਆਂ ਤੇ ਵਿਧਾਇਕਾਂ ਤੇ ਮੈਡੀਕਲ ਬਿੱਲ ਵੀ ਸਰਕਾਰ ਨੂੰ ਕਰੋੜਾਂ 'ਚ ਪੈ ਰਹੇ ਹਨ। ਪਿਛਲੇ ਪੰਜ ਵਰ੍ਹਿਆਂ ਵਿਚ ਪੰਜਾਬ ਦੇ ਵਿਧਾਇਕਾਂ ਤੇ ਸੂਬਾਈ ਮੰਤਰੀ ਮੰਡਲ ਦਾ ਮੈਡੀਕਲ ਬਿੱਲ 8.15 ਕਰੋੜ ਰੁਪਏ ਰਿਹਾ ਹੈ। ਇਕੱਲੇ ਵਿਧਾਇਕਾਂ ਦੇ ਮੈਡੀਕਲ ਬਿੱਲਾਂ 'ਤੇ ਰਾਜ ਸਰਕਾਰ ਨੇ 4.45 ਕਰੋੜ ਰੁਪਏ ਖਰਚ ਕੀਤੇ ਹਨ।

ਪੰਜਾਬ ਵਜ਼ਾਰਤ ਦੀ ਗੱਲ ਕਰੀਏ ਤਾਂ 10 ਕੈਬਨਿਟ ਮੰਤਰੀਆਂ ਨੇ 11.07 ਲੱਖ ਦਾ ਮੈਡੀਕਲ ਖਰਚ ਲਿਆ ਹੈ। ਮੰਤਰੀਆਂ ਦੇ ਮੁਕਾਬਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੈਡੀਕਲ ਬਿੱਲਾਂ ਦੀ ਭਰਪਾਈ ਵਜੋਂ ਵਸੂਲੀ ਰਕਮ 3.59 ਕਰੋੜ ਰੁਪਏ ਰਹੀ। ਇਹ ਰਕਮ ਸ਼ਾਇਦ ਬੀਬੀ ਸੁਰਿੰਦਰ ਕੌਰ ਬਾਦਲ ਦੇ ਅਮਰੀਕਾ 'ਚ ਇਲਾਜ 'ਤੇ ਖਰਚ ਹੋਈ। ਪਹਿਲਾਂ 1997-2002 ਦੇ ਅਰਸੇ ਦੌਰਾਨ ਜਦੋਂ ਅਕਾਲੀ-ਭਾਜਪਾ ਹੁਕਮਰਾਨ ਸੀ ਤਾਂ ਉਦੋਂ ਕੈਬਨਿਟ ਮੰਤਰੀਆਂ ਦੀ ਸਿਹਤ 'ਤੇ 4.10 ਕਰੋੜ ਰੁਪਏ ਖਰਚ ਹੋਏ ਸਨ।

ਉਸ ਸਮੇਂ ਦੌਰਾਨ ਮੁੱਖ ਮੰਤਰੀ ਨੇ ਨਾ ਕੋਈ ਤਨਖਾਹ ਲਈ ਸੀ ਤੇ ਨਾ ਹੀ ਸਰਕਾਰੀ ਖ਼ਜ਼ਾਨੇ ਵਿਚੋਂ ਕੋਈ ਭੱਤਾ। ਨਿਯਮਾਂ ਮੁਤਾਬਕ ਹਰ ਮੰਤਰੀ ਤੇ ਵਿਧਾਇਕ ਤੋਂ ਇਲਾਵਾ ਉਸ ਦੇ ਪਰਿਵਾਰ ਦੇ ਮੈਂਬਰਾਂ ਦੇ ਇਲਾਜ ਵਾਸਤੇ ਪੈਸਾ ਸਰਕਾਰ ਖਰਚ ਕਰਦੀ ਹੈ। ਇਸ ਮੈਡੀਕਲ ਖਰਚੇ ਦੀ ਕੋਈ ਸੀਮਾ ਨਹੀਂ ਰੱਖੀ। ਇਥੋਂ ਤੱਕ ਕਿ ਵਿਦੇਸ਼ੀ ਇਲਾਜ ਦਾ ਖਰਚਾ ਵੀ ਸਰਕਾਰ ਹੀ ਝੱਲਦੀ ਹੈ। ਲਿਹਾਜ਼ਾ ਬਹੁਤੇ ਵਿਧਾਇਕ ਜਾਂ ਮੰਤਰੀ ਵਿਦੇਸ਼ਾਂ 'ਚੋਂ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਹਨ। ਸੂਚਨਾ ਅਧਿਕਾਰ ਤਹਿਤ ਪ੍ਰਾਪਤ ਵੇਰਵਿਆਂ ਮੁਤਾਬਕ ਵਿਧਾਇਕਾਂ 'ਚੋਂ ਸਭ ਤੋਂ ਜ਼ਿਆਦਾ ਮੈਡੀਕਲ ਖਰਚਾ ਮੁਕਤਸਰ ਦੇ ਮਰਹੂਮ ਵਿਧਾਇਕ ਕੰਵਰਜੀਤ ਸਿੰਘ ਬਰਾੜ ਦਾ ਰਿਹਾ। ਇਹ ਰਕਮ 3.43 ਕਰੋੜ ਰੁਪਏ ਬਣਦੀ ਹੈ। ਸ. ਬਰਾੜ ਕੈਂਸਰ ਤੋਂ ਪੀੜਤ ਸਨ। ਪਿਛਲੇ ਮੰਤਰੀ ਮੰਡਲ ਦੇ ਮੈਂਬਰਾਂ ਵਿਚੋਂ ਸਭ ਤੋਂ ਜ਼ਿਆਦਾ ਮੈਡੀਕਲ ਖਰਚ ਰਣਜੀਤ ਸਿੰਘ ਬ੍ਰਹਮਪੁਰਾ ਦਾ 3.69 ਲੱਖ ਰੁਪਏ ਆਇਆ ਜਦੋਂਕਿ ਸੁੱਚਾ ਸਿੰਘ ਲੰਗਾਹ ਦਾ ਮੈਡੀਕਲ ਖਰਚ 3.17 ਲੱਖ ਰੁਪਏ ਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਾ 1.27 ਲੱਖ ਰੁਪਏ ਰਿਹਾ। ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਦਾ ਮੈਡੀਕਲ ਖਰਚ 1.27 ਲੱਖ ਰੁਪਏ ਆਇਆ। ਮੰਤਰੀਆਂ ਵਿਚੋਂ ਸਭ ਤੋਂ ਘੱਟ ਮੈਡੀਕਲ ਖਰਚ 2556 ਰੁਪਏ ਬੀਬੀ ਉਪਿੰਦਰਜੀਤ ਕੌਰ ਨੇ ਵਸੂਲਿਆ।

ਵਿਧਾਇਕਾਂ 'ਚੋਂ ਮੈਡੀਕਲ ਖਰਚੇ ਦੀ ਭਰਪਾਈ ਪੱਖੋਂ ਦੂਸਰਾ ਨੰਬਰ ਵਿਧਾਇਕ ਤੇਜ ਪ੍ਰਕਾਸ਼ ਸਿੰਘ ਦਾ ਰਿਹਾ। ਉਨ੍ਹਾਂ ਵੱਲੋਂ ਮੈਡੀਕਲ ਖਰਚ 11.87 ਲੱਖ ਰੁਪਏ ਲਿਆ ਗਿਆ। ਵਿਧਾਇਕ ਕੁਲਦੀਪ ਸਿੰਘ ਭੱਠਲ ਦਾ ਮੈਡੀਕਲ ਖਰਚ 7.28 ਲੱਖ ਰੁਪਏ ਵੀ ਸਰਕਾਰ ਨੂੰ ਕਰਨਾ ਪਿਆ। ਇਸੇ ਤਰ੍ਹਾਂ ਲਾਲ ਸਿੰਘ ਦਾ ਮੈਡੀਕਲ ਖਰਚ 3.20 ਲੱਖ ਰੁਪਏ ਤੇ ਚਰਨਜੀਤ ਸਿੰਘ ਚੰਨੀ ਦਾ ਮੈਡੀਕਲ ਖਰਚ 3.61 ਲੱਖ ਰੁਪਏ ਰਿਹਾ। ਵਿਧਾਇਕ ਉਜਾਗਰ ਸਿੰਘ ਬਡਾਲੀ ਦਾ ਮੈਡੀਕਲ ਖਰਚਾ 2.93 ਲੱਖ ਰੁਪਏ ਤੇ ਮਨਜਿੰਦਰ ਸਿੰਘ ਕੰਗ ਦਾ ਮੈਡੀਕਲ ਖਰਚ 2.58 ਲੱਖ ਰੁਪਏ ਵੀ ਸਰਕਾਰ ਨੇ ਤਾਰਿਆ।

### ਇਲਾਜ ਵਿਦੇਸ਼ਾਂ 'ਚ



*ਸੁਰਿੰਦਰ ਕੌਰ ਬਾਦਲ*



*ਤੇਜ ਪ੍ਰਕਾਸ਼ ਸਿੰਘ*

## ਸਰਕਾਰੀ ਅਦਾਰਿਆਂ ਦਾ ਨਿਕਲਿਆ ਜਲੂਸ

**ਚੰਡੀਗੜ੍ਹ:** ਹੁਣ ਤੱਕ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਆਰਥਕ ਮੰਦਹਾਲੀ 'ਤੇ ਪਰਦਾ ਪਾਉਂਦੀ ਆ ਰਹੀ ਪੰਜਾਬ ਸਰਕਾਰ ਦੀ ਕੰਗਾਲੀ ਜੱਗ ਜ਼ਾਹਿਰ ਹੋ ਗਈ ਹੈ। ਸਰਕਾਰ ਵੱਲੋਂ ਭਾਵੇਂ ਹਾਲਾਤ 'ਤੇ ਕਾਬੂ ਪਾਉਣ ਦੇ ਲੱਖ ਦਾਅਵੇ ਕੀਤੇ ਜਾ ਰਹੇ ਹਨ ਪਰ ਸੂਬੇ ਦੇ ਬਹੁਤੇ ਅਰਧ-ਸਰਕਾਰੀ ਅਦਾਰੇ ਵਿੱਤੀ ਸੰਕਟ 'ਚ ਘਿਰੇ ਹੋਏ ਹਨ। ਕਈ ਬੋਰਡਾਂ ਤੇ ਕਾਰਪੋਰੇਸ਼ਨਾਂ 'ਚ ਸਟਾਫ ਦੀ ਘਾਟ ਰੜਕ ਰਹੀ ਹੈ ਤੇ ਕਈ ਅਦਾਰਿਆਂ 'ਚ ਠੇਕੇ 'ਤੇ ਭਰਤੀ ਕਰਕੇ ਬੁੱਤਾ ਸਾਰਿਆ ਜਾ ਰਿਹਾ ਹੈ। ਦੂਸਰੇ ਪਾਸੇ ਸੂਬਾ ਸਰਕਾਰ ਵੱਲੋਂ ਸਿਆਸੀ ਅਧਾਰ 'ਤੇ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ ਨਿਯੁਕਤ ਕਰਕੇ ਵਾਧੂ ਵਿੱਤੀ ਬੋਝ ਪਾਇਆ ਜਾ ਰਿਹਾ ਹੈ। ਕਿਸੇ ਵੇਲੇ ਪੰਜਾਬ ਦੀ ਬਿਹਤਰੀਨ ਪਬਲਿਕ ਟਰਾਂਸਪੋਰਟ ਮੰਨੀ ਜਾਂਦੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਸਮੇਤ ਹੋਰ ਕਈ ਕਾਰਪੋਰੇਸ਼ਨਾਂ ਘਾਟੇ ਦਾ ਸ਼ਿਕਾਰ ਹੋ ਚੁੱਕੀਆਂ ਹਨ। ਵੱਖ-ਵੱਖ ਬੋਰਡਾਂ ਤੇ ਕਾਰਪੋਰੇਸ਼ਨਾਂ ਤੋਂ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਹਾਸਲ ਕੀਤੀ ਜਾਣਕਾਰੀ ਮੁਤਾਬਕ ਕਈ ਅਰਧ-ਸਰਕਾਰੀ ਅਦਾਰੇ ਲੰਮੇ ਸਮੇਂ ਤੋਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਪੀ.ਆਰ.ਟੀ.ਸੀ. ਦਾ ਘਾਟਾ ਪਿਛਲੇ ਪੰਜ ਸਾਲਾਂ ਦੌਰਾਨ 74 ਫੀਸਦੀ ਦੇ ਕਰੀਬ ਵੱਧ ਚੁੱਕਾ ਹੈ। ਜਿਥੇ ਸਾਲ 2007-08 ਦੌਰਾਨ ਪੀ.ਆਰ.ਟੀ.ਸੀ. ਦਾ ਘਾਟਾ 268 ਲੱਖ ਰੁਪਏ ਸੀ, ਉਹ ਸਾਲ 2011-12 ਦੌਰਾਨ ਵਧ ਕੇ 1046 ਲੱਖ ਰੁਪਏ ਹੋ ਗਿਆ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333

UMA Disability Center
(A Not for Profit Organization)
SERVING THE DISABLED COMMUNITY SINCE 1999

97% SUCCESS RATE

500 ਤੋਂ 2800 ਡਾਲਰ ਮਹੀਨਾ ਡਿਸਏਬਿਲਟੀ ਲੈ ਸਕਦੇ ਹੋ

ਫੀਸ ਸਿਰਫ ਕੇਸ ਪਾਸ ਹੋ ਜਾਣ ਤੋਂ ਬਾਅਦ

ਸਿਰਫ ਮੁਢਲਾ ਡਿਪਾਜ਼ਿਟ ਦੇਣਾ ਪਵੇਗਾ

ALL 50 STATES

- ਸਟੇਟ ਡਿਸਏਬਿਲਟੀ (TANF)
- ਫੈਡਰਲ ਡਿਸਏਬਿਲਟੀ (SSI, SSDI)
- ਬਿਨਾ ਪ੍ਰੀਖਿਆ ਸਿਟੀਜ਼ਨਸ਼ਿਪ (N-648 Waiver)
- Member NOSSCR; NADR; ADRSA
- ਸਾਡੇ ਡਿਸਏਬਿਲਟੀ ਸਲਾਹਕਾਰਾਂ ਪਾਸ ਡਿਸਏਬਿਲਟੀ ਬਾਰੇ ਦੱਸਣ, ਇਸ ਦੇ ਮੁਲੰਕਣ ਅਤੇ ਇਲਾਜ ਬਾਰੇ 20 ਸਾਲ ਦਾ ਤਜ਼ਰਬਾ ਹੈ
- ਕੋਈ ਵੀ ਮੈਡੀਕਲ ਸਮੱਸਿਆ ਹੋਵੇ

www.umadisabilitycenter.org



Sharif Rahman, Sc.D.
Disability Consultant



Eric W. Frazier, Esq.
Attorney at Law

NEW YORK : 40-22 74th Street, Elmhurst, NY 11373
Tel: 718.290.6500, Fax: 718.732.1858, Cell: 718-280-6500
PENNSYLVANIA : 108 New Alexander St., Wilkes Barre, PA 18702, Tel: 570.606.3720
LOS ANGELES : 22156, Sherman Way, Suite C1, Canoga Park, CA 91303
Tel: 818-703-7000, Fax: 818-703-7003, Cell: 323-510-1100
SAN FRANCISCO: 170 A South Spruce Ave., South San Francisco, CA 94080
TEL: 650-952-6000, FAX: 650-873-5000



Tej

WEST COAST AUTO REPAIR

A Complete Auto Repair Shop

Foreign & Domestic Cars/Trucks



Sam

*"Your shield against the hazards of the road"*



- Oil Change $19.95 + Disposal Fee
- Free towing within 5 mile radius
- Brake inspection FREE if work done here

*All Work Guarantee*

TUNE UP • BRAKES • AIR CONDITIONING • TRANSMISSION • ENGINE • FUEL INJECTORS • OIL CHANGE



400 MOWRY AVE., FREMONT • 510-791-2600 • MON-SAT - 8:30 - 6PM

ਪੰਜਾਬ ਟਾਈਮਜ਼

*ਸ਼ਨਿਚਰਵਾਰ, 3 ਨਵੰਬਰ 2012*

## ਨਵੰਬਰ '84: ਸਵਾਲ ਦਰ ਸਵਾਲ

ਤਿੰਨ ਦਹਾਕਿਆਂ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਇਸ ਸਮੇਂ ਦੌਰਾਨ ਤਕਰੀਬਨ ਦੋ ਪੀੜ੍ਹੀਆਂ ਜਵਾਨ ਹੋ ਜਾਂਦੀਆਂ ਹਨ। ਦੋ ਪੀੜ੍ਹੀਆਂ ਦਾ ਮੋਟਾ ਜਿਹਾ ਮਤਲਬ ਜ਼ਿੰਦਗੀ ਦੇ ਕਾਫਲੇ ਦੇ ਦੋ ਕਦਮ ਹਨ। ਕਾਫਲਾ ਕਦੀ ਰੁਕਦਾ ਨਹੀਂ। ਇਸ ਦਾ ਇਕ ਹੀ ਤਾਂ ਅਰਥ ਹੁੰਦਾ ਹੈ-ਲਗਾਤਾਰ ਸਫਰ। ਦੋ ਪੀੜ੍ਹੀਆਂ ਦੇ ਵਕਤਾਂ ਵਿਚ ਫੈਲੇ ਇਹ ਅਹਿਮ ਦੋ ਕਦਮ, ਕੀ ਸੱਚ-ਮੁੱਚ ਹੀ ਅਗਾਂਹ ਪੁੱਟੇ ਗਏ ਹਨ? ਜਾਂ ਅਸੀਂ ਇਕੋ ਥਾਂ ਉਤੇ ਖੜ੍ਹੇ, ਦੋ ਕਦਮ ਅਗਾਂਹ ਨਿਕਲਣ ਦਾ ਭਰਮ ਪਾਲੀ ਬੈਠੇ ਹਾਂ? ਨਵੰਬਰ '84 ਦੇ ਘੱਲੂਘਾਰੇ ਦਾ ਦਰਦ ਉਂਜ ਦਾ ਉਂਜ ਹੈ, ਇਹ ਮੱਠਾ ਹੋਣ ਦਾ ਨਾਂ ਨਹੀਂ ਲੈ ਰਿਹਾ। ਇਹ ਦਰਦ ਅਕਸਰ ਚਸਕਦਾ ਹੈ ਤਾਂ ਚੇਤਿਆਂ ਵਿਚ ਬਹੁਤ ਹੌਲਨਾਕ ਮੰਜ਼ਰ ਉਭਰਦੇ ਹਨ। ਧੁਖਦੇ ਦਿਲਾਂ ਵਿਚ ਇਹ ਮੰਜ਼ਰ ਸਦਾ ਸਦਾ ਲਈ ਸਾਂਭੇ ਗਏ ਹਨ। ਪਿਛਲੇ ਸਾਲ ਜਨਵਰੀ ਵਿਚ ਉਸ ਵਕਤ ਇਸ ਦਰਦ ਵਿਚ ਹੋਰ ਵਾਧਾ ਹੋ ਗਿਆ ਸੀ ਜਦੋਂ 1984 ਵਿਚ ਹੀ ਪਿੰਡ ਹੋਂਦ-ਚਿੱਲੜ ਵਿਚ ਵਾਪਰਿਆ ਕਾਂਡ ਸਾਹਮਣੇ ਆਇਆ ਸੀ। ਇਸ ਕਾਂਡ ਬਾਰੇ ਪਤਾ ਲੱਗਿਆਂ, ਹੋਰ ਦੋ ਮਹੀਨਿਆਂ ਨੂੰ ਦੋ ਸਾਲ ਹੋ ਜਾਣੇ ਹਨ, ਪਰ ਹਾਲਾਤ ਦੀ ਸਿਤਮਜ਼ਰੀਫੀ ਦੇਖੋ ਕਿ ਇਸ ਕੇਸ ਵਿਚ ਹੋਈ ਪ੍ਰਗਤੀ ਅਜੇ ਵੀ ਕਾਗਜ਼ਾਂ ਦੇ ਉਹਲੇ ਵਿਚ ਪਈ ਹੈ। ਕੀ ਅਸੀਂ ਕਿਤੇ ਆਪਣੇ ਇਨ੍ਹਾਂ ਦਰਦਾਂ ਦੀਆਂ ਰਸਮੀ ਬਰਸੀਆਂ ਮਨਾਉਣ ਦੇ ਰਾਹ ਤਾਂ ਨਹੀਂ ਪੈ ਗਏ? ਇਹ ਅੱਜ ਦਾ ਸਭ ਤੋਂ ਵੱਡਾ ਅਤੇ ਤੰਗ ਕਰਨ ਵਾਲਾ ਸਵਾਲ ਹੈ। ਤੰਗ ਕਰਨ ਵਾਲਾ ਇਸ ਕਰਕੇ ਕਿ ਜੇ ਅਸੀਂ ਹੁਣ ਸਿਰਫ ਰਸਮ ਖਾਤਿਰ ਹੀ ਸਾਲ ਬਾਅਦ ਨਵੰਬਰ 1984 ਦੇ ਇਸ ਘੱਲੂਘਾਰੇ ਨੂੰ ਯਾਦ ਕਰਦੇ ਹਾਂ, ਤਾਂ ਇਸ ਦਾ ਸਿੱਧਾ ਜਿਹਾ ਅਰਥ ਤਾਂ ਇਹੀ ਨਿਕਲਦਾ ਹੈ ਕਿ ਅਸੀਂ ਵੀ ਹੁਣ ਅਚੇਤ ਜਾਂ ਸੁਚੇਤ ਸਿਆਸਤ ਦੀ ਕੋਝੀ ਖੇਡ ਦਾ ਹਿੱਸਾ ਬਣ ਗਏ ਹਾਂ ਅਤੇ ਗਿਣ ਗਿਣ ਗੋਟੀਆਂ ਸੁੱਟ ਰਹੇ ਸਿਆਸਤਦਾਨਾਂ ਜਿੰਨੇ ਹੀ ਮਤਲਬਪ੍ਰਸਤ ਹੋ ਗਏ ਹਾਂ। ਅਜਿਹਾ ਸੁਣਨਾ/ਪੜ੍ਹਨਾ ਔਖਾ ਤਾਂ ਹੈ, ਕਿਉਂਕਿ ਇਹ ਦਰਦ ਦਿਲਾਂ ਉਤੇ ਬਹੁਤ ਡੂੰਘੀ ਚੋਟ ਕਰਦਾ ਹੈ ਪਰ ਕੌੜਾ ਸੱਚ ਇਹੀ ਹੈ।

ਹੋਂਦ-ਚਿੱਲੜ ਕਾਂਡ ਦੀ ਮਿਸਾਲ ਹੀ ਲੈ ਲਓ। ਦੋ ਸਾਲਾਂ ਬਾਅਦ ਵੀ ਸਰਕਾਰੀ ਜਾਂਚ ਉਥੇ ਦੀ ਉਥੇ ਖੜ੍ਹੀ ਹੈ। ਮਾਮਲੇ ਨੂੰ ਲਟਕਾਉਣਾ ਤਾਂ ਅਗਲਿਆਂ ਦੀ ਸਿਆਸਤ ਦਾ ਖਾਸ ਸੰਦ ਹੈ, ਤਰੀਕਾਕਾਰ ਹੈ; ਪਰ ਇਸ ਕਾਂਡ ਬਾਰੇ ਆਪਣੇ ਪੱਧਰ ਉਤੇ ਜਾਂਚ ਕਰਵਾਉਣ ਉਤੇ ਤਾਂ ਕਿਸੇ ਪ੍ਰਕਾਰ ਦੀ ਕੋਈ ਪਾਬੰਦੀ ਨਹੀਂ ਹੈ। ਸਾਡੇ ਆਪਣੇ ਲਈ ਇਹ ਸਵਾਲ ਬਣਦਾ ਹੈ ਕਿ ਅਸੀਂ ਆਪ ਇਹ ਪੈਂਡਾ ਕਿੰਨਾ ਕੁ ਤੈਅ ਕੀਤਾ ਹੈ? ਇਹ ਸਵਾਲ ਸਿਰਫ ਇਸ ਲਈ ਹੈ ਕਿ ਬਰਸੀਆਂ ਮਨਾਉਣ ਦੇ ਰਾਹ ਪਈ ਖਲਕਤ ਉਸੇ ਤਰ੍ਹਾਂ ਹੁਣ ਵੀ ਅੰਨ੍ਹੀਆਂ ਗਲੀਆਂ ਵਿਚ ਚੱਕਰ ਕੱਟ ਰਹੀ ਹੈ ਜਿਸ ਤਰ੍ਹਾਂ ਇੰਨੇ ਦਹਾਕਿਆਂ ਤੋਂ ਸੱਤਾ ਉਤੇ ਕਾਬਜ਼ ਲੋਕਾਂ ਨੇ ਉਨ੍ਹਾਂ ਨੂੰ ਅਜਿਹੀਆਂ ਹੋਰ ਅੰਨ੍ਹੀਆਂ ਗਲੀਆਂ ਦੇ ਰਾਹ ਪਾਇਆ ਹੋਇਆ ਹੈ। ਸਿਆਸਤਦਾਨਾਂ ਦੀ ਚਲਾਕੀ ਨੇ ਸਾਨੂੰ ਸਭ ਨੂੰ ਇਨ੍ਹਾਂ ਅੰਨ੍ਹੀਆਂ ਗਲੀਆਂ ਵਿਚ ਵਾੜਿਆ ਹੋਇਆ ਹੈ ਅਤੇ ਅਸੀਂ ਬਹੁਤ ਸਹਿਜ ਨਾਲ ਇਨ੍ਹਾਂ ਦੀ ਮਾਰ ਹੇਠ ਆਏ ਹੋਏ ਹਾਂ ਅਤੇ ਸੁਚੇਤ ਪੱਧਰ 'ਤੇ ਇਸ ਵਿਚੋਂ ਨਿਕਲਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਇਹ ਸਵਾਲ ਇਸ ਲਈ ਵੀ ਅਹਿਮ ਹੈ ਕਿ ਧਰਮ ਦੇ ਮਾਮਲੇ ਕਰਕੇ, ਅਸੀਂ ਜਿਨ੍ਹਾਂ ਕਮਿਊਨਿਸਟਾਂ ਭਾਈਆਂ ਨੂੰ ਨਫਰਤ ਕਰਨ ਦੀ ਹੱਦ ਤੱਕ ਰੱਦ ਕਰਦੇ ਰਹੇ ਹਾਂ, ਉਨ੍ਹਾਂ ਨੇ 31 ਅਕਤੂਬਰ ਤੋਂ 10 ਨਵੰਬਰ 1984 ਤੱਕ ਦੀਆਂ ਘਟਨਾਵਾਂ ਬਾਰੇ ਸਿੱਖਾਂ ਦੇ ਕਤਲੇਆਮ ਦੀ ਆਪਣੀ ਆਜ਼ਾਦ ਜਾਂਚ ਰਿਪੋਰਟ 'ਦੋਸ਼ੀ ਕੌਣ?' (ਹੂ ਆਰ ਦਿ ਗਿਲਟੀ?) ਉਦੋਂ ਤੁਰੰਤ ਨਸ਼ਰ ਕਰ ਦਿੱਤੀ ਸੀ ਅਤੇ ਇਹੀ ਰਿਪੋਰਟ ਅਗਾਂਹ ਹੋਂਦ ਵਿਚ ਆਈਆਂ ਕਈ ਰਿਪੋਰਟਾਂ ਦਾ ਆਧਾਰ ਬਣੀ ਸੀ। ਅਸੀਂ ਹੋਂਦ ਚਿੱਲੜ ਬਾਰੇ ਅਜਿਹੀ ਰਿਪੋਰਟ ਅਜੇ ਤੱਕ ਵੀ ਤਿਆਰ ਨਾ ਕਰ ਸਕੇ! ਕਿਉਂ? ਇਤਿਹਾਸ ਇਸ ਦਾ ਜਵਾਬ ਸਾਡੇ ਪਾਸੋਂ ਜ਼ਰੂਰ ਮੰਗੇਗਾ।

ਇਸ ਤੋਂ ਵੀ ਵੱਡਾ ਸਵਾਲ 1947 ਦੇ ਘੱਲੂਘਾਰੇ ਬਾਰੇ ਹੈ। ਉਸ ਬਾਰੇ ਅਸੀਂ ਇੰਨਾ ਕੁ ਦਰਦ ਵੰਡਾ ਕੇ ਚੁੱਪ ਹੋ ਜਾਂਦੇ ਹਾਂ ਕਿ ਉਸ ਵਕਤ ਪਤਾ ਨਹੀਂ ਕਿਉਂ ਅਜਿਹਾ ਹੋ ਗਿਆ ਸੀ? ਲੋਕ ਰਾਤੋ-ਰਾਤ ਦਰਿੰਦੇ ਪਤਾ ਨਹੀਂ ਕਿਸ ਤਰ੍ਹਾਂ ਬਣ ਗਏ ਸਨ ਅਤੇ ਇਕ-ਦੂਜੇ ਦੇ ਲਹੂ ਦੇ ਪਿਆਸੇ ਹੋ ਗਏ ਸਨ? ਅਸਲ ਵਿਚ ਸਾਡੀ ਇਹੀ ਸੋਚ ਸਾਡੇ 84 ਵਾਲੇ ਦਰਦ ਨੂੰ ਵਧਾਉਂਦੀ ਹੈ। ਇਸੇ ਕਰ ਕੇ ਹੀ 1947 ਦੇ ਕਾਤਲਾਂ ਉਤੇ ਉਂਗਲੀ ਰੱਖਣ ਦੀ ਸਾਡੀ ਕਦੀ ਹਿੰਮਤ ਨਹੀਂ ਪੈਂਦੀ ਅਤੇ ਅਸੀਂ ਰੋ-ਪਿੱਟ ਕੇ ਸਾਰ ਲੈਂਦੇ ਹਾਂ; ਹੋਰ ਨਹੀਂ ਤਾਂ ਆਪਣੇ ਆਪ ਨੂੰ ਦੋਸ਼ੀ ਸਵੀਕਾਰ ਕਰ ਲੈਂਦੇ ਹਾਂ; ਅਤੇ ਫਿਰ 1984 ਦੇ ਕਾਤਲਾਂ ਦਾ ਪਤਾ ਹੋਣ ਦੇ ਬਾਵਜੂਦ, ਗੱਲ ਸਿਆਸਤ ਦੀਆਂ ਅੰਨ੍ਹੀਆਂ ਗਲੀਆਂ ਵਿਚ ਘੜੀਸੀ ਫਿਰਦੇ ਹਾਂ, ਸਰਬੱਤ ਦੇ ਵਿਹੜੇ ਵਿਚ ਨਹੀਂ ਲੈ ਕੇ ਆਉਂਦੇ। ਸ਼ਾਇਦ ਇਸੇ ਕਰ ਕੇ ਗੱਲ ਬਦਲਦੀ-ਵਟਦੀ ਆਖਰਕਾਰ ਨਫਰਤ ਦੇ ਹੋਕਰੇ ਵਿਚ ਤਬਦੀਲ ਹੋਈ ਜਾਂਦੀ ਹੈ। ਖੈਰ! ਸਵਾਲਾਂ ਦਾ ਇਹ ਸਿਲਸਿਲਾ ਇਸ ਕਰ ਕੇ ਛੇੜਿਆ ਹੈ ਤਾਂ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਵੱਲ ਅਹੁਲਿਆ ਜਾਵੇ ਅਤੇ ਅਗਾਂਹ ਵਧਿਆ ਜਾਵੇ। ਨਫਰਤ ਦੀ ਅੱਗ ਬਾਲ ਕੇ ਤੰਗ ਕਰ ਰਹੇ ਇਨ੍ਹਾਂ ਸਵਾਲਾਂ ਦੇ ਰੂ-ਬ-ਰੂ ਨਹੀਂ ਹੋਇਆ ਜਾ ਸਕਦਾ। ਇਹ ਸਵਾਲ ਉਸ ਹਿੰਸਕ ਬਿਰਤੀ ਦੀ ਪੈੜ ਨੱਪਣ ਵੱਲ ਪਹਿਲਾ ਕਦਮ ਹੈ ਜਿਸ ਰਾਹੀਂ ਕੁਝ ਲੋਕ, ਖਲਕਤ ਲਈ ਅੰਨ੍ਹੀਆਂ ਗਲੀਆਂ ਵਿਚ ਹੀ ਘੁੰਮਦੇ ਰਹਿਣ ਦਾ ਸਾਮਾਨ ਤਿਆਰ ਕਰ ਰਹੇ ਹਨ। ਸਿੱਖੀ ਦਾ ਸੁਨੇਹਾ 'ਸਰਬੱਤ ਦਾ ਭਲਾ' ਮੰਗਣਾ ਹੈ। ਇਸ ਮੰਗ ਦੀ ਹਰ ਲੜੀ, ਹਰ ਸਵਾਲ ਦੇ ਜਵਾਬ ਲਈ ਅਹੁਲਦੀ ਹੈ। ਸਰਬੱਤ ਦਾ ਇਹ ਸੁਨੇਹਾ ਦੁਸ਼ਮਣੀ ਨਹੀਂ, ਸਗੋਂ ਦੋਸਤੀ ਦੇ ਮਾਰਗ ਲਈ ਕਿਵਾੜ ਖੋਲ੍ਹਦਾ ਹੈ। ਇਸ ਦਾ ਲੜ ਨਹੀਂ ਛੁੱਟਣਾ ਚਾਹੀਦਾ। ਇਹ ਬਿਖੜਾ ਪੈਂਡਾ ਹੈ ਪਰ ਨਾਇਕ ਸਦਾ ਔਖੇਰੀ, ਚੌਥੀ ਕੂਟ ਵੱਲ ਹੀ ਕੂਚ ਕਰਦੇ ਹੁੰਦੇ ਹਨ। ਚੌਥੀ ਕੂਟ ਵੱਲ ਸਫਰ ਹੀ ਇਸ ਦਰਦ ਦੀ ਦਵਾ ਹੈ। ਇਸ ਦਵਾ ਦਾ ਸਿਖਰ ਸਰਬੱਤ ਦੇ ਭਲੇ ਦੀ ਦੁਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

***ਭ੍ਰਿਸ਼ਟਾਚਾਰੀਆਂ ਦਾ ਕੁਫ਼ਰ!***

ਕਾਲੇ ਧਨ ਦੇ ਜਿਨ੍ਹਾਂ ਅੰਬਾਰ ਲਾਏ, ਉਹੀਓ ਜਿੱਤਦੇ ਵੋਟਾਂ ਦੀ ਰੇਸ ਵਿਚੋਂ।
ਦਿਲਾਂ ਵਿਚ ਖੁਦਗਰਜ਼ੀਆਂ ਖੋਟ ਭਰਿਆ, ਦੇਸ ਪਿਆਰ ਦੀ ਮੁੱਕੀ ਏ ਲੇਸ ਵਿਚੋਂ।
ਕੱਢੇ ਦੰਦੀਆਂ ਟੀ.ਵੀ. 'ਤੇ ਬੋਲਦਾ ਉਹ, ਤਾਜ਼ਾ ਆਇਆ ਜ਼ਮਾਨਤੀ ਕੇਸ ਵਿਚੋਂ।
ਵਰ੍ਹਿਆਂ ਤੀਕ ਮੁਕੱਦਮੇ ਰਹਿਣ ਚਲਦੇ, ਕੁਝ ਨ੍ਹੀਂ ਨਿਕਲਦਾ ਅੰਤ ਨੂੰ ਏਸ ਵਿਚੋਂ।
ਮੋਮੋਠਗਣੀਆਂ ਮਾਰਦੇ ਕਰਨ ਦਾਅਵੇ, ਲੋਕੀਂ ਜਾਣਦੇ ਅਸਲ ਨਹੀਂ ਭੇਸ ਵਿਚੋਂ।
ਘਪਲੇਬਾਜ਼ ਵੀ ਰੋਜ ਹੀ ਕਹੀ ਜਾਂਦੇ, ਭ੍ਰਿਸ਼ਟਾਚਾਰ ਮੁਕਾਉਣਾ ਏ ਦੇਸ ਵਿਚੋਂ!

# ਪੰਜਾਬੀ ਘੱਲੂਘਾਰੇ ਦੇ ਜ਼ਿੰਮੇਵਾਰ ਕੌਣ?

***ਇਹ ਪੰਜਾਬੀ ਘੱਲੂਘਾਰਾ ਸੀ ਜਿਸ 'ਚ ਘੱਟੋ-ਘੱਟ 10 ਲੱਖ ਬੰਦਾ ਮਰਿਆ। ਇਸ 'ਚ ਸਿਰਫ਼ ਮੁਸਲਮਾਨਾਂ ਦੀ ਗਿਣਤੀ 5 ਤੋਂ 6 ਲੱਖ ਦੱਸੀ ਜਾਂਦੀ ਹੈ। ਉਹ ਔਰਤਾਂ ਜਿਨ੍ਹਾਂ ਨਾਲ ਬਲਾਤਕਾਰ ਹੋਇਆ ਜਾਂ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਲਿਆ ਗਿਆ, ਉਨ੍ਹਾਂ ਦੀ ਗਿਣਤੀ ਵੀ ਲੱਖਾਂ 'ਚ ਹੈ। ਪੂਰੀ ਇਨਸਾਨੀ ਤਾਰੀਖ 'ਚ ਅੱਜ ਤੱਕ ਕਦੇ ਵੀ 4 ਕਰੋੜ ਬੰਦਿਆਂ ਨੂੰ ਇਕੱਠਿਆਂ ਘਰ-ਬਾਰ ਛੱਡ ਕੇ ਕਿਤੇ ਉੱਜੜਨਾ ਨਹੀਂ ਪਿਆ ਪਰ 4 ਕਰੋੜ ਪੰਜਾਬੀ ਉੱਜੜੇ। ਜ਼ੁਲਮ ਦੀ ਇੰਤਹਾ ਹੋ ਗਈ। ਇਸ ਸਰਵਨਾਸ਼ ਰਾਹੀਂ ਪੰਜਾਬੀਆਂ ਨਾਲ ਜੋ-ਜੋ ਹੋਇਆ, ਉਸ ਦੇ ਸਾਹਮਣੇ ਬਾਕੀ ਘੱਲੂਘਾਰੇ ਹੀਣੇ ਲੱਗਦੇ ਹਨ ਪਰ ਅੱਜ ਤਕ ਨਾ ਤਾਂ ਕਿਸੇ ਪੰਜਾਬੀ ਨੇ ਇਸ ਵਿਰੁੱਧ ਆਵਾਜ਼ ਉਠਾਈ ਤੇ ਨਾ ਹੀ ਇਸ ਦੀ ਤਫ਼ਤੀਸ਼ ਕਰਵਾਉਣ ਦੀ ਮੰਗ ਕੀਤੀ ਹੈ। ਇਸ ਘੱਲੂਘਾਰਾ 'ਤੇ ਇਸ ਤਰ੍ਹਾਂ ਪਰਦਾ ਪਾਇਆ ਗਿਆ ਹੈ ਕਿ ਜੇ ਤੁਸੀਂ ਇੰਟਰਨੈਟ ਫਰੋਲੋ ਤਾਂ ਦੁਨੀਆਂ ਦੇ ਵੱਡੇ ਘੱਲੂਘਾਰਿਆਂ 'ਚ ਇਸ ਦਾ ਕਿਤੇ ਜ਼ਿਕਰ ਹੀ ਨਹੀਂ ਹੈ। ਕਿਉਂ?***

ਸਾਰੀ ਜ਼ਿੰਦਗੀ ਮੈਂ ਆਪਣੀ ਪਛਾਣ ਦੀ ਭਾਲ ਦਾ ਮੁਸਾਫਿਰ ਰਿਹਾ ਹਾਂ। ਇਸ ਸਫਰ ਦੀ ਪਹਿਲ ਮੇਰੇ ਪਿੰਡੋਂ ਹੋਈ ਜਿਥੇ ਮੈਨੂੰ ਪਹਿਲੀ ਪਛਾਣ ਸੱਯਦ ਅਤੇ ਜ਼ਿਮੀਂਦਾਰ ਦੇ ਪੁੱਤਰ ਦੀ ਮਿਲੀ ਪਰ ਜਿਉਂ-ਜਿਉਂ ਅੱਗੇ ਤੁਰਿਆ, ਇਹ ਪਛਾਣ ਬਦਲਦੀ ਗਈ। ਸਵੀਡਨ ਆਉਣ ਤੋਂ ਪਹਿਲਾਂ ਮੇਰੀ ਗੋਲ-ਮੋਲ ਜਿਹੀ ਪਛਾਣ ਸੀ, ਮੇਰਾ ਇਕ ਨਾਂ ਸੀ। ਕੁਝ ਲੋਕ ਮੈਨੂੰ ਲਿਖਾਰੀ ਹੋਣ ਦੇ ਨਾਤੇ ਪਛਾਣਦੇ ਸਨ, ਕੁਝ ਪੱਤਰਕਾਰ ਅਤੇ



**ਜਸਟਿਸ ਸੱਯਦ ਆਸਿਫ਼ ਸ਼ਾਹਕਾਰ**

ਟੀ.ਵੀ. ਪ੍ਰੋਡਿਊਸਰ ਵਜੋਂ ਤੇ ਕੁਝ ਮੈਨੂੰ ਮੇਰੇ ਸਿਆਸੀ ਪਿਛੋਕੜ ਰਾਹੀਂ ਜਾਣਦੇ ਸਨ। ਇਸ ਤੋਂ ਵੱਖ ਹੋਰ ਵੀ ਮੇਰੀਆਂ ਕਈ ਪਛਾਣਾਂ ਸਨ ਜੋ ਇਕ-ਦੂਜੇ 'ਚ ਰਲ-ਮਿਲ ਗਈਆਂ ਸਨ। ਸਵੀਡਨ ਆ ਕੇ ਮੇਰੀਆਂ ਸਾਰੀਆਂ ਪਛਾਣਾਂ ਗੁਆਚ ਗਈਆਂ ਅਤੇ ਮੈਂ ਕੋਰੇ ਕਾਗਜ਼ ਵਾਂਗ ਹੋ ਗਿਆ ਜਿਸ ਉਤੇ ਮੈਨੂੰ ਨਵੀਂ ਪਛਾਣ ਦੀ ਚਿੱਤਰਕਾਰੀ ਕਰਨੀ ਪਈ। ਇਹ ਮੂਰਤ ਸਵੀਡਿਸ਼ ਸਮਾਜ 'ਚ ਬਣਨੀ ਸ਼ੁਰੂ ਹੋਈ ਅਤੇ ਮੈਂ ਆਪਣੇ-ਆਪ ਨੂੰ ਸਵੀਡਿਸ਼ ਬਣਾਉਣ ਲੱਗ ਪਿਆ। ਮੈਂ ਸਵੀਡਿਸ਼ ਬਣਨ 'ਚ ਤਾਂ ਕਾਮਯਾਬ ਨਾ ਹੋਇਆ ਪਰ ਮੈਨੂੰ ਪਤੇ ਦੀਆਂ ਦੋ ਗੱਲਾਂ ਦੀ ਜਾਣਕਾਰੀ ਹੋਈ। ਪਹਿਲੀ ਇਹ ਕਿ ਸਵੀਡਿਸ਼ ਸਮਾਜ 'ਚ ਬੰਦੇ ਦੀ ਪਛਾਣ ਕਿਵੇਂ ਬਣਦੀ ਹੈ। ਦੂਜੀ ਇਹ ਕਿ ਮੈਂ ਭਾਵੇਂ ਕੁਝ ਹੋਰ ਬਣਨ ਲਈ ਜਿੰਨਾ ਮਰਜ਼ੀ ਜ਼ੋਰ ਲਗਾ ਲਵਾਂ, ਮੁੜ-ਘਿੜ ਕੇ ਮੈਂ ਪੰਜਾਬੀ ਹੀ ਹਾਂ। ਜਦ ਮੈਂ ਇਸ ਸਵੀਡਿਸ਼ ਕਸੌਟੀ ਨਾਲ ਪੰਜਾਬੀ ਸਮਾਜ ਨੂੰ ਪਰਖਿਆ ਤਾਂ ਹੋਰ ਗੱਲਾਂ ਤੋਂ ਵੱਖ ਮੈਨੂੰ ਇਕ ਖਾਸ ਗੱਲ ਦਾ ਪਤਾ ਲੱਗਾ ਕਿ ਪੰਜਾਬੀ ਸਮਾਜ ਮਨਾਹੀ ਨਾਲ ਭਰਿਆ ਪਿਆ ਹੈ ਅਤੇ ਇਹ ਮਨਾਹੀਆਂ ਅਜਿਹੀ ਤਾਕਤ ਹਨ ਜਿਨ੍ਹਾਂ ਨੇ ਹਰ ਪੰਜਾਬੀ ਨੂੰ ਸ਼ਿਕੰਜੇ 'ਚ ਕੱਸਿਆ ਹੋਇਆ ਹੈ। ਇਸ ਸ਼ਿਕੰਜੇ 'ਚ ਉਸ ਦੀ ਹਾਲਤ ਉਸ ਬੰਦੇ ਵਰਗੀ ਹੈ ਜਿਸ ਦਾ ਗਲ ਘੁੱਟਿਆ ਜ ਰਿਹਾ ਹੋਵੇ, ਉਸ ਦੇ ਡੇਲੇ ਬਾਹਰ ਨਿਕਲ ਆਏ ਹੋਣ ਅਤੇ ਉਸ ਦੇ ਸੰਘ 'ਚੋਂ ਆਵਾਜ਼ ਫਸ-ਫਸ ਕੇ ਨਿਕਲ ਰਹੀ ਹੋਵੇ। ਇਨ੍ਹਾਂ 'ਚੋਂ ਕੁਝ ਮਨਾਹੀਆਂ ਤਾਂ ਪੰਜਾਬੀ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਸੇ 'ਚ ਮਿਲਦੀਆਂ ਆ ਰਹੀਆਂ ਹਨ ਅਤੇ ਕੁਝ ਨਵੀਆਂ ਹਨ। ਇਨ੍ਹਾਂ ਨਵੀਆਂ ਮਨਾਹੀਆਂ 'ਚੋਂ ਇਕ ਮਨਾਹੀ ਸੰਨ 47 ਦਾ ਘੱਲੂਘਾਰਾ ਹੈ। ਕਿਸੇ ਪੰਜਾਬੀ ਨਾਲ ਇਸ ਘੱਲੂਘਾਰੇ ਦੀ ਗੱਲ ਕਰੋ ਤਾਂ ਉਸ ਦਾ ਮੂੰਹ ਭੈੜਾ ਹੋ ਜਾਂਦਾ ਹੈ ਅਤੇ ਉਹ ਇਸ ਗੱਲ ਦਾ ਸਾਹਮਣਾ ਕਰਨ ਤੋਂ ਬਚਣ ਲਈ ਤੁਰੰਤ ਕੋਈ ਖੁੱਡ ਲੱਭਣੀ ਸ਼ੁਰੂ ਕਰ ਦਿੰਦਾ ਹੈ। ਉਹ ਪੂਰੀ ਕੋਸ਼ਿਸ਼ ਕਰਦਾ ਹੈ ਕਿ ਇਸ ਗੱਲ ਨੂੰ ਕਿਸੇ ਕੁੰਜੇ 'ਚ ਪਾ ਕੇ ਉੱਤੇ ਚੁੰਨੀ ਦੇ ਦੇਵੇ। ਇਸ ਕਰਮ 'ਚ ਸਭ ਸ਼ਾਮਿਲ ਨੇ-ਸਿਆਸੀ ਲੀਡਰ, ਮਜ਼ਬੀ ਨੇਤਾ, ਖੋਜੀ, ਵਿਦਵਾਨ ਅਤੇ ਲਿਖਾਰੀ। ਬਦਕਿਸਮਤੀ ਨਾਲ ਇਨ੍ਹਾਂ 'ਚ ਉਹ ਲੋਕ ਵੀ ਸ਼ਾਮਿਲ ਹਨ ਜਿਨ੍ਹਾਂ ਨੇ ਸੰਨ 47 ਆਪ ਹੰਢਾਇਆ।

ਸੰਨ 47 'ਚ ਕੀ ਹੋਇਆ? ਇਸ ਘੱਲੂਘਾਰੇ ਦੀ ਗੱਲ ਕਰਨ ਦੀ ਤਾਂ ਖੈਰ ਮਨਾਹੀ ਹੈ ਹੀ ਪਰ ਇਸ ਤੋਂ ਵੀ ਵੱਡੀ ਮਨਾਹੀ ਇਹ ਹੈ ਕਿ ਇਹ ਕਿਉਂ ਹੋਇਆ? ਜੋ ਸੰਨ 47 'ਚ ਹੋਇਆ, ਇਸ ਤਰ੍ਹਾਂ ਦੁਨੀਆਂ ਦੇ ਇਤਿਹਾਸ 'ਚ ਪਹਿਲਾਂ ਵੀ ਹੋਇਆ ਹੈ ਅਤੇ ਮਗਰੋਂ ਵੀ, ਪਰ ਜਿਥੇ-ਜਿਥੇ ਇਹ ਘੱਲੂਘਾਰਾ ਹੋਇਆ, ਉਸ ਦਾ ਰੌਲਾ ਪਹਿਲੇ ਨੰਬਰ 'ਤੇ ਉਨ੍ਹਾਂ ਲੋਕਾਂ ਨੇ ਪਾਇਆ ਜਿਨ੍ਹਾਂ ਨਾਲ ਇਹ ਘੱਲੂਘਾਰਾ ਵਾਪਰਿਆ। ਮਗਰੋਂ ਉਨ੍ਹਾਂ ਨਾਲ ਇਸ ਰੌਲੇ 'ਚ ਬਾਕੀ ਦੁਨੀਆਂ ਵੀ ਸ਼ਾਮਿਲ ਹੋ ਗਈ। ਇਹੋ ਜਿਹਾ ਘੱਲੂਘਾਰਾ ਦੂਜੀ ਵੱਡੀ ਜੰਗ ਵੇਲੇ ਹੋਇਆ ਜਦੋਂ ਹਿਟਲਰ ਦੇ ਹੁਕਮ 'ਤੇ ਲਗਭਗ 1 ਕਰੋੜ 70 ਲੱਖ ਇਨਸਾਨ ਮਾਰ ਦਿੱਤੇ ਗਏ। ਇਨ੍ਹਾਂ 'ਚ ਰਲੇ-ਮਿਲੇ ਲੋਕ ਸਨ। ਪੱਖੀ ਵਾਸ, ਕਮਿਊਨਿਸਟ, ਇਸਾਈਆਂ ਦੇ ਕੁਝ ਫਿਰਕੇ, ਰੂਸ ਦੇ ਜੰਗੀ ਕੈਦੀ, ਰੂਸੀ ਤੇ ਪੋਲਿਸ਼ ਸ਼ਹਿਰੀ, ਸਮਲਿੰਗੀ, ਅਪਾਹਜ, ਹਿਟਲਰ ਦੇ ਸਿਆਸੀ ਅਤੇ ਮਜ਼ਬੀ ਵਿਰੋਧੀ ਤੇ ਯਹੂਦੀ। ਸਿਰਫ਼ ਯਹੂਦੀਆਂ ਦੀ ਗਿਣਤੀ 60 ਲੱਖ ਸੀ ਜਿਸ ਵਿਚ 10 ਲੱਖ ਬੱਚੇ, 20 ਲੱਖ ਔਰਤਾਂ ਅਤੇ 30 ਲੱਖ ਮਰਦ ਸਨ।

ਅਕਸਰ ਜਦੋਂ ਇਸ ਘੱਲੂਘਾਰੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹ ਸਿਰਫ਼ ਯਹੂਦੀਆਂ ਤੱਕ ਹੀ ਸਿਮਟੀ ਹੁੰਦੀ ਹੈ; ਬਾਕੀ ਇਕ ਕਰੋੜ ਅਤੇ 10 ਲੱਖ ਇਨਸਾਨਾਂ ਦਾ ਘੱਟ ਹੀ ਜ਼ਿਕਰ ਆਉਂਦਾ ਹੈ। ਇਸ ਦਾ ਕਾਰਨ ਯਹੂਦੀ ਹਨ ਜਿਨ੍ਹਾਂ ਨੇ ਇਸ ਹੋਲੋਕਾਸਟ ਦਾ ਹੱਦੋਂ ਵੱਧ ਰੌਲਾ ਪਾਇਆ। ਇਹ ਰੌਲਾ ਇੰਨਾ ਜ਼ਿਆਦਾ ਸੀ ਕਿ ਘੱਲੂਘਾਰਾ ਨਵਾਂ ਵਿਸ਼ਾ ਬਣ ਗਿਆ। ਇਸ 'ਤੇ ਪਤਾ ਨਹੀਂ ਕਿੰਨੀਆਂ ਫ਼ਿਲਮਾਂ ਬਣੀਆਂ, ਕਿੰਨੀ ਖੋਜ ਹੋਈ ਤੇ ਕਿੰਨੀਆਂ ਕਿਤਾਬਾਂ ਲਿਖੀਆਂ ਗਈਆਂ। ਖੌਰੇ ਕਿੰਨੇ ਅਜਾਇਬਘਰ ਤੇ ਯਾਦਗਾਰਾਂ ਬਣੀਆਂ। ਇਸ ਰੌਲੇ ਦੇ ਨਤੀਜੇ ਵਜੋਂ ਯਹੂਦੀਆਂ ਨੇ ਸਾਰੀ ਦੁਨੀਆ ਤੋਂ ਇੰਨੀਆਂ ਹਮਦਰਦੀਆਂ ਹਾਸਿਲ ਕੀਤੀਆਂ ਕਿ ਲਾਡਲੀ ਕੌਮ ਬਣ ਗਏ ਅਤੇ ਆਪਣਾ ਵੱਖਰਾ ਦੇਸ਼ ਇਸਰਾਈਲ ਵੀ ਬਣਾ ਲਿਆ। ਇਸ ਮੁਲਕ 'ਚ ਰਹਿ ਕੇ ਉਹ ਜੋ ਬਦਮਾਸ਼ੀ ਕਰਨ, ਪੱਛਮੀ ਦੁਨੀਆਂ ਉਨ੍ਹਾਂ ਨੂੰ ਪੁੱਛਦੀ ਨਹੀਂ। ਜੇ ਇਹ ਘੱਲੂਘਾਰਾ ਨਾ ਹੋਇਆ ਹੁੰਦਾ ਜਾਂ ਇਸ 'ਤੇ ਇੰਨਾ ਰੌਲਾ ਨਾ ਪਾਇਆ ਗਿਆ ਹੁੰਦਾ ਤਾਂ ਅੱਜ ਇਸਰਾਈਲ ਦਾ ਵਜੂਦ ਵੀ ਨਹੀਂ ਸੀ ਹੋਣਾ। ਇਸ ਰੌਲੇ ਨੇ ਨਾ ਸਿਰਫ਼ ਦੁਨੀਆਂ ਦਾ ਨਕਸ਼ਾ ਬਦਲ ਦਿੱਤਾ, ਸਗੋਂ ਕੌਮਾਂਤਰੀ ਸਿਆਸਤ ਵੀ ਬਦਲ ਦਿੱਤੀ। ਇਸ ਘੱਲੂਘਾਰੇ ਦੇ ਦੋਸ਼ੀਆਂ 'ਤੇ ਮੁਕੱਦਮੇ ਚਲਾਉਣ ਲਈ ਖ਼ਾਸ ਅਦਾਲਤਾਂ ਬਣੀਆਂ, ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਤੇ ਅੱਜ ਤਕ ਮਫ਼ਰੂਰ ਮੁਲਜ਼ਮਾਂ ਨੂੰ ਫੜਨ ਲਈ ਕਾਰਵਾਈਆਂ ਹੁੰਦੀਆਂ ਰਹਿੰਦੀਆਂ ਹਨ।

ਬੰਗਲਾਦੇਸ਼ ਇਕ ਹੋਰ ਮਿਸਾਲ ਹੈ ਜਿਥੇ ਪਾਕਿਸਤਾਨ ਦੀ ਫ਼ੌਜ ਨੇ ਲਗਭਗ 30 ਲੱਖ ਇਨਸਾਨ ਮਾਰੇ। ਆਜ਼ਾਦੀ ਮਗਰੋਂ ਭਾਵੇਂ ਬੰਗਲਾਦੇਸ਼ 'ਚ ਕਈ ਹਕੂਮਤਾਂ ਬਦਲੀਆਂ ਪਰ ਨਾ ਤਾਂ ਸਾਰੀ ਦੁਨੀਆਂ ਇਸ ਘੱਲੂਘਾਰੇ ਨੂੰ ਭੁੱਲੀ ਤੇ ਨਾ ਹੀ ਬੰਗਲਾਦੇਸ਼ ਦੇ ਲੋਕ। ਉਥੇ ਵੀ ਇਸ ਘੱਲੂਘਾਰੇ ਦੇ ਜ਼ਿੰਮੇਵਾਰ ਦੋਸ਼ੀਆਂ ਵਿਰੁੱਧ ਮੁਕੱਦਮੇ ਚਲਾਉਣ ਲਈ ਅਦਾਲਤ ਬਣੀ ਹੋਈ ਹੈ ਜਿਸ 'ਚ ਮੁਕੱਦਮੇ ਚੱਲ ਰਹੇ ਹਨ।

ਇਕ ਹੋਰ ਘੱਲੂਘਾਰਾ 1994 'ਚ ਰਵਾਂਡਾ 'ਚ ਹੋਇਆ ਜਿਸ 'ਚ ਘੱਟੋ-ਘੱਟ 8 ਲੱਖ ਇਨਸਾਨ ਮਾਰੇ ਗਏ। ਇਸ 'ਚ ਮਰਨ ਵਾਲੇ ਬਹੁਤੇ ਟੁਟਸੀ ਨਸਲ ਦੇ ਲੋਕ ਸਨ। ਰਵਾਂਡਾ ਦੇ ਲੋਕਾਂ ਤੋਂ ਵੱਖ ਸਾਰੀ ਦੁਨੀਆ ਇਸ ਘੱਲੂਘਾਰਾ 'ਤੇ ਚੀਕ ਉੱਠੀ ਜਿਸ ਦੇ ਨਤੀਜੇ ਵਜੋਂ ਯੂ.ਐਨ.ਓ. ਹਰਕਤ 'ਚ ਆਈ ਅਤੇ ਬੜੀ ਲੰਮੀ-ਚੌੜੀ ਤਫ਼ਤੀਸ਼ ਹੋਈ ਜਿਸ ਤੋਂ ਬਾਅਦ ਇਸ ਘੱਲੂਘਾਰਾ ਦੇ ਜ਼ਿੰਮੇਵਾਰ ਸਾਹਮਣੇ ਆਏ। ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਦੇ ਵਾਰੰਟ ਨਿਕਲੇ ਅਤੇ ਬਾਅਦ 'ਚ ਵਿਸ਼ੇਸ਼ ਅਦਾਲਤਾਂ ਬਣੀਆਂ ਜਿਨ੍ਹਾਂ 'ਚ ਉਨ੍ਹਾਂ 'ਤੇ ਮੁਕੱਦਮੇ ਚਲਾਏ ਗਏ ਤੇ ਉਨ੍ਹਾਂ ਨੂੰ ਸਜ਼ਾਵਾਂ ਹੋਈਆਂ। ਜੋ ਭਗੌੜੇ ਹਨ, ਉਨ੍ਹਾਂ ਨੂੰ ਫੜਨ ਲਈ ਇੰਟਰਨੈਸ਼ਨਲ ਪੁਲਿਸ ਯਤਨ ਕਰਦੀ ਰਹਿੰਦੀ ਹੈ। ਸਿਰਫ਼ ਇਹੋ ਹੀ ਮਿਸਾਲਾਂ ਨਹੀਂ ਹਨ ਸਗੋਂ ਇਸ ਤੋਂ ਛੋਟੇ ਪੱਧਰ 'ਤੇ ਜਿਵੇਂ ਦਰਫ਼ੁਰ, ਯੂਗੋਸਲਾਵੀਆ, ਸਿਆਰਾ ਲਿਓਨ, ਲਿਬਨਾਨ ਵਗੈਰਾ 'ਚ ਬੇਗੁਨਾਹਾਂ ਦਾ ਜੋ ਘੱਲੂਘਾਰਾ ਹੋਇਆ, ਉਸ 'ਤੇ ਰੌਲਾ ਪਿਆ। ਜਾਂਚਾਂ ਹੋਈਆਂ ਤੇ ਅਦਾਲਤਾਂ ਬਣੀਆਂ। ਹੋਰ ਤਾਂ ਹੋਰ, ਕੀਨੀਆ 'ਚ 2008 ਵਿਚ ਫਿਰਕੂ ਦੰਗੇ ਹੋਏ ਜਿਸ 'ਚ ਸਿਰਫ਼ 13 ਹਜ਼ਾਰ ਬੰਦਾ ਮਾਰਿਆ ਗਿਆ ਅਤੇ ਢਾਈ ਲੱਖ ਬੰਦਿਆਂ ਨੂੰ ਆਪਣੇ ਘਰ ਛੱਡਣੇ ਪਏ। ਇਸ 'ਤੇ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਨੇ ਇਸ ਘੱਲੂਘਾਰਾ ਦੇ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ।

ਹੁਣ ਇਕ ਪਾਸੇ ਤਾਂ ਇਹ ਕਤਲੇਆਮ ਤੇ ਘੱਲੂਘਾਰਾ ਹੈ ਅਤੇ ਦੂਜੇ ਪਾਸੇ ਇਤਿਹਾਸ ਦਾ ਸਭ ਤੋਂ ਭੈੜਾ ਘੱਲੂਘਾਰਾ ਜਿਹੜਾ 1947 ਵਿਚ ਹੋਇਆ। ਇਹ ਪੰਜਾਬੀ ਘੱਲੂਘਾਰਾ ਸੀ ਜਿਸ 'ਚ ਘੱਟੋ-ਘੱਟ 10 ਲੱਖ ਬੰਦਾ ਮਰਿਆ। ਇਸ 'ਚ ਸਿਰਫ਼ ਮੁਸਲਮਾਨਾਂ ਦੀ ਗਿਣਤੀ 5 ਤੋਂ 6 ਲੱਖ ਦੱਸੀ ਜਾਂਦੀ ਹੈ। ਉਹ ਔਰਤਾਂ ਜਿਨ੍ਹਾਂ ਨਾਲ ਬਲਾਤਕਾਰ ਹੋਇਆ ਜਾਂ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਲਿਆ ਗਿਆ, ਉਨ੍ਹਾਂ ਦੀ ਗਿਣਤੀ ਵੀ ਲੱਖਾਂ 'ਚ ਹੈ। ਪੂਰੀ ਇਨਸਾਨੀ ਤਾਰੀਖ 'ਚ ਅੱਜ ਤੱਕ ਕਦੇ ਵੀ 4 ਕਰੋੜ ਬੰਦਿਆਂ ਨੂੰ ਇਕੱਠਿਆਂ ਘਰ-ਬਾਰ ਛੱਡ ਕੇ ਕਿਤੇ ਉੱਜੜਨਾ ਨਹੀਂ ਪਿਆ ਪਰ 4 ਕਰੋੜ ਪੰਜਾਬੀ ਉੱਜੜੇ। ਜ਼ੁਲਮ ਦੀ ਇੰਤਹਾ ਹੋ ਗਈ। ਇਸ ਸਰਵਨਾਸ਼ ਰਾਹੀਂ ਪੰਜਾਬੀਆਂ ਨਾਲ ਜੋ-ਜੋ ਹੋਇਆ, ਉਸ ਦੇ ਸਾਹਮਣੇ ਬਾਕੀ ਘੱਲੂਘਾਰੇ ਹੀਣੇ ਲੱਗਦੇ ਹਨ ਪਰ ਅੱਜ ਤਕ ਨਾ ਤਾਂ ਕਿਸੇ ਪੰਜਾਬੀ ਨੇ ਇਸ ਵਿਰੁੱਧ ਆਵਾਜ਼ ਉਠਾਈ ਤੇ ਨਾ ਹੀ ਇਸ ਦੀ ਤਫ਼ਤੀਸ਼ ਕਰਵਾਉਣ ਦੀ ਮੰਗ ਕੀਤੀ ਹੈ। ਇਸ ਘੱਲੂਘਾਰਾ 'ਤੇ ਇਸ ਤਰ੍ਹਾਂ ਪਰਦਾ ਪਾਇਆ ਗਿਆ ਹੈ ਕਿ ਜੇ ਤੁਸੀਂ ਇੰਟਰਨੈਟ ਫਰੋਲੋ ਤਾਂ ਦੁਨੀਆਂ ਦੇ ਵੱਡੇ ਘੱਲੂਘਾਰਿਆਂ 'ਚ ਇਸ ਦਾ ਕਿਤੇ ਜ਼ਿਕਰ ਹੀ ਨਹੀਂ ਹੈ। ਕਿਉਂ?

ਪੰਜਾਬੀ ਸੱਭਿਆਚਾਰ 'ਚ ਕਿਸੇ ਪਿਓ, ਭਰਾ, ਪੁੱਤਰ ਦੇ ਕਤਲ ਦਾ ਬਦਲਾ ਲੈਣਾ ਇੱਜ਼ਤ ਅਤੇ ਫ਼ਖਰ ਦੀ ਗੱਲ ਸਮਝੀ ਜਾਂਦੀ ਹੈ। ਕੀ ਇਹ 10 ਲੱਖ ਲੋਕ, ਜਿਹੜੇ ਕਤਲ ਹੋਏ, ਇਹ ਕਿਸੇ ਦੇ ਕੁਝ ਨਹੀਂ ਸਨ ਲੱਗਦੇ? ਜੇ ਕੋਈ ਕਿਸੇ ਧੀ-ਭੈਣ ਵੱਲ ਮੈਲੀ ਅੱਖ ਨਾਲ ਦੇਖੇ ਤਾਂ ਇਸ ਧੀ-ਭੈਣ ਦਾ ਪਿਓ-ਭਰਾ ਗੈਰਤ 'ਚ ਆ ਕੇ ਉਸ ਦੀ ਅੱਖ ਕੱਢ ਦਿੰਦੇ ਹਨ ਪਰ ਉਹ ਲੱਖਾਂ ਧੀਆਂ-ਭੈਣਾਂ, ਜਿਨ੍ਹਾਂ ਦੀ ਇੱਜ਼ਤ ਸ਼ਰੇਆਮ ਲੁੱਟੀ ਗਈ, ਉਨ੍ਹਾਂ ਨੂੰ ਅਲਫ਼ ਨੰਗੀਆਂ ਕਰ ਕੇ ਉਨ੍ਹਾਂ ਦੇ ਜਲੂਸ ਕੱਢ ਕੇ ਉਨ੍ਹਾਂ ਨੂੰ ਬਾਜ਼ਾਰਾਂ 'ਚ ਫੇਰਿਆ ਗਿਆ, ਉਨ੍ਹਾਂ ਵਾਸਤੇ ਪੰਜਾਬੀਆਂ ਦੀ ਗੈਰਤ ਮਰ ਗਈ, ਕਿਉਂ? ਕੀ ਇਨ੍ਹਾਂ ਨਾਲ ਜੋ ਸਲੂਕ ਕੀਤਾ ਗਿਆ, ਜਾਇਜ਼ ਸੀ? ਬਦਲਾ ਲੈਣਾ ਜਾਂ ਗੈਰਤ ਜਾਗਣਾ ਤਾਂ ਵੱਖਰੀ ਗੱਲ ਰਹਿ ਗਈ, ਇਥੇ ਤਾਂ ਪੰਜਾਬੀ ਉਨ੍ਹਾਂ ਦੋਸ਼ੀਆਂ ਨੂੰ ਬੇਨਕਾਬ ਕਰਨ ਲਈ ਵੀ ਤਿਆਰ ਨਹੀਂ ਜੋ ਇਸ ਸਰਵਨਾਸ਼ ਦੇ ਜ਼ਿੰਮੇਵਾਰ ਸਨ। ਇਨ੍ਹਾਂ ਪੰਜਾਬੀਆਂ 'ਚ ਉਹ ਮਜ਼ਬੀ ਲੋਕ ਵੀ ਸ਼ਾਮਿਲ ਹਨ ਜੋ ਆਪਣੇ-ਆਪਣੇ ਧਰਮ ਦੀਆਂ ਇਬਾਦਤਗਾਹਾਂ 'ਚ ਸੈਂਕੜੇ ਸਾਲਾਂ ਤੋਂ ਕੁਝ ਧਾਰਮਿਕ ਹਸਤੀਆਂ ਦੇ ਕਤਲ 'ਤੇ ਕੀਰਨੇ ਪਾ ਰਹੇ ਹਨ। ਇਨ੍ਹਾਂ 'ਚ ਉਹ ਕਾਮਰੇਡ ਵੀ ਸ਼ਾਮਿਲ ਹਨ ਜਿਨ੍ਹਾਂ ਨੇ ਕਮਜ਼ੋਰ ਲੋਕਾਂ 'ਤੇ ਹੋਏ ਜ਼ੁਲਮ ਤੇ ਨਾਇਨਸਾਫ਼ੀ 'ਤੇ ਰੌਲਾ ਪਾਉਣਾ ਧਰਮ ਬਣਾ ਲਿਆ ਹੈ। ਇਨ੍ਹਾਂ 'ਚ ਔਰਤਾਂ ਦੇ ਹੱਕਾਂ ਲਈ ਅਤੇ ਉਨ੍ਹਾਂ ਉਤੇ ਹੋਏ ਜ਼ੁਲਮਾਂ ਵਿਰੁੱਧ ਰੌਲਾ ਪਾਉਣ ਵਾਲੀਆਂ ਵੱਡੀਆਂ-ਵੱਡੀਆਂ ਲੀਡਰਾਂ ਵੀ ਹਨ। ਇਥੇ ਇੱਟ ਪੁੱਟੋ ਤਾਂ ਹੇਠੋਂ 100 ਮੰਚ ਅਤੇ ਐਨ.ਜੀ.ਓ. ਨਿਕਲ ਆਉਂਦੇ ਹਨ ਜੋ ਕਿਸੇ ਨਾ ਕਿਸੇ ਨਾਇਨਸਾਫ਼ੀ ਵਿਰੁੱਧ ਲੜ ਰਹੇ ਹਨ ਜਾਂ ਕਿਸੇ ਨੂੰ ਬਚਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਇਨ੍ਹਾਂ 'ਚ ਲੋਕਾਂ ਦੇ ਚੁਣੇ ਹੋਏ ਉਹ ਸਿਆਸਤਦਾਨ ਵੀ ਹਨ ਜੋ ਸੰਸਦਾਂ 'ਚ ਤੇਜ਼-ਤਰਾਰ ਤਕਰੀਰਾਂ ਕਰਦੇ ਹਨ। ਇਨ੍ਹਾਂ 'ਚ ਉਹ ਜੱਜ ਵੀ ਹਨ ਜੋ ਅਦਾਲਤ ਦੀ ਕੁਰਸੀ 'ਤੇ ਆਕੜ ਕੇ ਬੈਠ ਕੇ ਇਨਸਾਫ਼ ਦੇ ਰਾਖੇ ਅਖਵਾਉਂਦੇ ਹਨ। ਪੰਜਾਬੀ ਕੌਮ ਕੋਈ ਅਨਪੜ੍ਹਾਂ ਤੇ ਜ਼ਾਹਿਲਾਂ ਦੀ ਕੌਮ ਨਹੀਂ ਹੈ। ਇਥੇ ਵੱਡੇ-ਵੱਡੇ ਵਿਦਵਾਨ, ਖੋਜੀ, ਸਾਇੰਸਦਾਨ, ਲਿਖਾਰੀ, ਫ਼ਿਲਾਸਫ਼ਰ ਅਤੇ ਕਾਨੂੰਨਦਾਨ ਮੌਜੂਦ ਹਨ ਪਰ ਸਭ ਚੁੱਪ ਹਨ, ਕਿਉਂ? ਕੀ 10-12 ਕਰੋੜ ਪੰਜਾਬੀਆਂ 'ਚੋਂ ਇਕ ਵੀ ਗੈਰਤਮੰਦ ਅਤੇ ਇਨਸਾਫ਼ਪਸੰਦ ਪੰਜਾਬੀ ਨਹੀਂ ਜੋ ਇਸ ਗੱਲ ਦੀ ਮੰਗ ਕਰੇ ਕਿ ਇਤਿਹਾਸ ਦੇ ਇੰਨੇ ਵੱਡੇ ਘੱਲੂਘਾਰੇ ਲਈ ਜ਼ਿੰਮੇਵਾਰ ਲੋਕ ਸਾਹਮਣੇ ਲਿਆਂਦੇ ਜਾਣ।

# ਸਮਾਜਵਾਦ ਫ਼ੇਲ੍ਹ, ਸਰਮਾਏਦਾਰੀ ਦੀਵਾਲੀਆ, ਫਿਰ ਕੀ ਹੋਵੇਗਾ ਭਵਿੱਖ?

ਅਸੀਂ ਕੋਈ ਵੀ ਵਿਚਾਰਧਾਰਕ ਲੋਗੋ ਅਪਣਾਈਏ, ਖੁੱਲ੍ਹੀ ਮੰਡੀ ਤੋਂ ਜਨਤਕ ਕਾਰਵਾਈ ਵੱਲ ਮੋੜਾ ਉਸ ਤੋਂ ਕਿਤੇ ਵੱਧ ਜ਼ਰੂਰੀ ਹੈ ਜਿੰਨਾ ਸਿਆਸਤਦਾਨਾਂ ਨੂੰ ਲਗਦਾ ਹੈ।

*ਦੁਨੀਆਂ ਦੇ ਸਿਰਕੱਢ ਮਾਰਕਸਵਾਦੀ ਇਤਿਹਾਸਕਾਰ ਐਰਿਕ ਹਾਬਜ਼ਬਾਮ (95) ਇਸ ਮਹੀਨੇ ਦੀ ਪਹਿਲੀ ਤਾਰੀਕ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਉਸ ਪੀੜ੍ਹੀ ਦੇ ਬੁੱਧੀਜੀਵੀਆਂ 'ਚੋਂ ਇਕ ਸੀ ਜਿਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ 1917 ਦਾ ਅਕਤੂਬਰ ਇਨਕਲਾਬ ਸੰਸਾਰ ਦੇ ਲੋਕਾਂ ਲਈ ਮਹਾਨ ਉਮੀਦ ਬਣ ਕੇ ਆਇਆ ਪਰ ਸੋਵੀਅਤ ਯੂਨੀਅਨ ਦੇ ਪਤਨ ਨਾਲ ਉਨ੍ਹਾਂ ਦੇ ਸੁਪਨੇ ਖ਼ਤਮ ਨਹੀਂ ਹੋਏ; ਬੇਸ਼ੱਕ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਮਾਜਵਾਦ ਦੀ ਉਸਾਰੀ ਦੇ ਬੀਤੇ ਦੇ ਤਜਰਬਿਆਂ ਦੀ ਰੌਸ਼ਨੀ 'ਚ ਬਹੁਤ ਕੁਝ ਨਵੇਂ ਸਿਰਿਓਂ ਸੋਚਣਾ ਅਤੇ ਨਵੇਂ ਸਿਰਿਓਂ ਉਲੀਕਣਾ ਹੋਵੇਗਾ। ਇਤਿਹਾਸਕਾਰੀ ਦੇ ਖੇਤਰ 'ਚ ਉਨ੍ਹਾਂ ਨੇ ਨਵੀਆਂ ਪੈੜਾਂ ਪਾਈਆਂ ਜਿਨ੍ਹਾਂ ਨੂੰ ਉਹ "ਹੇਠਲੇ ਪਾਸਿਓਂ ਇਤਿਹਾਸ ਸਿਰਜਣਾ" ਕਿਹਾ ਕਰਦੇ ਸਨ। ਸੱਤ ਦਹਾਕੇ ਲੰਮੀ ਅਣਥੱਕ ਬੌਧਿਕ ਘਾਲਣਾ ਵਾਲੀ ਬਹੁਤ ਹੀ ਸਰਗਰਮ ਹਯਾਤੀ ਦੌਰਾਨ ਉਨ੍ਹਾਂ ਨੇ 30 ਕਿਤਾਬਾਂ ਇਤਿਹਾਸ ਦੀ ਝੋਲੀ ਪਾਈਆਂ ਜਿਨ੍ਹਾਂ ਵਿਚੋਂ ਕੁਝ ਤਾਂ ਲਾਸਾਨੀ ਦਰਜਾ ਰੱਖਦੀਆਂ ਹਨ। ਇੱਥੇ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਉਨ੍ਹਾਂ ਦਾ ਇਕ ਤਾਜ਼ਾ ਲੇਖ ਦਿੱਤਾ ਜਾ ਰਿਹਾ ਹੈ ਜੋ ਉਨ੍ਹਾਂ ਦੇ ਵਿਲੱਖਣ ਇਤਿਹਾਸਕ ਨਜ਼ਰੀਏ ਦੀ ਤਰਜਮਾਨੀ ਕਰਦਾ ਹੈ।*

20ਵੀਂ ਸਦੀ ਨੂੰ ਅਸੀਂ ਪਿੱਛੇ ਛੱਡ ਆਏ ਹਾਂ, ਪਰ ਹਾਲੇ ਅਸੀਂ 21ਵੀਂ ਸਦੀ ਵਿਚ ਰਹਿਣਾ, ਜਾਂ ਘੱਟੋ-ਘੱਟ ਉਸ ਅਨੁਸਾਰ ਸੋਚਣਾ ਨਹੀਂ

ਐਰਿਕ ਹਾਬਜ਼ਬਾਮ

ਸਿੱਖਿਆ। ਇਹ ਜਿੰਨਾ ਮੁਸ਼ਕਿਲ ਲਗਦਾ ਹੈ, ਓਨਾ ਮੁਸ਼ਕਲ ਨਹੀਂ ਹੋਵੇਗਾ ਕਿਉਂਕਿ ਲੰਘੀ ਸਦੀ ਵਿਚ ਆਰਥਿਕਤਾ ਅਤੇ ਸਿਆਸਤ 'ਚ ਜਿਸ ਬੁਨਿਆਦੀ ਵਿਚਾਰ ਦਾ ਬੋਲਬਾਲਾ ਸੀ, ਉਹ ਜ਼ਾਹਿਰਾ ਤੌਰ 'ਤੇ ਇਤਿਹਾਸ ਵਿਚ ਦਫ਼ਨ ਹੋ ਗਿਆ ਹੈ। ਆਧੁਨਿਕ ਸਨਅਤੀ ਅਰਥਚਾਰਿਆਂ, ਜਾਂ ਇਸ ਪੱਖੋਂ ਕਿਸੇ ਵੀ ਤਰ੍ਹਾਂ ਦੇ ਅਰਥਚਾਰਿਆਂ ਬਾਰੇ ਸੋਚਣ ਦਾ ਢੰਗ ਇਹੀ ਰਿਹਾ ਹੈ ਕਿ ਇਨ੍ਹਾਂ ਨੂੰ ਦੋ ਆਪਸ ਵਿਚ ਵਿਰੋਧੀਆਂ ਵਜੋਂ ਲਿਆ ਜਾਂਦਾ ਸੀ: ਸਰਮਾਏਦਾਰੀ ਜਾਂ ਸਮਾਜਵਾਦ।

ਅਸੀਂ ਇਨ੍ਹਾਂ ਨੂੰ ਨਿਰੋਲ ਰੂਪ 'ਚ ਸਾਕਾਰ ਕਰਨ ਦੇ ਵਿਹਾਰਕ ਯਤਨਾਂ 'ਚੋਂ ਗੁਜ਼ਰੇ ਹਾਂ: ਸੋਵੀਅਤ ਤਰਜ਼ ਦੀ ਕੇਂਦਰੀ ਤੌਰ 'ਤੇ ਰਾਜ ਵਲੋਂ ਵਿਉਂਤੀ ਆਰਥਿਕਤਾ ਅਤੇ ਪੂਰੀ ਤਰ੍ਹਾਂ ਬੇਲਗਾਮ ਤੇ ਬੇਕਾਬੂ ਖੁੱਲ੍ਹੀ ਮੰਡੀ ਵਾਲੀ ਸਰਮਾਏਦਾਰਾ ਆਰਥਿਕਤਾ। ਪਹਿਲੀ 1980ਵਿਆਂ 'ਚ ਢਹਿ-ਢੇਰੀ ਹੋ ਗਈ ਅਤੇ ਇਸ ਦੇ ਨਾਲ ਹੀ ਯੂਰਪ ਦੇ ਕਮਿਊਨਿਸਟ ਸਿਆਸੀ ਪ੍ਰਬੰਧ ਹੂੰਝੇ ਗਏ। ਦੂਜੀ ਸਾਡੀਆਂ ਅੱਖਾਂ ਅੱਗੇ ਆਲਮੀ ਸਰਮਾਏਦਾਰੀ ਦੇ 1930ਵਿਆਂ ਤੋਂ ਲੈ ਕੇ ਸਭ ਤੋਂ ਵੱਡੇ ਸੰਕਟ ਅੰਦਰ ਢਹਿ-ਢੇਰੀ ਹੋ ਰਹੀ ਹੈ। ਕੁਝ ਪੱਖਾਂ ਤੋਂ ਇਹ 1930ਵਿਆਂ ਨਾਲੋਂ ਵੀ ਵੱਡਾ ਸੰਕਟ ਹੈ ਕਿਉਂਕਿ ਆਰਥਿਕਤਾ ਦਾ ਆਲਮੀਕਰਨ ਉਦੋਂ ਅੱਜ ਜਿੰਨਾ ਵਿਕਸਤ ਨਹੀਂ ਸੀ ਅਤੇ ਸੰਕਟ ਦਾ ਸੋਵੀਅਤ ਯੂਨੀਅਨ ਦੀ ਵਿਉਂਤਬਧ ਆਰਥਿਕਤਾ ਉੱਪਰ ਕੋਈ ਅਸਰ ਨਹੀਂ ਸੀ ਪਿਆ। ਅਸੀਂ ਨਹੀਂ ਜਾਣਦੇ ਕਿ ਮੌਜੂਦਾ ਆਲਮੀ ਸੰਕਟ ਦੇ ਨਤੀਜੇ ਕਿੰਨੇ ਘੋਰ ਅਤੇ ਚਿਰ-ਸਥਾਈ ਹੋਣਗੇ, ਪਰ ਯਕੀਨਨ ਹੀ ਇਹ ਉਸ ਖੁੱਲ੍ਹੀ ਮੰਡੀ ਵਾਲੀ ਸਰਮਾਏਦਾਰੀ ਦੇ ਅੰਤ ਨੂੰ ਦਰਸਾਉਂਦਾ ਜੋ ਮਾਰਗ੍ਰੇਟ ਥੈਚਰ (ਬ੍ਰਿਟੇਨ) ਅਤੇ ਪ੍ਰਧਾਨ ਰੀਗਨ (ਅਮਰੀਕਾ) ਦੇ ਸਮਿਆਂ ਤੋਂ ਦੁਨੀਆ ਉੱਪਰ ਕਾਬਜ਼ ਹੋ ਗਈ ਸੀ।

ਇਸ ਲਈ ਦੋਵੇਂ ਤਰ੍ਹਾਂ ਦੇ ਲੋਕ ਬੇਵੱਸ ਮਹਿਸੂਸ ਕਰ ਰਹੇ ਹਨ: ਉਹ ਵੀ ਜਿਨ੍ਹਾਂ ਦਾ ਇਕ ਨਿਰੋਲ, ਰਾਜ-ਰਹਿਤ, ਮੰਡੀ ਸਰਮਾਏਦਾਰੀ, ਇਕ ਤਰ੍ਹਾਂ ਦੇ ਕੌਮਾਂਤਰੀ ਬੁਰਜ਼ੂਆ ਅਰਾਜਕਤਾਵਾਦ 'ਚ ਯਕੀਨ ਸੀ; ਤੇ ਉਹ ਵੀ ਜਿਨ੍ਹਾਂ ਦਾ ਐਸੇ ਵਿਉਂਤਬਧ ਸਮਾਜਵਾਦ 'ਚ ਵਿਸ਼ਵਾਸ ਰਿਹਾ ਹੈ ਜੋ ਨਿੱਜੀ ਮੁਨਾਫ਼ਾਖ਼ੋਰੀ ਤੋਂ ਬੇਲਾਗ ਹੋਵੇ। ਦੋਵੇਂ ਦੀਵਾਲੀਆ ਹਨ। ਸਮਕਾਲ ਅਤੇ ਬੀਤੇ ਵਾਂਗ, ਭਵਿੱਖ ਵੀ ਮਿੱਸੇ ਅਰਥਚਾਰਿਆਂ ਦਾ ਹੈ ਜਿਨ੍ਹਾਂ ਵਿਚ ਜਨਤਕ ਅਤੇ ਪ੍ਰਾਈਵੇਟ, ਇਕ ਜਾਂ ਦੂਜੇ ਤਰੀਕੇ ਨਾਲ ਗੁੰਦੇ ਹੋਏ ਹੋਣ, ਪਰ ਕਿਵੇਂ? ਇਹ ਅੱਜ ਹਰ ਬੰਦੇ ਲਈ ਸਮੱਸਿਆ ਹੈ, ਖ਼ਾਸ ਕਰ ਕੇ ਖੱਬੀ ਧਿਰ ਵਾਲਿਆਂ ਲਈ।

ਕੋਈ ਵੀ ਸੋਵੀਅਤ ਤਰਜ਼ ਦੇ ਸਮਾਜਵਾਦੀ ਪ੍ਰਬੰਧ ਵੱਲ ਵਾਪਸ ਮੁੜਨ ਬਾਰੇ ਗੰਭੀਰਤਾ ਨਾਲ ਨਹੀਂ ਸੋਚਦਾ-ਸਿਰਫ਼ ਇਨ੍ਹਾਂ ਦੇ ਸਿਆਸੀ ਨੁਕਸਾਂ ਕਰ ਕੇ ਨਹੀਂ, ਸਗੋਂ ਇਨ੍ਹਾਂ ਦੇ ਅਰਥਚਾਰਿਆਂ ਦੇ ਵਧ ਰਹੇ ਜਿੱਲ੍ਹੇਪਣ ਅਤੇ ਗ਼ੈਰਕਾਰਜਕੁਸ਼ਲਤਾ ਕਰਕੇ ਵੀ-ਹਾਲਾਂਕਿ ਇਸ ਦੁਆਰਾ ਸਾਨੂੰ ਅਜਿਹੇ ਨਤੀਜੇ 'ਤੇ ਪਹੁੰਚਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਅਸੀਂ ਇਨ੍ਹਾਂ ਪ੍ਰਬੰਧਾਂ ਦੀਆਂ ਕਮਾਲ ਦੀਆਂ ਸਮਾਜੀ ਅਤੇ ਵਿਦਿਅਕ ਪ੍ਰਾਪਤੀਆਂ ਦੀ ਅਹਿਮੀਅਤ ਨੂੰ ਘਟਾ ਕੇ ਅੰਗਣਾ ਸ਼ੁਰੂ ਕਰ ਦੇਈਏ। ਦੂਜੇ ਪਾਸੇ, ਜਦੋਂ ਤੱਕ ਪਿਛਲੇ ਵਰ੍ਹੇ ਆਲਮੀ ਖੁੱਲ੍ਹੀ ਮੰਡੀ ਦੇ ਪਰਖ਼ਚੇ ਨਹੀਂ ਉਡ ਗਏ, ਉਦੋਂ ਤੱਕ ਉੱਤਰੀ ਸਰਮਾਏਦਾਰੀ ਦੇ ਮੁਲਕਾਂ ਅਤੇ ਆਸਟ੍ਰਾਲੇਸ਼ੀਆ (ਆਸਟ੍ਰੇਲੀਆ, ਨਿਊਜ਼ੀਲੈਂਡ, ਨਿਊ ਗਿਨੀ ਟਾਪੂ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ਇਸ ਨਾਲ ਲਗਦੇ ਟਾਪੂਆਂ ਨੂੰ ਮਿਲਾ ਕੇ ਖੇਤਰ) ਦੀਆਂ ਸੋਸ਼ਲ ਡੈਮੋਕਰੈਟਿਕ ਜਾਂ ਹੋਰ ਨਰਮਪੰਥੀ (ਮਾਡਰੇਟ) ਖੱਬੀਆਂ ਪਾਰਟੀਆਂ ਵੀ ਖੁੱਲ੍ਹੀ ਮੰਡੀ ਵਾਲੀ ਸਰਮਾਏਦਾਰੀ ਦੀ ਕਾਮਯਾਬੀ ਨੂੰ ਵੱਧ ਤੋਂ ਵੱਧ ਪ੍ਰਣਾਈਆਂ ਹੋਈਆਂ ਸਨ। ਮੈਂ ਸੋਚ ਸਕਦਾ ਹਾਂ ਕਿ ਅਸਲ ਵਿਚ ਸੋਵੀਅਤ ਯੂਨੀਅਨ ਦੇ ਪਤਨ ਅਤੇ ਅਜੋਕੇ ਸਮੇਂ ਦੇ ਸੰਨ੍ਹ 'ਚ ਸਰਮਾਏਦਾਰੀ ਨੂੰ ਭੰਡਣ ਵਾਲੀ ਕੋਈ ਅਜਿਹੀ ਪਾਰਟੀ ਜਾਂ ਆਗੂ ਐਸਾ ਨਹੀਂ ਸੀ ਜੋ ਇਸ ਨੂੰ ਪ੍ਰਵਾਨ ਨਹੀਂ ਕਰਦਾ ਸੀ। ਨਿਊ ਲੇਬਰ ਪਾਰਟੀ ਤੋਂ ਵੱਧ ਇਸ ਨੂੰ ਸਮਰਪਿਤ ਹੋਰ ਕੋਈ ਨਹੀਂ ਸੀ। ਆਪਣੀਆਂ ਆਰਥਿਕ ਨੀਤੀਆਂ ਪੱਖੋਂ ਟੋਨੀ ਬਲੇਅਰ ਅਤੇ (ਅਕਤੂਬਰ 2008 ਤੱਕ) ਗੌਰਡਨ ਬਰਾਊਨ, ਦੋਵਾਂ ਨੂੰ ਬਿਨਾਂ ਵਧਾਏ-ਚੜ੍ਹਾਏ ਪੈਂਟਾਂ ਵਾਲੇ ਥੈਚਰ ਕਿਹਾ ਜਾ ਸਕਦਾ ਹੈ। ਇਹ ਗੱਲ ਅਮਰੀਕਾ ਦੀ ਡੈਮੋਕਰੇਟਿਕ ਪਾਰਟੀ ਬਾਰੇ ਵੀ ਸੱਚ ਹੈ।

1950ਵਿਆਂ ਤੋਂ ਲੈ ਕੇ ਲੇਬਰ ਧਿਰ ਦਾ ਬੁਨਿਆਦੀ ਵਿਚਾਰ ਇਹ ਸੀ ਕਿ ਸਮਾਜਵਾਦ ਗ਼ੈਰਜ਼ਰੂਰੀ ਹੈ, ਕਿਉਂਕਿ ਵਧਣ-ਫੁੱਲਣ ਅਤੇ



ਵਧੇਰੇ ਦੌਲਤ ਪੈਦਾ ਕਰਨ ਲਈ ਸਰਮਾਏਦਾਰੀ 'ਤੇ ਟੇਕ ਰੱਖੀ ਜਾ ਸਕਦੀ ਹੈ। ਸਮਾਜਵਾਦੀ ਤਾਂ ਬਸ ਇਸ ਦੀ ਜਾਇਜ਼ ਵੰਡ ਯਕੀਨੀ ਬਣਾਉਣ ਦੀ ਗੱਲ ਕਰਦੇ ਸਨ; ਪਰ 1970ਵਿਆਂ ਤੋਂ ਲੈ ਕੇ ਵਿਸ਼ਵੀਕਰਨ ਦੇ ਤੇਜ਼ੀ ਨਾਲ ਉਭਾਰ ਨੇ ਇਸ ਨੂੰ ਜ਼ਿਆਦਾ ਤੋਂ ਜ਼ਿਆਦਾ ਮੁਸ਼ਕਿਲ ਬਣਾ ਦਿੱਤਾ ਅਤੇ ਇਸ ਨੇ ਲੇਬਰ ਪਾਰਟੀ ਦੇ ਅਤੇ ਅਸਲ ਵਿਚ ਤਾਂ ਕਿਸੇ ਸੋਸ਼ਲ ਡੈਮੋਕਰੈਟਿਕ ਪਾਰਟੀ ਦੇ ਰਵਾਇਤੀ ਆਧਾਰ, ਹਮਾਇਤ ਅਤੇ ਨੀਤੀਆਂ ਨੂੰ ਘਾਤਕ ਰੂਪ 'ਚ ਨੁਕਸਾਨ ਪਹੁੰਚਾਇਆ। 1980ਵਿਆਂ 'ਚ ਕਈਆਂ ਨੂੰ ਇਹ ਜਚ ਗਿਆ ਕਿ ਜੇ ਲੇਬਰ ਪਾਰਟੀ ਦੇ ਜਹਾਜ਼ ਨੂੰ ਡੁੱਬਣੋਂ ਬਚਾਉਣਾ ਹੈ ਜਿਸ ਦੀ ਉਸ ਵਕਤ ਹਕੀਕੀ ਸੰਭਾਵਨਾ ਸੀ ਤਾਂ ਇਸ ਨੂੰ ਮੁੜ ਠੀਕ-ਠਾਕ ਕਰਨਾ ਹੋਵੇਗਾ।

ਪਰ ਇਸ ਨੂੰ ਠੀਕ-ਠਾਕ ਨਹੀਂ ਕੀਤਾ ਗਿਆ। ਜਿਸ ਨੂੰ ਇਸ ਨੇ ਥੈਚਰਵਾਦੀ ਆਰਥਕ ਮੁੜ-ਸੁਰਜੀਤੀ ਵਜੋਂ ਦੇਖਿਆ, ਉਸ ਦੇ ਪ੍ਰਭਾਵ ਹੇਠ ਨਿਊ ਲੇਬਰ ਪਾਰਟੀ ਨੇ 1997 ਤੋਂ ਆਲਮੀ ਖੁੱਲ੍ਹੀ ਮੰਡੀ ਦੇ ਕੱਟੜ ਸਿਧਾਂਤ ਦੀ ਸਾਲਮ ਵਿਚਾਰਧਾਰਾ ਜਾਂ ਅਸਲ ਵਿਚ ਬ੍ਰਹਮ ਗਿਆਨ ਆਪਣੇ ਸੰਘ 'ਚੋਂ ਲੰਘਾ ਲਈ। ਬਰਤਾਨੀਆ ਨੇ ਆਪਣੀਆਂ ਮੰਡੀਆਂ ਤੋਂ ਕੰਟਰੋਲ ਹਟਾ ਲਏ, ਆਪਣੀਆਂ ਸਨਅਤਾਂ ਸਭ ਤੋਂ ਵੱਧ ਬੋਲੀ ਦੇਣ ਵਾਲਿਆਂ ਨੂੰ ਵੇਚ ਦਿੱਤੀਆਂ, ਬਰਾਮਦ ਕਰਨ ਲਈ ਸਮਾਨ ਬਣਾਉਣਾ ਬੰਦ ਕਰ ਦਿੱਤਾ (ਜਰਮਨੀ, ਫਰਾਂਸ ਅਤੇ ਸਵਿਟਜ਼ਰਲੈਂਡ ਦੇ ਉਲਟ) ਅਤੇ ਆਪਣਾ ਸਰਮਾਇਆ ਵਿਤੀ ਸੇਵਾਵਾਂ ਦਾ ਆਲਮੀ ਕੇਂਦਰ ਅਤੇ ਇੰਜ ਬੇਅੰਤ ਦੌਲਤ ਵਾਲੇ ਧਨਕੁਬੇਰਾਂ ਲਈ ਜੰਨਤ ਬਣਾਉਣ ਦੇ ਕੰਮ ਵਿਚ ਝੋਕ ਦਿੱਤਾ। ਇਹੀ ਵਜ੍ਹਾ ਹੈ ਕਿ ਅੱਜ ਪਾਊਂਡ ਅਤੇ ਬਰਤਾਨਵੀ ਆਰਥਿਕਤਾ ਉੱਪਰ ਆਲਮੀ ਸੰਕਟ ਦਾ ਅਸਰ ਹੋਰ ਕਿਸੇ ਵੀ ਪੱਛਮੀ ਆਰਥਿਕਤਾ ਨਾਲੋਂ ਵੱਧ ਆਫ਼ਤ ਬਣ ਕੇ ਪੈਣ ਦੀ ਸੰਭਾਵਨਾ ਹੈ ਅਤੇ ਇਸ ਦਾ ਪੂਰੀ ਤਰ੍ਹਾਂ ਤਾਬੇ ਆਉਣਾ ਤਾਂ ਹੋਰ ਵੀ ਮੁਸ਼ਕਿਲ ਹੋ ਸਕਦਾ ਹੈ।

ਤੁਸੀਂ ਕਹਿ ਸਕਦੇ ਹੋ ਕਿ ਹੁਣ ਤਾਂ ਇਸ ਦਾ ਪੂਰੀ ਤਰ੍ਹਾਂ ਭੋਗ ਹੀ ਪੈ ਗਿਆ ਹੈ। ਅਸੀਂ ਮਿੱਸੀ ਆਰਥਿਕਤਾ ਵੱਲ ਪਰਤਣ ਲਈ ਆਜ਼ਾਦ ਹਾਂ। ਲੇਬਰ ਪਾਰਟੀ ਦਾ ਪੁਰਾਣਾ ਸੰਦ-ਸੰਦੇੜਾ ਮੁੜ ਸਾਡੇ ਕੋਲ ਹੈ (ਕੌਮੀਕਰਨ ਤੱਕ ਹਰ ਚੀਜ਼), ਇਸ ਕਰ ਕੇ ਆਓ, ਇਕ ਵਾਰ ਫਿਰ ਉੱਧਰ ਪਰਤ ਕੇ ਇਹ ਸੰਦ-ਸੰਦੇੜੇ ਵਰਤੋਂ 'ਚ ਲਿਆਈਏ ਜਿਸ ਨੂੰ ਲੇਬਰ ਪਾਰਟੀ ਕਦੇ ਵੀ ਤਿਲਾਂਜਲੀ ਨਹੀਂ ਦੇਣ ਲੱਗੀ; ਪਰ ਇਸ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਅਸੀਂ ਜਾਣਦੇ ਹਾਂ ਕਿ ਇਨ੍ਹਾਂ ਦਾ ਕੀ ਇਲਾਜ ਕਰਨਾ ਹੈ। ਉਂਜ ਅਸੀਂ ਜਾਣਦੇ ਨਹੀਂ। ਪਹਿਲੀ ਗੱਲ ਤਾਂ ਅਸੀਂ ਇਹ ਨਹੀਂ ਜਾਣਦੇ ਕਿ ਮੌਜੂਦਾ ਸੰਕਟ ਉੱਪਰ ਕਾਬੂ ਕਿਵੇਂ ਪਾਇਆ ਜਾਵੇ? ਦੁਨੀਆਂ ਦੀ ਕੋਈ ਵੀ ਹਕੂਮਤ, ਕੇਂਦਰੀ ਬੈਂਕ ਜਾਂ ਕੌਮਾਂਤਰੀ ਵਿਤੀ ਸੰਸਥਾ ਕੋਈ ਵੀ ਇਹ ਨਹੀਂ ਜਾਣਦੀ; ਇਹ ਸਾਰੇ ਅੰਨ੍ਹੇ ਆਦਮੀ ਵਾਂਗ ਹਨ ਜੋ ਰਾਹ ਤਲਾਸ਼ਣ ਦੀ ਉਮੀਦ ਨਾਲ ਵੱਖੋ-ਵੱਖਰੀਆਂ ਸੋਟੀਆਂ ਸਹਾਰੇ ਕੰਧਾਂ ਨੂੰ ਟੋਹ ਕੇ ਭੁੱਲ-ਭੁਲੱਈਆਂ 'ਚੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ। ਦੂਜਾ, ਅਸੀਂ ਇਸ ਦਾ ਘਟਾ ਕੇ ਅੰਦਾਜ਼ਾ ਲਾਉਂਦੇ ਹਾਂ ਕਿ ਹਾਲੇ ਵੀ ਹਕੂਮਤਾਂ ਅਤੇ ਫ਼ੈਸਲੇ ਲੈਣ ਵਾਲੇ ਲੋਕ ਖੁੱਲ੍ਹੀ ਮੰਡੀ ਦੇ ਨਸ਼ੇ ਦੇ ਹਾੜਿਆਂ ਦੇ ਕਿੰਨੇ ਆਦੀ ਹੋ ਚੁੱਕੇ ਹਨ ਜਿਸ ਦਾ ਇਹ ਦਹਾਕਿਆਂ ਬੱਧੀ ਸਰੂਰ ਮਾਣਦੇ ਰਹੇ ਹਨ। ਕੀ ਅਸੀਂ ਸੱਚੀ ਹੀ ਇਸ ਮਨੌਤ ਤੋਂ ਮੁਕਤ ਹੋ ਗਏ ਹਾਂ ਕਿ ਵੱਧ ਕਾਰਜ-ਕੁਸ਼ਲ ਹੋਣ ਕਾਰਨ ਪ੍ਰਾਈਵੇਟ ਮੁਨਾਫ਼ਾਦੇਹ ਅਦਾਰਿਆਂ ਦੀ ਕਾਰਗੁਜ਼ਾਰੀ ਹੀ ਹਮੇਸ਼ਾ ਬਿਹਤਰ ਹੁੰਦੀ ਹੈ?; ਕਿ ਅਜਿਹੀ ਕਾਰੋਬਾਰੀ ਜਥੇਬੰਦੀ ਅਤੇ ਮੁਨੀਮੀ ਤਾਂ ਜਨਤਕ ਸੇਵਾਵਾਂ, ਸਿਖਿਆ ਅਤੇ ਖੋਜ ਲਈ ਵੀ ਨਮੂਨਾ ਹੋਣੀ ਚਾਹੀਦੀ ਹੈ?; ਕਿ ਸੁਪਰ-ਅਮੀਰਾਂ ਅਤੇ ਬਾਕੀ ਦੇ ਲੋਕਾਂ ਦਰਮਿਆਨ ਵਧ ਰਿਹਾ ਪਾੜਾ ਉਦੋਂ ਤੱਕ ਕੋਈ ਅਰਥ ਨਹੀਂ ਰੱਖਦਾ, ਜਦੋਂ ਤੱਕ ਹਰ ਕੋਈ (ਗ਼ਰੀਬਾਂ ਦੀ ਘੱਟਗਿਣਤੀ ਤੋਂ ਬਿਨਾਂ) ਥੋੜ੍ਹਾ ਖੁਸ਼ਹਾਲ ਹੈ?; ਕਿ ਕਿਸੇ ਮੁਲਕ ਨੂੰ ਲੋੜ ਤਾਂ ਇਸ ਦੀ ਹੈ ਕਿ ਹਰ ਹਾਲਤ 'ਚ ਵੱਧ ਤੋਂ ਵੱਧ ਆਰਥਿਕ ਵਾਧਾ ਅਤੇ ਵਪਾਰਕ ਮੁਕਾਬਲੇਬਾਜ਼ੀ ਬਣੀ ਰਹੇ? ਘੱਟੋ-ਘੱਟ ਮੈਂ ਇੰਜ ਨਹੀਂ ਸੋਚਦਾ।

ਉਂਜ, ਇਕ ਤਰੱਕੀਪਸੰਦ ਨੀਤੀ ਲਈ ਲੋੜ ਇਸ ਗੱਲ ਦੀ ਹੈ ਕਿ ਬੀਤੇ 30 ਵਰ੍ਹਿਆਂ ਦੀਆਂ ਆਰਥਿਕ ਅਤੇ ਇਖ਼ਲਾਕੀ ਮਨੌਤਾਂ ਨਾਲੋਂ ਸਿਰਫ਼ ਵੱਡਾ ਤੋੜ-ਵਿਛੋੜਾ ਕਰਨ ਤੱਕ ਹੀ ਸੀਮਤ ਨਾ ਰਿਹਾ ਜਾਵੇ ਸਗੋਂ ਇਸ ਤੋਂ ਵੱਧ ਕੀਤਾ ਜਾਵੇ। ਲੋੜ ਦੁਬਾਰਾ ਉਸੇ ਤਰ੍ਹਾਂ ਦਾ ਪੱਕਾ ਮਨ ਬਣਾਉਣ ਦੀ ਹੈ ਕਿ ਇਸ ਨਾਲ ਜੋ ਆਰਥਿਕ ਵਾਧਾ ਅਤੇ ਅਮੀਰੀ ਆਉਂਦੀ ਹੈ, ਉਹ ਇਕ ਸਾਧਨ ਹੈ ਨਾ ਕਿ ਆਪਣੇ ਆਪ 'ਚ ਇਕ ਅੰਤ। ਅੰਤ ਤਾਂ ਉਹ ਹੈ ਜੋ ਲੋਕਾਂ ਦੀਆਂ ਜ਼ਿੰਦਗੀਆਂ, ਜ਼ਿੰਦਗੀ ਦੇ ਮੌਕਿਆਂ ਅਤੇ ਉਮੀਦਾਂ ਨਾਲ ਵਾਪਰਦਾ ਹੈ। ਜ਼ਰਾ ਲੰਡਨ ਵੱਲ ਦੇਖੋ। ਨਿਸ਼ਚੇ ਹੀ ਸਾਡੇ ਸਾਰਿਆਂ ਲਈ ਇਹ ਅਹਿਮ ਹੈ ਕਿ ਲੰਡਨ ਦੀ ਆਰਥਿਕਤਾ ਵਧ-ਫੁੱਲ ਰਹੀ ਹੈ ਪਰ ਰਾਜਧਾਨੀ ਦੀਆਂ ਕੁਝ ਕੁ ਟਾਕੀਆਂ 'ਚ ਪੈਦਾ ਹੁੰਦੀ ਬੇਥਾਹ ਦੌਲਤ ਦੀ ਕਸੌਟੀ ਇਹ ਨਹੀਂ ਹੈ ਕਿ ਇਸ ਨੇ ਬਰਤਾਨੀਆ ਦੀ ਜੀ.ਡੀ.ਪੀ. (ਕੁਲ ਘਰੇਲੂ ਉਪਜ) 'ਚ 20-30 ਫ਼ੀ ਸਦੀ ਹਿੱਸਾ ਪਾਇਆ ਸਗੋਂ ਇਹ ਹੈ ਕਿ

## ਦੇਸ-ਪਰਦੇਸ

ਇਹ ਇੱਥੇ ਰਹਿੰਦੀਆਂ ਤੇ ਮੁਸ਼ੱਕਤ ਕਰਨ ਵਾਲੀਆਂ ਦਹਿ-ਲੱਖਾਂ ਜ਼ਿੰਦਗੀਆਂ ਉੱਪਰ ਕਿਵੇਂ ਅਸਰ-ਅੰਦਾਜ਼ ਹੁੰਦੀ ਹੈ! ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਜ਼ਿੰਦਗੀ ਨਸੀਬ ਹੁੰਦੀ ਹੈ? ਕੀ ਉਹ ਇੱਥੇ ਰਹਿਣ ਦਾ ਖ਼ਰਚਾ ਚੁੱਕ ਸਕਦੇ ਹਨ? ਜੇ ਉਹ ਅਜਿਹਾ ਨਹੀਂ ਕਰ ਸਕਦੇ, ਤਾਂ ਫਿਰ ਅਤਿ ਦੇ ਅਮੀਰਾਂ ਲਈ ਲੰਡਨ ਦਾ ਜੰਨਤ ਬਾਕੀਆਂ ਲਈ ਕੋਈ ਹਰਜਾਨਾ ਪੂਰਤੀ ਨਹੀਂ ਹੈ। ਕੀ ਉਹ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਜਾਂ ਮਹਿਜ਼ ਨੌਕਰੀਆਂ ਲੈ ਸਕਦੇ ਹਨ? ਜੇ ਨਹੀਂ ਲੈ ਸਕਦੇ ਤਾਂ ਫਿਰ ਉਨ੍ਹਾਂ ਮਿਸ਼ੇਲਿਨ ਸਟਾਰ ਰੈਸਟੋਰੈਂਟਾਂ ਅਤੇ ਇਨ੍ਹਾਂ ਦੇ ਖ਼ੁਦ ਹੀ ਬੰਨ੍ਹੇ ਬੇਨਜ਼ੀਰ ਖ਼ਾਨਸਾਮਿਆਂ ਦੇ ਗੁੱਡਿਆਂ ਦੀਆਂ ਸ਼ੇਖੀਆਂ ਨਾ ਮਾਰੋ। ਬੱਚਿਆਂ ਦੀ ਪੜ੍ਹਾਈ ਦੀਆਂ ਸ਼ੇਖੀਆਂ? ਇਹ ਤੱਥ ਸਕੂਲਾਂ ਦੀ ਨਾਕਾਫ਼ੀ ਗਿਣਤੀ ਨੂੰ ਨਹੀਂ ਛੁਪਾ ਸਕਦਾ ਕਿ ਲੰਡਨ ਦੀਆਂ ਯੂਨੀਵਰਸਿਟੀਆਂ ਨੋਬਲ ਇਨਾਮ ਜੇਤੂਆਂ ਦੀ ਫੁੱਟਬਾਲ ਦੀ ਟੀਮ ਖਿਡਾਉਣ ਦੀ ਤਾਕਤ ਰੱਖਦੀਆਂ ਹਨ।

ਇਕ ਤਰੱਕੀਪਸੰਦ ਨੀਤੀ ਦੀ ਪਰਖ ਨਿੱਜੀ ਨਹੀਂ ਸਗੋਂ ਜਨਤਕ ਹੁੰਦੀ ਹੈ, ਇਹ ਵਿਅਕਤੀਆਂ ਦੀ ਵਧ ਰਹੀ ਆਮਦਨ ਅਤੇ ਖ਼ਪਤ ਨਹੀਂ, ਸਗੋਂ ਮੌਕਿਆਂ ਦਾ ਵਿਸ਼ਾਲ ਹੋਣਾ ਹੁੰਦੀ ਹੈ ਅਤੇ ਜਿਸ ਨੂੰ ਅੰਮ੍ਰਿਤਿਯ ਸੇਨ ਸਾਂਝੇ ਉੱਦਮ ਰਾਹੀਂ ਸਭਨਾਂ ਦੀਆਂ "ਸਮਰੱਥਾਵਾਂ" ਨੂੰ ਲਗਾਉਣਾ ਕਹਿੰਦਾ ਹੈ ਪਰ ਇਸ ਦਾ ਭਾਵ ਹੈ, ਤੇ ਲਾਜ਼ਮੀ ਹੀ ਇਹੀ ਭਾਵ ਹੋਣਾ ਚਾਹੀਦਾ ਹੈ, ਜਨਤਕ ਖੇਤਰ ਦੀ ਮੁਨਾਫ਼ਾ ਰਹਿਤ ਪਹਿਲਕਦਮੀ, ਚਾਹੇ ਇਹ ਸਿਰਫ਼ ਨਿੱਜੀ ਪੱਧਰ 'ਤੇ ਜੋੜੀ ਪੂੰਜੀ ਦੀ ਮੁੜ ਵੰਡ 'ਚ ਹੀ ਹੋਵੇ। ਸਮੂਹਿਕ ਸਮਾਜੀ ਸੁਧਾਰ ਦੇ ਉਦੇਸ਼ ਨਾਲ ਜਨਤਕ ਫ਼ੈਸਲੇ ਲੈਣੇ ਜਿਨ੍ਹਾਂ ਦਾ ਲਾਭ ਸਾਰੇ ਮਨੁੱਖਾਂ ਨੂੰ ਹੋਵੇ। ਇਹ ਹੈ ਤਰੱਕੀਪਸੰਦ ਨੀਤੀ ਦਾ ਆਧਾਰ। ਆਰਥਿਕ ਵਾਧੇ ਅਤੇ ਵਿਅਕਤੀਗਤ ਆਮਦਨੀਆਂ ਨੂੰ ਵੱਧ ਤੋਂ ਵੱਧ ਬਣਾਉਣਾ ਇਸ ਦਾ ਆਧਾਰ ਨਹੀਂ ਹੈ। ਇਸ ਸਦੀ ਵਿਚ ਸਾਨੂੰ ਜੋ ਵਾਤਾਵਰਣ ਦੇ ਸੰਕਟ ਦੀ ਸਮੱਸਿਆ ਦਰਪੇਸ਼ ਹੈ, ਉਸ ਨੂੰ ਸੁਲਝਾਉਣ ਦੇ ਮਾਮਲੇ ਨਾਲੋਂ ਹੋਰ ਕਿਸੇ ਖੇਤਰ 'ਚ ਇਹ ਵੱਧ ਅਹਿਮ ਨਹੀਂ ਹੋਣ ਲੱਗੀ। ਇਸ ਲਈ ਭਾਵੇਂ ਅਸੀਂ ਕੋਈ ਵੀ ਵਿਚਾਰਧਾਰਕ ਲੋਗੋ ਚੁਣ ਲਈਏ, ਇਸ ਦਾ ਅਰਥ ਹੋਵੇਗਾ, ਖੁੱਲ੍ਹੀ ਮੰਡੀ ਤੋਂ ਵੱਡਾ ਮੋੜਾ ਕੱਟ ਕੇ ਜਨਤਕ ਕਾਰਵਾਈ ਦਾ ਰੁਖ਼ ਕਰਨਾ; ਉਸ ਤੋਂ ਕਿਤੇ ਵੱਡਾ ਮੋੜਾ ਜਿੰਨਾ ਕੁ ਹੁਣ ਤੱਕ ਬਰਤਾਨਵੀ ਹਕੂਮਤ ਨੇ ਸੋਚਿਆ ਹੈ। ਤੇ, ਆਰਥਿਕ ਸੰਕਟ ਦੀ ਤੀਬਰਤਾ ਨੂੰ ਮੁੱਖ ਰੱਖਦਿਆਂ, ਮੁਨਾਸਿਬ ਤੇਜ਼ੀ ਨਾਲ ਮੋੜਾ ਕੱਟਣ ਬਾਰੇ ਸੋਚਣਾ। ਵਕਤ ਸਾਡੇ ਹੱਕ 'ਚ ਨਹੀਂ ਹੈ।

*ਅਨੁਵਾਦ: ਬੂਟਾ ਸਿੰਘ*
*ਫ਼ੋਨ:9194634-74342*

# ਸਿਆਸੀ ਪ੍ਰਭੂਆਂ, ਗੁੰਡਾ ਗਰੋਹਾਂ ਤੇ ਪੁਲਿਸ ਦੀ ਮਿਲੀਭੁਗਤ ਦਾ ਤਾਣਾਬਾਣਾ

ਬਲਜਿੰਦਰ ਕੋਟਭਾਰਾ

ਪੰਜਾਬ ਦੇ ਵੱਖੋਂ ਵੱਖ ਸ਼ਹਿਰਾਂ ਵਿਚ ਹੋ ਰਹੀਆਂ ਗੁੰਡਾਗਰਦੀ ਦੀਆਂ ਸਨਸਨੀਖੇਜ ਘਟਨਾਵਾਂ ਵਿਚੋਂ ਫ਼ਰੀਦਕੋਟ ਵਿਚ ਸਰੂਤੀ ਅਗਵਾ ਕਾਂਡ ਅਤੇ ਜਲੰਧਰ ਵਿਚਲਾ ਗਿੱਕੀ ਸੇਖ਼ੋਂ ਕਤਲ ਕਾਂਡ ਵਿਸ਼ੇਸ ਧਿਆਨ ਦਾ ਕੇਂਦਰ ਬਣੇ ਹੋਏ ਹਨ ਕਿਉਂਕਿ ਦੋਹਾਂ ਹੀ ਮਾਮਲਿਆਂ ਵਿਚ ਪੀੜਤਾਂ ਨੂੰ ਸਥਾਨਕ ਲੋਕਾਂ ਦਾ ਵਿਸ਼ਾਲ ਜਥੇਬੰਦਕ ਸਹਿਯੋਗ ਮਿਲਿਆ ਹੈ ਅਤੇ ਲੋਕਾਂ ਵਿਚ ਪ੍ਰਭਾਵ ਬਣਿਆ ਹੈ ਕਿ ਪੁਲਿਸ ਪ੍ਰਸ਼ਾਸਨ ਲੋਕਾਂ ਨਾਲ ਖੜ੍ਹਨ ਦੀ ਬਜਾਏ ਗੁੰਡਾ ਗਰੋਹਾਂ ਨੂੰ ਬਚਾਉਣ ਅਤੇ ਮਾਮਲੇ ਨੂੰ ਗਲਤ ਰੰਗਤ ਦੇ ਕੇ ਲੋਕ ਸੰਘਰਸ਼ ਤਾਰਪੀਡੋ ਕਰਨ ਦੀਆਂ ਸਾਜਿਸ਼ਾਂ ਰਚ ਰਿਹਾ ਹੈ। ਦੋਹਾਂ ਕੇਸਾਂ ਵਿਚ ਸਿਆਸੀ ਪ੍ਰਭੂਆਂ, ਗੁੰਡਾ ਗਰੋਹਾਂ ਅਤੇ ਪੁਲਿਸ ਦੇ ਉਚ ਅਧਿਕਾਰੀਆਂ ਦੀ ਮਿਲੀਭੁਗਤ ਸਾਫ਼ ਦਿਸਦੀ ਹੈ।

ਲੋਕ ਦਬਾਅ ਅਧੀਨ ਬਦਲ ਦਿੱਤੇ ਗਏ ਪੁਲਿਸ ਅਫਸਰਾਂ ਵਲੋਂ ਦੋਸ਼ੀਆਂ ਨੂੰ ਕਾਬੂ ਕਰਨ ਦੇ ਮਾਮਲੇ ਵਿਚ ਆਪਣੀ ਅਸਫ਼ਲਤਾ ਅਤੇ ਲੋਕ ਰੋਹ ਨੂੰ ਫ਼ੇਲ੍ਹ ਕਰਨ ਦੇ ਕੋਝੇ ਮਨਸੂਬੇ ਅਧੀਨ ਦਿੱਤੇ ਗਏ ਬਿਆਨ ਅਤੇ ਜਨਤਕ ਤੌਰ 'ਤੇ ਜਾਰੀ ਕੀਤੀਆਂ ਗਈਆਂ ਵਿਆਹ ਦੀਆਂ ਫ਼ੋਟੋਆਂ ਵਾਲਾ ਰਵੱਈਆ ਮੁੱਖ਼ ਦੋਸ਼ੀ ਦੇ ਫੜੇ ਜਾਣ ਅਤੇ ਕੁੜੀ ਦੇ ਬਰਾਮਦ ਹੋਣ ਤੋਂ ਬਾਅਦ ਵੀ ਬਦਸਤੂਰ ਜਾਰੀ ਹੈ। ਸਗੋਂ ਅਜਿਹੇ ਹੀ ਸ਼ਬਦ ਹੁਣ ਜਿਲ੍ਹਾ ਪੁਲਿਸ ਮੁਖੀ ਦੀ ਬਜਾਏ ਸੂਬਾ ਪੁਲਿਸ ਮੁਖੀ ਦੇ ਮੂੰਹੋਂ ਨਿਕਲ ਰਹੇ ਹਨ। ਨਾਲ ਵਾਧਾ ਇਹ ਹੈ ਕਿ


## ਸ਼ਰੂਤੀ ਅਗਵਾ ਕਾਂਡ

ਬੇਇਨਸਾਫ਼ੀ ਵਿਰੁਧ ਲੜ੍ਹਨ ਵਾਲੇ ਨਿੱਜੀ ਲਾਭਾਂ ਅਤੇ ਰਾਜਸੀ ਹਿੱਤਾਂ ਖਾਤਰ ਅਗਵਾ ਮਾਮਲੇ ਨੂੰ ਸਿਆਸੀ ਰੰਗਤ ਦੇ ਰਹੇ ਹਨ।

ਫਿਰ ਵੀ ਇਸ ਮਾਮਲੇ ਦੇ ਹਾਂ-ਪੱਖ਼ੀ ਪਹਿਲੂਆਂ ਨੂੰ ਨਾ ਕੇਵਲ ਵਿਚਾਰਨਾ ਚਾਹੀਦਾ ਹੈ ਸਗੋਂ ਹੱਲਾਸ਼ੇਰੀ ਮਿਲਣੀ ਚਾਹੀਦੀ ਹੈ। ਪਹਿਲਾ ਇਹ ਕਿ ਲੰਬੇ ਸਮੇਂ (ਮਹਿਲ ਕਲਾਂ ਦੇ ਕਿਰਨਜੀਤ ਕੌਰ ਕਤਲ ਕਾਂਡ) ਤੋਂ ਬਾਅਦ ਪੰਜਾਬ ਦੇ ਲੋਕ ਕਿਸੇ ਸੰਵੇਦਨਸ਼ੀਲ ਮੁੱਦੇ ਪ੍ਰਤੀ ਸਿਆਸੀ, ਧਾਰਮਿਕ ਤੇ ਆਰਥਿਕ ਬੰਦਸ਼ਾਂ ਤੋੜ ਕੇ ਇੱਕ ਮੰਚ 'ਤੇ ਇਕੱਠੇ ਹੋਏ ਅਤੇ ਸ਼ਾਂਤੀਪੂਰਨ ਘੋਲ ਰਾਹੀਂ ਪੀੜਤਾਂ ਨੂੰ ਇਨਸਾਫ਼ ਦੇ ਨੇੜੇ ਪਹੁੰਚਾਉਣ ਵਿਚ ਸਫ਼ਲ ਹੋਏ ਹਨ। ਦੂਜਾ, ਇਹ ਪਹਿਲੀ ਵਾਰ ਹੈ ਕਿ ਲੋਕ ਦਬਾਅ ਸਦਕਾ ਅਸਿੱਧੇ ਰੂਪ ਵਿਚ ਗੁੰਡਾ ਗਰੋਹਾਂ ਦਾ ਪੱਖ ਪੂਰਨ ਵਾਲੇ ਵੱਡੇ ਰੁਤਬੇ ਦੇ ਪੁਲਿਸ ਅਧਿਕਾਰੀਆਂ ਦੀ ਬਦਲੀ ਹੋਈ ਹੋਵੇ। ਤੀਜਾ, ਅਸੰਵੇਦਨਸ਼ੀਲ ਸਿਆਸੀ ਪ੍ਰਭੂ ਲੋਕ ਦਬਾਅ ਅਧੀਨ ਚੁੱਪ ਤੋਂ ਲੈ ਕੇ ਲੋਕਾਂ ਦੇ ਅੰਗ-ਸੰਗ ਖੜ੍ਹਨ ਦੇ ਵਿਖਾਵਿਆਂ, ਬਿਆਨਾਂ, ਕਾਰਵਾਈਆਂ ਲਈ ਮਜ਼ਬੂਰ ਹੋਏ ਹਨ। ਚੌਥਾ, ਫ਼ਰੀਦਕੋਟ ਅਤੇ ਨੇੜਲੇ ਇਲਾਕਿਆਂ ਵਿਚ ਇਹ ਪ੍ਰਭਾਵ ਟੁੱਟਿਆ ਹੈ ਕਿ ਪਾੜ੍ਹੇ ਤਾਂ ਹੁਣ ਨਸ਼ਿਆਂ ਤੇ ਫ਼ੈਸਨ ਜੋਗੇ ਹੀ ਰਹਿ ਗਏ ਹਨ, ਕਿਉਂਕਿ ਲੰਬੇ ਸਮੇਂ ਬਾਅਦ ਇਸ ਲੋਕ-ਪੱਖੀ ਘੋਲ ਵਿਚ ਹਰ ਵਰਗ ਦੇ ਵਿਦਿਆਰਥੀਆਂ ਨੇ ਸਰਗਰਮ ਸਮੂਲੀਅਤ ਕੀਤੀ ਹੈ। ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਜੇ ਰਾਜ ਕਰਦੀ ਪਾਰਟੀ ਨੇ 25 ਦਿਨ ਇਸ ਘਟਨਾ ਪ੍ਰਤੀ ਬੜੀ ਬੇਸ਼ਰਮੀ ਭਰੀ ਚੁੱਪ ਵੱਟੀ ਰੱਖੀ ਤਾਂ ਮੁੱਖ ਵਿਰੋਧੀ ਪਾਰਟੀ ਵੀ ਲੋਕ ਘੋਲ ਤੋਂ

(ਬਾਕੀ ਸਫਾ 17 'ਤੇ)

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

# ਰਾਵਣ ਸੜਦਾ ਰਹੇਗਾ, 'ਸੋਨੇ ਦੀ ਲੰਕਾ' ਫਿਰ ਵੀ ਬਚੀ ਰਹੇਗੀ

***ਰਾਮ-ਲੀਲਾ ਵਲ ਲੋਕਾਂ ਦੀ ਨੀਝ ਲੱਗਣ ਦੇ ਦੌਰਾਨ ਰਾਵਣ ਦੇ ਬੁੱਤ ਬਣਾਏ ਜਾਂਦੇ ਹਨ। ਉਸੇ ਤਰ੍ਹਾਂ ਰਾਜਨੀਤਕ-ਲੀਲਾ ਵਿਚ ਲੋਕਾਂ ਨੂੰ ਰੁੱਝੇ ਰੱਖ ਕੇ ਕਦੇ ਕਰਨਾਟਕਾ ਦੇ 'ਰੈਡੀ ਬ੍ਰਦਰਜ਼' ਅਤੇ ਕਦੇ ਕੋਈ ਅਬਦੁਲ ਕਰੀਮ ਤੇਲਗੀ ਬਣਦਾ ਰਹਿੰਦਾ ਹੈ। ਰਾਵਣ ਦਾ ਬੁੱਤ ਬਣਾ ਕੇ ਪਹਿਲਾਂ ਬਣਾਉਣ ਵਾਲੇ ਕਾਰੀਗਰ ਦੂਰ ਖੜੋ ਕੇ ਵੇਖਦੇ ਹਨ। ਫਿਰ ਦੁਸਹਿਰਾ ਕਮੇਟੀ ਦੇ ਪ੍ਰਬੰਧਕ ਆਣ ਕੇ ਮੁਆਇਨਾ ਕਰਦੇ ਤੇ ਕਹਿੰਦੇ ਹਨ ਕਿ 'ਇਹ ਬਿਲਕੁਲ ਰਾਵਣ ਹੀ ਜਾਪਦਾ ਹੈ'। ਉਸ ਦੇ ਬਾਅਦ ਉਸ ਨੂੰ ਸਾੜ ਕੇ ਖੁਸ਼ੀ ਮਨਾਈ ਜਾਂਦੀ ਹੈ। ਰਾਜਨੀਤੀ ਦੀ ਕ੍ਰਿਪਾ ਨਾਲ ਵੀ ਕੁਝ ਰਾਵਣ ਸਿਰਜੇ ਜਾਂਦੇ ਹਨ ਤੇ ਫਿਰ ਜੇਲ੍ਹ ਭਿਜਵਾ ਕੇ ਉਨ੍ਹਾਂ ਦੇ ਪਿੱਛੇ ਖੜੀ ਰਾਜਸੀ-ਲੀਲਾ ਕਰਨ ਵਾਲੇ ਇਹ ਲੋਕ ਖੁਸ਼ੀ ਨਹੀਂ ਮਨਾਉਂਦੇ ਕਿ ਬਦੀ ਉਤੇ ਨੇਕੀ ਦੀ ਜਿੱਤ ਹੋਈ ਹੈ, ਸਗੋਂ ਇਹ ਸ਼ੁਕਰ ਮਨਾਉਂਦੇ ਹਨ ਕਿ ਉਹ ਇਕੱਲਾ ਗਿਆ, ਸਾਨੂੰ ਨਹੀਂ ਜਾਣਾ ਪਿਆ।***

ਖਬਰ ਛੋਟੀ ਜਿਹੀ ਸੀ, ਜਿਹੜੀ ਬਹੁਤੇ ਲੋਕਾਂ ਨੇ ਮਾੜੀ ਜਿਹੀ ਨਜ਼ਰ ਮਾਰ ਕੇ ਪਾਸੇ ਕਰ ਦਿੱਤੀ, ਪਰ ਇਹ ਏਨੀ ਮਾਮੂਲੀ ਨਹੀਂ ਸੀ ਕਿ ਅਣਗੌਲੀ ਕਰ ਦਿੱਤੀ ਜਾਵੇ। ਹੋਇਆ ਇਹ ਸੀ ਕਿ ਜਲੰਧਰ ਦੀ ਇਕ ਕਾਲੋਨੀ ਵਿਚ ਕੁਝ ਬੱਚਿਆਂ ਨੇ ਕਿਹਾ ਕਿ ਅਸੀਂ ਆਪਣਾ ਕਾਲੋਨੀ ਪੱਧਰ ਦਾ ਦੁਸਹਿਰਾ ਮਨਾਉਣਾ ਹੈ, ਤੇ ਉਹ ਰਾਵਣ ਦਾ ਬੁੱਤ ਬਣਾਉਣ ਲਈ ਉਗਰਾਹੀ ਕਰਨ ਲੱਗ ਪਏ। ਜਦੋਂ ਲੋਕਾਂ ਨੇ ਪੈਸੇ ਦੇ ਦਿੱਤੇ ਤੇ ਬੱਚਿਆਂ ਨੇ ਰਾਵਣ ਦਾ ਬੁੱਤ ਬਣਾ ਲਿਆ ਤਾਂ ਨਾਲ ਇਹ ਸ਼ਰਤ ਲਿਖ ਕੇ ਲਾ ਦਿੱਤੀ ਕਿ ਅਸੀਂ ਸੱਦਣਾ ਕਿਸੇ ਨੂੰ ਨਹੀਂ, ਪਰ ਇਸ ਬੁੱਤ ਨੂੰ ਅੱਗ ਲਾਉਣ ਲਈ ਉਹ ਆਗੂ ਆਵੇ, ਜਿਸ ਨੇ ਕਦੇ ਕੋਈ ਮਾੜਾ ਕੰਮ ਨਾ ਕੀਤਾ ਹੋਵੇ। ਸ਼ਾਮ ਤੱਕ ਨੇਤਾ ਦੀ ਉਡੀਕ ਹੁੰਦੀ ਰਹੀ। ਨਹੀਂ ਸੀ ਆਉਣਾ ਕਿਸੇ ਨੇ, ਅਤੇ ਕੋਈ ਆਇਆ ਵੀ ਨਹੀਂ ਸੀ। ਸਾਰੇ ਜਲੰਧਰ ਦੇ ਨੇਤਾ ਪਾਸਾ ਵੱਟ ਗਏ ਸਨ। ਆਖਰ ਇਕ ਬੱਚੇ ਤੋਂ ਰਾਵਣ ਦੇ ਉਸ ਪੁਤਲੇ ਨੂੰ ਅੱਗ ਦੇਣ ਦੀ ਰਸਮ ਪੂਰੀ ਕਰਵਾਈ ਗਈ।

ਇਸ ਨੂੰ ਭਾਰਤ ਦੇ ਹਾਲਾਤ ਨਾਲ ਜੋੜ ਕੇ ਵੇਖੀਏ। ਸਾਰੇ ਦੇਸ਼ ਵਿਚ ਉਸੇ ਦਿਨ ਉਸੇ ਰਾਵਣ ਦੇ ਪੁਤਲੇ ਫੂਕੇ ਗਏ ਸਨ। ਹਰ ਥਾਂ ਪੁਤਲੇ ਨੂੰ ਅੱਗ ਲਾਉਣ ਵਾਲਾ ਕੋਈ ਨਾ ਕੋਈ ਵੱਡਾ ਨੇਤਾ ਸੱਦਿਆ ਗਿਆ ਸੀ। ਦਿੱਲੀ ਵਿਚ ਰਾਵਣ ਦੇ ਪੁਤਲੇ ਨੂੰ ਅੱਗ ਲਾਉਣ ਸੋਨੀਆ ਗਾਂਧੀ ਆਈ ਸੀ। ਨਾਲ ਡਾ. ਮਨਮੋਹਨ ਸਿੰਘ ਦਾ ਹੋਣਾ ਜ਼ਰੂਰੀ ਸਮਝਿਆ ਗਿਆ ਸੀ। ਜੀ-ਹਜ਼ੂਰੀਏ ਆ ਕੇ ਸੋਨੀਆ ਗਾਂਧੀ ਨਾਲ ਫੋਟੋ ਖਿਚਵਾਉਣ ਦੇ ਬਹਾਨੇ ਬਣਾ ਰਹੇ ਸਨ। ਇਕ ਜਣੇ ਨੇ ਤੀਰ-ਕਮਾਨ ਚੁੱਕ ਲਿਆਂਦਾ, ਜਿਹੜਾ ਸੋਨੀਆ ਗਾਂਧੀ ਦੇ ਹੱਥ ਫੜਾ ਕੇ ਰਾਵਣ ਵੱਲ ਚਲਾਉਣ ਲਈ ਕਿਹਾ ਗਿਆ ਤੇ ਜਦੋਂ ਉਸ ਨੂੰ ਚਲਾਉਣਾ ਨਾ ਆਇਆ ਤਾਂ ਉਸ ਦਾ ਹੱਥ ਲਵਾ ਕੇ ਫਿਰ ਆਪ ਚਲਾ ਦਿੱਤਾ। ਇਹ ਚੋਚਲੇ ਹਰ ਰਾਜ ਵਿਚ ਲਗਭਗ ਹਰ ਥਾਂ ਕੀਤੇ ਜਾ ਰਹੇ ਸਨ ਤੇ ਨਾਲ ਇਹ ਕਿਹਾ ਜਾ ਰਿਹਾ ਸੀ ਕਿ ਦੁਸਹਿਰੇ ਦਾ ਤਿਓਹਾਰ ਤਾਂ ਬਦੀ ਉਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ। ਰਾਵਣ ਦੇ ਸਿਰਫ ਪੁਤਲੇ ਸਨ, ਜਿਹੜੇ ਬੋਲ ਨਹੀਂ ਸਨ ਸਕਦੇ। ਜੇ ਰਾਵਣ ਦਾ ਪੁਤਲਾ ਬੋਲ ਸਕਦਾ ਤਾਂ ਉਸ ਨੇ ਇਹ ਗਾਣਾ ਸੁਣਾਉਣ ਲੱਗ ਜਾਣਾ ਸੀ, 'ਪਹਿਲਾ ਪੱਥਰ ਵੋ ਮਾਰੇ, ਜਿਸ ਨੇ ਪਾਪ ਨਾ ਕੀਆ ਹੋ, ਜੋ ਪਾਪੀ ਨਾ ਹੋ'। ਉਦੋਂ ਸਾਰਿਆਂ ਦੇ ਸਿਰ ਸ਼ਰਮ ਨਾਲ ਝੁਕ ਜਾਣੇ ਸਨ।

ਚਰਚਾ ਤਾਂ ਇਹ ਵੀ ਚੱਲਦੀ ਹੈ ਕਿ ਰਾਵਣ ਅਸਲ ਵਿਚ ਉਦੋਂ ਭਾਰਤ ਵਿਚ ਵੱਸਦੇ ਦਰਾਵੜਾਂ ਦਾ ਆਗੂ ਹੁੰਦਾ ਸੀ, ਜਿਸ ਨੂੰ ਬਾਹਰੋਂ ਆਏ ਆਰੀਆ ਹਮਲਾਵਰਾਂ ਨੇ ਹਰਾ ਦਿੱਤਾ। ਹਾਰਨ ਵਾਲਾ ਇਤਿਹਾਸ ਦਾ ਖਲਨਾਇਕ ਹੋ ਗਿਆ ਤੇ ਉਸ ਨੂੰ ਹਰਾਉਣ ਵਾਲਾ ਰਾਜਾ ਰਾਮ ਚੰਦਰ ਭਗਵਾਨ ਅਤੇ ਸੱਚਾਈ ਦੀ ਜੰਗ ਦਾ ਨਾਇਕ ਹੋ ਗਿਆ ਸੀ, ਪਰ ਇਸ ਚਰਚਾ ਨੂੰ ਅਸੀਂ ਇਥੇ ਨਹੀਂ ਛੇੜ ਰਹੇ। ਇਥੇ ਸਿਰਫ ਇਹ ਗੱਲ ਲੈ ਕੇ ਚੱਲੀਏ ਕਿ ਰਾਵਣ ਨੂੰ ਪਾਪੀ ਮੰਨਿਆ ਜਾਂਦਾ ਹੈ। ਹਰ ਸਾਲ ਉਸ ਨੂੰ ਸਾੜ ਕੇ ਪਾਪੀ ਨੂੰ ਸਜ਼ਾ ਦੇਣ ਦਾ ਸਾਂਗ ਕੀਤਾ ਜਾਂਦਾ ਹੈ, ਪਰ ਇਸ ਸਜ਼ਾ ਨਾਲ ਹੋਰ ਰਾਵਣ ਜੰਮਣੋਂ ਤਾਂ ਹਟ ਨਹੀਂ ਸਕੇ। ਗੱਲ ਰਾਵਣ ਦੀ ਬਜਾਏ ਰਾਵਣ-ਬਿਰਤੀ ਦੀ ਹੋਣੀ ਚਾਹੀਦੀ ਹੈ, ਜਿਸ ਦਾ ਜ਼ਿਕਰ ਕਰਨ ਨੂੰ ਕੋਈ ਆਗੂ ਤਿਆਰ ਨਹੀਂ। ਆਮ ਲੋਕ ਉਸ ਦੀ ਚਰਚਾ ਕਰਦੇ ਹਨ, ਆਗੂ ਨਹੀਂ ਕਰਨਾ ਚਾਹੁੰਦੇ। ਆਗੂ ਇਹ ਚਰਚਾ ਕਰਨਗੇ ਤਾਂ ਲੋਕ ਪੁੱਛ ਲੈਣਗੇ ਕਿ ਜੇ ਰਾਮ ਦਾ ਭੇਸ ਧਾਰ ਕੇ ਰਾਵਣ ਫਿਰਦਾ ਹੋਵੇ, ਫਿਰ ਕੀ ਕਰਨਾ ਚਾਹੀਦਾ ਹੈ?

ਰਾਵਣ-ਬਿਰਤੀ ਸਿਰਫ ਇਕ ਇਸਤਰੀ ਦੇ ਅਗਵਾ ਦੀ ਘਟਨਾ ਤੱਕ ਸੀਮਤ ਨਹੀਂ ਹੋ ਸਕਦੀ, ਸਾਰੇ ਦੇਸ਼ ਦੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਨਾਲ 'ਸੋਨੇ ਦੀ ਲੰਕਾ' ਬਣਾ ਕੇ ਐਸ਼ ਕਰਨਾ ਵੀ ਉਸ ਵਿਚ ਸ਼ਾਮਲ ਹੁੰਦਾ ਹੈ ਤੇ 'ਤਕੜੇ ਦਾ ਸੱਤੀਂ ਵੀਹੀਂ ਸੌ' ਦਾ ਫਾਰਮੂਲਾ ਵੀ ਇਸ ਬਿਰਤੀ ਦਾ ਅੰਗ ਹੈ। 'ਸੋਨੇ ਦੀ ਲੰਕਾ' ਵਿਚ ਲੰਕਾ ਦੇ ਸਮੁੱਚੇ ਲੋਕ ਸੋਨੇ ਦੇ ਘਰਾਂ ਵਿਚ ਨਹੀਂ ਸੀ ਰਹਿੰਦੇ। ਆਮ ਲੋਕ ਉਥੇ ਵੀ ਝੁੱਗੀਆਂ ਵਿਚ ਰਹਿੰਦੇ ਹੋਣਗੇ। ਜੇ ਲੰਕਾ ਸੋਨੇ ਦੀ ਹੁੰਦੀ ਤਾਂ ਰਾਮ ਵੱਲੋਂ ਲਾਈ ਅੱਗ ਤੋਂ ਬਾਅਦ ਸੋਨਾ ਢਲ ਜਾਣ ਦੇ ਪਿੱਛੋਂ ਹਵਾ ਵਿਚ ਨਹੀਂ ਸੀ ਉਡ ਜਾਣਾ। ਲੱਕੜਾਂ ਸੜਨ ਤਾਂ ਕੋਲੇ ਬਣ ਜਾਂਦੇ ਹਨ, ਪਰ ਸੋਨਾ ਢਲ ਜਾਣ ਤੋਂ ਬਾਅਦ ਵੀ ਕੋਲਾ ਨਹੀਂ ਸੀ ਬਣਨਾ, ਉਸ ਦੇ ਸਬੂਤ ਵਜੋਂ ਅੱਜ ਦੇ ਸ੍ਰੀਲੰਕਾ ਦੀਆਂ ਪਹਾੜੀਆਂ ਤੋਂ ਪੱਥਰਾਂ ਦੀ ਥਾਂ ਸੋਨੇ ਦੇ ਡਲੇ ਉਖੜਿਆ ਕਰਨੇ ਸਨ। ਜੇ ਇਸ ਤਰ੍ਹਾਂ ਨਹੀਂ ਵਾਪਰ ਰਿਹਾ ਤਾਂ ਸਾਫ ਹੈ ਕਿ ਲੰਕਾ ਸੋਨੇ ਦੀ ਨਹੀਂ ਸੀ ਹੁੰਦੀ, ਲੰਕਾ ਦੇ ਰਾਜੇ ਦਾ ਲੋਕਾਂ ਦੀ ਕਿਰਤ-ਕਮਾਈ ਨੂੰ ਲੁੱਟ ਕੇ ਬਣਾਇਆ ਆਪਣਾ ਮਹਿਲ ਹੀ ਸੋਨੇ ਦਾ ਹੋਵੇਗਾ। ਭਾਰਤ ਨੂੰ ਵੀ ਕਦੇ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ, ਪਰ ਸਾਰੇ ਲੋਕ ਸੋਨੇ ਦੇ ਘਰਾਂ ਵਿਚ ਨਹੀਂ ਸੀ ਰਹਿੰਦੇ। ਇਥੇ ਵੀ ਰਾਜੇ ਤੇ ਨਵਾਬ ਸੋਨੇ ਦੀਆਂ ਕੁਰਸੀਆਂ ਉਤੇ ਬੈਠਦੇ ਤੇ ਸੋਨੇ ਦੇ ਬਰਤਨਾਂ ਵਿਚ ਖਾਂਦੇ-ਪੀਂਦੇ ਹੋਣਗੇ ਤੇ ਉਨ੍ਹਾਂ ਵੱਲੋਂ ਆਪਣੇ ਪਾਪਾਂ ਦੀ ਮੁਆਫੀ ਲਈ ਚੜ੍ਹਾਇਆ ਹੋਇਆ ਸੋਨਾ ਮੰਦਰਾਂ ਦੇ ਤਹਿਖਾਨਿਆਂ ਵਿਚ ਪਿਆ ਕਦੀ ਕਿਸੇ ਮਹਿਮੂਦ ਗਜ਼ਨਵੀ ਤੇ ਕਦੀ ਕਿਸੇ ਮੁਹੰਮਦ ਗੌਰੀ ਨੂੰ ਉਡੀਕਦਾ ਰਹਿੰਦਾ ਹੋਵੇਗਾ।



ਸਾਡੇ ਅੱਜ ਦੇ ਭਾਰਤ ਵਿਚ ਵੀ ਇਹੋ ਹਾਲ ਹੈ। ਕਿਸੇ ਅੰਬਾਨੀ ਘਰਾਣੇ ਕੋਲ ਦੌਲਤ ਦਾ ਢੇਰ ਹੈ। ਉਨ੍ਹਾਂ ਦੀ 'ਸੋਨੇ ਦੀ ਲੰਕਾ' ਦੇ ਨਾਲ ਕਈ ਕਿਸਮ ਦੇ ਹੇਰਾਫੇਰੀ ਦੇ ਵਿਵਾਦ ਜੁੜਦੇ ਹਨ। ਕੋਈ ਹਰਿਆਣੇ ਦਾ ਜਿੰਦਲ ਪਰਿਵਾਰ ਆਪਣੀ 'ਸੋਨੇ ਦੀ ਲੰਕਾ' ਬਣਾਈ ਫਿਰਦਾ ਹੈ, ਪਰ ਨੀਤ ਦੀ ਭੁੱਖ ਅਜੇ ਵੀ ਨਹੀਂ ਗਈ। ਇਸ ਕਰ ਕੇ ਉਹ ਕੋਲੇ ਦੇ ਬਲਾਕਾਂ ਦੀ ਅਲਾਟਮੈਂਟ ਵਿਚ ਕਾਲਖ ਨਾਲ ਲਿੱਬੜ ਗਿਆ ਹੈ। ਕਰਨਾਟਕਾ ਦੇ ਰੈਡੀ ਭਰਾਵਾਂ ਵਿਚੋਂ ਦੋ ਜਣੇ ਮੰਤਰੀ ਵੀ ਬਣਾ ਦਿੱਤੇ ਗਏ ਸਨ। ਫਿਰ ਸਕੈਂਡਲਾਂ ਦੀ ਸੜ੍ਹਿਆਂਦ ਬਾਹਰ ਨਿਕਲ ਆਈ ਤੇ ਜੇਲ੍ਹ ਜਾਣਾ ਪੈ ਗਿਆ। ਉਨ੍ਹਾਂ ਦੇ ਘਰ ਛਾਪੇ ਵੱਜੇ ਤਾਂ ਪਤਾ ਲੱਗਾ ਕਿ ਉਹ ਸੋਨੇ ਦੇ ਬਰਤਨਾਂ ਵਿਚ ਖਾਣਾ ਖਾਂਦੇ ਸਨ ਤੇ ਸੋਨੇ ਦੀ ਕੁਰਸੀ ਉਤੇ ਬੈਠਦੇ ਸਨ। ਰਾਵਣ ਜਿੱਡੀ ਨਾ ਸਹੀ, ਆਪਣੇ ਹਿਸਾਬ ਨਾਲ ਇਕ 'ਸੋਨੇ ਦੀ ਲੰਕਾ' ਤਾਂ ਉਨ੍ਹਾਂ ਨੇ ਵੀ ਬਣਾ ਲਈ ਸੀ। ਕਦੇ ਉਨ੍ਹਾਂ ਦਾ ਬਾਪ ਆਪਣੇ ਕਾਰੋਬਾਰ ਦੇ ਲਾਈਸੈਂਸ ਦੇ ਕਾਗਜ਼ ਲੈਣ ਲਈ ਆਂਧਰਾ ਪ੍ਰਦੇਸ਼ ਦੀ ਰਾਜਧਾਨੀ ਹੈਦਰਾਬਾਦ ਦੇ ਇਕ ਕਲਰਕ ਨੂੰ ਆਪਣੇ ਸਕੂਟਰ ਉਤੇ ਬਿਠਾ ਕੇ ਉਸ ਦੀ ਸੇਵਾ ਕਰਨ ਲਈ ਚਾਰ ਮੀਨਾਰ ਇਲਾਕੇ ਦੇ ਇਕ ਢਾਬੇ ਤੋਂ ਰੋਟੀ ਖਵਾਉਣ ਗਿਆ ਸੀ। ਜਦੋਂ ਉਨ੍ਹਾਂ ਨੇ 'ਸੋਨੇ ਦੀ ਲੰਕਾ' ਬਣਾ ਲਈ, ਫਿਰ ਆਂਧਰਾ ਪ੍ਰਦੇਸ਼ ਦਾ ਕਾਂਗਰਸ ਦਾ ਮੁੱਖ ਮੰਤਰੀ ਤੇ ਕਰਨਾਟਕਾ ਦਾ ਭਾਰਤੀ ਜਨਤਾ ਪਾਰਟੀ ਦਾ ਮੁੱਖ ਮੰਤਰੀ ਉਨ੍ਹਾਂ ਦੇ ਘਰ ਇਹ ਸੱਦਾ ਦੇਣ ਆਉਣ ਲੱਗ ਪਏ ਕਿ ਸਾਡੇ ਵੱਲੋਂ ਚੋਣ ਲੜੋ ਤੇ ਆਣ ਕੇ ਮੰਤਰੀ ਬਣਨ ਦੀ ਕ੍ਰਿਪਾਲਤਾ ਕਰੋ। ਸਮਾਂ ਬਦਲਿਆ ਤੇ ਉਹ ਜੇਲ੍ਹ ਚਲੇ ਗਏ। ਦੋਵਾਂ ਪਾਰਟੀਆਂ ਦੇ ਲੀਡਰ ਉਨ੍ਹਾਂ ਨਾਲ ਆਪਣੇ ਸਬੰਧਾਂ ਤੋਂ ਮੁੱਕਰਨ ਲੱਗ ਪਏ। ਸੁਸ਼ਮਾ ਸਵਰਾਜ ਭਾਰਤ ਦੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੀ ਆਗੂ ਹੈ, ਉਸ ਨੂੰ ਉਨ੍ਹਾਂ ਰੈਡੀ ਭਰਾਵਾਂ ਦੀ 'ਗਾਡ ਮਦਰ' ਵਜੋਂ ਜਾਣਿਆ ਜਾਂਦਾ ਸੀ, ਉਹ ਦੋ ਦਿਨ ਤੱਕ ਕੁਝ ਬੋਲੀ ਹੀ ਨਹੀਂ ਸੀ ਤੇ ਫਿਰ ਇਹ ਕਹਿਣ ਲੱਗ ਪਈ ਕਿ ਪਾਰਟੀ ਵਿਚ ਹੋਣ ਕਰ ਕੇ ਸਬੰਧ ਸਨ, ਨਿੱਜੀ ਸਬੰਧ ਕੋਈ ਨਹੀਂ ਸੀ। ਉਦੋਂ 'ਰਾਵਣਾਂ ਦਾ ਟੱਬਰ' ਰਾਤੋ-ਰਾਤ ਅਛੂਤ ਹੋ ਗਿਆ ਸੀ।

ਅਬਦੁਲ ਕਰੀਮ ਤੇਲਗੀ ਦੋ ਟਕੇ ਦੀ ਔਕਾਤ ਵਾਲਾ ਬੰਦਾ ਸੀ। ਉਸ ਨੂੰ ਇਕ ਫੁਰਨਾ ਸੁੱਝਾ। ਸਰਕਾਰ ਦੇ ਸਟੈਂਪ ਪੇਪਰ, ਜਿਨ੍ਹਾਂ ਨੂੰ ਅਸੀਂ ਲੋਕ 'ਅਸ਼ਟਾਮ' ਆਖਦੇ ਹਾਂ, ਛਾਪਣ ਵਾਲੀ ਪ੍ਰੈਸ ਦੇ ਅਫਸਰਾਂ ਨਾਲ ਸਾਂਝ ਪਾ ਕੇ ਉਹ ਉਸ ਪ੍ਰੈਸ ਦੀਆਂ ਮਸ਼ੀਨਾਂ ਰੱਦੀ ਦੇ ਖਾਤੇ ਵਿਚ ਖਰੀਦਣ ਵਿਚ ਕਾਮਯਾਬ ਹੋ ਗਿਆ। ਉਸ ਪ੍ਰੈਸ ਦੀ ਮਸ਼ੀਨਰੀ ਕਿਸੇ ਨੂੰ ਵੇਚਣ ਦੀ ਕਾਨੂੰਨੀ ਮਨਾਹੀ ਸੀ, ਪਰ ਕਿਸੇ ਅਫਸਰ ਨੇ ਪ੍ਰਵਾਹ ਨਹੀਂ ਸੀ ਕੀਤੀ। ਫਿਰ ਉਸ ਨੇ ਪ੍ਰੈਸ ਲਾ ਲਈ। ਸਰਕਾਰ ਦੀ ਪ੍ਰੈਸ ਵਿਚ ਜਿਹੜੇ ਕਾਰਿੰਦੇ ਕੰਮ ਕਰਦੇ ਸਨ, ਉਹ ਤੇਲਗੀ ਦੇ ਪ੍ਰੈਸ ਵਿਚ ਜਾ ਕੇ ਉਹੋ ਅਸ਼ਟਾਮ ਛਾਪਣ ਲੱਗ ਗਏ ਤੇ ਸਾਰੇ ਦੇਸ਼ ਵਿਚ ਸਰਕਾਰ ਦੇ ਮਾਲ ਦੀ ਬਜਾਏ ਉਸ ਦਾ ਮਾਲ ਵਿਕਣ ਲੱਗ ਪਿਆ। ਜ਼ਮੀਨ-ਜਾਇਦਾਦ ਦੀ ਖਰੀਦੋ-ਫਰੋਖਤ ਵਾਸਤੇ ਵੀ ਸਾਰੇ ਦੇਸ਼ ਵਿਚ ਉਹੋ ਅਸ਼ਟਾਮ ਵਿਕਦੇ ਰਹੇ ਤੇ ਸਰਕਾਰ ਨਰਸਿਮਹਾ ਰਾਓ ਦੇ ਰਾਜ ਵਿਚ ਵੀ ਸੁੱਤੀ ਰਹੀ, ਦੇਵਗੌੜਾ ਅਤੇ ਗੁਜਰਾਲ ਸਰਕਾਰਾਂ ਦੇ ਵਕਤ ਵੀ ਤੇ ਵਾਜਪਾਈ ਜੀ ਦੇ ਮੁੱਢਲੇ ਸਾਲਾਂ ਵਿਚ ਵੀ।

ਫਿਰ ਅਚਾਨਕ ਰੌਲਾ ਪੈ ਗਿਆ। ਉਦੋਂ ਭਾਰਤ ਦਾ ਵਿਦੇਸ਼ ਮੰਤਰੀ ਭਾਜਪਾ ਆਗੂ ਜਸਵੰਤ ਸਿੰਘ ਹੁੰਦਾ ਸੀ। ਉਸ ਨੇ ਪਾਰਲੀਮੈਂਟ ਵਿਚ ਉਠ ਕੇ ਕਿਹਾ ਕਿ ਕੁੱਲ ਘੋਟਾਲਾ ਬੱਤੀ ਹਜ਼ਾਰ ਕਰੋੜ ਰੁਪਏ ਦਾ ਬਣਦਾ ਹੈ ਤੇ ਇਸ ਨਾਲ ਸਾਰੇ ਦੇਸ਼ ਵਿਚ ਜ਼ਮੀਨਾਂ ਦੀਆਂ ਰਜਿਸਟਰੀਆਂ ਜਿਵੇਂ ਹੋ ਚੁੱਕੀਆਂ ਹਨ, ਜੇ ਉਹ ਸਾਰੀਆਂ ਰੱਦ ਕੀਤੀਆਂ ਜਾਣ ਤਾਂ ਬਹੁਤ ਵੱਡਾ ਬਖੇੜਾ ਪੈਦਾ ਹੋ ਜਾਵੇਗਾ, ਇਸ ਲਈ ਸਰਕਾਰ ਦਾ ਫੈਸਲਾ ਹੈ ਕਿ ਸਾਰੀਆਂ ਰਜਿਸਟਰੀਆਂ ਸਹੀ ਮੰਨ ਲਈਆਂ ਜਾਣ। ਕਿੱਡੀ ਵੱਡੀ 'ਫਰਾਖਦਿਲੀ' ਇਕ ਸਰਕਾਰ ਨੇ ਵਿਖਾ ਦਿੱਤੀ ਕਿ ਅਸ਼ਟਾਮ ਭਾਵੇਂ ਸਾਰੇ ਜਾਅਲੀ ਲਾਏ ਗਏ ਹਨ, ਫਿਰ ਵੀ ਸਾਰੇ ਦੇ ਸਾਰੇ ਅਸਲੀ ਮੰਨੇ ਜਾਣਗੇ। ਇਹ ਸਾਰਾ ਘੋਟਾਲਾ ਤਕਰੀਬਨ ਬੱਤੀ ਹਜ਼ਾਰ ਕਰੋੜ ਰੁਪਏ ਦਾ ਉਦੋਂ ਸੀ, ਜਦੋਂ ਸਾਡੇ ਪੰਜਾਬ ਦਾ ਬੱਜਟ ਸਿਰਫ ਅਠਾਈ ਹਜ਼ਾਰ ਕਰੋੜ ਰੁਪਏ ਦਾ ਸੀ। ਤੇਲਗੀ ਦੇ ਨਾਲ ਕਾਂਗਰਸੀ ਆਗੂਆਂ ਦੇ ਸਬੰਧ ਵੀ ਸਨ, ਸ਼ਰਦ ਪਵਾਰ ਦਾ ਨਾਂ ਵੀ ਬੋਲਦਾ ਸੀ, ਭਾਜਪਾ ਅਤੇ ਸ਼ਿਵ ਸੈਨਾ ਵਾਲਿਆਂ ਦੇ ਸਬੰਧ ਵੀ ਸਨ, ਪਰ ਜਦੋਂ ਕੀਤੀਆਂ ਭੁਗਤਣ ਦਾ ਸਮਾਂ ਆਇਆ ਤਾਂ ਸਾਰੇ ਕਿਨਾਰਾ ਕਰ ਗਏ ਤੇ ਜੇਲ੍ਹ ਵਿਚ ਉਹ ਇਕੱਲਾ ਅੱਡੀਆਂ ਰਗੜ ਰਿਹਾ ਹੈ। ਸੜਦੇ ਰਾਵਣ ਦੇ ਨਾਲ ਕੋਈ ਨਹੀਂ ਸੜਦਾ ਹੁੰਦਾ।

ਸਿਰਫ ਦੋਂਹ-ਚੌਂਹ ਕੇਸਾਂ ਨਾਲ ਗੱਲ ਮੁੱਕ ਨਹੀਂ ਜਾਂਦੀ, ਰਾਵਣ ਬਣਨ ਅਤੇ ਸੜਨ ਦੀ ਪ੍ਰਕਿਰਿਆ ਹਰ ਸਮੇਂ ਜਾਰੀ ਰਹੀ ਹੈ, ਤੇ ਹੁਣ ਵੀ ਜਾਰੀ ਹੈ। ਭਾਰਤ ਦੇ ਕਿਸੇ ਵੀ ਰਾਜ ਵਿਚ ਚਲੇ ਜਾਉ, ਬਿਰਤੀ ਦੇ ਪੱਖ ਤੋਂ ਰਾਵਣ ਦੇ ਕੁਝ ਨਾ ਕੁਝ ਰਿਸ਼ਤੇਦਾਰ ਜ਼ਰੂਰ ਮਿਲ ਜਾਣਗੇ। ਉਹ ਪੰਜਾਬ ਵਿਚ ਵੀ ਹੋਣਗੇ, ਹਿਮਾਚਲ ਪ੍ਰਦੇਸ਼ ਤੇ ਹਰਿਆਣੇ ਵਿਚ ਵੀ। ਜਿਹੜੇ ਰਾਜ ਹਾਲੇ ਤੱਕ ਕੁਝ ਇਮਾਨਦਾਰ ਰਾਜਨੀਤੀ ਲਈ ਜਾਣੇ ਜਾਂਦੇ ਰਹੇ ਹਨ, ਹੁਣ ਉਨ੍ਹਾਂ ਵਿਚ ਵੀ ਇਸ ਰੋਗ ਦੇ ਮਰੀਜ਼ ਮਿਲਣ ਲੱਗੇ ਹਨ। ਬਾਬੇ ਕਹਿੰਦੇ ਹੁੰਦੇ ਸਨ ਕਿ 'ਜੋ ਨਾ ਡਿੱਠਾ, ਸੋਈਓ ਮਿੱਠਾ।'

ਭਾਰਤੀ ਰਾਜਨੀਤੀ ਵਿਚ ਆਪਣੇ ਆਪ ਨੂੰ ਵੱਖਰੀ-ਨਿਆਰੀ ਪਾਰਟੀ ਦੱਸਣ ਵਾਲੀ ਭਾਜਪਾ ਬਾਰੇ ਕਾਂਗਰਸ ਪਾਰਟੀ ਦੇ ਆਗੂ ਦਿਗਵਿਜੇ ਸਿੰਘ ਦਾ ਦਬਕਾ ਵੀ ਲੋਕਾਂ ਨੇ ਉਵੇਂ ਹੀ ਅਣਗੌਲਿਆ ਕਰ ਦਿੱਤਾ ਹੈ, ਜਿਵੇਂ ਜਲੰਧਰ ਵਿਚ ਬੱਚਿਆਂ ਦੇ ਬਣਾਏ ਹੋਏ ਰਾਵਣ ਦੇ ਪੁਤਲੇ ਦੀ ਖਬਰ ਅਣਗੌਲੀ ਕਰ ਦਿੱਤੀ ਗਈ ਹੈ। ਦਿਗਵਿਜੇ ਸਿੰਘ ਨੇ ਇਸ ਹਫਤੇ ਦੇ ਸ਼ੁਰੂ ਵਿਚ ਕਿਹਾ ਸੀ ਕਿ ਵਾਜਪਾਈ ਤੇ ਅਡਵਾਨੀ ਦੇ ਰਿਸ਼ਤੇਦਾਰਾਂ ਦੇ ਖਿਲਾਫ ਸਾਡੇ ਕੋਲ ਵੀ ਸਬੂਤ ਹਨ, ਪਰ ਅਸੀਂ ਉਹ ਸਬੂਤ ਵਰਤਾਂਗੇ ਨਹੀਂ। ਜਦੋਂ ਏਦਾਂ ਦੀ ਗੱਲ ਕਹੀ ਜਾਵੇ ਕਿ 'ਵਰਤਾਂਗੇ ਨਹੀਂ', ਤਾਂ ਅਸਲ ਮਤਲਬ ਅਗਲੀ ਧਿਰ ਨੂੰ ਇਹ ਦੱਸਣਾ ਹੁੰਦਾ ਹੈ ਕਿ 'ਬੱਚੂ, ਮਸਾਲਾ ਸਾਡੇ ਕੋਲ ਵੀ ਹੈ, ਜੇ ਤੁਸੀਂ ਨਾ ਹਟੋਗੇ ਤਾਂ ਫੁਲਝੜੀਆਂ ਅਸੀਂ ਵੀ ਚਲਾਉਣ ਲੱਗ ਪਵਾਂਗੇ।' ਜਿਹੜਾ ਦਬਕਾ ਛੱਡਿਆ ਗਿਆ, ਉਸ ਵਿਚਲਾ ਸੱਚ ਵੀ ਸਭ ਨੂੰ ਪਤਾ ਹੈ। ਵਾਜਪਾਈ ਦੀ ਮੁਤਬੰਨੀ ਧੀ ਨਮਿਤਾ ਦੇ ਪਤੀ ਰੰਜਨ ਭੱਟਾਚਾਰੀਆ ਦਾ ਨਾਂ ਲੋਕਾਂ ਵਿਚ ਪਹਿਲਾਂ ਵੀ ਚਰਚਿਤ ਰਹਿ ਚੁੱਕਾ ਸੀ ਅਤੇ ਅਡਵਾਨੀ ਦੇ ਮਾਮਲੇ ਵਿਚ ਉਨ੍ਹਾਂ ਦੀ ਨੂੰਹ ਦੀ ਚਿੱਠੀ ਹੀ ਬਾਹਰ ਕੱਢ ਦੇਣੀ ਕਾਫੀ ਸੀ। ਦਿਗਵਿਜੇ ਸਿੰਘ ਦੇ ਦਬਕੇ ਤੋਂ ਬਾਅਦ ਭਾਜਪਾ ਵਾਲੇ ਏਨਾ ਕਹਿਣ ਦੀ ਹਿੰਮਤ ਨਹੀਂ ਕਰ ਸਕੇ ਕਿ 'ਜਾਹ, ਤੂੰ ਜਿਹੜਾ ਕੱਦੂ ਵਿਚ ਤੀਰ ਮਾਰਨਾ ਹੈ, ਮਾਰ ਲੈ, ਅਸੀਂ ਪ੍ਰਵਾਹ ਨਹੀਂ ਕਰਦੇ।' ਇਹ ਹਿੰਮਤ ਇਸ ਲਈ ਨਹੀਂ ਕੀਤੀ ਗਈ ਕਿ ਅੰਦਰ ਦੀ ਕਚਿਆਈ ਦਾ ਸਭ ਨੂੰ ਪਤਾ ਹੈ।

ਦਿਗਵਿਜੇ ਸਿੰਘ ਦਾ ਦਬਕਾ ਸਾਡੇ ਅੱਜ ਦੇ ਭਾਰਤ ਦੀ 'ਸੋਨੇ ਦੀ ਲੰਕਾ' ਦੀ ਸਲਾਮਤੀ ਦੀ ਗਾਰੰਟੀ ਕਰਦਾ ਹੈ। ਕਾਂਗਰਸ ਵਾਲੇ ਵਾਜਪਾਈ ਤੇ ਅਡਵਾਨੀ ਦੇ ਰਿਸ਼ਤੇਦਾਰਾਂ ਦੇ ਖਿਲਾਫ ਸਬੂਤ ਹੁੰਦਿਆਂ ਵੀ ਚਰਚਾ ਨਾ ਛੇੜਨ ਦਾ ਐਲਾਨ ਕਰ ਕੇ ਇਹ ਚਾਹੁੰਦੇ ਹਨ ਕਿ ਭਾਜਪਾ ਵਾਲੇ ਵੀ ਰਾਜਸੀ ਲੜਾਈ ਲੜਦੇ ਰਹਿਣ ਅਤੇ ਸੋਨੀਆ ਗਾਂਧੀ ਦੇ ਜਵਾਈ ਤੇ ਜਵਾਕ ਵੱਲ ਉਂਗਲ ਉਠਾਉਣੀ ਬੰਦ ਕਰ ਦੇਣ। ਸਿਰਫ਼ ਰਾਮ-ਲੀਲਾ ਹੁੰਦੀ ਰਹੇ ਤੇ ਰਾਵਣ ਦਾ ਪੁਤਲਾ ਹੀ ਬਣਦਾ ਤੇ ਸੜਦਾ ਰਹੇ। ਜਿਸ ਗੱਲ ਨਾਲ ਪੁਆੜਾ ਪੈਣ ਦਾ ਡਰ ਹੋਵੇ, ਉਹ ਗੱਲ ਨਾ ਛੇੜਨ ਦਾ ਅਣਲਿਖਿਆ ਵਾਅਦਾ ਜਦੋਂ ਦੋਵੇਂ ਧਿਰਾਂ ਦੇ ਆਗੂ ਕਰ ਲੈਣ ਤਾਂ 'ਸੋਨੇ ਦੀ ਲੰਕਾ' ਨੂੰ ਖਤਰਾ ਹੀ ਕੋਈ ਨਹੀਂ ਹੋ ਸਕਦਾ।

ਰਾਮ-ਲੀਲਾ ਵਲ ਲੋਕਾਂ ਦੀ ਨੀਝ ਲੱਗਣ ਦੇ ਦੌਰਾਨ ਰਾਵਣ ਦੇ ਬੁੱਤ ਬਣਾਏ ਜਾਂਦੇ ਹਨ। ਉਸੇ ਤਰ੍ਹਾਂ ਰਾਜਨੀਤਕ-ਲੀਲਾ ਵਿਚ ਲੋਕਾਂ ਨੂੰ ਰੁੱਝੇ ਰੱਖ ਕੇ ਕਦੇ ਕਰਨਾਟਕਾ ਦੇ 'ਰੈਡੀ ਬ੍ਰਦਰਜ਼' ਅਤੇ ਕਦੇ ਕੋਈ ਅਬਦੁਲ ਕਰੀਮ ਤੇਲਗੀ ਬਣਦਾ ਰਹਿੰਦਾ ਹੈ। ਰਾਵਣ ਦਾ ਬੁੱਤ ਬਣਾ ਕੇ ਪਹਿਲਾਂ ਬਣਾਉਣ ਵਾਲੇ ਕਾਰੀਗਰ ਦੂਰ ਖੜੋ ਕੇ ਵੇਖਦੇ ਹਨ। ਫਿਰ ਦੁਸਹਿਰਾ ਕਮੇਟੀ ਦੇ ਪ੍ਰਬੰਧਕ ਆਣ ਕੇ ਮੁਆਇਨਾ ਕਰਦੇ ਤੇ ਕਹਿੰਦੇ ਹਨ ਕਿ 'ਇਹ ਬਿਲਕੁਲ ਰਾਵਣ ਹੀ ਜਾਪਦਾ ਹੈ'। ਉਸ ਦੇ ਬਾਅਦ ਉਸ ਨੂੰ ਸਾੜ ਕੇ ਖੁਸ਼ੀ ਮਨਾਈ ਜਾਂਦੀ ਹੈ। ਰਾਜਨੀਤੀ ਦੀ ਕ੍ਰਿਪਾ ਨਾਲ ਵੀ ਕੁਝ ਰਾਵਣ ਸਿਰਜੇ ਜਾਂਦੇ ਹਨ ਤੇ ਫਿਰ ਜੇਲ੍ਹ ਭਿਜਵਾ ਕੇ ਉਨ੍ਹਾਂ ਦੇ ਪਿੱਛੇ ਖੜੀ ਰਾਜਸੀ-ਲੀਲਾ ਕਰਨ ਵਾਲੇ ਇਹ ਲੋਕ ਖੁਸ਼ੀ ਨਹੀਂ ਮਨਾਉਂਦੇ ਕਿ ਬਦੀ ਉਤੇ ਨੇਕੀ ਦੀ ਜਿੱਤ ਹੋਈ ਹੈ, ਸਗੋਂ ਇਹ ਸ਼ੁਕਰ ਮਨਾਉਂਦੇ ਹਨ ਕਿ ਉਹ ਇਕੱਲਾ ਗਿਆ, ਸਾਨੂੰ ਨਹੀਂ ਜਾਣਾ ਪਿਆ। ਜਦੋਂ ਤੱਕ ਇਹੋ ਜਿਹਾ ਸਿਲਸਿਲਾ ਚੱਲਦਾ ਰਹੇਗਾ, ਰਾਵਣ ਹਰ ਸਾਲ ਬਣਦਾ ਤੇ ਫਿਰ ਸੜਦਾ ਰਹੇਗਾ, ਪਰ 'ਸੋਨੇ ਦੀ ਲੰਕਾ' ਨੂੰ ਕੋਈ ਖਤਰਾ ਨਹੀਂ ਪੈਦਾ ਹੋ ਸਕਦਾ, ਕਿਉਂਕਿ ਬੱਚਿਆਂ ਦਾ ਬਣਾਇਆ ਉਹ ਰਾਵਣ ਸਾੜਨ ਕਿਸੇ ਨੇ ਨਹੀਂ ਜਾਣਾ, ਜਿਸ ਦੇ ਅੱਗੇ ਲਿਖਿਆ ਹੈ, 'ਅੱਗ ਇਸ ਪੁਤਲੇ ਨੂੰ ਉਹ ਨੇਤਾ ਲਾਵੇ, ਜਿਸ ਨੇ ਕੋਈ ਮਾੜਾ ਕੰਮ ਕਦੇ ਨਾ ਕੀਤਾ ਹੋਵੇ।'

# ਵੜੈਚ ਗੁਰਦੁਆਰੇ ਦਾ ਮਸਲਾ ਹੱਲ ਹੋਣ ਦੀ ਆਸ

**ਰਈਆ:** ਕੁਝ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆ ਵੱਲੋਂ ਡੇਰਾ ਬਿਆਸ ਦੇ ਮੁਖੀ ਨਾਲ ਗੱਲਬਾਤ ਕਰਨ ਉਪਰੰਤ ਡੇਰਾ ਰਾਧਾ ਸੁਆਮੀ ਬਿਆਸ ਦੇ ਪ੍ਰਬੰਧਕਾਂ ਵੱਲੋਂ ਪਿੰਡ ਵੜੈਚ ਦਾ ਗੁਰਦੁਆਰਾ ਢਾਹੇ ਜਾਣ ਬਾਰੇ ਚੱਲ ਰਿਹਾ ਵਿਵਾਦ ਹੱਲ ਹੋਣ ਦੀ ਆਸ ਨਜ਼ਰ ਆ ਰਹੀ ਹੈ। ਬਿਆਸ ਫੇਰੀ ਤੋਂ ਬਾਅਦ ਸਿੱਖ ਆਗੂ ਗੁਰਦੁਆਰੇ ਦੇ ਮੁੱਦੇ 'ਤੇ ਕਾਫੀ ਸੰਤੁਸ਼ਟ ਨਜ਼ਰ ਆ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਡੇਰਾ ਰਾਧਾ ਸੁਆਮੀ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰੇ ਬਾਰੇ ਵਿਵਾਦ ਹੱਲ ਕਰਨ ਲਈ ਲਗਾਤਾਰ ਸਿੱਖ ਜਥੇਬੰਦੀਆਂ ਅਤੇ ਧਾਰਮਿਕ ਆਗੂਆਂ ਨਾਲ ਰਾਬਤਾ ਬਣਾਇਆ ਹੋਇਆ ਸੀ। ਇਸ ਦੇ ਸਿੱਟੇ ਵਜੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਿਮਰਨਜੀਤ ਸਿੰਘ ਮਾਨ ਨਾਲ ਗੱਲਬਾਤ ਹੋਣ ਉਪਰੰਤ ਭਾਈ ਧਿਆਨ ਸਿੰਘ ਮੰਡ, ਬਾਬਾ ਬਲਜੀਤ ਸਿੰਘ ਦਾਦੂਵਾਲ, ਖਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ ਵੱਲੋਂ ਬੀਤੇ ਦਿਨੀਂ ਡੇਰਾ ਰਾਧਾ ਸੁਆਮੀ ਬਿਆਸ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਉਥੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆ ਵਿਚਾਲੇ ਵਿਚਾਰ ਵਟਾਂਦਰਾ ਹੋਇਆ ਅਤੇ ਗੁਰਦੁਆਰੇ ਵਾਲੀ ਜਗ੍ਹਾ ਵੀ ਦੇਖੀ ਗਈ। ਦੋਵਾਂ ਧਿਰਾਂ ਵਿਚ ਸ਼ਾਂਤਮਈ ਢੰਗ ਨਾਲ ਗੱਲਬਾਤ ਹੋਈ।

ਡੇਰਾ ਪ੍ਰਬੰਧਕਾਂ ਨੇ ਝਗੜੇ ਨੂੰ ਖ਼ਤਮ ਕਰਨ ਲਈ ਸਿੱਖ ਜਥੇਬੰਦੀਆਂ ਦੇ ਆਗੂਆਂ ਸਾਹਮਣੇ ਆਪਣਾ ਪੱਖ ਸਪੱਸ਼ਟ ਕੀਤਾ ਕਿ ਉਹ ਜਿਸ ਵੀ ਜਗ੍ਹਾ ਗੁਰਦੁਆਰਾ ਉਸਾਰਨਾ ਚਾਹੁੰਦੇ ਹਨ ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਦੂਸਰਾ ਸੁਝਾਅ ਇਹ ਦਿੱਤਾ ਗਿਆ ਕਿ ਉਹ ਇਸ ਜਗ੍ਹਾ ਤੋਂ ਇਲਾਵਾ ਕੋਈ ਹੋਰ ਜਗ੍ਹਾ ਦੇਣ ਨੂੰ ਵੀ ਤਿਆਰ ਹਨ। ਬਾਬਾ ਜੀਵਣ ਸਿੰਘ ਦੇ ਗੁਰਦੁਆਰੇ ਬਾਰੇ ਉਨ੍ਹਾਂ ਕਿਹਾ ਕਿ ਇਰਦ-ਗਿਰਦ ਮਿੱਟੀ ਪਾ ਦਿੱਤੀ ਗਈ ਹੈ ਅਤੇ ਉਹ ਜਿਸ ਤਰ੍ਹਾਂ ਮਰਜ਼ੀ ਉਸਾਰੀ ਕਰ ਲੈਣ। ਜੇਕਰ ਸਿੱਖ ਜਥੇਬੰਦੀਆਂ ਚਾਹੁਣ ਤਾਂ ਇਸ ਗੁਰਦੁਆਰੇ ਨੇੜੇ ਹੀ ਹੋਰ ਜ਼ਮੀਨ ਵਟਾਂਦਰੇ ਦੇ ਰੂਪ ਵਿਚ ਦਿੱਤੀ ਜਾ ਸਕਦੀ ਹੈ। ਡੇਰੇ ਵਿਚ ਗਏ ਕੁਝ ਆਗੂਆਂ ਨੇ ਕਿਹਾ ਕਿ ਸਿੱਖਾਂ ਨੂੰ ਕਿਸੇ ਤਰ੍ਹਾਂ ਦੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਜੇਕਰ ਬਿਨਾਂ ਝਗੜੇ ਡੇਰਾ ਪ੍ਰਬੰਧਕ ਜਗ੍ਹਾ ਦੇ ਰਹੇ ਹਨ ਤਾਂ ਇਸ ਵਿਚ ਕਿਸੇ ਨੂੰ ਇਤਰਾਜ਼ ਨਹੀਂ ਕਰਨਾ ਚਾਹੀਦਾ।

ਆਗੂਆਂ ਅਨੁਸਾਰ ਡੇਰਾ ਰਾਧਾ ਸੁਆਮੀ ਵੱਲੋਂ ਸਿੱਖ ਜਥੇਬੰਦੀਆਂ ਨੂੰ ਭਰੋਸੇ ਵਿਚ ਲੈ ਲਿਆ ਗਿਆ ਹੈ। ਇਸੇ ਦੌਰਾਨ ਪਤਾ ਲੱਗਿਆ ਹੈ ਕਿ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਨੇ ਪਿੰਡ ਵੜੈਚ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਮਸਲਾ ਹੱਲ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ।

# ਮਲਾਲਾ ਦੇ ਬਹਾਨੇ-ਆਪਣੇ ਅਫ਼ਸਾਨੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਪਾਕਿਸਤਾਨ ਦੀ ਅਫਗਾਨਿਸਤਾਨ ਨਾਲ ਲਗਦੀ ਸਰਹੱਦ ਦੇ ਆਸ-ਪਾਸ ਸਵਾਤ ਘਾਟੀ ਨਾਂ ਦਾ ਇਲਾਕਾ; ਜਿਥੇ ਸੰਵਿਧਾਨ ਦੇ ਪੋਥਿਆਂ ਵਿਚ ਲਿਖੇ ਹੋਏ ਜਾਂ ਪਾਰਲੀਮੈਂਟ ਦੇ ਘੜੇ ਹੋਏ ਕਾਨੂੰਨ ਨਹੀਂ ਚੱਲਦੇ, ਸਗੋਂ ਤਾਲਿਬਾਨ ਦੀਆਂ ਸਟੇਨਗੰਨਾਂ ਹੀ ਕਾਨੂੰਨ ਬਣਾਉਂਦੀਆਂ ਹਨ ਤੇ ਹਕੂਮਤ ਚਲਾਉਂਦੀਆਂ ਹਨ। ਯਾਦ ਰਹੇ, ਇਹ ਉਹੀ ਇਲਾਕਾ ਹੈ ਜਿੱਥੇ ਸਿੱਖ ਰਾਜ ਵੇਲੇ ਸ. ਹਰੀ ਸਿੰਘ ਨਲੂਏ ਦੀ ਫੌਜ ਨਾਲ ਵਾਪਰੀ ਇਕ ਘਟਨਾ ਨੂੰ ਲੈ ਕੇ ਪ੍ਰੋ. ਮੋਹਨ ਸਿੰਘ ਨੇ 'ਦੇਸ ਪਿਆਰ' ਨਾਮ ਦੀ ਕਵਿਤਾ ਲਿਖੀ ਸੀ। ਇਸ ਕਵਿਤਾ ਵਿਚ ਇਕ ਬੁੱਢੇ ਅਫ਼ਗਾਨ ਦੀ ਦੇਸ ਭਗਤੀ ਦਾ ਵਰਨਣ ਬੜੀ ਖ਼ੂਬਸੂਰਤੀ ਨਾਲ ਕੀਤਾ ਗਿਆ ਹੈ ਜੋ ਸਿੱਖ ਸੈਨਿਕਾਂ ਹੱਥੋਂ ਅੱਖਾਂ ਸਾਹਵੇਂ ਆਪਣਾ ਪੁੱਤ ਮਰਦਾ ਤਾਂ ਦੇਖ ਲੈਂਦਾ ਹੈ ਪਰ ਆਪਣੇ ਹਾਕਮਾਂ ਦੇ ਪਹਾੜੀ ਕਿਲੇ ਬਾਰੇ ਕੋਈ ਥਹੁ-ਪਤਾ ਨਹੀਂ ਦੱਸਦਾ। ਨਲੂਏ ਸਰਦਾਰ ਦੀਆਂ ਸੰਗੀਨਾਂ ਦਾ ਖੌਫ ਦਿਲੋਂ ਭੁਲਾ ਕੇ ਉਹ ਲਲਕਾਰਦਾ ਕਹਿੰਦਾ ਹੈ,

ਹਿੱਕ ਬੁੱਢੇ ਦੀ ਚੀਰ ਕੇ ਤੇਰੀ ਸਰਵਾਹੀ
ਲੱਭੇਗੀ ਹੁਣ ਸੋਹਣਿਆਂ ਕਿਲੀ ਦਾ ਬੂਹਾ।

ਉਸ ਇਲਾਕੇ ਦੇ ਤਾਲਿਬਾਨ, ਜਿਨ੍ਹਾਂ ਨੂੰ ਆਪਾਂ ਆਪਣੀ ਬੋਲੀ 'ਚ ਪਾੜ੍ਹੇ ਜਾਂ 'ਪਾੜ੍ਹਿਆਂ ਦੀ ਪਾਰਟੀ' ਕਹਿ ਸਕਦੇ ਹਾਂ; ਉਨ੍ਹਾਂ ਹੁਕਮ ਚਾੜ੍ਹਿਆ ਹੋਇਐ ਕਿ ਕੁੜੀਆਂ ਦੀ ਪੜ੍ਹਾਈ ਬੰਦ ਕੀਤੀ ਜਾਵੇ; ਕਿਉਂਕਿ ਜੇ ਇਹ ਪੜ੍ਹ-ਲਿਖ ਜਾਣ ਤਾਂ ਇਨ੍ਹਾਂ 'ਤੇ ਪੱਛਮੀ ਸੱਭਿਅਤਾ ਦਾ ਰੰਗ ਚੜ੍ਹ ਜਾਂਦਾ ਹੈ! ਉਹ ਪੱਛਮੀ ਵਰਤੋਂ-ਵਿਹਾਰ ਨੂੰ ਸਥਾਨਕ ਸਭਿਆਚਾਰ ਲਈ ਖ਼ਤਰਾ ਮੰਨਦੇ ਹਨ। ਉਥੋਂ ਦੀ ਚੌਦਾਂ ਸਾਲਾ ਬਾਲੜੀ ਮਲਾਲਾ, ਪੜ੍ਹਾਈ ਜਾਰੀ ਰੱਖਣ ਦੀ ਜ਼ਿੱਦ ਦੇ ਨਾਲ-ਨਾਲ ਹਿਜ਼ਾਬ ਜਾਂ ਬੁਰਕਾ ਪਹਿਨਣ ਤੋਂ ਵੀ ਬਗਾਵਤੀ ਤੇਵਰ ਦਿਖਾਉਣ ਲੱਗੀ। ਇਸੇ ਗੁਨਾਹ ਹੇਠ ਗੁਸੈਲ ਤਾਲਿਬਾਨ ਨੇ ਉਸ ਦੀ ਸਕੂਲ ਬੱਸ ਘੇਰ ਲਈ ਤੇ 'ਮਲਾਲਾ ਕਿਹੜੀ ਹੈ?' ਪੁੱਛ ਕੇ ਉਹਦੇ 'ਤੇ ਗੋਲੀ ਚਲਾ ਦਿੱਤੀ। ਖ਼ੁਦਾ ਦਾ ਲੱਖ ਲੱਖ ਸ਼ੁਕਰ ਕਿ ਉਸ ਬਹਾਦਰ ਕੁੜੀ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਮਿਲ ਗਈ ਤੇ ਅਖ਼ਬਾਰੀ ਖ਼ਬਰਾਂ ਅਨੁਸਾਰ ਉਹ ਹੁਣ ਸਿਹਤਯਾਬ ਹੋ ਰਹੀ ਹੈ।

ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਸੱਜਣ ਦੱਸਦੇ ਨੇ ਕਿ ਪਾਕਿਸਤਾਨ ਸਾਡੇ ਦੇਸ਼ ਨਾਲੋਂ ਲਗਭਗ ਅੱਧੀ ਸਦੀ ਪਛੜਿਆ ਹੋਇਆ ਹੈ। ਇਹ 'ਅੱਧੀ ਸਦੀ' ਵਾਲਾ ਅੰਕੜਾ ਦਰੁਸਤ ਜਾਪਦਾ ਹੈ ਕਿਉਂਕਿ 50-60 ਸਾਲ ਪਹਿਲਾਂ ਜੇ ਪੂਰੇ ਪੰਜਾਬ 'ਚ ਨਹੀਂ, ਤਾਂ ਸਾਡੇ ਦੁਆਬੇ ਵਿਚ ਵੀ ਕੁੜੀਆਂ ਨੂੰ ਸਕੂਲੇ ਭੇਜਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਇਹ ਗੱਲ ਵੱਖਰੀ ਹੈ ਕਿ ਇਹ ਵਿਰੋਧ ਗੰਨਾਂ-ਰਾਈਫਲਾਂ ਨਾਲ ਨਹੀਂ ਸੀ ਕੀਤਾ ਜਾਂਦਾ; ਜਿਵੇਂ ਅੱਜ ਤਾਲਿਬਾਨ ਕਰ ਰਹੇ ਹਨ। ਹਾਂ, ਕੁੜੀਆਂ ਨੂੰ ਪੜ੍ਹਾਉਣ ਵਿਰੁਧ ਲਿਖਤੀ ਤੇ ਮੌਖਿਕ ਪ੍ਰਚਾਰ ਜ਼ਰੂਰ ਹੁੰਦਾ ਰਿਹਾ।



*ਮਲਾਲਾ ਯੂਸਫਜ਼ਈ ਬਰਮਿੰਘਮ (ਵਲਾਇਤ) ਦੇ ਮਹਾਰਾਣੀ ਐਲਿਜਬੈਥ ਹਸਪਤਾਲ ਵਿਚ ਆਪਣੇ ਅੱਬਾ ਜ਼ਿਆ-ਉਦ-ਦੀਨ ਯੂਸਫਜ਼ਈ ਅਤੇ ਛੋਟੇ ਭਰਾਵਾਂ ਨਾਲ।*

ਪਾਕਿਸਤਾਨ ਦੀ ਜੰਮਪਲ ਮੇਰੀ ਮਾਂ ਦੱਸਿਆ ਕਰਦੀ ਸੀ ਕਿ ਸੰਨ '47 ਤੋਂ ਬਾਅਦ ਜਦੋਂ ਦੇਸ ਵਿਚ ਸਕੂਲ ਖੁੱਲ੍ਹਣੇ ਸ਼ੁਰੂ ਹੋਏ ਤਾਂ ਕੁੜੀਆਂ ਨੂੰ ਸਕੂਲਾਂ 'ਚ ਭੇਜਣ ਖਿਲਾਫ ਬੜੀ ਤਕੜੀ ਮੁਹਿੰਮ ਚੱਲੀ। ਉਨ੍ਹਾਂ ਸਮਿਆਂ ਦੇ ਕਿਸੇ 'ਅਣਖੀਲੇ ਸ਼ਾਇਰ' ਦਾ ਲਿਖਿਆ ਕਿੱਸਾ ਸਾਡੀ ਮਾਂ ਨੂੰ ਜ਼ੁਬਾਨੀ ਯਾਦ ਸੀ। ਬੈਂਤ ਛੰਦ ਵਿਚ ਰਚੇ ਹੋਏ ਉਸ ਕਿੱਸੇ ਵਿਚ ਉਹ ਸਾਰੀਆਂ 'ਖਰਾਬੀਆਂ' ਅਤੇ 'ਬਰਬਾਦੀਆਂ' ਵਰਣਨ ਕੀਤੀਆਂ ਹੋਈਆਂ ਸਨ ਜੋ ਪੜ੍ਹ-ਲਿਖ ਜਾਣ ਵਾਲੀਆਂ ਕੁੜੀਆਂ ਵਿਚ ਖੁਦ-ਬਖੁਦ ਆ ਜਾਣੀਆਂ ਸਨ। ਸਾਡੀ ਮਾਂ ਬੜੇ ਰਹਾ ਨਾਲ ਇਹ ਕਿੱਸਾ ਗਾਉਂਦੀ ਹੁੰਦੀ ਸੀ। ਉਸ ਦੀਆਂ ਦੋ ਕੁ ਸਤਰਾਂ ਮੈਨੂੰ ਹੁਣ ਤੱਕ ਵੀ ਯਾਦ ਹਨ,

ਸੋਲ਼ਾਂ ਸਾਲ ਦੀ ਕੰਨਿਆਂ
ਪੜ੍ਹਨੇ ਪਾਈ ਸਕੂਲ।
ਉਸ ਦੇ ਮਾਈ ਬਾਪ ਨੂੰ
ਸ਼ਰਮ ਨਾ ਆਈ ਮੂਲ।

ਜਦੋਂ ਕੁ ਮੈਂ ਸੁਰਤ ਸੰਭਾਲੀ, ਸੰਨ 1966 ਤੋਂ 68-69 ਦੇ ਸਮਿਆਂ ਦੌਰਾਨ ਨਰਿੰਦਰ ਬੀਬਾ ਤੇ ਉਹਦੇ ਕਿਸੇ ਜੋਟੀਦਾਰ ਦਾ ਗਾਇਆ ਗੀਤ ਬੜਾ ਮਕਬੂਲ ਹੋਇਆ ਸੀ ਜਿਸ ਵਿਚ ਗੁਰਮੁਖੀ ਦੀ ਸਾਰੀ 'ਪੈਂਤੀ' ਬੋਲਣ ਦੇ ਨਾਲ-ਨਾਲ ਪੜ੍ਹਨ-ਪੜ੍ਹਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ। ਉਸ ਗੀਤ ਵਿਚ ਵੀ ਮਰਦ ਕਲਾਕਾਰ ਕੁੜੀ ਨੂੰ ਸਕੂਲੇ ਜਾਣ ਤੋਂ ਵਰਜਦਾ ਹੋਇਆ ਆਪਣਾ ਇਹ 'ਤੌਖਲਾ' ਜ਼ਾਹਰ ਕਰਦਾ ਹੈ,

ਜੇ ਤੂੰ ਜਾ ਕੇ ਸਕੂਲ ਪੜ੍ਹ ਲਿਖ ਜਾਏਂਗੀ।
ਨੀ ਤੂੰ ਚਿੱਠੀਆਂ 'ਬਿਗਾਨਿਆਂ' ਨੂੰ
ਲਿਖ ਲਿਖ ਪਾਏਂਗੀ।

ਸਮੇਂ ਨੇ ਥੋੜ੍ਹੀ ਕਰਵਟ ਬਦਲੀ ਤਾਂ ਸਾਡੇ ਇਲਾਕੇ ਦੀਆਂ ਕੁੜੀਆਂ ਨੂੰ ਇੰਨੀ ਕੁ 'ਖੁੱਲ੍ਹ' ਮਿਲੀ ਕਿ ਉਹ ਪੰਜਵੀਂ ਪਾਸ ਕਰਨ ਲੱਗ ਪਈਆਂ। ਇਹ ਫਰਾਖ਼ਦਿਲੀ ਵੀ ਵਿਰਲੇ-ਵਿਰਲੇ ਘਰਾਂ ਨੇ ਹੀ ਦਿਖਾਉਣੀ ਸ਼ੁਰੂ ਕੀਤੀ ਸੀ। ਮੈਨੂੰ ਆਪਣੇ ਪਿੰਡ ਦਾ ਚੇਤਾ ਹੈ ਕਿ ਪ੍ਰਾਇਮਰੀ ਦੀ 'ਡਿਗਰੀ' ਲੈ ਚੁੱਕੀਆਂ ਕੁੜੀਆਂ ਪੰਜ ਗ੍ਰੰਥੀ ਅਤੇ ਰੇਹਲ ਚੁੱਕ ਕੇ ਸਾਡੇ ਘਰ ਆਉਂਦੀਆਂ ਹੁੰਦੀਆਂ ਸਨ। ਮੇਰਾ ਬਾਪ ਜਾਂ ਸਾਡੀ ਮਾਤਾ, ਉਨ੍ਹਾਂ ਨੂੰ ਜਪੁ ਜੀ ਸਾਹਿਬ, ਸੁਖਮਨੀ ਸਾਹਿਬ ਦੀਆਂ ਬਾਣੀਆਂ ਦੀ ਸੰਥਿਆ ਦਿਆ ਕਰਦੇ ਸਨ। ਮੈਨੂੰ ਯਾਦ ਐ ਕਿ ਅਕਸਰ ਬਹੁਤੀਆਂ ਕੁੜੀਆਂ ਨੂੰ ਮੂਲ ਮੰਤਰ ਵਿਚਲਾ 'ਸੈਭੰ' ਨਹੀਂ ਸੀ ਉਚਾਰਨ ਕਰਨਾ ਆਉਂਦਾ। ਵਿਚਾਰੀਆਂ 'ਭੰਗ ਭੰਗ' ਹੀ ਕਹਿੰਦੀਆਂ ਰਹਿੰਦੀਆਂ। ਵਿਚ-ਵਿਚਾਲੇ ਮੇਰੀ ਮਾਂ ਉਨ੍ਹਾਂ ਨੂੰ ਸੁਚੱਜੇ ਵਰਤੋਂ-ਵਿਹਾਰ ਦੀ ਸਿੱਖਿਆ ਵੀ ਦਿਆ ਕਰਦੀ ਸੀ, ਕਿਉਂਕਿ ਪੰਜ ਗ੍ਰੰਥੀ ਸੰਪੂਰਨ ਕਰ ਲੈਣ ਵਾਲੀਆਂ ਕੁੜੀਆਂ ਲਈ ਅਗਲਾ 'ਸਟੈਪ' ਬਿਗਾਨੇ ਘਰ ਤੋਰ ਦੇਣ ਦਾ ਹੀ ਹੁੰਦਾ ਸੀ। ਇਕ-ਦੋ ਸਾਲਾਂ ਦੇ ਅੱਗੜ-ਪਿੱਛੜ ਨਾਲ ਇਨ੍ਹਾਂ ਕੁੜੀਆਂ ਦੇ ਹੱਥ ਪੀਲੇ ਕਰ ਹੀ ਦਿੱਤੇ ਜਾਂਦੇ ਸਨ। 'ਪੇਕੀਂ ਕੱਸੀਆਂ ਸਹੁਰੀਂ ਵੱਸੀਆਂ' ਵਾਲੀ ਕਹਾਵਤ ਦਾ ਉਨ੍ਹਾਂ ਸਮਿਆਂ ਵਿਚ ਡੰਕੇ ਦੀ ਚੋਟ ਨਾਲ ਪਾਲਣ ਕੀਤਾ ਜਾਂਦਾ ਸੀ।

ਮੈਨੂੰ ਆਪਣੇ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਵੇਲੇ ਦੀ ਘਟਨਾ ਯਾਦ ਹੈ ਜਦੋਂ ਇਕ 'ਤਾਲਿਬਾਨੀ ਸਰਪੰਚ' ਸਾਡੇ ਸਕੂਲ ਆ ਵੜਿਆ ਸੀ। ਉਸ ਨੂੰ ਅਧਿਆਪਕਾਂ ਨੇ ਰਲ਼-ਮਿਲ ਕੇ ਬੜੀ ਮੁਸ਼ਕਿਲ ਨਾਲ 'ਠੰਢਾ' ਕੀਤਾ ਸੀ। ਗੱਲ ਇੰਜ ਹੋਈ ਕਿ ਸਾਡੇ ਸਕੂਲ ਵਿਚ ਰਾਹੋਂ ਕਸਬੇ ਦਾ ਇਕ ਅਧਿਆਪਕ ਆ ਲੱਗਿਆ। ਨਵੀਂ-ਨਵੀਂ ਜੇ.ਬੀ.ਟੀ. ਕਰ ਕੇ ਆਏ ਨੂੰ, ਉਸ ਨੂੰ 'ਵਿੱਦਿਆ ਫੈਲਾਉਣ' ਦਾ ਜਨੂਨ ਚੜ੍ਹਿਆ ਹੋਇਆ ਹੋਣੈ! ਯਸ਼ਪਾਲ ਪਾਠਕ ਨਾਮ ਵਾਲੇ ਇਸ ਮਾਸਟਰ ਨੇ ਸਕੂਲ ਵਿਚ ਥੋੜ੍ਹੇ ਜਿਹੇ ਵਿਦਿਆਰਥੀ ਦੇਖ ਕੇ ਇਨ੍ਹਾਂ ਦੀ ਗਿਣਤੀ ਵਧਾਉਣ ਲਈ ਸਕੀਮ ਬਣਾਈ। ਉਸ ਨੇ ਲਾਗੇ-ਲਾਗੇ ਦੇ ਪਿੰਡਾਂ ਦੇ ਸਰਪੰਚਾਂ ਲੰਬੜਦਾਰਾਂ ਦੀ ਮੀਟਿੰਗ ਸਕੂਲ ਵਿਚ ਰੱਖ ਲਈ। ਸਾਡੇ ਗੁਆਂਢੀ ਪਿੰਡ ਅਟਾਰੀ ਦਾ ਸਰਪੰਚ ਹਜ਼ਾਰਾ ਸਿੰਘ ਵੀ ਪਹੁੰਚ ਗਿਆ। ਨਿਆਣਿਆਂ ਨੂੰ ਸਕੂਲ ਵਿਚ ਦਾਖਲ ਕਰਾਉਣ ਦੀ ਜ਼ੋਰਦਾਰ ਵਕਾਲਤ ਕਰਦਿਆਂ ਸ੍ਰੀ ਪਾਠਕ ਨੇ ਦਿਲ ਟੁੰਬਵੇਂ ਲਫਜ਼ਾਂ 'ਚ ਭੂਮਿਕਾ ਬੰਨ੍ਹੀ।

ਮਾੜੀ ਕਿਸਮਤ ਨੂੰ ਉਸ ਨੇ ਸਭ ਤੋਂ ਪਹਿਲਾਂ ਬਜ਼ੁਰਗ ਹਜ਼ਾਰਾ ਸਿੰਘ ਨੂੰ ਕੁਝ ਕਹਿਣ ਲਈ 'ਬੇਨਤੀ' ਕਰ ਦਿੱਤੀ। ਪੂਰੇ ਜੋਸ਼ ਵਿਚ ਆਏ ਹਜਾਰਾ ਸਿੰਘ ਨੇ ਮੇਜ 'ਤੇ ਮੁੱਕਾ ਮਾਰ ਕੇ ਆਖਿਆ, "ਏ ਮਾਹਟਰ ਜੀ, ਆਹ ਜਿਹੜੀਆਂ ਤੁਸੀਂ ਸਾਨੂੰ ਪੁੱਠੀਆਂ ਮੱਤਾਂ ਦਿੰਨੇ ਓਂ, ਸਾਨੂੰ ਨ੍ਹੀਂ ਮੰਜੂਰ...ਤੂੰ ਕਹਿਨੈਂ ਸਾਰੇ ਨਿਆਣੇ ਸਕੂਲ ਭੇਜੀਏ? ਮੇਰਾ ਵੱਸ ਚੱਲੇ ਤਾਂ ਐਹ ਜੋ ਤਪੜੀਆਂ 'ਤੇ ਬੈਠੇ ਐ, ਇਨ੍ਹਾਂ ਨੂੰ ਵੀ ਘਰਾਂ ਨੂੰ ਤੋਰ ਦਿਆਂ।"

ਸਾਡੀ ਜਮਾਤ ਵਿਚ ਬੈਠੇ ਆਪਣੇ ਦੋਹਤੇ ਵੱਲ ਹੱਥ ਕਰ ਕੇ ਹਜ਼ਾਰਾ ਸਿੰਘ ਗਰਜਿਆ, "ਅਹਿ ਬਾਂਦਰ ਜਿਹੇ ਨੂੰ ਅਸੀਂ ਜੋ ਕੰਮ ਕਹੀਏ, ਮੋਹਰਿਉਂ ਟੀਟਣੇ ਮਾਰਦਾ ਪਰੇ ਭੱਜ ਜਾਂਦੈ। ਜਿਹੜਾ ਮੇਰਾ ਦੋਹਤਾ ਘਰੇ ਰਹਿੰਦੈ, ਉਹ ਨਿਰਾ ਈ ਸਰਵਣ ਪੁੱਤ ਐ। ਮੱਝਾਂ ਚਰਾਉਣ ਜਾਂਦੈ, ਖੇਤਾਂ 'ਚੋਂ ਬਾਲਣ 'ਕੱਠਾ ਕਰ ਕੇ ਲਿਆਉਂਦੈ। ਹਰ ਕੰਮ ਨੂੰ ਆਖੇ ਲੱਗਦੈ, ਪਰ ਆਹ ਪੜ੍ਹਾਕੂ? ਨਿਰੀ ਗਦੂਤ! ਗੱਡਾ ਖੜ੍ਹੈ ਇਨ੍ਹਾਂ ਨੂੰ ਪੜ੍ਹਨੇ ਪਾਉਣ ਖੁਣੋਂ?"

ਲਗਦੇ ਹੱਥ ਹੀ ਹਜ਼ਾਰਾ ਸਿੰਘ ਨੇ ਮੱਥੇ 'ਤੇ ਹਜ਼ਾਰ ਤਿਊੜੀ ਪਾਉਂਦਿਆਂ ਲਾਗੇ ਕੁਰਸੀ 'ਤੇ ਬੈਠੀ ਉਸ ਮਾਸਟਰਨੀ ਉਤੇ ਤਵਾ ਲਾ'ਤਾ ਜੋ ਉਸ ਦੇ ਪਿੰਡ ਦੀ ਨੂੰਹ ਸੀ ਅਤੇ ਸਾਡੇ ਸਕੂਲ ਪੜ੍ਹਾਉਂਦੀ ਸੀ, "ਆਹ ਦੇਖ ਲਉ 'ਪੜ੍ਹੀਆਂ' ਦੇ ਚਾਲੇ! ਪਿੰਡ ਵਿਚ ਮਿਲ਼ੇ ਤਾਂ ਘੁੰਢ ਕੱਢ ਲੈਂਦੀ ਆ, ਐਥੇ ਆ ਕੇ ਨੰਗੇ ਮੂੰਹ ਐਉਂ ਬੈਠੀ ਐ ਜਿਮੇਂ ਪੇਕੀਂ ਆਈ ਹੁੰਦੀ ਹੈ! ਹੇ ਖ੍ਹਾਂ!!"

'ਉਹ ਫਿਰੇ ਨੱਥ ਘੜਾਉਣ ਨੂੰ, ਉਹ ਫਿਰੇ ਨੱਕ ਵਢਾਉਣ ਨੂੰ' ਵਾਲੀ ਹਾਲਤ ਵਿਚ ਫਸੇ ਅਧਿਆਪਕਾਂ ਨੇ ਬੜੀ ਜੁਗਤਿ ਨਾਲ ਹਜ਼ਾਰਾ ਸਿੰਘ ਦਾ ਚੜ੍ਹਿਆ ਪਾਰਾ ਹੇਠਾਂ ਲਿਆਂਦਾ।

ਉਦੋਂ ਸਾਡੇ ਪੰਜਾਬ ਵਿਚ ਅਤੇ ਹੁਣ ਸਵਾਤ ਘਾਟੀ ਵਿਚ ਕੁੜੀਆਂ ਨੂੰ ਪੜ੍ਹਾਉਣ ਦੇ ਵਿਰੋਧੀਆਂ ਦਾ ਸ਼ਾਇਦ ਉਹੀ ਤਰਕ ਹੋਵੇਗਾ ਜੋ ਕਿਸੇ ਸਮੇਂ ਡਾ. ਮੁਹੰਮਦ ਇਕਬਾਲ ਨੇ ਹਾਸੇ-ਹਾਸੇ ਵਿਚ ਬਿਆਨਿਆ ਸੀ। ਕਹਿੰਦੇ ਨੇ, ਸਕੂਲ ਵਿਚ ਪੜ੍ਹਦੇ ਅਲੂੰਏਂ ਜਿਹੇ ਮੁਸਲਿਮ ਲੜਕੇ ਨੇ ਡਾਕਟਰ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਇੰਗਲੈਂਡ ਵਿਚ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਮੁਸਲਿਮ ਕੁੜੀਆਂ ਲਈ ਪਰਦੇ ਦੀ ਡਟ ਕੇ ਵਜਾਹਤ ਕਰਦੇ ਓ? ਅਗਿਓਂ ਉਸ ਲੜਕੇ ਦੀਆਂ ਗੋਲ਼-ਗੋਲ਼ ਗੱਲ੍ਹਾਂ 'ਤੇ ਥਪਕੀ ਮਾਰਦਿਆਂ ਡਾ. ਇਕਬਾਲ ਕਹਿਣ ਲੱਗੇ, "ਕਮਲ਼ਿਆ, ਜੇ ਮੇਰਾ ਵੱਸ ਚੱਲੇ ਤਾਂ ਤੇਰੇ ਜਿਹੇ ਮੁੰਡਿਆਂ ਲਈ ਵੀ ਬੁਰਕਾ ਲਾਜ਼ਮੀ ਬਣਾ ਦਿਆਂ।"

ਸਵਾਤ ਘਾਟੀ ਵਾਲੇ ਤਾਲਿਬਾਨ ਦੀ ਸੋਚ ਦੀਆਂ ਜੜ੍ਹਾਂ ਵੀ ਸ਼ਾਇਦ ਡਾ. ਇਕਬਾਲ ਦੇ ਇਨ੍ਹਾਂ ਸ਼ਿਅਰਾਂ 'ਚੋਂ ਫੁੱਟੀਆਂ ਹੋਣ,

ਗਲਾ ਤੋ ਘੋਟ ਦੀਆ
ਅਹਿਲੇ ਮਦਰੱਸਾ ਨੇ ਤੇਰਾ।
ਆਏ ਆਵਾਜ਼ ਕਹਾਂ ਸੇ
ਲਾ-ਇਲਾ ਇਲ-ਲਿਲਾ।

---

ਸੋਚਾ ਥਾ ਕਿ ਲਾਏਗੀ ਫਰਾਗਤ ਤਾਅਲੀਮ
ਕਿਆ ਪਤਾ ਥਾ ਕਿ ਆਏਗਾ ਅਲਹਾਦ ਭੀ ਸਾਥ!

ਸਾਨੂੰ ਪੰਜਾਬੀਆਂ ਨੂੰ ਫਖ਼ਰ ਹੈ ਕਿ 'ਸੋ ਕਿਉ ਮੰਦਾ ਆਖੀਐ' ਦੀ ਆਵਾਜ਼ ਸਾਡੀ ਧਰਤੀ 'ਤੇ ਗੂੰਜੀ ਅਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦੱਸਣ ਮੁਤਾਬਕ ਇਹ ਮਾਣ ਵੀ ਪੰਜਾਬ ਨੂੰ ਹੀ ਜਾਂਦਾ ਹੈ ਕਿ ਜਦੋਂ ਹਾਲੇ ਅਮਰੀਕਾ ਵਿਚ ਵੀ ਇਸਤਰੀਆਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ ਮਿਲਿਆ, ਇੱਧਰ ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਬੀਬੀਆਂ ਨੇ ਵੋਟਾਂ ਪਾਈਆਂ ਸਨ।

## ਸਿਆਸੀ ਪ੍ਰਭੂਆਂ, ਗੁੰਡਾ ਗਰੋਹਾਂ ਤੇ ਪੁਲਿਸ ਦਾ ਤਾਣਾਬਾਣਾ

*(ਸਫਾ 15 ਦੀ ਬਾਕੀ)*

ਪ੍ਰਭਾਵਿਤ ਹੋ ਕੇ 20 ਦਿਨਾਂ ਬਾਅਦ ਹੀ ਸਰਗਰਮ ਹੋਈ। ਹੌਂਸਲੇ ਵਾਲੀ ਗੱਲ ਇਹ ਹੈ ਕਿ ਇਕੱਲਾ ਸ਼ਹਿਰ ਨਹੀਂ ਬਲਕਿ ਸਮੁੱਚਾ ਫ਼ਰੀਦਕੋਟ ਜਿਲ੍ਹਾ ਇਸ ਲੋਕ ਪੱਖੀ-ਗੁੰਡਾਗਰਦੀ ਖਿਲਾਫ਼ ਘੋਲ ਦਾ ਕੇਂਦਰ ਬਣ ਗਿਆ ਅਤੇ ਹੌਲੀ-ਹੌਲੀ ਇਹ ਘੋਲ ਪੰਜਾਬ ਪੱਧਰ ਦਾ ਬਣਦਾ ਜਾ ਰਿਹਾ ਸੀ। ਸਮੁੱਚੇ ਘੋਲ ਵਿਚ ਸ਼ਾਮਲ ਧਿਰਾਂ ਨੇ ਕਿਸੇ ਵੀ ਪੋਚਾ-ਪਾਚੀ ਵਾਲੀ ਕਾਰਵਾਈ ਦਾ ਪ੍ਰਭਾਵ ਨਹੀਂ ਕਬੂਲਿਆ।

ਕੁਝ ਨੁਕਤੇ ਹੋਰ ਧਿਆਨ ਅਤੇ ਚੌਕਸੀ ਦੀ ਮੰਗ ਕਰਦੇ ਹਨ, ਮਸਲਨ ਐਨਾ ਕੁਝ ਹੋਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੇ ਉਚ ਆਗੂ ਦੇ ਬਿਆਨ ਦੇ ਪ੍ਰਤੀਕਰਮ ਵਜੋਂ ਮੁੱਖ਼ ਮੰਤਰੀ ਪੰਜਾਬ ਦਾ ਕਹਿਣਾ ਕਿ ਮਾਮਲੇ ਵਿਚ ਲਮਕਾਊ ਪਹੁੰਚ ਅਪਨਾਉਣ ਵਾਲੇ ਪੁਲਿਸ ਅਫਸਰਾਂ ਨੂੰ ਮੁਅੱਤਲ ਕਰਨ ਦੀ ਕੋਈ ਲੋੜ ਨਹੀਂ। ਭਾਵੇਂ ਲੋਕਾਂ ਦੀਆਂ ਅੱਖ਼ਾ ਪੂੰਝਣ ਲਈ ਉਪ ਮੁੱਖ਼ ਮੰਤਰੀ ਇਹ ਵੀ ਕਹੀ ਜਾਂਦਾ ਹੈ ਕਿ ਦੋਸ਼ੀ ਪੁਲਿਸ ਅਫਸਰਾਂ ਵਿਰੁਧ ਪੜਤਾਲ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਮਾਮਲੇ ਦਾ ਸ਼ਰਮਨਾਕ ਪਹਿਲੂ ਇਹ ਹੈ ਕਿ ਫ਼ਰੀਦਕੋਟ ਤੋਂ ਸੱਤਾਧਾਰੀ ਧਿਰ ਦੀ ਇਸਤਰੀ ਆਗੂ ਪਰਮਜੀਤ ਕੌਰ ਗੁਲਸ਼ਨ ਪਾਰਲੀਮੈਂਟ ਦੀ ਮੈਂਬਰ ਹੈ। ਉਪ ਮੁੱਖ਼ ਮੰਤਰੀ ਦੀ ਪਤਨੀ ਤੇ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਰਸਿਰਮਤ ਕੌਰ ਬਾਦਲ ਸਮੁੱਚੇ ਪੰਜਾਬ ਵਿਚ ਕੁੱਖ਼ ਤੇ ਰੁੱਖ਼ ਦੀ ਰਾਖੀ ਤੇ 'ਨੰਨੀ ਛਾਂ' ਮੁਹਿੰਮ ਦੀ ਸਫ਼ਲਤਾ ਦੇ ਸੋਹਲੇ ਗਾਉਣ ਵਿਚ ਲੱਗੀ ਹੋਈ ਹੈ, ਪ੍ਰੰਤੂ ਇਸ ਮਸਲੇ ਪ੍ਰਤੀ ਅੱਜ ਤੱਕ ਉਸ ਨੇ ਇੱਕ ਵੀ ਸ਼ਬਦ ਨਹੀਂ ਬੋਲਿਆ।

ਜੇ ਸਰਕਾਰ ਚਾਹੁੰਦੀ ਤਾਂ 20 ਅਕਤੂਬਰ ਦੇ ਪੁਲਿਸ ਵੱਲੋਂ ਵੱਖ-ਵੱਖ ਅਖ਼ਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਵਿਚੋਂ ਡੀ. ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ ਦੀਆਂ ਤਸਵੀਰਾਂ ਮੁੱਖ਼ ਮੰਤਰੀ ਤੇ ਉਪ ਮੁੱਖ਼ ਮੰਤਰੀ ਨਾਲ ਛਾਪਣ ਤੋਂ ਗੁਰੇਜ਼ ਕੀਤਾ ਜਾ ਸਕਦਾ ਸੀ। ਡੀ. ਜੀ. ਪੀ. ਵੱਲੋਂ ਵਾਰ-ਵਾਰ ਇਹ ਕਹੀ ਜਾਣਾ ਕਿ ਸਰੂਤੀ ਸੱਚਦੇਵਾ ਆਪਣੀ ਮਰਜ਼ੀ ਨਾਲ ਘਰੋਂ ਗਈ ਸੀ, ਉਸ ਨੇ ਨਿਸ਼ਾਨ ਸਿੰਘ ਨਾਲ ਸ਼ਾਦੀ ਕਰਵਾ ਲਈ ਹੈ ਅਤੇ ਆਪਣਾ ਡਾਕਟਰੀ ਮੁਆਇਨਾ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ, ਇਤਰਾਜਯੋਗ ਹੈ ਕਿਉਂਕਿ ਭਾਰਤੀ ਸੰਵਿਧਾਨ ਅਨੁਸਾਰ ਨਾਬਾਲਗ ਲੜਕੀ ਦਾ ਕਿਸੇ ਨਾਲ ਚਲੇ ਜਾਣਾ ਵਰਗਲਾ ਕੇ ਲਿਜਾਏ ਜਾਣ ਦੀ ਸ਼੍ਰੇਣੀ ਵਿਚ ਆਉਂਦਾ ਹੈ ਅਤੇ ਇਸ ਕਿਸਮ ਦੇ ਵਿਆਹ ਗੈਰਕਾਨੂੰਨੀ ਵਿਆਹਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਉਂਜ ਡੀ. ਜੀ. ਪੀ. ਸਾਹਿਬ ਦਬੀ ਜਬਾਨ ਨਾਲ ਇਹ ਵੀ ਕਹਿ ਦਿੰਦੇ ਹਨ ਕਿ ਉਕਤ ਵਿਆਹ ਦੀ ਕੋਈ ਕਾਨੂੰਨੀ ਮਾਨਤਾ ਨਹੀਂ ਅਤੇ ਸਰੂਤੀ ਦੇ ਮੈਡੀਕਲ ਚੈਕ ਅੱਪ ਤੋਂ ਬਾਅਦ ਨਿਸ਼ਾਨ ਸਿੰਘ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਉਂਜ ਤਾਂ ਉਹ ਅਗਵਾ, ਘਰੇ ਆ ਕੇ ਹਮਲਾ ਤੇ ਕੁੱਟਮਾਰ ਕਰਨ, ਨਾਬਾਲਗ ਲੜਕੀ ਨਾਲ ਸਰੀਰਕ ਸਬੰਧ ਬਣਾਉਣ ਅਧੀਨ ਬਣਦੀਆਂ ਧਾਰਾਵਾਂ ਤਹਿਤ ਕਾਰਵਾਈ ਦੀ ਗੱਲ ਕਰ ਜਾਂਦੇ ਹਨ ਪਰ ਮੁੱਖ ਜੋਰ ਮਾਮਲੇ ਨੂੰ ਸਿਆਸੀ ਰੰਗ ਦੇਣ ਅਤੇ ਸਰੂਤੀ ਦੇ ਮਰਜ਼ੀ ਨਾਲ ਚਲੇ ਜਾਣ 'ਤੇ ਹੀ ਦਿੱਤਾ ਜਾ ਰਿਹਾ ਹੈ। ਸਮੁੱਚੀ ਸਥਿਤੀ ਦਾ ਸਭ ਤੋਂ ਸਾਰਥਕ ਪਹਿਲੂ ਲੋਕਾਂ ਦਾ ਗੁੰਡਾਗਰਦੀ ਦੀਆਂ ਘਟਨਾਵਾਂ ਖਿਲਾਫ਼ ਸਾਂਝੇ ਮੰਚ 'ਤੇ ਇਕੱਠੇ ਹੋਣਾ ਅਤੇ ਬੇਕਿਰਕ ਘੋਲ ਲੜਨਾ ਹੈ ਜੋ ਆਉਣ ਵਾਲੇ ਸਮੇਂ ਵਿਚ ਸਮੁੱਚੇ ਪੰਜਾਬੀਆਂ ਲਈ ਲਾਹੇਵੰਦ ਹੋ ਸਕਦਾ ਹੈ।

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600
*Radio CK, PO Box 296, Fremont, CA 94537*

# ਕਸੂਤਾ ਫਸਿਆ ਪੰਜਾਬ ਪੁਲਿਸ ਦਾ ਸਾਬਕਾ ਮੁਖੀ ਪਰਮਦੀਪ ਗਿੱਲ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਪੁਲਿਸ ਮੁਖੀ ਪਰਮਦੀਪ ਸਿੰਘ ਗਿੱਲ ਚੰਡੀਗੜ੍ਹ ਨਾਲ ਲੱਗਦੇ ਪਿੰਡ ਸੈਣੀਮਾਜਰਾ ਵਿਚ ਡੇਢ ਸੌ ਏਕੜ ਤੋਂ ਵੱਧ ਸ਼ਾਮਲਾਤ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼ ਵਿਚ ਘਿਰ ਗਏ ਹਨ। ਪੰਜਾਬ ਸਰਕਾਰ ਦੀ ਜਾਂਚ ਰਿਪੋਰਟ ਵਿਚ ਉਨ੍ਹਾਂ ਵੱਲੋਂ ਸੈਣੀਮਾਜਰਾ ਦੀ



157 ਏਕੜ ਜ਼ਮੀਨ ਏਕੜ ਸ਼ਾਮਲਾਤ ਜ਼ਮੀਨ 'ਤੇ ਕਬਜ਼ਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਰਕਾਰੀ ਰਿਪੋਰਟ ਵਿਚ ਸ. ਗਿੱਲ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਇਹ ਜ਼ਮੀਨ ਉਨ੍ਹਾਂ ਦੇ ਹੱਥੋਂ ਖੁੱਸਣ ਦਾ ਡਰ ਬਣ ਗਿਆ ਹੈ। ਇਸ ਜ਼ਮੀਨ ਦਾ ਮੁੱਲ ਡੇਢ ਸੌ ਕਰੋੜ ਤੋਂ ਵੱਧ ਦੱਸਿਆ ਗਿਆ ਹੈ। ਮਾਲ ਅਫਸਰ ਭੁਪਿੰਦਰ ਸਿੰਘ ਨੂੰ ਸ. ਗਿੱਲ ਦੇ ਨਾਂ ਜ਼ਮੀਨ ਦੀ ਜਾਅਲੀ ਗਿਰਦਾਵਰੀ ਕਰਨ ਦੇ ਦੋਸ਼ਾਂ ਤਹਿਤ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਇਸ ਸ਼ਾਮਲਾਤ ਜ਼ਮੀਨ ਨੂੰ ਮੁੜ ਸਬੰਧਤ ਪੰਚਾਇਤ ਨੂੰ ਸੌਂਪਣ ਲਈ ਕਾਰਵਾਈ ਆਰੰਭੀ ਜਾ ਰਹੀ ਹੈ। ਉਂਝ ਸ. ਗਿੱਲ ਹਾਲ ਦੀ ਘੜੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਤੋਂ ਬਚੇ ਹੋਏ ਹਨ।

ਮਾਲ ਵਿਭਾਗ ਦੇ ਉੱਚ ਅਧਿਕਾਰੀ ਮੁਤਾਬਕ ਇਹ ਕੇਸ ਅਗਲੀ ਕਾਰਵਾਈ ਲਈ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਭੇਜਿਆ ਜਾ ਰਿਹਾ ਹੈ। ਖਰੜ ਦੇ ਐਸ.ਡੀ.ਐਮ. ਸੁਖਜੀਤ ਪਾਲ ਸਿੰਘ ਵੱਲੋਂ ਕੀਤੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸਿਵਲ ਕੋਰਟ ਵੱਲੋਂ ਜ਼ਮੀਨ ਦੀ ਡਿਕਰੀ ਕਰਨ ਦੇ ਬਾਵਜੂਦ ਸ. ਗਿੱਲ ਇਸ ਜ਼ਮੀਨ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਏ ਸਨ। ਉਨ੍ਹਾਂ ਵੱਲੋਂ ਇਸ ਸ਼ਾਮਲਾਤ ਜ਼ਮੀਨ 'ਤੇ ਹਥਿਆਰਾਂ ਦੇ ਜ਼ੋਰ ਨਾਲ ਕਬਜ਼ਾ ਕਰਨ ਦਾ ਮਾਮਲਾ ਉਸ ਵੇਲੇ ਵੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਿਆ ਸੀ।

ਐਸ.ਡੀ.ਐਮ. ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਵੱਲੋਂ ਜ਼ਮੀਨ ਨਾਲ

## ਸ਼ਾਮਲਾਤ ਜ਼ਮੀਨ ਦਾ ਮਾਮਲਾ

ਸਬੰਧਤ ਪੇਸ਼ ਕੀਤੇ ਕਾਗ਼ਜ਼ਾਤ ਦੇ ਆਧਾਰ 'ਤੇ ਨਾਇਬ ਤਹਿਸੀਲਦਾਰ ਕਮ ਮਾਲ ਅਫ਼ਸਰ ਰੁਪਿੰਦਰ ਸਿੰਘ ਨੇ ਜ਼ਮੀਨ ਦੀ ਗਿਰਦਾਵਰੀ ਬਦਲ ਦਿੱਤੀ ਜਦੋਂਕਿ ਅਦਾਲਤ ਦੇ ਹੁਕਮ ਇਸਦੇ ਉਲਟ ਸਨ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਝਗੜੇ ਵਾਲੀ ਜ਼ਮੀਨ ਮਾਲ ਵਿਭਾਗ ਦੇ ਰਿਕਾਰਡ ਵਿਚ ਸ਼ਾਮਲਾਤ ਵਜੋਂ ਦਰਜ ਹੈ। ਪੰਜਾਬ ਭੌਂ ਬਚਾਉ ਐਕਟ 1990 ਤਹਿਤ ਇਹ ਜ਼ਮੀਨ ਖੇਤੀਬਾੜੀ ਲਈ ਨਹੀਂ ਵਰਤੀ ਜਾ ਸਕਦੀ। ਇਸ ਦੇ ਬਾਵਜੂਦ ਸ. ਗਿੱਲ ਇਸ ਦਾ ਕਬਜ਼ਾ ਲੈਣ ਵਿਚ ਸਫ਼ਲ ਰਹੇ।

### ਜਹਾਜ਼ ਅਗਵਾ ਕੇਸ

# ਮੁੜ ਕੇਸ ਚਲਾਉਣ ਨੂੰ ਵੰਗਾਰਨ ਦਾ ਫੈਸਲਾ

**ਚੰਡੀਗੜ੍ਹ:** ਦਲ ਖਾਲਸਾ ਵੱਲੋਂ 31 ਸਾਲ ਪਹਿਲਾਂ ਜਹਾਜ਼ ਅਗਵਾ ਕਰਨ ਦੇ ਮਾਮਲੇ ਵਿਚ ਪਾਕਿਸਤਾਨ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਚੁੱਕੇ ਜਥੇਬੰਦੀ ਦੇ ਪੰਜ ਆਗੂਆਂ ਖ਼ਿਲਾਫ਼ ਮੁੜ ਦੇਸ਼ ਧਰੋਹ ਦੇ ਚਲਾਏ ਜਾ ਰਹੇ ਕੇਸ ਨੂੰ ਦਿੱਲੀ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਦਿੱਲੀ ਦੇ ਵਧੀਕ ਚੀਫ ਮੈਟਰੋਪੌਲੀਟਨ ਮੈਜਿਸਟਰੇਟ ਸੁਮੀਰ ਵਾਜਪਾਈ ਦੀ ਅਦਾਲਤ ਨੇ ਦਲ ਖਾਲਸਾ ਦੇ ਪੰਜ ਆਗੂਆਂ ਖ਼ਿਲਾਫ਼ ਜਹਾਜ਼ ਅਗਵਾ ਕਰਨ ਦੀ ਧਾਰਾ ਨੂੰ ਛੱਡ ਕੇ ਦੇਸ਼ ਧਰੋਹ ਸਮੇਤ ਹੋਰ ਧਾਰਾਵਾਂ ਹੇਠ ਮੁੜ ਕੇਸ ਚਲਾਉਣ ਦੇ ਆਦੇਸ਼ ਦਿੱਤੇ ਹਨ।

ਇਸ ਕੇਸ ਬਾਰੇ ਦਲ ਖਾਲਸਾ ਦੇ ਪੰਜ ਮੈਂਬਰਾਂ ਗਜਿੰਦਰ ਸਿੰਘ, ਸਤਨਾਮ ਸਿੰਘ ਪਾਉਂਟਾ ਸਾਹਿਬ, ਕਰਨ ਸਿੰਘ ਜੰਮੂ, ਜਸਬੀਰ ਸਿੰਘ ਚੀਮਾ ਤੇ ਤਜਿੰਦਰ ਪਾਲ ਸਿੰਘ ਨੂੰ ਤਿੰਨ ਦਸੰਬਰ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ ਤੇ ਪੇਸ਼ ਨਾ ਹੋਣ ਦੀ ਸੂਰਤ 'ਚ ਇਨ੍ਹਾਂ ਨੂੰ ਭਗੌੜਾ ਕਰਾਰ ਦਿੱਤਾ ਜਾ ਸਕਦਾ ਹੈ। ਜਥੇਬੰਦੀ ਅਨੁਸਾਰ ਉਹ ਆਪਣੇ ਪੰਜ ਮੈਂਬਰਾਂ ਖ਼ਿਲਾਫ਼ ਨਵੇਂ ਚਲਾਏ ਜਾ ਰਹੇ ਅਦਾਲਤੀ ਕੇਸ ਨੂੰ ਦਿੱਲੀ ਦੀ ਉਪਰਲੀ ਅਦਾਲਤ ਵਿਚ ਚੁਣੌਤੀ ਦੇਵੇਗੀ।



ਇਸ ਬਾਰੇ ਜਥੇਬੰਦੀ ਵੱਲੋਂ ਕਾਨੂੰਨੀ ਮਾਹਰਾਂ ਨਾਲ ਸਲਾਹ ਕੀਤੀ ਜਾ ਰਹੀ ਹੈ ਤੇ ਨਵੰਬਰ ਦੇ ਪਹਿਲੇ ਹਫ਼ਤੇ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਹੇਠਲੀ ਅਦਾਲਤ ਵੱਲੋਂ ਲਾਏ ਦੋਸ਼ਾਂ ਨੂੰ ਚੁਣੌਤੀ ਦਿੱਤੀ ਜਾਵੇਗੀ। ਉਨ੍ਹਾਂ ਆਖਿਆ ਕਿ ਅਦਾਲਤ ਦਾ ਇਹ ਫੈਸਲਾ ਸਜ਼ਾ ਭੁਗਤ ਚੁੱਕੇ ਅਤੇ ਭਾਰਤ ਪਰਤ ਆਏ ਜਥੇਬੰਦੀ ਦੇ ਦੋ ਮੈਂਬਰਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰੇਗਾ ਜਿਸ ਨਾਲ ਮੁੜ ਉਨ੍ਹਾਂ ਦੇ ਜਜ਼ਬਾਤ ਜ਼ਖ਼ਮੀ ਹੋਣਗੇ। ਉਨ੍ਹਾਂ ਆਖਿਆ ਕਿ ਜਹਾਜ਼ ਅਗਵਾ ਮਾਮਲੇ ਦੀ ਸਜ਼ਾ ਭੁਗਤ ਚੁੱਕੇ ਇਹ ਵਿਅਕਤੀ ਹੁਣ ਸ਼ਾਂਤਮਈ ਢੰਗ ਨਾਲ ਜੀਵਨ ਬਤੀਤ ਕਰ ਰਹੇ ਹਨ ਅਤੇ ਇਨ੍ਹਾਂ ਖ਼ਿਲਾਫ਼ ਮੁੜ ਕੇਸ ਚਲਾਉਣ ਤੋਂ ਪਹਿਲਾਂ ਅਦਾਲਤ ਨੂੰ ਇਸ ਬਾਰੇ ਮਨੁੱਖੀ ਹਮਦਰਦੀ ਦੇ ਦ੍ਰਿਸ਼ਟੀਕੋਣ ਤੋਂ ਸੋਚਣਾ ਚਾਹੀਦਾ ਸੀ।

ਦੱਸਣਯੋਗ ਹੈ ਕਿ 1981 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਦਲ ਖਾਲਸਾ ਦੇ ਉਕਤ ਪੰਜ ਮੈਂਬਰ ਭਾਰਤੀ ਹਵਾਈ ਜਹਾਜ਼ ਨੂੰ ਅਗਵਾ ਕਰਕੇ ਲਾਹੌਰ ਲੈ ਗਏ ਸਨ, ਜਿਥੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਾਕਿਸਤਾਨ ਦੀ ਅਦਾਲਤ ਨੇ 1986 ਵਿਚ ਪੰਜਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਇਹ 1994 ਵਿਚ ਸਜ਼ਾ ਭੁਗਤ ਕੇ ਰਿਹਾਅ ਹੋਏ। ਇਨ੍ਹਾਂ ਵਿਚੋਂ ਸਤਨਾਮ ਸਿੰਘ ਤੇ ਤੇਜਿੰਦਰਪਾਲ ਸਿੰਘ 1999 ਵਿਚ ਪੰਜਾਬ ਪਰਤ ਆਏ, ਦੋ ਮੈਂਬਰ ਜਸਬੀਰ ਸਿੰਘ ਤੇ ਕਰਨ ਸਿੰਘ ਨੇ ਸਵਿਟਜ਼ਰਲੈਂਡ ਵਿਖੇ ਸ਼ਰਨ ਲੈ ਲਈ ਜਦਕਿ ਗਜਿੰਦਰ ਸਿੰਘ ਬਾਰੇ ਚਰਚਾ ਹੈ ਕਿ ਉਸ ਨੇ ਰਿਹਾਈ ਮਗਰੋਂ ਪਾਕਿਸਤਾਨ ਵਿਖੇ ਹੀ ਟਿਕਾਣਾ ਕਰ ਲਿਆ।

ਸਿੱਖ ਆਗੂਆਂ ਨੇ ਦੱਸਿਆ ਕਿ ਇਸ ਮਾਮਲੇ ਵਿਚ ਦਿਲਚਸਪ ਗੱਲ ਇਹ ਹੈ ਕਿ 11 ਫਰਵਰੀ, 2000 ਨੂੰ ਸਤਨਾਮ ਸਿੰਘ ਪਾਉਂਟਾ ਸਾਹਿਬ ਨੂੰ ਭਾਰਤੀ ਹਵਾਈ ਜਹਾਜ਼ ਅਗਵਾ ਕਰਨ ਸਬੰਧੀ ਦੋਸ਼ ਮੁਕਤ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਜੁਲਾਈ 2000 ਵਿਚ ਤਜਿੰਦਰਪਾਲ ਨੇ ਵੀ ਅਦਾਲਤ ਨੂੰ ਅਪੀਲ ਕੀਤੀ ਕਿ ਉਸਨੂੰ ਵੀ ਸਤਨਾਮ ਸਿੰਘ ਵਾਂਗ ਦੋਸ਼ ਮੁਕਤ ਕੀਤਾ ਜਾਵੇ। ਇਹ ਮਾਮਲਾ ਉਦੋਂ ਤੋਂ ਦਿੱਲੀ ਅਦਾਲਤ ਵਿਚ ਵਿਚਾਰਅਧੀਨ ਹੈ ਜਿਸ ਤਹਿਤ ਜਨਵਰੀ, 2007 'ਚ ਅਦਾਲਤ ਨੇ ਸਾਰੇ ਕੇਸਾਂ ਦੀ ਮੁੜ ਪੜਤਾਲ ਦੇ ਹੁਕਮ ਦਿੱਤੇ ਹਨ ਤੇ ਹੁਣ ਦੇਸ਼ ਧਰੋਹ ਦਾ ਕੇਸ ਮੁੜ ਚਲਾਉਣ ਦਾ ਫੈਸਲਾ ਕੀਤਾ ਹੈ। ਇਸ ਤਹਿਤ ਹੁਣ 3 ਦਸੰਬਰ ਲਈ ਸੁਣਵਾਈ ਤੈਅ ਕੀਤੀ ਗਈ ਹੈ।

# ਦੁਬਈ ਜੇਲ੍ਹ 'ਚ ਬੰਦ ਪੰਜਾਬੀਆਂ ਬਾਰੇ ਫ਼ੈਸਲਾ 28 ਨੂੰ

**ਚੰਡੀਗੜ੍ਹ:** ਦੁਬਈ ਵਿਚ ਕਤਲ ਦੇ ਕੇਸ ਵਿਚ ਖੂਨ ਦੇ ਪੈਸੇ ਦੀ ਅਦਾਇਗੀ ਤੋਂ ਬਾਅਦ ਫਾਂਸੀ ਦੀ ਸਜ਼ਾ ਤੋਂ ਮੁਆਫ਼ੀ ਪਾਉਣ ਵਾਲੇ 17 ਪੰਜਾਬੀ ਕੈਦੀਆਂ ਦੀ ਰਿਹਾਈ ਬਾਰੇ ਫ਼ੈਸਲਾ ਹੁਣ 28 ਨਵੰਬਰ ਨੂੰ ਹੋਵੇਗਾ। ਦੁਬਈ ਦੀ ਅਦਾਲਤ ਵੱਲੋਂ ਸੁਣਵਾਈ ਦੌਰਾਨ ਜ਼ਖ਼ਮੀ ਹੋਏ ਮੁਸ਼ਤਾਕ ਦੀ ਪਟੀਸ਼ਨ 'ਤੇ ਉਸ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦਾ ਫ਼ੈਸਲਾ ਦੇਣ ਲਈ 28 ਨਵੰਬਰ ਦੀ ਤਾਰੀਖ਼ ਤੈਅ ਕੀਤੀ ਗਈ ਜਦੋਂਕਿ 17 ਪੰਜਾਬੀਆਂ ਵੱਲੋਂ ਹਾਜ਼ਰ ਵਕੀਲ ਵੱਲੋਂ ਬਾਅਦ ਵਿਚ ਇਕ ਅਰਜ਼ੀ ਦਾਇਰ ਕਰਕੇ ਇਹ ਫ਼ੈਸਲਾ ਨਿਰਧਾਰਤ ਤਾਰੀਖ਼ ਤੋਂ ਪਹਿਲਾਂ ਦਿੱਤੇ ਜਾਣ ਲਈ ਬੇਨਤੀ ਕੀਤੀ ਗਈ। ਜ਼ਿਕਰਯੋਗ ਹੈ ਕਿ ਇਨ੍ਹਾਂ 17 ਕੈਦੀਆਂ ਨੂੰ ਢਾਈ ਸਾਲ ਦੀ ਸਜ਼ਾ ਸੁਣਾਈ ਗਈ ਸੀ ਜਦੋਂਕਿ ਇਹ ਸਾਰੇ ਕੈਦੀ ਚਾਰ ਸਾਲ ਦੀ ਸਜ਼ਾ ਭੁਗਤ ਚੁੱਕੇ ਹਨ ਪਰ ਝਗੜੇ ਵਿਚ ਜ਼ਖ਼ਮੀ ਹੋਏ ਮੁਸ਼ਤਾਕ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਬਾਰੇ ਫੈਸਲਾ ਲਟਕਣ ਕਾਰਨ ਇਹ ਸਾਰੇ 17 ਪੰਜਾਬੀ ਜੇਲ੍ਹ ਵਿਚ ਨਜ਼ਰਬੰਦ ਹਨ। ਇਨ੍ਹਾਂ ਪੰਜਾਬੀਆਂ ਦੇ ਦੁਬਈ ਵਿਚ ਕੇਸ ਲੜ ਰਹੇ ਵਪਾਰੀ ਸੁਰਿੰਦਰਪਾਲ ਸਿੰਘ ਓਬਰਾਏ ਨੇ ਦੱਸਿਆ ਕਿ ਭਾਰਤੀ ਕੌਂਸਲ ਜਨਰਲ ਵੱਲੋਂ ਇਨ੍ਹਾਂ ਨੌਜਵਾਨਾਂ ਦੀ ਭਾਰਤ ਵਾਪਸੀ ਲਈ ਪਾਸਪੋਰਟ ਤੇ ਦੂਸਰੇ ਪ੍ਰਬੰਧ ਪੂਰੇ ਕੀਤੇ ਹੋਏ ਹਨ।


Global Multi Services

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997


DMV Lic No. 62822

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com

Fax: 209-836-0706
www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD®
Millennium

Gurbans Gill 209-815-1869

# ਪੰਜਾਬ ਯੂਨੀਵਰਸਿਟੀ ਅਲੂਮਨੀ ਐਸੋਸੀਏਸ਼ਨ ਦੇ ਬੇਏਰੀਆ ਚੈਪਟਰ ਦਾ ਗਠਨ

**ਸੈਨ ਹੋਜ਼ੇ (ਬਿਊਰੋ):** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੁਰਾਣੇ ਵਿਦਿਆਰਥੀਆਂ ਵਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਲੂਮਨੀ ਐਸੋਸੀਏਸ਼ਨ ਦੇ ਬੇਏਰੀਆ ਚੈਪਟਰ ਦਾ ਗਠਨ ਕੀਤਾ ਗਿਆ ਹੈ। ਇਸ ਦਾ ਰਸਮੀ ਐਲਾਨ ਮੋਨਿਕਾ ਉਪਲ ਪੋਪਲੀ ਵਲੋਂ ਇਥੇ ਲੰਘੀ 27 ਅਕਤੂਬਰ ਨੂੰ ਰੰਗੋਲੀ ਰੈਸਟੋਰੈਂਟ ਵਿਚ ਹੋਈ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀਆਂ ਦੀ ਇਕ ਮੀਟਿੰਗ ਵਿਚ ਕੀਤਾ ਗਿਆ।



ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਯੂਨੀਵਰਸਿਟੀ ਦੇ ਵਿਦਿਆਰਥੀ ਹੁੰਦਿਆਂ ਦੇ ਵੇਲੇ ਚੇਤੇ ਕੀਤੇ ਅਤੇ ਬੇਏਰੀਆ ਵਿਚ ਰਹਿੰਦੇ ਪੁਰਾਣੇ ਵਿਦਿਆਰਥੀਆਂ ਦੀ ਜਥੇਬੰਦੀ ਖੜ੍ਹੀ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਰਲ ਕੇ ਸਮਾਜ ਲਈ ਕੁਝ ਉਸਾਰੂ ਕੀਤਾ ਜਾ ਸਕੇ। ਬੁਲਾਰਿਆਂ ਦਾ ਖਿਆਲ ਸੀ ਕਿ ਆਪਣੀ ਯੂਨੀਵਰਸਿਟੀ ਤੋਂ ਕੋਈ 10 ਹਜ਼ਾਰ ਮੀਲ ਦੂਰ ਅਜਿਹੀ ਜਥੇਬੰਦੀ ਖੜ੍ਹੀ ਕਰਨ ਦੇ ਖਿਆਲ ਤੋਂ ਜਾਹਰ ਹੈ ਕਿ ਪੁਰਾਣੇ ਵਿਦਿਆਰਥੀ ਆਪਣੀ ਪੁਰਾਣੀ ਸਾਂਝ ਨੂੰ ਬਣਾਈ ਰੱਖਣ ਲਈ ਕਿੰਨੇ ਬਿਹਬਲ ਹਨ। ਇਹ ਗੱਲ ਵੀ ਦਿਲਚਸਪ ਰਹੀ ਕਿ ਇਸ ਮੀਟਿੰਗ ਵਿਚ ਹਿੱਸਾ ਲੈਣ ਲਈ ਕੈਲੀਫੋਰਨੀਆ ਦੇ ਦੂਰ ਦੁਰੇਡੇ ਇਲਾਕਿਆਂ ਤੋਂ ਵੀ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਪਹੁੰਚੇ।

ਇਕ ਬੁਲਾਰੇ ਦਾ ਕਹਿਣਾ ਸੀ ਕਿ ਜਦੋਂ ਮੈਂ ਪਹਿਲੀ ਵਾਰ ਇਸ ਧਰਤੀ ਉਤੇ ਉਤਰਿਆ, ਜੇ ਅਜਿਹੀ ਕੋਈ ਜਥੇਬੰਦੀ ਹੁੰਦੀ ਤਾਂ ਇਸ ਨਵੇਂ ਮੁਲਕ ਵਿਚ ਸਥਾਪਤ ਹੋਣ ਲਈ ਮੈਨੂੰ ਸ਼ਾਇਦ ਉਨਾ ਸੰਘਰਸ਼ ਨਾ ਕਰਨਾ ਪੈਂਦਾ, ਜਿੰਨਾ ਕਿ ਕਰਨਾ ਪਿਆ। ਸਭ ਦਾ ਖਿਆਲ ਸੀ ਕਿ ਇਸ ਚੈਪਟਰ ਨੂੰ ਸਮਾਜਕ ਆਦਾਨ-ਪ੍ਰਦਾਨ, ਸਮਾਜਕ ਹਿਤਾਂ ਲਈ ਕੰਮ ਕਰਦੀਆਂ ਸੰਸਥਾਵਾਂ ਅਤੇ ਸਮਾਜ ਵਿਚ ਤਬਦੀਲੀ ਲਿਆਉਣ ਲਈ ਇਕ ਮੰਚ ਵਜੋਂ ਖੜ੍ਹਾ ਕੀਤਾ ਜਾਵੇ।

ਆਏ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਇਸ ਸਮਾਗਮ ਦੇ ਆਯੋਜਕ ਰਾਜ ਬਡਵਾਲ ਨੇ ਕਿਹਾ ਕਿ ਉਸ ਦਾ ਸੁਪਨਾ ਸੀ ਕਿ ਪੰਜਾਬ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀਆਂ ਨੂੰ ਕਿਸੇ ਇਕ ਮੰਚ 'ਤੇ ਇਕੱਠਾ ਕੀਤਾ ਜਾਵੇ ਅਤੇ ਬੇਏਰੀਏ ਵਿਚ ਅਜਿਹੀ ਕਿਸੇ ਜਥੇਬੰਦੀ ਦੀ ਅਣਹੋਂਦ ਸੀ।

ਇਸ ਮੀਟਿੰਗ ਵਿਚ ਪੰਜਾਬ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀਆਂ ਫਿਲਮਕਾਰ ਯਸ਼ ਚੋਪੜਾ ਅਤੇ ਜਸਪਾਲ ਭੱਟੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜੋ ਹਾਲ ਹੀ ਵਿਚ ਇਸ ਜਹਾਨੋਂ ਸਦਾ ਲਈ ਤੁਰ ਗਏ ਹਨ। ਹੋਰ ਜਾਣਕਾਰੀ ਲੈਣ ਅਤੇ ਇਸ ਚੈਪਟਰ ਦੇ ਮੈਂਬਰ ਬਣਨ ਲਈ ਵੈਬਸਾਈਟ www.pucaa.org 'ਤੇ ਜਾਇਆ ਜਾ ਸਕਦਾ ਹੈ।


M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

Noble Dental Care

Shital Shah, DDS
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

The Anu Attorney Immigration Law Firm
Law offices of Anu Peshawaria
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing
Visa: Students, Athletes, Musicians, Journalists, Nurses, Teachers, Cooks, Religious & other professionals
Woman of the year award 1991 – India
US acclaimed extraordinary ability
Awarded for outstanding community service
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call:1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com

# ਜਾਗਤ ਜੋਤਿ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ




# ਜੀ ਆਇਆਂ ਨੂੰ



**HARINDER GREWAL** *Ph.D., MBA, MS*

**Board Member, Turlock Unified School District**

**Board Member- Stanislaus County Fair Board**

**Phone: (209) 620-2500**

**Email: harinderg@charter.net**

# ਫਰਿਜ਼ਨੋ ਦੇ ਗਦਰੀ ਮੇਲੇ ਨੂੰ ਲੋਕਾਂ ਤੋਂ ਭਰਵਾਂ ਹੁੰਗਾਰਾ



**ਫਰਿਜ਼ਨੋ (ਬਿਊਰੋ):** ਇੰਡੋ ਯੂ-ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵਲੋਂ ਲੰਘੇ ਸਨਿਚਰਵਾਰ ਇਥੇ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਸਾਲਾਨਾ ਮੇਲੇ ਵਿਚ ਜਿਥੇ ਵਡੀ ਗਿਣਤੀ ਵਿਚ ਹਾਜ਼ਰ ਹੋਏ ਲੋਕਾਂ ਨੇ ਗਦਰ ਲਹਿਰ ਦੇ ਪ੍ਰਵਾਨਿਆਂ ਨੂੰ ਆਪਣੀ ਅਕੀਦਤ ਦੇ ਫੁਲ ਭੇਟ ਕੀਤੇ, ਉਥੇ ਵਖ ਵਖ ਬੁਲਾਰਿਆਂ ਨੇ ਗਦਰ ਲਹਿਰ ਵਲੋਂ ਭਾਰਤੀ ਆਜ਼ਾਦੀ ਦੇ ਸੰਘਰਸ਼ ਵਿਚ ਪਾਏ ਗਏ ਵਡਮੁੱਲੇ ਯੋਗਦਾਨ ਉਤੇ ਚਾਨਣਾ ਪਾਇਆ ਅਤੇ ਅਜੋਕੀ ਪੀੜੀ ਨੂੰ ਗਦਰੀ ਬਾਬਿਆਂ



ਦੀਆਂ ਕੁਰਬਾਨੀਆਂ ਪ੍ਰਤੀ ਜਾਗਰੂਕ ਕਰਨ ਦੀ ਲੋੜ 'ਤੇ ਜੋਰ ਦਿਤਾ।

ਮੇਲੇ ਦਾ ਅਰੰਭ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਅਤੇ ਪੰਦਰਾ ਰੋਜ਼ਾ ਅਖਬਾਰ ਪੰਜਾਬੀ ਪ੍ਰੈਸ ਯੂ.ਐਸ.ਏ. ਦੇ ਚੀਫ ਐਡੀਟਰ ਸਿੱਧੂ ਦਮਦਮੀ ਨੇ ਸ਼ਮਾ ਰੌਸ਼ਨ ਕਰ ਕੇ ਕੀਤਾ। ਸੰਸਥਾ ਦੇ ਮੈਂਬਰਾਂ ਨੇ ਵੀ ਫੁੱਲ ਭੇਂਟ ਕਰਕੇ ਗਦਰ ਲਹਿਰ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਈ। ਸੰਸਥਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੈਂਟਰਲ ਵੈਲੀ ਦੀਆਂ ਦੋ ਮੁੱਖ ਸ਼ਖਸੀਅਤਾਂ-ਉਘੇ ਭੂ-ਵਿਗਿਆਨੀ ਡਾ. ਅਰਜਨ ਸਿੰਘ ਜੋਸਨ ਤੇ ਸਮਾਜ ਸੇਵੀ ਮਹਿੰਦਰ ਸਿੰਘ ਗਰੇਵਾਲ, ਅਤੇ ਹਾਈ ਸਕੂਲ ਵਿਚ 4.0 ਜੀ.ਪੀ.ਏ. ਗਰੇਡ ਲੈਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਮੁੱਖ ਮਹਿਮਾਨ ਸਿੱਧੂ ਦਮਦਮੀ ਨੇ ਸੰਸਥਾ ਦਾ ਸੋਵੀਨਾਰ ਰਿਲੀਜ਼ ਕਰਨ ਪਿਛੋਂ ਆਪਣੇ ਮੁੱਖ ਭਾਸ਼ਨ ਵਿਚ ਗਦਰੀ ਬਾਬਿਆਂ



ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਅਜੋਕੇ ਸਮੇਂ ਦੇ ਸੰਦਰਭ ਵਿਚ ਲੋਕਾਂ ਨੂੰ ਜਾਗ੍ਰਿਤ ਰਹਿਣ ਲਈ ਪ੍ਰੇਰਿਆ।

ਸੰਸਥਾ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਹਲ ਅਤੇ ਸਾਧੂ ਸਿੰਘ ਸੰਘਾ ਨੇ ਗਦਰੀ ਬਾਬਿਆਂ ਦੇ ਮੇਲੇ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਅਜ ਆਜ਼ਾਦੀ ਦਾ ਜੋ ਨਿਘ ਭਾਰਤੀ ਮੂਲ ਦੇ ਲੋਕ ਮਾਣ ਰਹੇ ਹਨ, ਉਹ ਸਾਡੇ ਪੁਰਖੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਹੀ ਨਤੀਜਾ ਹੈ। ਦੋਹਾਂ ਆਗੂਆਂ ਨੇ ਸਮੂਹ ਸੰਸਥਾਵਾਂ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਗਦਰ ਲਹਿਰ ਦੀ ਅਗਲੇ ਵਰ੍ਹੇ ਮਨਾਈ ਜਾ ਰਹੀ ਸ਼ਤਾਬਦੀ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿਤਾ।

ਮੇਲੇ ਦੇ ਸਭਿਆਚਾਰਕ ਹਿੱਸੇ ਵਿਚ ਜਿਥੇ ਛੋਟੇ ਬੱਚਿਆਂ ਨੇ ਗਿੱਧੇ-ਭੰਗੜੇ ਦੇ ਜੌਹਰ ਦਿਖਾਏ ਉਥੇ ਲੋਕ ਗਾਇਕਾਂ ਨੇ ਉਮਦਾ ਗਾਇਕੀ ਰਾਹੀਂ ਗਦਰ ਲਹਿਰ ਦੇ ਪ੍ਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁਲ ਭੇਟ ਕੀਤੇ। ਪਲਵੀ ਕੁਲਾਰ ਵਲੋਂ ਤਿਆਰ ਕੀਤਾ ਸ਼ਬਦ "ਦੇਹਿ ਸਿਵਾ ਬਰ ਮੋਹਿ", ਕਿਰਨ ਮਹਿਮੀ ਦੀ ਕੋਰੀਓਗ੍ਰਾਫੀ, ਅਰਮਾਨ ਕਾਹਲੋਂ ਤੇ ਹਰਜਾਪ ਕਾਹਲੋਂ ਦਾ ਭੰਗੜਾ, ਸਿਮਰਨ ਹੇਅਰ ਵਲੋਂ ਤਿਆਰ ਕੀਤਾ ਛੋਟੀਆਂ ਬੱਚੀਆਂ ਦਾ ਗਿੱਧਾ ਅਤੇ ਬਾਬਿਆਂ ਦਾ ਮਲਵਈ ਗਿੱਧਾ ਦਰਸ਼ਕਾਂ ਲਈ ਖਾਸ ਖਿੱਚ ਦਾ ਕਾਰਨ ਬਣੇ। ਲੋਕ ਗਾਇਕ ਰਾਜ ਬਰਾੜ, ਗਗਨ ਸਿੱਧੂ, ਪ੍ਰੀਤਮ ਸੋਹੀ, ਬੱਬੂ ਗੁਰਪਾਲ ਅਤੇ ਸੱਤੀ ਸਤਵਿੰਦਰ ਨੇ ਆਪਣੇ ਗੀਤਾਂ ਰਾਹੀਂ ਗਦਰੀ ਬਾਬਿਆਂ ਨੂੰ ਯਾਦ ਕਰਦਿਆਂ ਸੰਗੀਤ ਦਾ ਰੰਗ ਬੰਨ੍ਹਿਆ। ਪੰਜਾਬ ਰੰਗ-ਮੰਚ ਵਲੋਂ ਸੁਰਿੰਦਰ ਧਨੋਆ ਤੇ ਜਸਵਿੰਦਰ ਧਨੋਆ ਦੇ ਨਿਰਦੇਸ਼ਨ ਹੇਠ ਖੇਡੇ ਗਏ ਨਾਟਕ ਨੂੰ ਵੀ ਲੋਕਾਂ



ਨੇ ਖਾਸ ਪਸੰਦ ਕੀਤਾ।


ਪ੍ਰਬੰਧਕਾਂ ਵਲੋਂ ਸਹਿਯੋਗ ਲਈ ਵੱਖ-ਵੱਖ ਸੰਸਥਾਵਾਂ-ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਜੀ.ਐਚ.ਜੀ ਸੰਗੀਤ ਐਂਡ ਡਾਂਸ ਅਕਾਡਮੀ, ਪੰਜਾਬ ਐਂਟਰਟੈਨਮੈਂਟ ਐਂਡ ਸਪੋਰਟਸ ਕਲੱਬ, ਐਕਸ ਸਟੂਡੈਂਟਸ ਐਸੋਸੀਏਸ਼ਨ ਜੀ.ਐਚ.ਜੀ. ਗੁਰੂਸਰ ਸੁਧਾਰ



ਕਾਲਜ, ਵਿਸ਼ਵ ਸਾਹਿਤ ਅਕਾਡਮੀ, ਪੰਜਾਬੀ ਕਲਚਰਲ ਐਸੋਸੀਏਸ਼ਨ ਅਤੇ ਆਜ਼ਾਦ ਕਲੱਬ ਦਾ ਧੰਨਵਾਦ ਕੀਤਾ ਗਿਆ।

ਮੇਲੇ ਨੂੰ ਸਫਲ ਬਣਾਉਣ ਲਈ ਸੰਸਥਾ ਦੇ ਮੈਂਬਰਾਂ-ਗੁਰਦੀਪ ਸਿੰਘ ਨਿੱਜਰ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਨਿਰਮਲ ਗਿੱਲ, ਆਤਮਾ ਸਿੰਘ ਚਾਹਲ, ਰਜਿੰਦਰ ਬਰਾੜ ਵੈਰੋਕੇ, ਸਤਵੰਤ ਵਿਰਕ, ਰਣਜੀਤ ਗਿੱਲ, ਪਾਲ ਧਾਲੀਵਾਲ, ਹੈਰੀ ਮਾਨ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਪੁਸ਼ਪਿੰਦਰ ਕੁਮਾਰ, ਬਿਕਰਮਜੀਤ ਕਾਹਲੋਂ, ਮਨਧੀਰ ਸਿੰਘ ਤੂੰਗ ਨੇ ਅਣਥੱਕ ਮਿਹਨਤ ਕੀਤੀ। ਮੇਲੇ ਦਾ ਸੰਚਾਲਨ ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਕੀਤਾ।

ਯਾਦ ਰਹੇ ਜਿਥੇ ਇਹ ਸੰਸਥਾ ਸੈਂਟਰਲ ਵੈਲੀ ਦੇ ਲੋਕਾਂ ਨਾਲ ਜੁੜੀ ਹੋਈ ਹੈ ਉਥੇ ਇਸ ਨੂੰ



ਬਹੁਤ ਸਾਰੀਆਂ ਧਾਰਮਿਕ, ਸਮਾਜਿਕ, ਸਾਹਿਤਕ, ਸਭਿਆਚਾਰਕ ਅਤੇ ਸਪੋਰਟਸ ਜਥੇਬੰਦੀਆਂ ਦਾ ਵੀ ਭਰਪੂਰ ਸਮਰਥਨ ਪ੍ਰਾਪਤ ਹੈ।






PANNU'S
Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details

IMMIGRATION CITIZENSHIP
DIVORCE CHILD SUPPORT
INDIAN PASSPORT
INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
(209) 679-8025

E-mail: indiavisa123@yahoo.com • Fax: (510) 279-7624



ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।





ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

Safe & Easy Weight Loss
Ph:317-886-4858

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।

# ਫਰਿਜ਼ਨੋ 'ਚ ਸਜਿਆ ਤੀਜਾ ਮਹਾਨ ਨਗਰ ਕੀਰਤਨ

**ਫਰਿਜ਼ਨੋ (ਬਿਊਰੋ):** ਰਵਾਇਤੀ ਬਾਣੇ ਵਿਚ ਸਜੇ ਪੰਜ ਪਿਆਰੇ ਤੇ ਨਿਸ਼ਾਨਚੀ, ਇਕ ਸੁੰਦਰ ਸਜਾਈ ਹੋਈ ਪਾਲਕੀ ਵਿਚ ਸੁਸ਼ੋਭਿਤ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਤਾਬਿਆ 'ਚ ਬੈਠੇ ਰਾਗੀ ਜਥੇ ਵਲੋਂ ਗੁਰਬਾਣੀ ਸ਼ਬਦ ਕੀਰਤਨ ਦੀ ਫਿਜ਼ਾ ਵਿਚ ਘੋਲੀ ਜਾ ਰਹੀ ਇਲਾਹੀ ਧੁਨ, ਰੰਗ-ਬਰੰਗੀਆਂ ਪੁਸ਼ਾਕਾਂ ਵਿਚ ਸਜੀਆਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਸੰਗਤਾਂ, ਅਸਮਾਨ ਤੋਂ ਫੁੱਲਾਂ ਦੀ ਵਰਖਾ ਕਰ ਰਹੇ ਹੈਲੀਕਾਪਟਰ, ਸਿੱਖ ਮਾਰਸ਼ਲ ਆਰਟ ਦਿਖਾ ਰਹੇ ਗਤਕਾ ਜਥੇ, ਭਾਂਤ ਸੁਭਾਂਤੇ ਲੰਗਰਾਂ ਨਾਲ ਸੰਗਤਾਂ ਦੀ ਸੇਵਾ ਕਰਨ ਲਈ ਤਤਪਰ ਸ਼ਰਧਾਲੂ ਪਰਿਵਾਰ-ਇਹ ਨਜ਼ਾਰਾ ਸੀ ਇਥੇ ਗੁਰਦੁਆਰਾ ਨਾਨਕ ਪ੍ਰਕਾਸ਼ ਦੀਆਂ ਸੰਗਤਾਂ ਵਲੋਂ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਸਬੰਧੀ ਸਜਾਏ ਗਏ ਤੀਜੇ ਮਹਾਨ ਨਗਰ ਕੀਰਤਨ ਦਾ।

ਨਗਰ ਕੀਰਤਨ ਐਤਵਾਰ ਨੂੰ ਸਵੇਰ ਦੇ ਦੀਵਾਨ ਦੀ ਸਮਾਪਤੀ ਉਪਰੰਤ ਕਰੀਬ 12 ਵਜੇ ਅਕਾਸ਼ ਗੂੰਜਾਉਂਦੇ ਜੈਕਾਰਿਆਂ ਨਾਲ ਅਰੰਭ ਹੋਇਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ। ਨਗਰ ਕੀਰਤਨ ਦੇ ਸਭ ਤੋਂ ਅੱਗੇ ਨਗਾਰਾ, ਫਿਰ ਅਮਰੀਕਨ ਝੰਡਾ, ਕੈਲੀਫੋਰਨੀਆ ਦਾ ਝੰਡਾ ਅਤੇ ਖਾਲਸੇ ਦਾ ਕੇਸਰੀ ਨਿਸ਼ਾਨ ਝੂਲ ਰਿਹਾ ਸੀ। ਰਸਤੇ ਉਤੇ ਪਾਣੀ ਤਰੌਂਕਿਆ ਜਾ ਰਿਹਾ ਸੀ ਅਤੇ ਝਾੜੂਬਰਦਾਰ ਸੜਕ ਸਾਫ ਕਰ ਰਹੇ ਸਨ।

ਗੁਰੂ ਮਹਾਰਾਜ ਦੀ ਸਵਾਰੀ ਵਾਲੇ ਫਲੋਟ ਉਤੇ ਭਾਈ ਮੱਲ ਸਿੰਘ ਅਤੇ ਪੰਡਿਤ ਬਖਸ਼ੀਸ਼ ਸਿੰਘ ਅਤੇ ਭਾਈ ਹਰਪ੍ਰੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ) ਇਲਾਹੀ ਬਾਣੀ ਦਾ ਕੀਰਤਨ ਕਰ ਰਹੇ ਸਨ। ਕੈਲੀਫੋਰਨੀਆ ਗਤਕਾ ਦਲ ਦੇ ਸਿੰਘਾਂ ਦੇ ਗਤਕੇ ਦੇ ਜੌਹਰ ਵੀ ਵੇਖਣਯੋਗ ਸਨ। ਇਸ ਤਰ੍ਹਾਂ ਗੁਰੂ ਘਰ ਤੋਂ ਰਵਾਨਗੀ ਉਪਰੰਤ ਕਈ ਮੀਲਾਂ ਦਾ ਪੈਂਡਾ ਤੈਅ ਕਰਦਾ ਨਗਰ ਕੀਰਤਨ ਖਾਲਸਾਈ ਰੰਗ ਬਿਖੇਰਦਾ ਫੌਲਰ ਸ਼ਹਿਰ ਦੇ ਦਿਲ ਵਿਚ ਬਣੇ ਖੂਬਸੂਰਤ ਪਾਰਕ ਵਿਚ ਪੜਾਅ ਲਈ ਪਹੁੰਚਿਆ ਜਿਥੇ ਸੰਗਤਾਂ ਨੂੰ ਗੁਰੂ ਦੇ ਲੰਗਰ ਅਤੁਟ ਵਰਤਾਏ ਗਏ। ਪੰਜਾਬੀਆਂ ਤੋਂ ਇਲਾਵਾ ਹੋਰ ਧਰਮਾਂ ਅਤੇ ਮੂਲਾਂ ਦੇ ਲੋਕਾਂ ਨੇ ਵੀ ਇਸ ਅਲੌਕਿਕ ਨਗਰ ਕੀਰਤਨ ਦੇ ਦਰਸ਼ਨ ਕੀਤੇ ਅਤੇ ਸਵਾਦਿਸ਼ਟ ਲੰਗਰ ਦਾ ਅਨੰਦ ਮਾਣਿਆ। ਟਰੱਕਾਂ 'ਤੇ ਸਜੇ ਹੋਏ ਵੱਖੋ ਵੱਖ ਤਰ੍ਹਾਂ ਦੇ ਸੁਨੇਹੇ ਪੇਸ਼ ਕਰਦੇ ਫਲੋਟਾਂ ਨੇ ਵਿਲੱਖਣ ਨਜ਼ਾਰਾ ਪੇਸ਼ ਕੀਤਾ। ਅਨੇਕਾਂ ਤਰ੍ਹਾਂ ਦੇ ਭੋਜਨ ਪਦਾਰਥ ਅਤੇ ਮੱਕੀ ਦੀਆਂ ਭੁਜੀਆਂ ਛੱਲੀਆਂ ਸੰਗਤ ਦੀ ਸੇਵਾ 'ਚ ਹਾਜ਼ਰ ਸਨ।



ਪਾਰਕ ਵਿਚ ਭਾਈ ਗੁਰਨਾਮ ਸਿੰਘ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਬੀਰ ਰਸੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾਇਆ। ਕਵੀਸ਼ਰ ਭਾਈ ਮਨਜੀਤ ਸਿੰਘ ਪੱਤਰ ਅਤੇ ਚਰਨਜੀਤ ਸਿੰਘ ਸਿਤਾਰਾ ਦੇ ਜਥੇ ਨੇ ਮੌਜੂਦਾ ਸਮੇਂ ਨਾਲ ਸਬੰਧਤ ਕਵੀਸ਼ਰੀ ਪੇਸ਼ ਕਰਕੇ ਸੰਗਤਾਂ ਨੂੰ ਹਾਲੀਆ ਸਿੱਖ ਇਤਿਹਾਸ ਸਰਵਣ ਕਰਵਾਇਆ। ਸ਼ੈਰਿਫ ਸਾਰਜੈਂਟ ਫਰਾਂਸਿਸ ਡੇਵਨਜ਼, ਕਾਂਗਰਸ ਲਈ ਉਮੀਦਵਾਰ ਉਟੋ ਲੀ ਅਤੇ ਫੌਲਰ ਸਿਟੀ ਕੌਂਸਲ ਮੈਂਬਰ ਡੈਨੀਅਲ ਪਾਡਾ ਦਾ ਸਨਮਾਨ ਹੈਰੀ ਗਿੱਲ (ਚੇਅਰਮੈਨ, ਸ਼੍ਰੋਮਣੀ ਅਕਾਲੀ ਦਲ ਬਾਦਲ, ਅਮਰੀਕਾ), ਡਾ. ਬੂਟਾ ਸਿੰਘ (ਮੁਖ ਪ੍ਰਬੰਧਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ) ਅਤੇ ਭਾਈ ਅਵਤਾਰ ਸਿੰਘ (ਮੁੱਖ ਸੇਵਾਦਾਰ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ) ਵਲੋਂ ਕੀਤਾ ਗਿਆ। ਤਕਰੀਬਨ ਡੇਢ ਘੰਟਾ ਪਾਰਕ ਵਿਚ ਪੜਾਅ ਕਰਨ ਤੋਂ ਬਾਅਦ ਨਗਰ ਕੀਰਤਨ ਮੁੜ ਗੁਰਦੁਆਰਾ ਨਾਨਕ ਪ੍ਰਕਾਸ਼ ਲਈ ਰਵਾਨਾ ਹੋਇਆ। ਨਗਰ ਕੀਰਤਨ ਦਾ ਪੈਂਡਾ ਕਾਫੀ ਲੰਮਾ ਹੋਣ ਕਰਕੇ ਨੰਗੇ ਪੈਰੀਂ ਤੁਰ ਰਹੀਆਂ ਸੰਗਤਾਂ ਬੇਸ਼ੱਕ ਥਕਾਵਟ ਮਹਿਸੂਸ ਕਰ ਰਹੀਆਂ ਸਨ ਪਰ ਗੁਰੂ ਨੂੰ ਅੰਗ ਸੰਗ ਜਾਣ ਇਲਾਹੀ ਰੰਗ ਵਿਚ ਰੰਗੀਆਂ ਚੜ੍ਹਦੀ ਕਲਾ ਵਿਚ ਸਨ। ਨਗਰ ਕੀਰਤਨ ਅਖੀਰ ਗੁਰੂ ਘਰ ਵਾਪਸ ਪਰਤ ਕੇ ਸਮਾਪਤੀ ਅਰਦਾਸ ਨਾਲ ਸਮਾਪਤ ਹੋਇਆ।

ਨਗਰ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਸਵੇਰ ਦੇ ਦੀਵਾਨ ਸਜੇ। ਸਵੇਰ ਤੋਂ ਹੀ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਸੰਗਤਾਂ ਦੀ ਗਹਿਮਾ ਗਹਿਮੀ ਸੀ। ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਸਜਾਏ ਗਏ ਦੀਵਾਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਲੰਬੀਆਂ ਲਾਈਨਾਂ ਵਿਚ ਖੜ੍ਹੇ ਹੋ ਕੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਈਆਂ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ, ਭਾਈ ਰਣਜੀਤ ਸਿੰਘ ਅਤੇ ਭਾਈ ਜਗਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਆਪਣੀ ਹਾਜ਼ਰੀ ਭਰੀ। ਸਿੱਖ ਕੌਮ ਦੇ ਮਹਾਨ ਵਿਦਵਾਨ ਪੰਡਿਤ ਬਖਸ਼ੀਸ਼ ਸਿੰਘ ਨੇ ਕਥਾ ਵਿਆਖਿਆ ਰਾਹੀਂ ਗੁਰ ਸ਼ਬਦ ਦੀ ਸਾਂਝ ਸੰਗਤਾਂ ਨਾਲ ਪਾਈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਦੇ ਜਥੇ ਨੇ 'ਗੁਰ ਸਿੱਖਾ ਮਨ ਵਧਾਈਆ' ਸ਼ਬਦ ਦਾ ਗਾਇਨ ਕਰਕੇ ਸੰਗਤਾਂ ਨੂੰ ਅਲੌਕਿਕ ਰੰਗ ਵਿਚ ਰੰਗਿਆ। ਭਾਈ ਮੱਲ ਸਿੰਘ (ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ) ਅਤੇ ਕਥਾਵਾਚਕ ਭਾਈ ਬਲਜੀਤ ਸਿੰਘ ਨੇ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗੁਰਦੁਆਰਾ ਪਰਮੇਸ਼ਰ ਦੁਆਰ, ਮੰਡੇਰਾ ਦੇ ਹਜ਼ੂਰੀ ਰਾਗੀ ਭਾਈ ਪ੍ਰੀਤਮ ਸਿੰਘ (ਮਿੱਠਾ ਟਿਵਾਣਾ) ਨੇ ਬਹੁਤ ਹੀ ਮਧੁਰ ਆਵਾਜ਼ ਵਿਚ 'ਸੁਣੀ ਪੁਕਾਰ ਦਾਤਾਰ ਪ੍ਰਭ' ਸ਼ਬਦ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਹਰਭਜਨ ਸਿੰਘ ਯੋਗੀ ਦੇ ਵਰੋਸਾਏ ਗੋਰੇ ਮੂਲ ਦੇ ਅਮਰੀਕਨ ਸਿੱਖਾਂ-ਭਾਈ ਜੋਧਾ ਸਿੰਘ ਅਤੇ ਭਾਈ ਕੀਰਤਨ ਸਿੰਘ ਦੇ ਜਥੇ ਨੇ ਵੀ ਪੂਰੀ ਲੈਅ ਵਿਚ 'ਤੇਰਾ ਅੰਤ ਨਾ ਜਾਏ ਲਖਿਆ' ਸ਼ਬਦ ਦਾ ਗਾਇਨ ਕਰਕੇ ਹਾਜਰੀ ਭਰੀ। ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਨੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਖਾਲਸਾਈ ਰੰਗ ਵਿਚ ਰੰਗਿਆ। ਤਸਵੀਰਾਂ ਤੇ ਵੀਡੀਓ ਦੀ ਸੇਵਾ ਮੋਗਾ ਵੀਡੀਓ ਤੇ ਸਿੰਗਾਪੁਰ ਵੀਡੀਓ ਨੇ ਨਿਭਾਈ।


Punjabi Literature Publication Trust America (Regd.)

ਪੰਜਾਬੀ ਸਾਹਿਤ ਪਬਲੀਕੇਸ਼ਨ ਟਰਸਟ ਅਮਰੀਕਾ (ਰਜਿ:)

## 8ਵਾਂ ਸਾਲਾਨਾ ਸਮਾਗਮ



*ਆਜ਼ਾਦ ਜਾਲੰਧਰੀ ਅਤੇ ਜੰਗ ਸਿੰਘ ਗਿਆਨੀ*

ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਸਵਰਗੀ ਸ. ਜੰਗ ਸਿੰਘ ਗਿਆਨੀ ਅਤੇ ਮਾਣਯੋਗ ਆਜ਼ਾਦ ਜਾਲੰਧਰੀ ਹੋਰਾਂ ਦੇ ਸਾਂਝੇ ਉਦਮ ਨਾਲ 2005 ਵਿਚ ਸਥਾਪਤ ਕੀਤਾ ਗਿਆ ਸੀ। ਇਸ ਦਾ ਮੂਲ ਮਨੋਰਥ ਹਰ ਸਾਲ ਪੰਜਾਬੀ ਦਾ ਪੁਰਾਣਾ ਅਤੇ ਨਵਾਂ ਸਾਹਿਤ ਛਾਪ ਕੇ ਪਾਠਕਾਂ ਨੂੰ ਭੇਂਟ ਕਰਨਾ ਹੈ ਅਤੇ ਕਵੀ ਦਰਬਾਰਾਂ ਰਾਹੀਂ ਪਾਠਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਹੈ।

ਟਰੱਸਟ ਵਲੋਂ ਹਰ ਸਾਲ ਵਾਂਗ ਇਸ ਸਾਲ ਵੀ ਸਾਲਾਨਾ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਿਸ ਵਿਚ ਨਵੀਂ ਪੁਸਤਕ 'ਪੰਜਾਬ ਦਾ ਵਿਰਸਾ' ਪਾਠਕਾਂ ਨਾਲ ਸਾਂਝੀ ਕੀਤੀ ਜਾਵੇਗੀ। ਪਹਿਲੀ ਪੁਸਤਕ ਇੰਗਲੈਂਡ ਦੇ ਵਿਦਵਾਨ ਸ. ਗੁਰਬਚਨ ਸਿੰਘ ਸਿੱਧੂ ਦੀ ਲਿਖੀ 'Panjab and Panjabiat' ਦਾ ਅਨੁਵਾਦ ਹੈ ਅਤੇ ਅਨੁਵਾਦ ਡਾ. ਗੁਰੂਮੇਲ ਸਿੰਘ ਸਿੱਧੂ ਨੇ ਕੀਤਾ ਹੈ।

ਇਸ ਮੌਕੇ ਇਕ ਕਵੀ ਦਰਬਾਰ ਹੋਵੇਗਾ ਜਿਸ ਵਿਚ ਆਜ਼ਾਦ ਜਾਲੰਧਰੀ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਸਿੰਘ ਕੰਗ, ਸੁਖਵਿੰਦਰ ਕੰਬੋਜ਼, ਕੁਲਵਿੰਦਰ, ਸੁਰਿੰਦਰ ਸੀਰਤ, ਰੇਸ਼ਮ ਸਿੱਧੂ, ਜਗਜੀਤ ਨੁਸ਼ਹਿਰਵੀ, ਸ਼ਸ਼ੀ ਸਮੁੰਦਰਾ, ਈਸ਼ਰ ਸਿੰਘ ਮੋਮਨ, ਫਾਰੂਖ਼ ਤਰਾਜ਼, ਹਰਿਭਜਨ ਢਿੱਲੋਂ, ਭੁਪਿੰਦਰ ਦਲੇਰ, ਨੀਲਮ ਸੈਣੀ, ਤਾਰਾ ਸਾਗਰ, ਕਮਲ ਬੰਗਾ, ਨਵਨੀਤ ਪੰਨੂ, ਗੁਲਸ਼ਨ ਤੇ ਚਰਨਜੀਤ ਸਿੰਘ ਪੰਨੂੰ ਆਦਿ ਕਵੀ ਭਾਗ ਲੈਣਗੇ। ਗੀਤ ਸੰਗੀਤ ਦੀ ਮਹਿਫਲ ਸੁਖਦੇਵ ਸਾਹਿਲ, ਹਰਭਜਨ ਸਿੰਘ ਭਜਨ ਅਤੇ ਤ੍ਰਲੋਕ ਸਿੰਘ ਸਜਾਉਣਗੇ। ਉਮੀਦ ਹੈ ਕਿ ਪੰਜਾਬੀ ਪ੍ਰੇਮੀ ਹਰੇਕ ਸਾਲ ਵਾਂਗ ਇਸ ਵਾਰ ਵੀ ਸਮਾਗਮ ਨੂੰ ਕਾਮਯਾਬ ਬਣਾਉਣ ਵਿਚ ਸਾਡੀ ਮੱਦਦ ਕਰਨਗੇ।

ਚਾਹ ਅਤੇ ਰੋਟੀ-ਪਾਣੀ ਦਾ ਉਚੇਚਾ ਇੰਤਜ਼ਾਮ ਹੋਵੇਗਾ। ਸਭ ਸੱਜਣਾਂ ਨੂੰ ਖੁੱਲ੍ਹਾ ਸੱਦਾ ਹੈ।

### ਪ੍ਰੋਗਰਾਮ ਦਾ ਵੇਰਵਾ

**11 ਨਵੰਬਰ, 2012**

(ਦਿਨ ਐਤਵਾਰ)

11 ਤੋਂ 12:00 ਇਕ ਦੂਜੇ ਨਾਲ ਮਿਲਣੀ
12 ਤੋਂ 1:00 ਟਰੱਸਟ ਬਾਰੇ ਜਾਣਕਾਰੀ
1:00 ਤੋਂ 2:00 ਦੁਪਹਿਰ ਦਾ ਭੋਜਨ
2:00 ਤੋਂ 3:00 ਪੁਸਤਕ ਸਮਾਰੋਹ
3:00 ਤੋਂ 5:00 ਕਵੀ ਦਰਵਾਰ

**ਸਥਾਨ: ਮੈਹਰਾਨ**

5774 Mowry School Road
Newark, CA 94560
Ph: (510) 668-1111

ਵਲੋਂ:ਸਮੂਹ ਪ੍ਰਬੰਧਕੀ ਕਮੇਟੀ, ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ

# ਘਰ ਖਰੀਦਣਾ ਹੈ ਜਾਂ ਵੇਚਣਾ!

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

**ਫੋਨ:209-856-2131**



Century 21

M&M AND ASSOCIATES

Each office is independently owned and operated.

MLS

**Jarnail Singh Lallria**
**Broker Associate**
DRE#01440382

**Cell: 209-620-5393**
Fax:209-216-5502
e-mail: jlallria@c21mm.com
Mob Web: m.jlallria.c21mm.com

2995 "R" Street, Suite # 102, Merced, CA 95348



# ooraa




## ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

**Resolve your IRS Tax Debt / Problems**

**100% SATISFACTION GUARANTEED**

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org



# United Sports Club of California

33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।






ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

| ਅਮੋਲਕ ਸਿੰਘ ਗਾਖ਼ਲ (ਚੇਅਰਮੈਨ) | ਬਲਵੀਰ ਸਿੰਘ ਭਾਟੀਆ (ਪ੍ਰਧਾਨ) | ਗੁਰਦਾਵਰ ਸਿੰਘ ਮਹੇੜੂ | ਜੁਗਰਾਜ ਸਿੰਘ ਸਹੋਤਾ |
|---|---|---|---|
| 831-247-4637 | 510-677-6248 | 2gsmann@gmail.com | 510-673-0825 |
| Makhan S. Bains | Narinder S. Sahota | Palwinder S. Gakhal | Kuldip S. Mann |
| Iqbal S. Gakhal | Parmjit S. Sandhu | Dalvinder S. Padda | Sadhu S. Khalour |

Radio Chardi Kala
Listen Live 24/7
www.radiock.com
Dial To Listen
832-551-5038

**www.punjabtimesusa.com**

**Promotes Healthy Enviornment**

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

ੴ ਸਤਿਗੁਰ ਪ੍ਰਸਾਦਿ

ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਅਤੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਨਾਲ ਪਵਿੱਤਰ ਕਰਨ ਆਈਆਂ ਗੁਰੂ ਰੂਪ ਸੰਗਤਾਂ ਨੂੰ

# ਖਾਲਸਾਈ ਜੀ ਆਇਆਂ ਨੂੰ



*Gurmit Singh Gill, Paramjit Singh Gill, Dalvir Singh Gill*

ਦਲਬੀਰ ਸਿੰਘ ਗਿੱਲ ਫੋਨ:530-713-4256
ਪਰਮਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਗਿੱਲ

ਗਿੱਲ ਬ੍ਰਦਰਜ਼ ਫਾਰਮਸ, ਯੂਬਾ ਸਿਟੀ (ਕੈਲੀਫੋਰਨੀਆ)

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਦੇ ਸਮੂਹ ਸੇਵਾਦਾਰਾਂ ਵਲੋਂ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਅਤੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਨਾਲ ਪਵਿੱਤਰ ਕਰਨ ਆਈਆਂ ਗੁਰੂ ਰੂਪ ਸੰਗਤਾਂ ਨੂੰ

# ਖਾਲਸਾਈ ਜੀ ਆਇਆਂ ਨੂੰ



ਵਲੋਂ

## ਸਮੂਹ ਸੇਵਾਦਰ, ਸੇਵਾ ਸਿਮਰਨ ਸੁਸਾਇਟੀ

ਯੂਬਾ ਸਿਟੀ (ਕੈਲੀਫੋਰਨੀਆ)

# ਨੇਵਾਡਾ ਸਟੇਟ ਸਥਾਪਨਾ ਦਿਵਸ ਦੀ ਪਰੇਡ ਵਿਚ ਸਿੱਖ ਵੀ ਸ਼ਾਮਲ ਹੋਏ

**ਕਾਰਸਨ ਸਿਟੀ, ਨੇਵਾਡਾ (ਬਿਊਰੋ):** ਨੇਵਾਡਾ ਸਟੇਟ ਦੀ ਸਥਾਪਤੀ ਦੀ 148ਵੀਂ ਵਰ੍ਹੇਗੰਢ ਮਨਾਉਣ ਲਈ ਇਥੇ ਲੰਘੇ ਸਨਿਚਰਵਾਰ ਹੋਈ ਪਰੇਡ ਵਿਚ 35,000 ਤੋਂ ਵੀ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਚੰਗੇ ਨਿੱਖਰੇ ਹੋਏ ਦਿਨ ਲੋਕਾਂ ਨੇ ਪੁਰਾਣੇ ਰਵਾਇਤੀ ਤਰੀਕੇ ਨਾਲ ਇਸ ਨੇਵਾਡਾ ਦਿਵਸ ਪਰੇਡ ਨੂੰ ਇਕ ਯਾਦਗਾਰੀ ਦਿਨ ਬਣਾਇਆ। ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਵੀ ਕਾਫੀ ਲੋਕ ਇਸ ਪਰੇਡ ਵਿਚ ਸ਼ਾਮਲ ਹੋਏ। ਕਾਰਸਨ ਸਿਟੀ ਦੇ ਸ਼ੈਰਿਫ ਕੈਨੀ ਫਰਲੌਂਗ ਨੇ ਬਖਤਰਬੰਦ ਫੌਜੀ ਗੱਡੀ ਵਿਚ ਸਵਾਰ ਹੋ ਕੇ ਪਰੇਡ ਦੀ ਅਗਵਾਈ ਕੀਤੀ ਜਦੋਂਕਿ ਅਮਰੀਕੀ ਸੈਨੇਟਰ ਡੀਨ ਹੈਲਟਰ ਆਪਣੇ ਘੋੜੇ ਉਪਰ ਸਵਾਰ ਹੋ ਕੇ ਪਰੇਡ ਵਿਚ ਸ਼ਾਮਲ ਹੋਏ। ਨੇਵਾਡਾ ਅਸੈਂਬਲੀ ਮੈਂਬਰ ਸ਼ੈਲੀ ਬਰਕਲੀ ਅਤੇ ਸਟੇਟ ਖਜ਼ਾਨਚੀ ਕੇਡ ਮਾਰਸ਼ਲ 1970ਵਿਆਂ ਦੀ ਲਾਲ ਪੁਰਾਣੀ ਪੋਨੀਐਕ ਕਾਰ ਵਿਚ ਸਵਾਰ ਸਨ।

ਪਰੇਡ ਦੂਜੇ ਵਿਸ਼ਵ ਯੁਧ ਵੇਲਿਆਂ ਦੇ ਪੰਜ ਫੌਜੀ ਤੇ ਨੈਸ਼ਨਲ ਗਾਰਡ ਹਵਾਈ ਜਹਾਜਾਂ ਵਲੋਂ ਅਸਮਾਨ ਵਿਚ ਸਲਾਮੀ ਦਿੱਤੇ ਜਾਣ ਨਾਲ ਅਰੰਭ ਹੋਈ। ਜ਼ਿਕਰਯੋਗ ਹੈ ਕਿ ਇਹ ਸਾਲਾਨਾ ਪਰੇਡ ਨੇਵਾਡਾ ਦੀ ਇਸ ਰਾਜਧਾਨ ਵਿਚ 1939 ਤੋਂ ਕੀਤੀ ਜਾ ਰਹੀ ਹੈ। ਪਰੇਡ ਦੀ ਅਗਵਾਈ ਤਿੰਨ ਗਰੈਂਡ ਮਾਰਸ਼ਲ ਕਰ ਰਹੇ ਸਨ ਜਿਨ੍ਹਾਂ ਵਿਚ ਦੂਜੀ ਸੰਸਾਰ ਜੰਗ ਦੇ ਆਰਮੀ ਏਅਰ ਕਾਰਪਸ ਸਾਰਜੈਂਟ ਐਡਵਰਡ ਕੌਂਸਨਜ਼, ਨੇਵਾਡਾ ਨੈਸ਼ਨਲ ਗਾਰਡ ਸਾਰਜੈਂਟ ਜੈਰੇਮੀਆ ਮੌਕ ਅਤੇ ਇਕ ਬਾਰਾਂ ਸਾਲਾ ਲੜਕਾ ਅਲੈਕਸਸ ਮਕੈਂਜੀ ਸ਼ਾਮਲ ਸਨ। ਇਹ ਬਾਰਾਂ ਸਾਲਾ ਲੜਕਾ ਪਿਛਲੇ ਸਾਲ ਸਤੰਬਰ ਮਹੀਨੇ ਦਿਮਾਗੀ ਤੌਰ 'ਤੇ ਬਿਮਾਰ ਇਕ ਵਿਅਕਤੀ ਵਲੋਂ ਚਲਾਈ ਗਈ ਗੋਲੀ ਵਿਚ ਜ਼ਖਮੀ ਹੋ ਗਿਆ ਸੀ।

ਭਾਵੇਂ ਇਸ ਪਰੇਡ ਵਿਚ ਭਾਂਤ ਸੁਭਾਂਤੇ ਸਿਆਸਤਦਾਨ ਵੀ ਸ਼ਾਮਲ ਹੋਏ ਪਰ ਲੋਕਾਂ ਵਲੋਂ ਉਨ੍ਹਾਂ ਨੂੰ ਕੋਈ ਬਹੁਤੀ ਤਵੱਜੋ ਨਾ ਦਿੱਤੀ ਗਈ। ਰਾਸ਼ਟਰਪਤੀ ਬਰਾਕ ਓਬਾਮਾ ਦੇ ਹੱਕ ਵਿਚ ਮਾਰਚ ਕਰ ਰਹੇ ਕੁਝ ਲੋਕਾਂ ਦੇ ਇਕ ਗਰੁਪ ਨੂੰ ਭੀੜ ਵਲੋਂ ਹੁੰਗਾਰਾ ਮਿਲਿਆ ਪਰ ਰਾਸ਼ਟਰਪਤੀ ਚੋਣ ਲਈ ਰਿਬਪਲਿਕਨ ਉਮੀਦਵਾਰ ਮਿਟ ਰੋਮਨੀ ਦੇ ਪੁੱਤਰ ਜੋਸ਼ ਰੋਮਨੀ ਵੱਲ ਕਿਸੇ ਕੋਈ ਬਹੁਤਾ ਧਿਆਨ ਨਾ ਦਿੱਤਾ।




*ਨੇਵਾਡਾ ਦਿਵਸ ਪਰੇਡ ਵਿਚ ਸ਼ਾਮਲ ਸਿੱਖ ਭਾਈਚਾਰੇ ਦੇ ਲੋਕ*

ਇਸ ਪਰੇਡ 'ਤੇ ਖੁਸ਼ ਹੁੰਦਿਆਂ ਕਿਹਾ ਕਿ ਇਸ ਵਾਰ ਲੋਕਾਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਵੱਧ ਸੀ। ਇਸ ਵਾਰ ਦੀ ਪਰੇਡ ਦਾ ਥੀਮ ਸੀ- ਸਾਡੀ ਫੌਜ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਮਾਣ-ਤਾਣ-ਭੂਤਕਾਲ, ਵਰਤਮਾਨ ਤੇ ਭਵਿੱਖ। ਪਰੇਡ ਵਿਚ ਵੱਡੀ ਗਿਣਤੀ ਵਿਚ ਫੌਜੀ ਜੀਪਾਂ ਤੇ ਤੋਪਾਂ ਵਾਲੀਆਂ ਗੱਡੀਆਂ ਸ਼ਾਮਲ ਹੋਈਆਂ।

ਨੇਵਾਡਾ ਦੇ ਗਵਰਨਰ ਬਰਾਇਨ ਸੈਂਡੋਵਲ ਅਤੇ ਉਨ੍ਹਾਂ ਦੀ ਪਤਨੀ ਕੈਥਲੀਨ ਨੇ ਇਕ ਵੱਡੀ

ਹਾਲਾਂਕਿ ਨੇਵਾਡਾ ਸਟੇਟ ਦਾ ਸਥਾਪਨਾ ਦਿਵਸ 31 ਅਕਤੂਬਰ ਨੂੰ ਪੈਂਦਾ ਹੈ ਪਰ ਇਹ ਦਿਨ ਅਕਤੂਬਰ ਦੇ ਆਖਰੀ ਵੀਕਐਂਡ ਦੇ ਤਿੰਨ ਦਿਨਾਂ ਦੌਰਾਨ ਉਦੋਂ ਤੋਂ ਮਨਾਇਆ ਜਾਂਦਾ ਹੈ ਜਦੋਂ 1998 ਵਿਚ ਵਿਧਾਨ ਸਭਾ ਵਲੋਂ ਇਸ ਸਬੰਧੀ ਇਕ ਮਤਾ ਪਾਸ ਕਰਕੇ ਸ਼ੁੱਕਰਵਾਰ ਨੂੰ ਸਰਕਾਰੀ ਛੁੱਟੀ ਐਲਾਨ ਦਿੱਤਾ ਗਿਆ ਅਤੇ ਪਰੇਡ ਦਾ ਦਿਨ ਸਨਿਚਰਵਾਰ ਕਰ ਦਿੱਤਾ ਗਿਆ।

# ਪੰਜਾਬੀ ਲਿਖਾਰੀ ਸਭਾ ਦੀ ਵੈਨਕੂਵਰ 'ਚ ਹੋਈ ਮੀਟਿੰਗ

**ਵੈਨਕੂਵਰ, ਵਾਸ਼ਿੰਗਟਨ (ਬਿਊਰੋ):** ਪੰਜਾਬੀ ਲਿਖਾਰੀ ਸਭਾ, ਸਿਆਟਲ ਦੀ ਇਕ ਇਕੱਤਰਤਾ ਲੰਘੀ 27 ਅਕਤੂਬਰ ਨੂੰ ਇਥੇ ਉਘੀ ਪੰਜਾਬੀ ਲੇਖਕਾ ਸਵਰਾਜ ਕੌਰ ਦੇ ਘਰ ਹੋਈ ਜਿਸ ਵਿਚ ਵਿਅੰਗ ਕਲਾਕਾਰ ਜਸਪਾਲ ਭੱਟੀ ਅਤੇ ਮਰਹੂਮ ਉਸਤਾਦ ਮਹਿੰਦਰ ਸਿੰਘ ਮਾਨਵ ਦੇ ਪੁੱਤਰ ਗਜ਼ਲਗੋ ਨਰਿੰਦਰਪਾਲ ਸਿੰਘ ਮਾਨਵ ਦੇ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੇ ਨਾਲ ਹੀ ਸਥਾਨਕ ਗੁਰੂ ਘਰ ਦੀ ਬਣ ਰਹੀ ਇਮਾਰਤ ਦੇ ਅੱਗ ਲੱਗਣ ਨਾਲ ਤਬਾਹ ਹੋ ਜਾਣ ਉਤੇ ਵੀ ਦੁੱਖ ਪ੍ਰਗਟਾਇਆ ਗਿਆ। ਇਹ ਇਮਾਰਤ ਪਿਛਲੇ ਦੋ ਸਾਲ ਤੋਂ ਬਣ ਰਹੀ ਸੀ ਤੇ ਕਰੀਬ ਕਰੀਬ ਤਿਆਰ ਸੀ।

ਸਭਾ ਦੇ ਮੀਤ ਸਕੱਤਰ ਗੁਰਮੀਤ ਸਿੰਘ ਸੋਹਲ ਨੇ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੂੰ ਸਭਾ ਦੀ ਬਣ ਰਹੀ ਵੈਬਸਾਈਟ ਬਾਰੇ ਜਾਣਕਾਰੀ ਦਿੱਤੀ। ਮੈਂਬਰਾਂ ਨੇ ਸਭਾ ਦੇ ਖਰਚਿਆਂ ਨੂੰ ਪ੍ਰਵਾਨਗੀ ਦਿੱਤੀ।



ਜ਼ੋਰਦਾਰ ਮੀਂਹ ਪੈਣ ਦੇ ਬਾਵਜੂਦ ਸਿਆਟਲ ਤੋਂ ਬਹੁਤ ਸਾਰੇ ਲੇਖਕ ਤਿੰਨ ਘੰਟੇ ਦੀ ਡਰਾਈਵਿੰਗ ਕਰਕੇ ਇਸ ਮੀਟਿੰਗ ਵਿਚ ਪਹੁੰਚੇ। ਇਨ੍ਹਾਂ ਵਿਚ ਵਾਸਦੇਵ ਸਿੰਘ ਪਰਹਾਰ, ਸ਼ਿੰਗਾਰ ਸਿੰਘ ਸਿੱਧੂ, ਮਹਿੰਦਰ ਚੀਮਾ, ਮਨਜੀਤ ਕੌਰ ਗਿੱਲ, ਹਰਪਾਲ ਸਿੱਧੂ, ਗੁਰਪ੍ਰੀਤ ਸੋਹਲ, ਬਲਿਹਾਰ ਲਹਿਲ, ਅਵਤਾਰ ਸਿੰਘ ਆਦਮਪੁਰੀ ਸ਼ਾਮਲ ਸਨ। ਵੈਨਕੂਵਰ ਵਸਦੇ ਲੇਖਕ ਸੁਖਵਿੰਦਰ ਬੋਦਲਾਂ ਵਾਲਾ ਤੇ ਰਾਣਾ ਸੰਘੇੜਾ ਅਤੇ ਸਵਰਾਜ ਕੌਰ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਵੈਨਕੂਵਰ ਗੁਰੂ ਘਰ ਦੇ ਸਕੱਤਰ ਸੁਰਿੰਦਰ ਸਿੰਘ ਅਟਵਾਲ ਵੀ ਹਾਜ਼ਰ ਸਨ। ਰਚਨਾਵਾਂ ਦੇ ਦੌਰ ਵਿਚ ਲਿਖਾਰੀਆਂ ਨੇ ਆਪੋ ਆਪਣੀਆਂ ਰਚਨਾਵਾਂ ਇਕ ਦੂਜੇ ਨਾਲ ਸਾਂਝੀਆਂ ਕੀਤੀਆਂ।

# ਮਨੀਪੁਰ ਦੀ ਕੁੜੀ ਨੇ ਇਨਾਮ ਠੁਕਰਾਇਆ

**ਕੋਲਕਾਤਾ:** ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਦੀ ਵਾਪਸੀ ਲਈ ਪਿਛਲੇ 12 ਸਾਲ ਤੋਂ ਰੋਸ ਵਜੋਂ ਰੋਟੀ-ਪਾਣੀ ਛੱਡੀ ਬੈਠੀ ਮਨੀਪੁਰ ਦੀ ਬਹਾਦਰ ਕੁੜੀ (ਆਇਰਨ ਲੇਡੀ) ਇਰੋਮ ਚਾਨੂ ਸ਼ਰਮੀਲਾ ਨੇ ਕੋਈ ਵੀ ਪੁਰਸਕਾਰ ਨਾ ਲੈਣ ਦਾ ਫੈਸਲਾ ਕੀਤਾ ਹੈ।



ਨਾਮੀ ਲੇਖਕਾ ਤੇ ਸਮਾਜਕ ਕਾਰਕੁਨ ਮਹਾਸ਼ਵੇਤਾ ਦੇਵੀ ਨੇ ਜਦੋਂ ਕੇਰਲਾ ਦੇ ਲੇਖਕਾਂ ਵੱਲੋਂ ਸ਼ਰਮੀਲਾ ਲਈ ਪੁਰਸਕਾਰ ਪੇਸ਼ ਕੀਤਾ ਤਾਂ ਉਚੇਚੇ ਤੌਰ 'ਤੇ ਸਮਾਗਮ 'ਚ ਪੁੱਜੀ ਸ਼ਰਮੀਲਾ ਦੀ ਭੈਣ ਇਰੋਮ ਸਿੰਘਾਜੀਤ ਨੇ ਬੜੀ ਨਿਰਮਾਣਤਾ ਨਾਲ ਪੁਰਸਕਾਰ ਮੋੜ ਦਿੱਤਾ। ਇਸ ਬਾਰੇ ਇਰੋਮ ਸਿੰਘਾਜੀਤ ਨੇ ਕਿਹਾ ਕਿ ਇਰੋਮ ਸ਼ਰਮੀਲਾ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਅਫਸਪਾ ਵਾਪਸ ਨਹੀਂ ਲਿਆ ਜਾਂਦਾ ਉਹ ਕੋਈ ਪੁਰਸਕਾਰ ਸਵੀਕਾਰ ਨਹੀਂ ਕਰੇਗੀ। ਇਸ ਦੇ ਨਾਲ ਹੀ ਇਰੋਮ ਸਿੰਘਾਜੀਤ ਨੇ ਲੇਖਕਾਂ ਦੇ ਕੋਵੀਲਣ ਟਰਸਟ ਨੂੰ ਕਿਹਾ ਹੈ ਕਿ 50 ਹਜ਼ਾਰ ਰੁਪਏ ਦਾ ਚੈੱਕ ਆਪਣੇ ਕੋਲ ਸੰਭਾਲ ਲੈਣ, ਜਦੋਂ ਵੀ ਸ਼ਰਮੀਲਾ ਦੀ ਜਿੱਤ ਹੋਈ, ਉਹ ਆਪਣੇ ਆਪ ਇਹ ਪੁਰਸਕਾਰ ਰਾਸ਼ੀ ਹਾਸਲ ਕਰ ਲਵੇਗੀ।

ਦੱਸਣਯੋਗ ਹੈ ਕਿ 39 ਸਾਲਾ ਇਰੋਮ ਚਾਨੂ ਸ਼ਰਮੀਲਾ ਨੇ ਅਫਸਪਾ ਖ਼ਿਲਾਫ਼ 12 ਸਾਲ ਪਹਿਲਾਂ ਨਵੰਬਰ 2000 ਵਿਚ ਅੰਨ-ਜਲ ਛੱਡਿਆ ਸੀ। ਅੱਜ-ਕੱਲ੍ਹ ਉਹ ਇੰਫਾਲ ਦੀ ਜਵਾਹਰ ਲਾਲ ਨਹਿਰੂ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਖੇ ਦਾਖਲ ਹੈ ਅਤੇ ਉਸ ਨੂੰ ਜ਼ਬਰਦਸਤੀ ਨੱਕ ਰਾਹੀਂ ਤਰਲ ਪਦਾਰਥ ਦਿੱਤੇ ਜਾ ਰਹੇ ਹਨ।

ਲੇਖਕਾ ਮਹਾਸ਼ਵੇਤਾ ਦੇਵੀ ਨੇ ਇਰੋਮ ਸ਼ਰਮੀਲਾ ਦੇ ਸੰਘਰਸ਼ ਨੂੰ ਸਲਾਮ ਕਰਦਿਆਂ ਕਿਹਾ ਹੈ ਕਿ ਇਸ ਕੁੜੀ ਦੀ ਬਹਾਦਰੀ ਤੇ ਦ੍ਰਿੜ੍ਹਤਾ ਉਤੇ ਉਸ ਨੂੰ ਮਾਣ ਹੈ। ਜੇਕਰ ਮਹਾਕਵੀ ਟੈਗੋਰ ਅੱਜ ਜ਼ਿੰਦਾ ਹੁੰਦੇ ਤਾਂ ਉਹ ਇਸ ਹੌਸਲੇ ਵਾਲੀ ਕੁੜੀ ਉਤੇ ਮਾਣ ਕਰਦੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸ਼ਰਮੀਲਾ ਦੀ ਮੰਗ ਉਤੇ ਗੰਭੀਰਤਾ ਨਾਲ ਗੌਰ ਕਰਨਾ ਚਾਹੀਦਾ ਹੈ।

# ਆਖ ਤਸਵੀਰਾਂ ਬੋਲਦੀਆਂ


'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 10 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-37



*ਆ ਪਾਥੀਆਂ ਸੁਕਾ ਕੇ ਭੈਣੇ ਗੁਹਾੜੀਆਂ ਬਣਾਈਏ,*
*ਗੈਸ ਦੇ ਸਿਲੰਡਰਾਂ ਲਈ ਸ਼ਹਿਰ ਕਾਹਨੂੰ ਜਾਈਏ?*

## ਕੈਪਸ਼ਨ ਮੁਕਾਬਲਾ-35



ਸਾਡੀ ਵੀ ਕਦੇ ਟੌਹਰ ਸੀ ਹੁੰਦੀ ,
ਨਗੌਰੀ ਸਾਂ ਅਸੀਂ ਬਲਦ ਕਹਾਉਂਦੇ।
ਕੰਨ 'ਤੇ ਹੱਥ ਧਰ ਜੱਟ ਹੇਕ ਸੀ ਲਾਉਂਦਾ,
ਪੂਛਾਂ ਚੁੱਕ ਅਸੀਂ ਜੋਰ ਸੀ ਲਾਉਂਦੇ।
ਕਦਰ ਗਈ ਸਿਰ ਸੁੱਟੇ ਥੱਲੇ,
ਮਜਬੂਰੀ ਵੱਸ ਦੋਵੇਂ ਡੰਗ ਟਪਾਉਂਦੇ।

***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਗੱਡਾ ਸਾਡਾ ਤੇਲ ਨਹੀਂ ਸੀ ਖਾਂਦਾ,
ਤਾਂ ਹੀ ਸੀ ਸੌਖਾ ਸਰਦਾ ਜਾਂਦਾ।
ਕਰਜ਼ਾ ਚੁੱਕ ਕੇ ਲਿਆ ਟਰੈਕਟਰ,
ਸੁਪਨੇ ਕਰਨ ਲਈ ਪੂਰੇ ਸਾਰੇ।
ਕਿਉਂ ਖੁਦਕੁਸ਼ੀਆਂ ਕਰੇ ਜੱਟ,
ਜੇ ਚਾਦਰ ਵੇਖ ਕੇ ਪੈਰ ਪਸਾਰੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 646-721-1964***

ਸਮਾਂ ਬਦਲ ਗਿਆ, ਤੋਰ ਬਦਲੀ ਗਈ
ਬਦਲੀ ਦੁਨੀਆਂ ਸਾਰੀ।
ਮੜੀਆਂ ਮਸ਼ੀਨਾਂ ਨਿਗਲ ਗਈਆਂ ਨੇ
ਬਲਦਾਂ ਦੀ ਸਰਦਾਰੀ।
ਅੰਨਦਾਤੇ ਦੀ ਜ਼ਿੰਦਗੀ
ਇਥੇ ਹੋਈ ਫਿਰੇ ਵਰਾਨ।
ਕਦੇ ਗੱਡੇ, ਗਾਧੀ, ਬੰਨੇ ਉਤੇ
ਜੱਟ ਨਹੀਂ ਸੀ ਮਾਨ।

***-ਮਨਬੀਰ ਫਰੀਮਾਂਟ***
***ਕੈਲੀਫੋਰਨੀਆ।***

---

ਚੱਲ ਓ ਬੱਗਿਆ, ਚੱਲ ਓ ਸਾਵਿਆ,
ਖਿੱਚ ਜ਼ਿੰਦਗੀ ਦਾ ਭਾਰ।
ਬੜੇ ਥਪੇੜੇ ਵਕਤ ਦੇ ਝੱਲੇ,
ਪਰ ਨਹੀਂ ਮੰਨੀ ਹਾਰ।
ਤੇਰੇ ਸਿਰ 'ਤੇ ਗੱਡੇ ਉਤੇ
ਬੜੇ ਢੋਹੇ ਨੇ ਕੱਖ
ਪਰ ਨਾ ਦਿੱਤੀਆਂ ਰੱਬ ਨੇ ਗਾਜਰਾਂ
ਵਿਚੇ ਰੰਬਾ ਰੱਖ।

***-ਹਰਬੰਸ ਨਿਊ ਯਾਰਕ।***

---

ਖਾ ਕੇ ਨਿਹਾਰੀਆਂ
ਤੇ ਖੇਤਾਂ ਵਲ ਚੱਲੀਏ।
ਭੱਤਾ ਲੈ ਕੇ ਵੇਲੇ ਸਿਰ
ਪਹੁੰਚ ਜਾਈਂ ਬੱਲੀਏ!

***-ਫਕੀਰ ਚੰਦ 'ਸੈਂਪਲਾ'***
***ਐਲ.ਏ।***

---

ਗੱਡਾ ਮੇਰਾ ਯਾਰ ਅਤੇ
ਢੱਗੇ ਮੇਰੇ ਭਾਈ ਆ।
ਇਨ੍ਹਾਂ ਨਾਲ ਸੋਂਹਦੀ
ਮੇਰੀ ਕਿਰਤ ਕਮਾਈ ਆ!

***-ਖੁਸ਼ਹਾਲ ਸਿੰਘ ਮੈਰੀਲੈਂਡ***




# ਦਲਿਤਾਂ ਦਾ ਦਰਦ

# ਜਿਥੇ ਜ਼ਮੀਨ ਨਾਲ ਚਲਦਾ ਹੈ ਹੁਕਮ

*ਸਾਡੇ ਸਭਿਆਚਾਰ ਵਿਚ ਜ਼ਮੀਨ ਦਾ ਬੜਾ ਮਹੱਤਵ ਹੈ। ਪੰਜਾਬ ਉਂਜ ਵੀ ਖੇਤੀ ਮੁਖੀ ਸੂਬਾ ਹੈ। ਗੀਤ-ਸੰਗੀਤ ਵਿਚ ਵੀ ਜ਼ਮੀਨ ਦੇ ਨਾਲ-ਨਾਲ ਜੱਟ ਅਤੇ ਜਾਤ ਨੂੰ ਬਹੁਤ ਵਡਿਆਇਆ ਮਿਲਦਾ ਹੈ। ਸਾਹਿਤ ਤਾਂ ਅਜਿਹੀਆਂ ਰਚਨਾਵਾਂ ਨਾਲ ਤੂਸਿਆ ਪਿਆ ਹੈ ਪਰ ਜ਼ਮੀਨ ਅਤੇ ਜਾਤ ਦੇ ਅਰਥ ਸਿਰਫ ਬੇ-ਜ਼ਮੀਨੇ ਬੰਦੇ ਨੂੰ ਹੀ ਸਮਝ ਆ ਸਕਦੇ ਹਨ। ਇਹ ਉਹ ਦਰਦ ਹੈ ਜਿਹੜਾ ਸਦੀਆਂ ਤੋਂ ਇਨ੍ਹਾਂ ਬੇ-ਜ਼ਮੀਨੇ ਅਤੇ ਬੇ-ਜ਼ੁਬਾਨ ਬੰਦਿਆਂ ਦੀ ਜਾਨ ਕੱਢਦਾ ਆ ਰਿਹਾ ਹੈ। ਇਹ ਲਤਾੜੇ ਲੋਕ ਜਦੋਂ ਹੱਕ ਮੰਗਦੇ ਹਨ ਤਾਂ ਇਨ੍ਹਾਂ ਦੇ ਪੱਲੇ ਸਮਾਜਕ ਬਾਈਕਾਟ ਪੈਂਦਾ ਹੈ। ਪੰਜਾਬ ਵਿਚ ਸਿੱਖੀ ਦੇ ਪ੍ਰਚਾਰ ਕਰ ਕੇ ਭਾਵੇਂ ਜਾਤ ਦਾ ਇਹ ਦਰਦ ਰਤਾ ਕੁ ਪੇਤਲਾ ਜਾਪਦਾ ਹੈ ਪਰ ਹਾਲਾਤ ਦੱਸਦੇ ਹਨ ਕਿ ਅਜੇ ਵੀ ਬਹੁਤਾ ਕੁਝ ਬਦਲਿਆ ਨਹੀਂ ਹੈ; ਘੱਟੋ-ਘੱਟ ਦਲਿਤਾਂ ਲਈ ਤਾਂ ਬਿਲਕੁੱਲ ਨਹੀਂ ਜਿਨ੍ਹਾਂ ਨੂੰ ਅਤਿ-ਆਧੁਨਿਕ 21ਵੀਂ ਸਦੀ ਵਿਚ ਵੀ ਜ਼ਮੀਨ ਵਾਲਿਆਂ ਦੀ ਜਗੀਰੂ ਸੋਚ ਦੇ ਗੰਡਾਸਿਆਂ ਦੇ ਵਾਰ ਸਹਿਣੇ ਪੈਂਦੇ ਹਨ। ਸੰਜਮਪ੍ਰੀਤ ਸਿੰਘ (ਫੋਨ: 91-98720-21979) ਨੇ ਆਪਣੀ ਇਸ ਰਿਪੋਰਟ ਵਿਚ ਦਲਿਤਾਂ ਦੇ ਇਸ ਦਰਦ ਦੀ ਗੱਲ ਛੋਹੀ ਹੈ। ਇਹ ਦਰਦ ਨਸੂਰ ਬਣ ਗਏ ਜ਼ਖਮ ਵਿਚੋਂ ਵਗਦੇ ਮਵਾਦ ਨਾਲੋਂ ਵੱਧ ਕਸ਼ਟ ਦਿੰਦਾ ਹੈ। -ਸੰਪਾਦਕ*

## ਪੰਜ ਮਹੀਨਿਆਂ ਤੋਂ ਧਰਨਾ

ਇਕ ਦਲਿਤ ਮਜ਼ਦੂਰ ਬਲਰਾਜ ਸਿੰਧੂ ਨੂੰ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਆਪਣੀਆਂ ਦੋ ਗਾਵਾਂ ਵੇਚਣੀਆਂ ਪੈਂਦੀਆਂ ਹਨ ਜਿਨ੍ਹਾਂ ਦਾ ਮੁੱਲ 16-16 ਹਜ਼ਾਰ ਰੁਪਏ ਮਿਲਿਆ ਹੈ। ਜੇ ਉਨ੍ਹਾਂ ਦੇ ਭਾਈਚਾਰੇ ਦਾ ਸਮਾਜਕ ਬਾਈਕਾਟ ਨਾ ਕੀਤਾ ਹੁੰਦਾ ਤਾਂ ਉਹਦੀ ਇਕ ਗਾਂ ਦਾ ਮੁੱਲ ਹੀ 30,000 ਰੁਪਏ ਪੈਣਾ ਸੀ। ਸਿੰਧੂ ਅਤੇ ਹਰਿਆਣਾ ਦੇ ਹਿਸਾਰ ਜ਼ਿਲ੍ਹੇ 'ਚ ਪੈਂਦੇ ਪਿੰਡ ਭਗਾਣਾ ਦੇ ਦਲਿਤਾਂ ਦੇ 70 ਪਰਿਵਾਰ 21 ਮਈ ਤੋਂ ਹਿਸਾਰ ਵਿਚ ਮਿੰਨੀ ਸਕੱਤਰੇਤ ਦੇ ਬਾਹਰ ਧਰਨੇ 'ਤੇ ਬੈਠੇ ਹਨ। ਪਹਿਲਾਂ ਧਰਨੇ 'ਤੇ ਬੈਠੇ ਪਰਿਵਾਰਾਂ ਦੀ ਗਿਣਤੀ 125 ਸੀ। ਬਾਕੀ ਦੇ ਪਰਿਵਾਰ ਹੁਣ ਧਰਨੇ ਵਾਲੀ ਥਾਂ ਤੋਂ ਜਾ ਚੁੱਕੇ ਹਨ ਅਤੇ ਉਨ੍ਹਾਂ ਪਿੰਡ ਵੀ ਛੱਡ ਦਿੱਤਾ ਹੈ।

ਫਰਵਰੀ 'ਚ ਕਥਿਤ ਨਿਮਨ ਜਾਤਾਂ ਦੇ ਬੇ-ਜ਼ਮੀਨੇ ਲੋਕਾਂ ਨੇ ਪਿੰਡ ਦੇ ਜਾਟਾਂ ਵੱਲੋਂ ਸ਼ਾਮਲਾਤ ਜ਼ਮੀਨ 'ਤੇ ਕਬਜ਼ੇ ਦਾ ਵਿਰੋਧ ਕੀਤਾ। ਪ੍ਰਤੀਕਿਰਿਆ ਦੇ ਤੌਰ 'ਤੇ ਜਾਟਾਂ ਨੇ ਉਨ੍ਹਾਂ ਦਾ ਸਮਾਜਕ ਬਾਈਕਾਟ ਸ਼ੁਰੂ ਕਰ ਦਿੱਤਾ।

ਮਈ ਮਹੀਨੇ ਤੋਂ ਪਿੰਡ ਦੇ ਦਲਿਤ ਹਿਸਾਰ ਦੇ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਤੰਬੂ ਗੱਡ ਕੇ ਬੈਠੇ ਹੋਏ ਹਨ। ਉਨ੍ਹਾਂ ਦਿੱਲੀ ਵਿਚ ਜੰਤਰ ਮੰਤਰ 'ਤੇ ਵੀ ਮੁਜ਼ਾਹਰਾ ਕੀਤਾ ਸੀ ਅਤੇ ਉਪਰ ਤੱਕ ਸਭ ਦੇ ਦਰਵਾਜ਼ੇ ਖੜਕਾਏ ਪਰ ਉਨ੍ਹਾਂ ਦੇ ਭਰੋਸੇ ਖੋਖਲੇ ਨਿਕਲੇ।

ਪਿਛਲੇ ਸਮੇਂ ਦੌਰਾਨ ਸਮਾਜਕ ਬਾਈਕਾਟ ਦੀਆਂ ਕਈ ਮਿਸਾਲਾਂ ਦੇਖਣ ਨੂੰ ਮਿਲੀਆਂ ਹਨ। ਮਈ 'ਚ ਹੀ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਮਹਾਂਸਿੰਘਵਾਲਾ ਦੇ ਦਲਿਤ ਮਜ਼ਦੂਰਾਂ ਨੂੰ ਪਿੰਡ ਦੇ ਜੱਟਾਂ ਹੱਥੋਂ ਸਮਾਜਕ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਉਨ੍ਹਾਂ ਝੋਨੇ ਦੀ ਲਵਾਈ ਦੇ ਵੱਧ ਪੈਸੇ ਮੰਗੇ ਸਨ। ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਪੱਧਰੀ ਕਲਾਂ 'ਚ ਪਿਛਲੇ ਸਾਲ ਜੂਨ 'ਚ ਇਹੀ ਕੁਝ ਵਾਪਰਿਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਜਤਿੰਦਰ ਸਿੰਘ ਨੇ ਇਸ ਬਾਰੇ ਕਿਹਾ, "ਵੱਖ-ਵੱਖ ਥਾਈਂ ਭੜਕਾਹਟ ਦਾ ਮਾਮਲਾ ਜੁਦਾ ਹੋ ਸਕਦਾ ਹੈ ਪਰ ਇਸ ਮਸਲੇ ਦੇ ਗਰਭ 'ਚ ਇਹ ਗੱਲ ਪਈ ਹੈ ਕਿ ਦਲਿਤ ਬੇ-ਜ਼ਮੀਨੇ ਹਨ। ਉਨ੍ਹਾਂ ਦੇ ਨਿਤਾਣੇਪਣ ਅਤੇ ਦਰਦ ਦੀ ਜੜ੍ਹ ਇਹੀ ਹੈ।"

2001 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਵਿਚ ਦਲਿਤਾਂ ਦੀ ਸੰਖਿਆ 28.85 ਫ਼ੀਸਦ ਹੈ ਜੋ ਕਿਸੇ ਵੀ ਸੂਬੇ ਨਾਲੋਂ ਜ਼ਿਆਦਾ ਹੈ ਪਰ ਖੇਤੀਸ਼ੁਮਾਰੀ (2005-06) ਮੁਤਾਬਕ ਰਾਜ ਵਿਚ ਖੇਤੀ ਜੋਤਾਂ 'ਚ ਉਨ੍ਹਾਂ ਦਾ ਹਿੱਸਾ ਮਹਿਜ਼ 1.51 ਫੀਸਦੀ ਹੈ। ਹਰਿਆਣਾ 'ਚ ਦਲਿਤਾਂ ਦੀ ਆਬਾਦੀ 19.35 ਫੀਸਦੀ ਹੈ ਪਰ ਖੇਤੀ ਜੋਤਾਂ 'ਚ ਉਨ੍ਹਾਂ ਦਾ ਹਿੱਸਾ ਸਿਰਫ਼ 1.75 ਫੀਸਦੀ ਹੈ। ਇਹ ਅੰਕੜਾ 2000-01 ਦਾ ਹੈ।

### ਬਾਈਕਾਟ ਦਾ ਮਤਲਬ

*ਬਾਈਕਾਟ ਦੇ ਮਹੀਨਿਆਂ ਵਿਚ ਪੱਧਰੀ ਕਲਾਂ, ਭਗਾਣਾ ਅਤੇ ਮਹਾਂਸਿੰਘਵਾਲਾ ਦੇ ਬੇ-ਜ਼ਮੀਨੇ ਮਜ਼ਦੂਰਾਂ ਨੂੰ ਪਿੰਡ 'ਚ ਹੀ ਨਹੀਂ, ਸਗੋਂ ਲਾਗਲੇ ਪਿੰਡਾਂ ਵਿਚ ਵੀ ਕੰਮ ਕਰਨ ਤੋਂ ਰੋਕਿਆ ਗਿਆ। ਦੁਕਾਨਦਾਰਾਂ ਨੂੰ ਦਲਿਤਾਂ ਨੂੰ ਸੌਦਾ-ਪੱਤਾ ਵੇਚਣ ਤੋਂ ਰੋਕ ਦਿੱਤਾ ਗਿਆ। ਭਗਾਣਾ ਦੇ ਦੀਪਕ ਕੁਮਾਰ ਨੇ ਦੱਸਿਆ, "ਧਰਨੇ 'ਤੇ ਬੈਠੇ ਬਹੁਤੇ ਲੋਕਾਂ ਦਾ ਵਜ਼ਨ 5-6 ਕਿਲੋਗ੍ਰਾਮ ਘੱਟ ਗਿਆ।*

*ਬਾਈਕਾਟ ਦੀ ਸ਼ੁਰੂਆਤ ਪਤਾ ਹੈ, ਕਿੰਜ ਹੋਈ? ਸੁਣੋ ਫਿਰ...ਪ੍ਰਾਈਵੇਟ ਟਾਂਰਸਪੋਰਟ ਦੇ ਅਪਰੇਟਰਾਂ ਨੇ ਜੱਟਾਂ ਦੇ ਕਹਿਣ 'ਤੇ ਭਗਾਣਾ ਦੇ ਦਲਿਤ ਵਿਦਿਆਰਥੀਆਂ ਨੂੰ ਬੱਸ ਵਿਚ ਚੜ੍ਹਾਉਣ ਤੋਂ ਰੋਕ ਦਿੱਤਾ। 18 ਸਾਲਾ ਵਿਕਰਮਦੀਪ ਸਿੰਧੂ ਜਿਸ ਨੇ ਆਪਣੇ 70 ਸਾਥੀਆਂ ਨਾਲ ਜੰਤਰ-ਮੰਤਰ 'ਤੇ ਮੁਜ਼ਾਹਰੇ ਵਿਚ ਹਿੱਸਾ ਲਿਆ, ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਮਯਾਰ ਦੇ ਸਕੂਲ ਤੱਕ ਤੁਰ ਕੇ ਜਾਣਾ-ਆਉਣਾ ਪੈਂਦਾ ਸੀ। ਉਹ ਬਾਰ੍ਹਵੀਂ ਪਾਸ ਕਰ ਚੁੱਕਿਆ ਹੈ ਅਤੇ ਉੱਚ ਸਿੱਖਿਆ ਹਾਸਲ ਕਰਨਾ ਚਾਹੁੰਦਾ ਹੈ ਪਰ ਇਸ 'ਤੇ ਬਾਈਕਾਟ ਦਾ ਪ੍ਰਛਾਵਾਂ ਪੈ ਗਿਆ ਹੈ। ਹੁਣ ਪੜ੍ਹਾਈ ਵਿਚੇ ਹੀ ਛੁੱਟ ਜਾਣ ਦਾ ਡਰ ਹੈ।*

ਇਸ ਤਰ੍ਹਾਂ ਦੇ ਧਰਨੇ ਦਲਿਤਾਂ ਅੰਦਰ ਹੱਕਾਂ ਲਈ ਜਾਗ ਰਹੇ ਅਹਿਸਾਸ ਦਾ ਇਜ਼ਹਾਰ ਹੈ। ਇਸ ਨਿਸ਼ਚੈ ਦੀਆਂ ਜੜ੍ਹਾਂ ਜਿਵੇਂ ਇਕ ਵਿਚਾਰਧਾਰਾ ਦੀ ਮਨੌਤ ਹੈ, ਨੀਵੀਆਂ ਜਾਤਾਂ ਅੰਦਰ ਪਛਾਣ ਦੇ ਪ੍ਰਤੀਕ ਦੇ ਤੌਰ 'ਤੇ ਬੀ.ਆਰ. ਅੰਬੇਦਕਰ ਦੇ ਮੁੜ ਉਭਾਰ, ਉਨ੍ਹਾਂ ਅੰਦਰ ਵੱਧ ਰਹੀ ਸਾਖਰਤਾ ਅਤੇ ਰਾਖਵੇਂਕਰਨ ਦੇ ਹਾਂ-ਪੱਖੀ ਅਸਰਾਂ ਛੁਪੀਆਂ ਹੋਈਆਂ ਹਨ।

ਇਹ ਸਾਡੇ ਇਤਿਹਾਸ, ਇਥੋਂ ਤੱਕ ਕਿ ਬਾਈਕਾਟ ਦੀਆਂ ਮਿਸਾਲਾਂ ਨਾਲ ਭਰੇ ਆਧੁਨਿਕ ਸੰਵਾਦ ਦੇ ਉਲਟ ਖਲੋਂਦਾ ਹੈ। ਪਹਿਲੀ ਫਰਵਰੀ, 1947 ਨੂੰ ਅੰਬੇਦਕਰ ਨੂੰ

## ਬਹਿਸ ਦਾ ਸਵਾਲ

ਰੋਹਤਕ ਜ਼ਿਲ੍ਹੇ ਦੇ ਪਿੰਡ ਖੇੜੀ ਜਸੌਰ ਦੇ ਦਲਿਤਾਂ ਦੀ ਚਿੱਠੀ ਮਿਲੀ ਸੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕੰਮ ਬਦਲੇ ਵੱਧ ਉਜਰਤ ਮੰਗਣ 'ਤੇ ਜਾਟਾਂ ਨੇ ਉਨ੍ਹਾਂ ਦੇ ਸਮਾਜਕ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ। ਦੂਜਾ, ਮੁੰਬਈ ਸਰਕਾਰ ਵੱਲੋਂ 1928 ਵਿਚ ਨਿਯੁਕਤ ਕੀਤੀ ਕਮੇਟੀ ਨੇ ਆਪਣੀ ਰਿਪੋਰਟ 'ਚ ਅਖਿਆ ਸੀ, "ਅਸੀਂ ਅਜਿਹੀਆਂ ਕਈ ਮਿਸਾਲਾਂ ਸੁਣੀਆਂ ਹਨ ਕਿ ਡਾਢੀਆਂ ਜਾਤਾਂ ਨੇ ਆਪਣੇ ਪਿੰਡਾਂ ਵਿਚ ਆਪਣੀ ਆਰਥਿਕ ਸ਼ਕਤੀ ਦਾ ਨਿਮਨ ਜਾਤਾਂ ਖ਼ਿਲਾਫ਼ ਉਦੋਂ ਹਥਿਆਰ ਦੇ ਤੌਰ 'ਤੇ ਇਸਤੇਮਾਲ ਕੀਤਾ ਜਦੋਂ ਉਨ੍ਹਾਂ ਆਪਣਾ ਹੱਕ ਮੰਗਣ ਦੀ ਜੁਰਅਤ ਕੀਤੀ ਹੈ।

ਭਗਾਣਾ ਦੇ ਦਲਿਤਾਂ ਨੇ ਆਪਣਾ ਰੋਹ ਬੁਲੰਦ ਕੀਤਾ ਪਰ ਇਸ ਦੀ ਉਨ੍ਹਾਂ ਨੂੰ ਕੀਮਤ ਵੀ ਤਾਰਨੀ ਪਈ ਹੈ। ਮੁਜ਼ਾਹਰਾਕਾਰੀਆਂ 'ਚ ਸ਼ਾਮਲ ਫਰਨੀਚਰ ਦੀ ਦੁਕਾਨ ਚਲਾਉਣ ਵਾਲੇ ਰਾਮ ਫਲ ਜਾਂਮੜਾ ਨੇ ਕਿਹਾ, "ਸਾਨੂੰ ਧੁੰਦਲੀ ਜਿਹੀ ਆਸ ਹੈ ਕਿ ਇਹ ਸੰਤਾਪ ਛੇਤੀ ਤੋਂ ਛੇਤੀ ਖ਼ਤਮ ਹੋ ਜਾਵੇਗਾ।" ਉਹਨੂੰ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰਨ ਲਈ ਕਰਜ਼ ਲੈਣ ਦੀ ਲੋੜ ਪਵੇਗੀ।

## ਵਰਤਾਰੇ ਦੀ ਚੀਰਫਾੜ

ਵਿਦਵਾਨ ਵਾਲਾਰ ਸੀ. ਨੀਏਲ ਨੇ ਇਕ ਵਾਰ ਕਿਹਾ ਸੀ-"ਜ਼ਮੀਨ ਨਾਲ ਹੁਕਮ ਚੱਲਦੈ।"

ਪੰਜਾਬ ਵਿਚ ਲਗਭਗ 10 ਸਾਲਾਂ ਤੋਂ ਜ਼ਮੀਨ ਦੇ ਮੁੱਦਿਆਂ 'ਤੇ ਕੰਮ ਕਰ ਰਹੇ ਦਲਿਤ ਦਾਸਤਾ ਵਿਰੋਧੀ ਅੰਦੋਲਨ ਦੇ ਸਰਪ੍ਰਸਤ ਜੈ ਸਿੰਘ ਅਨੁਸਾਰ ਜੇ ਪੰਜਾਬ ਭੂਮੀ ਸੁਧਾਰ ਕਾਨੂੰਨ 1972 ਅਤੇ ਪੰਜਾਬ ਸ਼ਾਮਲਾਤ ਜ਼ਮੀਨ ਨਿਰਧਾਰਤ ਕਾਨੂੰਨ 1961 ਨੂੰ ਦਿਆਨਤਦਾਰੀ ਨਾਲ ਲਾਗੂ ਕੀਤਾ ਹੁੰਦਾ ਤਾਂ ਦਲਿਤਾਂ ਦੇ ਹੱਥ ਮਜ਼ਬੂਤ ਹੋ ਜਾਣੇ ਸਨ।"

ਚੰਡੀਗੜ੍ਹ ਰਹਿੰਦੇ ਸਮਾਜ ਸ਼ਾਸਤਰ ਦੇ ਸਾਬਕਾ ਪ੍ਰੋਫੈਸਰ ਗੋਪਾਲ ਅਈਅਰ ਨੇ ਕਿਹਾ, "ਸਮਾਜਕ ਬਾਈਕਾਟ ਸਦੀਆਂ ਪੁਰਾਣੀ ਛੂਆ-ਛਾਤ ਦੀ ਵਿਧੀ 'ਚੋਂ ਉਪਜਦਾ ਹੈ।" ਪ੍ਰੋ. ਅਈਅਰ ਨੇ ਇਸ ਦੀ ਮਿਸਾਲ ਵਜੋਂ ਪੰਜਾਬ 'ਚ ਭੂਮੀ ਸੁਧਾਰਾਂ ਬਾਰੇ ਆਪਣੇ ਇਕ ਲੇਖ 'ਚ ਅੰਕੜੇ ਦਿੱਤੇ ਸਨ। ਪੰਜਾਬ ਭੂਮੀ ਸੁਧਾਰ ਕਾਨੂੰਨ 1972 ਤਹਿਤ ਰਾਜ ਵਿਚ 1 ਲੱਖ ਏਕੜ ਤੋਂ ਵੱਧ ਜ਼ਮੀਨ ਸਰਪਲੱਸ ਐਲਾਨੀ ਗਈ ਸੀ ਪਰ ਮਸਾਂ 1440 ਏਕੜ ਜ਼ਮੀਨ 2140 ਬੇ-ਜ਼ਮੀਨੇ ਬੰਦਿਆਂ ਨੂੰ ਵੰਡੀ ਗਈ। ਕੁੱਲ ਲਾਭਪਾਤਰੀਆਂ 'ਚੋਂ 38.20 ਫੀਸਦੀ ਲੋਕ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਨ ਅਤੇ ਕੁੱਲ ਰਕਬੇ 'ਚੋਂ 40.96 ਫੀਸਦ ਰਕਬਾ ਉਨ੍ਹਾਂ ਨੂੰ ਅਲਾਟ ਕੀਤਾ ਗਿਆ। ਪਿੰਡਾਂ 'ਚ ਸ਼ਾਮਲਾਤ ਜ਼ਮੀਨ ਵੀ ਵਿਵਾਦ ਦਾ ਸਬੱਬ ਬਣੀ ਹੋਈ ਹੈ। ਜੈ ਸਿੰਘ ਨੇ ਦੱਸਿਆ, "ਕਾਨੂੰਨ ਮੁਤਾਬਕ ਸ਼ਾਮਲਾਤ ਜ਼ਮੀਨ ਦਾ ਇਕ ਤਿਹਾਈ ਹਿੱਸਾ ਅਨੁਸੂਚਿਤ ਜਾਤੀ ਦੇ ਮੈਂਬਰਾਂ ਵੱਲੋਂ ਕਾਸ਼ਤ ਲਈ ਰੱਖਿਆ ਜਾਂਦਾ ਹੈ ਪਰ ਪਿੰਡ ਦੇ ਧਨਾਢ ਪਰਿਵਾਰ ਗੁੱਝੇ ਢੰਗ ਦੀ ਬੋਲੀ ਰਾਹੀਂ ਜ਼ਮੀਨ ਹਥਿਆ ਲੈਂਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਕੁਝ ਥਾਵਾਂ 'ਤੇ ਸ਼ਾਮਲਾਤ ਜ਼ਮੀਨ ਪ੍ਰਾਈਵੇਟ ਵਿਅਕਤੀਆਂ ਦੇ ਨਾਂ ਤਬਦੀਲ ਕਰਨ ਦੇ ਮਾਮਲੇ ਵੀ ਸਾਹਮਣੇ ਆਏ ਹਨ। ਲੁਧਿਆਣੇ ਜ਼ਿਲ੍ਹੇ 'ਚ 18.5 ਏਕੜ ਸ਼ਾਮਲਾਤ ਜ਼ਮੀਨ ਪ੍ਰਾਈਵੇਟ ਵਿਅਕਤੀਆਂ ਦੇ ਨਾਂ ਤਬਦੀਲ ਕਰਨ ਦਾ ਘੁਟਾਲਾ ਬੇਨਕਾਬ ਹੋਇਆ ਸੀ।

## ਮੁਥਾਜੀ

ਦਲਿਤਾਂ ਨੂੰ ਆਪਣੇ ਪਸ਼ੂਆਂ ਦੇ ਚਾਰੇ ਲਈ ਮੁੱਖ ਤੌਰ 'ਤੇ ਜੱਟਾਂ ਦੇ ਖੇਤਾਂ 'ਤੇ ਟੇਕ ਰੱਖਣੀ ਪੈਂਦੀ ਹੈ। ਮਹਿੰਦਰ ਸਿੰਘ ਕਾਸਲਾ ਜੋ ਪਿੰਡ ਛੱਡਣ ਵੇਲੇ ਆਪਣੀਆਂ ਦੋ ਗਾਈਆਂ ਨਾਲ ਲੈ ਆਇਆ ਸੀ, ਮੁਤਾਬਕ ਹਰੇ-ਚਾਰੇ ਦੀ ਘਾਟ ਕਾਰਨ ਸਾਡੇ ਪਸ਼ੂਆਂ ਦੀ ਹਾਲਤ ਮਾੜੀ ਹੋ ਗਈ ਹੈ। ਪਿੰਡਾਂ 'ਚ ਦਲਿਤਾਂ ਦੇ ਘਰਾਂ 'ਚ ਪਖ਼ਾਨੇ ਨਾ ਹੋਣ ਕਾਰਨ ਉਨ੍ਹਾਂ ਨੂੰ ਜੰਗਲ-ਪਾਣੀ ਲਈ ਖੇਤਾਂ ਜਾਂ ਹੋਰ ਖੁੱਲ੍ਹੀਆਂ ਥਾਵਾਂ 'ਤੇ ਜਾਣਾ ਪੈਂਦਾ ਹੈ।

ਤਲਵੰਡੀ ਸਾਬੋ ਕਾਲਜ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਬਲਦੇਵ ਸਿੰਘ ਕਹਿੰਦੇ ਹਨ, "ਹਾਲਾਂਕਿ ਖੇਤ ਮਜ਼ਦੂਰਾਂ ਦੀ ਖੇਤੀਬਾੜੀ ਉਪਰ ਆਰਥਿਕ ਨਿਰਭਰਤਾ ਘੱਟ ਰਹੀ ਹੈ ਅਤੇ ਉਹ ਫੈਕਟਰੀਆਂ 'ਚ ਕੰਮ ਕਰਨ ਜਿਹੇ ਮੌਕੇ ਲੱਭ ਰਹੇ ਹਨ ਪਰ ਉਨ੍ਹਾਂ ਦੇ ਪਰਿਵਾਰ ਹਰੇ ਚਾਰੇ ਅਤੇ ਜੰਗਲ ਪਾਣੀ ਆਦਿ ਲਈ ਅਜੇ ਵੀ ਜ਼ਮੀਨ 'ਤੇ ਨਿਰਭਰ ਹਨ।



# ਅੰਜਨ ਮਾਹਿ ਨਿਰੰਜਨੁ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਮਾਇਆ ਵਿਚ ਰਹਿੰਦੇ ਹੋਏ ਇਸ ਤੋਂ ਨਿਰਲੇਪ ਰਹਿਣ ਦੀ ਸਿਖਿਆ ਧਾਰਮਿਕ ਸਾਹਿਤ ਵਿਚ ਆਮ ਹੀ ਮਿਲਦੀ ਹੈ। ਮਧਯੁਗ ਦੇ ਯੋਗ, ਮੰਤਰ ਅਤੇ ਭਗਤੀ ਸਾਹਿਤ ਵਿਚ ਨਿਰੰਜਨ ਦਾ ਵਾਰ ਵਾਰ ਜ਼ਿਕਰ ਮਿਲਦਾ ਹੈ। ਨਾਥ ਪਰੰਪਰਾ ਵਿਚ ਵੀ ਨਿਰੰਜਨ ਦੀ ਬੇਹਦ ਵਰਤੋਂ ਹੈ। ਸਾਧਾਰਨ ਰੂਪ ਵਿਚ ਨਿਰੰਜਨ ਸ਼ਬਦ ਨਿਰਗੁਣ ਬ੍ਰਹਮ ਦਾ ਅਤੇ ਵਿਸ਼ੇਸ਼ ਰੂਪ ਵਿਚ ਸ਼ਿਵ ਦਾ ਵਾਚਕ ਹੈ। ਇਕ ਪ੍ਰਾਚੀਨ ਪੰਥ ਨਿਰੰਜਨ ਨੂੰ ਪਰਮਪਦ ਖਿਆਲਦਾ ਸੀ। ਰਾਜਸਥਾਨ ਵਿਚ ਨਿਰੰਜਨੀ ਸਾਧੂਆਂ ਦਾ ਇਕ ਸੰਪਰਦਾਇ ਵੀ ਮੌਜੂਦ ਹੈ। ਨਿਰੰਜਨ ਮਾਇਆ ਤੋਂ ਨਿਰਲਿਪਤ ਈਸ਼ਵਰ ਦਾ ਇਕ ਵਿਸ਼ੇਸ਼ਣ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਅਨੇਕਾਂ ਵਾਰੀ ਆਇਆ ਹੈ। ਜਪੁਜੀ ਵਿਚ ਹੀ ਗੁਰੂ ਨਾਨਕ ਦੇਵ ਨੇ ਮਾਇਆ ਰਹਿਤ ਪਰਮਾਤਮਾ ਦੇ ਅਰਥਾਂ ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ, "ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥" ਨਿਰੰਜਨ ਸ਼ਬਦ ਦੇ ਦੋ ਸ਼ਬਦਾਂਗ ਹਨ, ਨਿਰ+ਅੰਜਨ। 'ਨਿਰ' ਅਗੇਤਰ ਦਾ ਅਰਥ ਰਹਿਤ, ਸੱਖਣਾ ਆਦਿ ਹੁੰਦਾ ਹੈ। ਇਹ ਜਿਸ ਸ਼ਬਦ ਦੇ ਅੱਗੇ ਲਗਦਾ ਹੈ, ਉਸ ਦੇ ਅਰਥ ਨੂੰ ਉਲਟਾ ਕਰ ਦਿੰਦਾ ਹੈ। ਅੰਜਨ ਸ਼ਬਦ ਦੇ ਕਈ ਅਰਥ ਹਨ ਜਿਨ੍ਹਾਂ ਵਿਚੋਂ ਆਮ ਪ੍ਰਚਲਤ ਹੈ ਕਾਲਖ, ਕੱਜਲ, ਸੁਰਮਾ। ਸਕੂਲੀ ਕਿਤਾਬਾਂ ਵਿਚ ਸਿਖਿਆ ਦਿਤੀ ਹੁੰਦੀ ਸੀ,

ਨਾਕ ਮੇਂ ਉਂਗਲੀ ਕਾਨ ਮੇਂ ਤਿਨਕਾ,
ਮਤ ਕਰ ਮਤ ਕਰ ਮਤ ਕਰ।
ਆਂਖ ਮੇਂ ਅੰਜਨ ਦਾਂਤ ਮੇਂ ਮੰਜਨ,
ਨਿਤ ਕਰ ਨਿਤ ਕਰ ਨਿਤ ਕਰ।

ਭਾਰਤੀ ਧਰਮਾਂ ਵਿਚ ਮਾਇਆ ਨੂੰ ਨਿੰਦਿਆ ਗਿਆ ਹੈ। ਇਸ ਪ੍ਰਸੰਗ ਵਿਚ ਅੰਜਨ ਸ਼ਬਦ ਆਪਣੇ ਤੌਰ 'ਤੇ ਵੀ ਅਤੇ ਨਿਰੰਜਨ ਵਿਚਲੇ ਅੰਸ਼ ਵਜੋਂ ਵੀ ਮਾਇਆ ਦੇ ਅਰਥ ਧਾਰਨ ਕਰ ਲੈਂਦਾ ਹੈ। ਕੁਝ ਥਾਂਵਾਂ 'ਤੇ ਇਸ ਦੇ ਅਜਿਹੇ ਅਰਥਾਂ ਦਾ ਕਾਰਨ ਅੰਜਨ ਦਾ ਅਰਥ ਸੁਰਮਾ ਜਾਂ ਕਾਲਖ ਹੋਣਾ ਤੋਂ ਵਿਕਸਿਤ ਹੋਇਆ ਦੱਸਿਆ ਗਿਆ ਹੈ। ਪਰ ਅਜਿਹਾ ਨਹੀਂ ਹੈ। ਦਰਅਸਲ ਅੰਜਨ ਵਿਚ ਲੇਪਣਾ, ਲਿਪਣਾ, ਪੋਚਣਾ, ਖਾਸ ਤੌਰ 'ਤੇ ਤੇਲ ਆਦਿ ਮਲਣਾ, ਚੋਪੜਨਾ ਦੇ ਭਾਵ ਹਨ ਜੋ ਇਸ ਦੇ ਧਾਤੂ 'ਅੰਜ' ਤੋਂ ਆਏ ਹਨ। ਸੁਰਮਾ ਜਾਂ ਕੱਜਲ ਅੱਖ 'ਤੇ ਲੇਪੀ/ਮਲੀ ਗਈ ਚੀਜ਼ ਹੀ ਹਨ। ਸੁਰਮਾ ਕਿਉਂਕਿ ਕਾਲਾ ਹੁੰਦਾ ਹੈ ਇਸ ਲਈ ਅੰਜਨ ਦੇ ਅਰਥ ਕਾਲਖ, ਰਾਤ ਤੇ ਸਿਆਹੀ ਆਦਿ ਵੀ ਹੋ ਗਏ ਹਨ। ਸੋ ਮਾਇਆ ਦੇ ਅਰਥਾਂ ਵਿਚ ਅੰਜਨ ਇਕ ਤਰ੍ਹਾਂ ਦਾ ਲੇਪ ਹੈ ਜਿਸ ਨੇ ਯਥਾਰਥ ਨੂੰ ਕੱਜਿਆ ਹੋਇਆ ਹੈ। ਨਿਰੰਜਨ ਇਸ ਅੰਜਨ ਅਰਥਾਤ ਮਾਇਆ ਤੋਂ ਨਿਰਲੇਪ ਰਹਿਣ ਦੀ ਸਥਿਤੀ ਹੈ। 'ਅੰਜਨ ਮਾਹਿ ਨਿਰੰਜਨ' ਦਾ ਸੰਕੇਤ ਇਸ ਮਾਇਆ ਅਰਥਾਤ ਸੰਸਾਰਕ ਆਕਰਸ਼ਣਾਂ ਵਿਚ ਰਹਿੰਦੇ ਹੋਏ ਇਸ ਤੋਂ ਪਰੇ ਰਹਿਣ, ਇਸ ਵਿਚ ਖਚਿਤ ਨਾ ਹੋਣ ਵੱਲ ਹੈ। ਪਰ ਜਿਵੇਂ ਕਿ ਉਪਰ ਜਪੁਜੀ ਸਾਹਿਬ ਦੇ ਹਵਾਲੇ ਨਾਲ ਦੱਸਿਆ ਗਿਆ ਹੈ, ਨਿਰੰਜਨ ਸ਼ਬਦ ਤੋਂ ਮੁਰਾਦ ਇਕ ਐਸੇ



ਨਿਹਕੇਵਲ ਪਰਮਾਤਮਾ ਦੀ ਵੀ ਹੈ ਜੋ ਮਾਇਆ ਦੇ ਵਿਚ ਰਹਿੰਦਿਆਂ ਇਸ ਤੋਂ ਅਲੱਗ ਸ਼ੁਧ ਰੂਪ ਵਿਚ ਵਿਚਰਦਾ ਹੈ, ਜਿਸ ਨੂੰ ਕੋਈ ਬਾਹਰੀ ਸ਼ਕਤੀ ਥਾਪਦੀ ਨਹੀਂ। ਪਰਮਾਤਮਾ ਦਾ ਨਾਮ ਮਾਇਆ ਤੋਂ ਬਾਹਰਾ ਹੈ, ਜੋ ਕੋਈ ਇਸ ਗੱਲ ਨੂੰ ਸਮਝ ਲੈਂਦਾ ਹੈ, ਉਹ ਵੀ ਐਸਾ ਹੀ ਹੋ ਜਾਂਦਾ ਹੈ।

ਗੁਰਬਾਣੀ ਅਨੁਸਾਰ ਪਰਮਾਤਮਾ ਆਦਰਸ਼ ਹੈ ਤੇ ਮਨੁਖ ਨੂੰ ਉਸ ਜਿਹੇ ਗੁਣ ਅਪਨਾਉਣੇ ਚਾਹੀਦੇ ਹਨ। ਭਾਈ ਗੁਰਦਾਸ ਦੇ ਸ਼ਬਦ, "ਅੰਜਨੁ ਵਿਚ ਨਿਰੰਜਨੁ ਪਾਇਆ" ਗੁਰੂ ਨਾਨਕ ਦੇਵ ਦੀ ਇਸ ਤੁਕ ਦੀ ਹੀ ਸਰਲ ਵਿਆਖਿਆ ਹੈ। ਗੁਰੂ ਅਰਜਨ ਦੇਵ ਦਾ ਬਚਨ ਹੈ, 'ਅੰਤ੍ਰਜਾਮੀ ਪ੍ਰਭ ਸੁਜਾਨ ਅਲਖ ਨਿਰੰਜਨ ਸੋਇ॥' ਅਰਥਾਤ ਪਰਮਾਤਮਾ ਸਭ ਦੀਆਂ ਜਾਣਦਾ ਹੈ, ਉਸ ਦਾ ਅਸਲਾ ਬਿਆਨਿਆ ਨਹੀਂ ਜਾ ਸਕਦਾ, ਉਹ ਮਾਇਆ ਤੋਂ ਰਹਿਤ ਹੈ। ਇਸ ਤੁਕ ਵਿਚ ਨਾਥ ਸੰਪਰਦਾਇ ਦੀ ਇਕ ਉਕਤੀ 'ਅਲਖ ਨਿਰੰਜਨ' ਦੀ ਵਰਤੋਂ ਕੀਤੀ ਗਈ ਹੈ। ਅਲਖ ਸ਼ਬਦ ਲਕਸ਼ਣ (ਲੱਛਣ) ਤੋਂ ਵਿਪਰੀਤ ਅਰਥ ਦਿੰਦਾ ਹੈ। ਲਕਸ਼ ਦਾ ਮਤਲਬ ਹੈ-ਦੇਖਣਾ, ਪ੍ਰਤੀਤ ਕਰਨਾ, ਸੰਕੇਤ ਕਰਨਾ, ਇੰਗਿਤ ਕਰਨਾ। ਸੋ ਅਲਖ ਦਾ ਅਰਥ ਹੋਇਆ ਜੋ ਪ੍ਰਤੀਤ ਨਾ ਕੀਤਾ ਜਾ ਸਕੇ। ਨਾਥ ਸੰਪਰਦਾਇ ਦੀ 'ਅਲਖ ਨਿਰੰਜਨ' ਉਕਤੀ ਦਾ ਅਰਥ ਹੈ ਅਜਿਹਾ ਨਿਰਗੁਣ ਪਰਮਾਤਮਾ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਗੁਰੂ ਗ੍ਰੰਥ ਸਾਹਿਬ ਵਿਚ ਅੰਜਨ ਦਾ ਅਰਥ ਲੇਪ ਜਾਂ ਵਟਣੇ ਵਜੋਂ ਵੀ ਮਿਲਦਾ ਹੈ, "ਗਿਆਨ ਅੰਜਨੁ ਮੇਰਾ ਮੇਰਾ ਮਨੁ ਇਸਨਾਨੈ॥" ਨਿਰੰਜਨ ਸ਼ਬਦ ਵਿਅਕਤੀ ਦੇ ਨਾਂ ਵਜੋਂ ਵੀ ਆਮ ਹੀ ਵਰਤਿਆ ਜਾਂਦਾ ਹੈ।

'ਅੰਜ' ਧਾਤੂ ਤੋਂ ਹੀ ਅੰਜੁਲੀ ਸ਼ਬਦ ਬਣਿਆ ਜੋ ਹਿੰਦੀ ਵਿਚ ਬੁੱਕ ਦੇ ਅਰਥਾਂ ਵਿਚ ਆਮ ਪ੍ਰਚਲਿਤ ਸ਼ਬਦ ਹੈ। ਅਸਲ ਵਿਚ ਪਿਤਰੀ ਜਾਂ ਦੇਵੀ ਦੇਵਤੇ ਨਮਿਤ ਅਰਪਣ ਕੀਤੀ ਜਾਣ ਵਾਲੀ ਪਾਣੀ ਦੀ ਚੂਲੀ ਜਾਂ ਤਿਲ ਚੌਲ ਨਾਲ ਭਰੇ ਬੁੱਕ ਨੂੰ 'ਅੰਜੁਲੀ' ਕਿਹਾ ਜਾਂਦਾ ਹੈ। ਗੁਰੂ ਰਾਮ ਦਾਸ ਨੇ ਇਹ ਸ਼ਬਦ ਦੋਵੇਂ ਹੱਥ ਜੋੜ ਕੇ ਕੀਤੀ ਅਰਦਾਸ ਦੇ ਅਰਥਾਂ ਵਜੋਂ ਵਰਤੇ ਹਨ, "ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥" ਅੰਜੁਲੀ ਦੀ ਕਿਰਿਆ ਅੰਤਮ ਸੰਸਕਾਰ ਵੇਲੇ ਕੀਤੀ ਜਾਂਦੀ ਹੈ ਜਿਸ ਨੂੰ ਅਵਿਦਿਆ ਕਰਮ ਦਸਦਿਆਂ ਗੁਰੂ ਅਰਜਨ ਦੇਵ ਨੇ 'ਅੰਜਲੀ' ਸਿਰਲੇਖ ਅਧੀਨ 'ਸੰਜੋਗ ਵਿਜੋਗ ਧੁਰਹੁ ਹੂਆ' ਕਹਿ ਕੇ ਨਿਖੇਧੀ ਕੀਤੀ ਹੈ। 'ਅੰਜ' ਧਾਤੂ ਵਿਚ ਸਪਸ਼ਟ ਕਰਨ, ਪ੍ਰਗਟ ਕਰਨ ਜਾਂ ਕਹਿਣ ਦਾ ਵੀ ਭਾਵ ਹੈ ਜੋ ਦੇਖਣ ਨੂੰ ਇਸ ਦੇ ਲੇਪਣ, ਪੋਤਣ ਵਾਲੇ ਅਰਥਾਂ ਤੋਂ ਉਲਟ ਜਾਪਦਾ ਹੈ। ਜਦ ਕਿਸੇ ਚੀਜ਼ ਨੂੰ ਲਿਪਿਆ ਜਾਂਦਾ ਹੈ ਤਾਂ ਇਹ ਵਧੇਰੇ ਉਘੜ ਆਉਂਦੀ ਹੈ। ਅੱਖਾਂ ਵਿਚ ਸੁਰਮਾ ਜਾਂ ਕੱਜਲ ਪਾਉਣ ਨਾਲ ਇਹ ਵਧੇਰੇ ਉਜਾਗਰ ਤੇ ਕਟਾਖਸ਼ੀ ਹੋ ਜਾਂਦੀਆਂ ਹਨ। ਬੁੱਕ ਵਿਚ ਪਾ ਕੇ ਅਤੇ ਉਪਰ ਨੂੰ ਉਠਾ ਕੇ ਭੇਟ ਕੀਤੀ ਵਸਤੂ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਲਈ ਇਸ ਕਿਰਿਆ ਵਾਸਤੇ ਅੰਜੁਲੀ ਸ਼ਬਦ ਸਹੀ ਸਿਧ ਹੁੰਦਾ ਹੈ।

ਅੰਜਨ ਦੇ ਅੱਗੇ 'ਵਿ' ਅਗੇਤਰ ਲੱਗ ਕੇ ਵਿਅੰਜਨ ਸ਼ਬਦ ਬਣਿਆ। ਇਹ ਅਗੇਤਰ ਸਬੰਧਤ ਸ਼ਬਦ ਦੇ ਅਰਥਾਂ ਨੂੰ ਤੀਖਣ ਵੀ ਕਰ ਦਿੰਦਾ ਹੈ ਤੇ ਉਲਟਾ ਵੀ ਦਿੰਦਾ ਹੈ। ਵਿਅੰਜਨ ਸ਼ਬਦ ਵਿਚ ਵਿਅਕਤ ਜਾਂ ਪ੍ਰਗਟ ਦਾ ਭਾਵ ਹੈ। ਵਿਅੰਜਨ ਜਾਂ ਵਿਅੰਜਨਾ ਕਿਸੇ ਵੀ ਸ਼ਬਦ ਦੀ ਅਜਿਹੀ ਸ਼ਕਤੀ ਨੂੰ ਵੀ ਕਿਹਾ ਜਾਂਦਾ ਹੈ ਜੋ ਲੁਕੇ ਹੋਏ ਭਾਵ ਵੱਲ ਸੰਕੇਤ ਕਰਦੀ ਹੈ। ਇਸੇ ਤੋਂ ਸੁਝਾਅ, ਤਨਜ਼, ਟਕੋਰ, ਕਟਾਖਸ਼ ਆਦਿ ਦੇ ਅਰਥਾਂ ਵਾਲਾ ਵਿਅੰਗ ਸ਼ਬਦ ਬਣਿਆ। ਸਵਰਾਂ ਦੇ ਟਾਕਰੇ ਉਨ੍ਹਾਂ ਧੁਨੀਆਂ ਨੂੰ ਵੀ ਵਿਅੰਜਨ ਕਿਹਾ ਜਾਂਦਾ ਹੈ ਜੋ ਉਘੜਵੇਂ ਰੂਪ ਵਿਚ ਸੁਣਾਈ ਦਿੰਦੀਆਂ ਹਨ ਭਾਵੇਂ ਸਵਰਾਂ ਦੀ ਸਹਾਇਤਾ ਨਾਲ ਹੀ। ਕਿਹਾ ਜਾਂਦਾ ਹੈ ਕਿ ਸਿਹਾਰੀਆਂ ਬਿਹਾਰੀਆਂ ਅੱਖਰਾਂ ਨਾਲ ਇਉਂ ਚਿਪਕੀਆਂ ਹੁੰਦੀਆਂ ਹਨ ਜਿਵੇਂ ਪੀਆ ਦੇ ਗਲ ਵਿਚ ਪ੍ਰੀਤਮਾ ਦੀਆਂ ਬਾਂਹੜੀਆਂ। ਵਿਅੰਜਨ ਦਾ ਇਕ ਹੋਰ ਅਰਥ ਭੋਜਨ ਆਦਿ ਨੂੰ ਸੁਆਦੀ ਬਣਾਉਣ ਲਈ ਵਰਤੀਆਂ ਚੀਜ਼ਾਂ ਜਾਂ ਭੋਜਨ ਦੀਆਂ ਵੰਨਗੀਆਂ ਵੀ ਹਨ ਜਿਵੇਂ ਤੜਕਾ, ਸਾਗ, ਤਰਕਾਰੀ, ਚਟਣੀ ਆਦਿ।

ਗੁਰਬਾਣੀ ਵਿਚ ਇਹ ਸ਼ਬਦ 'ਬਿੰਜਨ' ਦੇ ਰੂਪ ਵਿਚ ਆਇਆ ਹੈ, 'ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥' -ਗੁਰੂ ਅਰਜਨ ਦੇਵ। ਗੁਰੂ ਸਾਹਿਬ ਨੇ ਇਸ ਸ਼ਬਦ ਦੀ ਲਾਖਣਿਕ ਵਰਤੋਂ ਵੀ ਕੀਤੀ ਹੈ, "ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ॥" ਤੁਲਸੀ ਦਾਸ ਨੇ ਫਰਮਾਇਆ ਹੈ, "ਮਾਇਆਮਈ ਤੇਹਿ ਕੀਨਹਿ ਰਸੋਈ। ਬਿੰਜਨ ਬਹੁ ਗੁਨ ਸਕੈ ਨ ਕੋਈ।" ਇਥੇ ਵੀ ਭਾਵ ਭੋਜਨ ਨੂੰ ਵਧੇਰੇ ਉਘੜਵਾਂ ਜਾਂ ਦਿਲਕਸ਼ ਬਣਾਉਣ ਤੋਂ ਹੀ ਹੈ। ਲੋਕਯਾਨ ਵਿਚ ਆਉਂਦਾ 'ਲੁਕਾਂਜਨ' ਅਜਿਹਾ ਕੱਜਲ ਹੈ ਜਿਸ ਨੂੰ ਲਾਉਣ ਨਾਲ ਮਨੁਖ ਦਿਖਾਈ ਨਹੀਂ ਦਿੰਦਾ। ਅੱਖ ਦੇ ਪਪੋਟੇ ਦੀ ਸੋਜਿਸ਼ ਗੁਹਾਂਜਣੀ ਕਹਾਉਂਦੀ ਹੈ ਜਿਸ ਨੂੰ ਪੰਜਾਬੀ ਵਿਚ ਵਿਗਾੜ ਕੇ ਗੁਆਂਢਣੀ ਬਣਾ ਲਿਆ ਗਿਆ ਹੈ। ਇਸ ਸ਼ਬਦ ਵਿਚ ਵੀ ਅੰਜਨ ਸ਼ਬਦ ਝਲਕਦਾ ਹੈ: ਗੁਹ (ਗ੍ਰਹ)+ਆਂਜਨੀ। ਇਸ ਨੂੰ ਅੰਜਨਹਾਰੀ ਵੀ ਕਿਹਾ ਜਾਂਦਾ ਹੈ।

ਵਿਅੰਜਨ ਤੋਂ ਅੱਗੇ ਅਭਿਵਿਅੰਜਨ ਸ਼ਬਦ ਵੀ ਬਣਿਆ ਹੈ ਜਿਸ ਤੋਂ ਕਈ ਲੋਕ ਬਹੁਤ ਭੈਭੀਤ ਹਨ, ਅਖੇ ਇਹ ਸੰਸਕ੍ਰਿਤਨੁਮਾ ਹੈ। ਇਸ ਸ਼ਬਦ ਵਿਚਲੇ ਅਗੇਤਰ, 'ਅਭਿ' ਦੇ ਅਰਥ ਹੁੰਦੇ ਹਨ ਵੱਲ, ਦੀ ਦਿਸ਼ਾ ਵਿਚ, ਦੇ ਕਾਰਨ ਆਦਿ। ਇਸ ਤਰ੍ਹਾਂ ਇਸ ਦਾ ਅਰਥ ਬਣਿਆ 'ਭਾਵਾਂ ਦਾ ਸਪਸ਼ਟ ਰੂਪ ਵਿਚ ਪ੍ਰਗਟਾਅ'। ਪੰਜਾਬੀ ਦਾ ਇਕ ਠੇਠ ਸ਼ਬਦ ਹੈ 'ਵਾਂਗਣ' ਜਿਸ ਦਾ ਅਰਥ ਹੈ ਤੇਲ ਦੇਣਾ, ਖਾਸ ਤੌਰ 'ਤੇ ਗੱਡੇ ਦੇ ਪਹੀਏ ਨੂੰ। ਅਸੀਂ ਪਹਿਲਾਂ ਦੱਸ ਆਏ ਹਾਂ ਕਿ ਅੰਜ ਧਾਤੂ ਦਾ ਅਰਥ ਮਲਣਾ, ਖਾਸ ਤੌਰ 'ਤੇ ਤੇਲ ਮਲਣਾ ਹੁੰਦਾ ਹੈ। ਬੱਸ ਇਸ ਦੇ ਮੂਹਰੇ 'ਵਿ' ਅਗੇਤਰ ਹੀ ਲੱਗਾ ਹੈ। 'ਵਾਂਗਣ' ਦਾ ਇਕ ਹੋਰ ਵਿਸਤ੍ਰਿਤ ਅਰਥ ਹੈ, ਮੈਥੁਨ ਕਰਨਾ ਖਾਸ ਤੌਰ 'ਤੇ ਨਰ ਪੰਛੀ ਦਾ ਮਦੀਨ ਪੰਛੀ ਨੂੰ ਲਾਉਣਾ। ਸਿਆਣੇ ਪਾਠਕ ਸਬੰਧ ਜੋੜ ਸਕਦੇ ਹਨ।

ਅੰਜਨ ਸ਼ਬਦ ਭਾਰੋਪੀ ਅਸਲੇ ਦਾ ਹੈ, ਅਰਥਾਤ ਹੋਰ ਹਿੰਦ ਆਰਿਆਈ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ ongw ਕਲਪਿਆ ਗਿਆ ਹੈ ਜਿਸ ਦਾ ਅਰਥ ਲੇਪਣਾ, ਮਲ੍ਹਮ ਲਾਉਣਾ ਆਦਿ ਮਿਥਿਆ ਗਿਆ ਹੈ। ਇਸ ਤੋਂ ਮਲ੍ਹਮ ਦੇ ਅਰਥਾਂ ਵਾਲਾ ਪੁਰਾਣੀ ਲਾਤੀਨੀ ਭਾਸ਼ਾ ਦਾ ਸ਼ਬਦ unguentem ਬਣਿਆ ਜਿਸ ਤੋਂ ਅੱਗੇ ਅੰਗਰੇਜ਼ੀ ਵਿਚ ਦੋ-ਤਿੰਨ ਹੋਰ ਸ਼ਬਦ ਬਣੇ: unguent ਅਤੇ ointment, ਦੋਨਾਂ ਦੇ ਅਰਥ ਮ੍ਹਲਮ ਜਾਂ ਲੇਪ ਹੁੰਦੇ ਹਨ। ਇਸੇ ਧਾਤੂ ਨਾਲ ਜੁੜਿਆ ਤੇ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਜਾਂਦਾ ਅੰਗਰੇਜ਼ੀ ਦਾ ਇਕ ਹੋਰ ਸ਼ਬਦ ਹੈ unction. ਕਈ ਪੁਰਾਣੀਆਂ ਭਾਸ਼ਾਵਾਂ ਜਿਵੇਂ ਪੁਰਾਣੀ ਜਰਮੈਨਿਕ, ਆਇਰਿਸ਼, ਵੈਲਿਸ਼ ਤੇ ਅਜੋਕੀ ਰੁਮਾਨੀਅਨ ਵਿਚ ਇਸ ਤੋਂ ਬਣੇ ਸ਼ਬਦਾਂ ਦਾ ਅਰਥ 'ਮੱਖਣ' ਹੁੰਦਾ ਹੈ। ਅੰਗਰੇਜ਼ੀ ਸ਼ਬਦ anoint ਵੀ ਇਸੇ ਮੂਲ ਨਾਲ ਜੁੜਦਾ ਹੈ ਜਿਸ ਦਾ ਅਰਥ ਲੇਪਣਾ, ਮਲ੍ਹਮ ਲਾਉਣਾ, ਤੇਲ ਲਾਉਣਾ ਹੁੰਦਾ ਹੈ। ਈਸਾਈ ਧਰਮ ਵਿਚ ਇਸ ਸ਼ਬਦ ਦਾ ਅਰਥ ਕਿਸੇ ਵਿਅਕਤੀ ਜਾਂ ਵਸਤੂ ਨੂੰ ਤੇਲ ਲਾ ਕੇ ਪਵਿਤਰ ਬਣਾਉਣਾ ਵੀ ਹੈ। ਪੁਰਾਣੇ ਜ਼ਮਾਨੇ ਵਿਚ ਸਮਾਜਕ ਅਤੇ ਧਾਰਮਕ ਸੰਸਕਾਰਾਂ ਵਿਚ ਤੇਲ ਦੀ ਬਹੁਤ ਮਹੱਤਤਾ ਸੀ। ਯਹੂਦੀਆਂ ਵਿਚ ਤੇਲ ਲਾ ਕੇ ਕਿਸੇ ਨੂੰ ਮੁਖ ਪੁਰੋਹਿਤ (ਪੰਡਿਤਰਾਓ) ਬਣਾਇਆ ਜਾਂਦਾ ਸੀ। ਰਾਜੇ ਦੀ ਤਾਜਪੋਸ਼ੀ ਸਮੇਂ ਵੀ ਤੇਲ ਲਾਇਆ ਜਾਂਦਾ ਸੀ ਇਸ ਲਈ ਇਨ੍ਹਾਂ ਨੂੰ The anointed one ਵੀ ਕਿਹਾ ਜਾਂਦਾ ਸੀ। ਈਸਾ ਨੂੰ ਵੀ ਇਹ ਪਦਵੀ ਦਿੱਤੀ ਗਈ ਹੈ। ਸਾਡੇ ਦੇਸ਼ ਵਿਚ ਧਾਰਮਕ ਸੰਸਕਾਰਾਂ ਵਿਚ ਤਿਲਾਂ ਦੀ ਵਰਤੋਂ ਹੁੰਦੀ ਰਹੀ ਹੈ। ਤੇਲ ਚੋਣ ਵਾਲੀ ਰਸਮ ਦੀ ਮਹੱਤਤਾ ਤੋਂ ਸਭ ਵਾਕਿਫ਼ ਹਨ।

# ਗਰੀਬਾਂ ਦੀਆਂ ਧੀਆਂ ਬਣੀਆਂ ਅਮੀਰਾਂ ਦੇ ਖਿਡੌਣੇ

## ਸ਼ਰੂਤੀ ਅਗਵਾ ਕਾਂਡ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਪੰਜਾਬ ਵਿਚ ਚੱਲ ਰਹੀ ਸਰਕਾਰ ਧਰਮ ਦੇ ਨਾਮ 'ਤੇ ਰਾਜ ਕਰ ਰਹੀ ਹੈ! ਇਹ ਸਰਕਾਰ ਇਕੱਲੇ ਪੰਜਾਬ 'ਤੇ ਹੀ ਰਾਜ ਨਹੀਂ ਕਰ ਰਹੀ, ਧਰਮ ਵੀ ਇਸ ਦੇ ਅਧੀਨ ਹੈ!! ਇਸ ਸਰਕਾਰ ਨੇ ਧਰਮ ਅਤੇ ਧਾਰਮਿਕ ਸਥਾਨਾਂ ਉਤੇ ਵੀ ਆਪਣੀ ਪਕੜ ਕਾਇਮ ਕੀਤੀ ਹੋਈ ਹੈ। ਬੀਤੇ ਸਮੇਂ ਦੀਆਂ ਗੱਲਾਂ ਹਨ ਜਦ ਇਹ ਆਖਿਆ ਜਾਂਦਾ ਸੀ ਕਿ ਧਰਮ ਬਿਨਾਂ ਨਹ ਰਾਜ ਚਲੇ ਹੈ, ਪਰ ਅੱਜ ਦਾ ਕੰਮ ਬਿਲਕੁਲ ਉਲਟੇ ਪਾਸੇ ਜਾ ਰਿਹਾ ਹੈ। ਅੱਜ ਦੀ ਪੰਜਾਬ 'ਤੇ ਕਾਬਜ਼ ਧਿਰ ਆਪਣੇ ਤੌਰ ਤਰੀਕਿਆਂ ਨਾਲ ਧਰਮ ਨੂੰ ਚਲਾਉਣ ਵਿਚ ਮਾਹਿਰ ਹੈ ਅਤੇ ਇਸ ਦਾ ਨਾਅਰਾ ਉਲਟਾ ਹੈ। ਰਾਜ ਬਿਨਾਂ ਨਹੀਂ ਧਰਮ ਚਲੇਗਾ ਅਤੇ ਫਿਰ ਜਦੋਂ ਰਾਜ ਤਖ਼ਤ 'ਤੇ ਬੈਠੇ ਬੰਦੇ ਧਰਮ ਨੂੰ ਆਪਣੇ ਅਧੀਨ ਕਰ ਲੈਣ ਤਾਂ ਪਰਲੋ ਆ ਜਾਂਦੀ ਹੈ ਜੋ ਅੱਜ ਪੰਜਾਬ ਵਿਚ ਆ ਚੁੱਕੀ ਹੈ। ਪੰਜਾਬ ਵਿਚ ਹਰ ਪਾਸੇ ਹਾਲ-ਪਾਹਰਿਆ ਮਚੀ ਪਈ ਹੈ। ਗੁੰਡਾਗਰਦੀ ਦਾ ਰਾਜ ਹੈ। ਔਰਤਾਂ ਘਰੋਂ ਬਾਹਰ ਜਾਣ ਲੱਗਿਆਂ ਘਬਰਾ ਰਹੀਆਂ ਹਨ। ਆਮ ਘਰਾਂ ਦੀਆਂ ਧੀਆਂ ਸਕੂਲ ਜਾਂ ਕਾਲਜ ਪੜ੍ਹਨ ਗਈਆਂ ਸਹੀ ਸਲਾਮਤ ਪਰਤ ਕੇ ਘਰ ਆਉਣਗੀਆਂ ਜਾਂ ਨਹੀਂ, ਇਸ ਬਾਰੇ ਹਰ ਮਾਂ-ਬਾਪ ਫਿਕਰਮੰਦ ਹੈ। ਸ਼ਹਿਰਾਂ ਦੇ ਹਰ ਗਲੀ-ਮੁਹੱਲੇ ਵਿਚ ਗੁੰਡੇ ਦਨ-ਦਨਾ ਰਹੇ ਹਨ। ਜਵਾਨ ਧੀਆਂ-ਭੈਣਾਂ ਤੇ ਅਧਖੜ ਉਮਰ ਦੀਆਂ ਔਰਤਾਂ ਬਾਜ਼ਾਰ ਜਾਂ ਕੰਮ-ਕਾਰ 'ਤੇ ਜਾਂਦੀਆਂ ਔਰਤਾਂ ਦੇ ਹੱਥਾਂ ਵਿਚੋਂ ਪਰਸ, ਗਲਾਂ ਵਿਚੋਂ ਚੇਨਾਂ ਅਤੇ ਕੰਨਾਂ ਵਿਚੋਂ ਗਹਿਣੇ ਸ਼ਰੇਆਮ ਚਿੱਟੇ ਦਿਨ ਲਾਹੇ ਜਾ ਰਹੇ ਹਨ। ਨਸ਼ੇ ਵਿਚ ਧੁੱਤ ਮੁੰਡੇ ਹਰ ਥਾਂ ਧਮਾਲਾਂ ਪਾ ਰਹੇ ਹਨ, ਪਰ ਪੰਜਾਬ ਦੀ 'ਪੰਥਕ' ਸਰਕਾਰ ਤੇ ਪੁਲਿਸ ਦੇ ਵੱਡੇ ਅਫਸਰ ਆਪਣੇ ਦਫ਼ਤਰਾਂ ਜਾਂ ਘਰਾਂ ਵਿਚ ਆਰਾਮ ਫਰਮਾ ਰਹੇ ਹਨ।

ਤਕਰੀਬਨ ਇਕ ਮਹੀਨੇ ਤੋਂ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਨੇ ਲੋਕਾਂ ਨੂੰ ਲੜੀਵਾਰ ਡਰਾਮਾ ਦਿਖਾਉਣਾ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਪੁਲਿਸ ਇਸ ਡਰਾਮੇ ਦਾ ਇਕ ਐਪੀਸੋਡ ਹਰ ਰੋਜ਼ ਰਿਲੀਜ਼ ਕਰ ਰਹੀ ਹੈ। ਇਸ ਡਰਾਮੇ ਦਾ ਨਾਮ ਹੈ ਸ਼ਰੁਤੀ ਅਗਵਾ ਕਾਂਡ ਅਤੇ ਇਸ ਸ਼ਰਮਨਾਕ ਡਰਾਮੇ ਦਾ ਹੀਰੋ ਹੈ ਗੁੰਡਾ ਨਿਸ਼ਾਨ ਸਿੰਘ ਜੋ ਫਰੀਦਕੋਟ ਸ਼ਹਿਰ ਦੀ ਪੰਦਰਾਂ ਸਾਲਾ ਨਾਬਾਲਗ ਕੁੜੀ ਸ਼ਰੁਤੀ ਨੂੰ ਉਸ ਦੇ ਘਰੋਂ ਪਹਿਲੀ ਵਾਰ ਨਹੀਂ, ਦੂਜੀ ਵਾਰ 24 ਸਤੰਬਰ ਨੂੰ ਦਿਨ ਦਿਹਾੜੇ ਬੰਦੂਕ ਦੀ ਨੋਕ 'ਤੇ ਅਗਵਾ ਕਰ ਕੇ ਲੈ ਜਾਂਦਾ ਹੈ। ਫਿਰ ਪੂਰੇ ਹਫ਼ਤੇ ਬਾਅਦ ਫਰੀਦਕੋਟ ਦੀ ਪੁਲਿਸ ਜਨਤਾ ਨੂੰ ਨਿਸ਼ਾਨ ਸਿੰਘ ਅਤੇ ਸ਼ਰੁਤੀ ਦੇ ਵਿਆਹ ਦੀਆਂ ਫੋਟੋਆਂ ਦਿਖਾਉਂਦੀ ਹੈ ਅਤੇ ਆਖਦੀ ਹੈ ਕਿ ਸ਼ਰੁਤੀ ਨੇ ਵਿਆਹ ਕਰ ਲਿਆ ਹੈ। ਪਰ ਸਦਕੇ ਜਾਈਏ ਪੰਜਾਬ ਦੇ ਲੋਕਾਂ ਦੇ ਜਿਨ੍ਹਾਂ ਨੇ ਉਸ ਧੀ-ਧਿਆਣੀ ਦੇ ਹੱਕ 'ਚ ਆਪਣੀ ਤਾਕਤ ਦਾ ਵਿਖਾਵਾ ਕਰ ਕੇ ਧਰਤੀ ਹਿਲਾ ਦਿੱਤੀ ਅਤੇ ਰੋ-ਧੋ ਕੇ ਪੁਲਿਸ ਨੇ ਸ਼ਰੁਤੀ ਨੂੰ ਨਿਸ਼ਾਨ ਸਿੰਘ ਨਾਲ ਗੋਆ ਵਿਚ ਜਾ ਫੜਿਆ। ਇਹ ਵੀ ਪੰਜਾਬ ਪੁਲਿਸ ਵੱਲੋਂ ਚੱਲ ਰਹੇ ਡਰਾਮੇ ਦਾ ਧਮਾਕਾਖੇਜ਼ ਐਪੀਸੋਡ ਸੀ। ਕਮਾਲ ਦੀ ਗੱਲ ਤਾਂ ਇਹ ਹੈ ਕਿ ਜਿਸ ਅਫਲਾਤੂਨ ਦਾ ਨਾਮ ਨਿਸ਼ਾਨ ਸਿੰਘ ਹੈ, ਉਹ ਕਿਸ ਪਰਿਵਾਰ ਨਾਲ ਸਬੰਧਤ ਹੈ? ਉਨ੍ਹਾਂ ਦਾ ਕਿੱਤਾ ਜਾਂ ਕਾਰੋਬਾਰ ਕੀ ਹੈ? ਪੰਜਾਬ ਸਰਕਾਰ ਜਾਂ ਪੰਜਾਬ ਪੁਲਿਸ ਵਿਚ ਕਿੰਨੀ ਕੁ ਚੱਲਦੀ ਹੈ?

ਕੀ ਨਿਸ਼ਾਨ ਸਿੰਘ ਕਿਸੇ ਮੰਤਰੀ ਦਾ ਪੁੱਤਰ ਜਾਂ ਰਿਸ਼ਤੇਦਾਰ ਹੈ ਜਾਂ ਉਹ ਕਿਸੇ ਗੁੰਡੇ ਗਰੋਹ ਦਾ ਸਰਗਨਾ ਹੈ ਜਿਸ ਤੋਂ ਸਰਕਾਰ ਅਤੇ ਸਮੁੱਚੀ ਪੁਲਿਸ ਵੀ ਭੈਭੀਤ ਹੋਈ ਫਿਰਦੀ ਹੈ। ਨਿਸ਼ਾਨ ਸਿੰਘ ਗੱਡੀਆਂ ਵੀ ਰੱਖਦਾ ਹੈ ਤੇ ਅਸਲਾ ਵੀ। ਉਸ 'ਤੇ ਪਹਿਲਾਂ ਵੀ 16 ਕੇਸ ਦਰਜ ਹਨ। ਇਸ ਦੇ ਬਾਵਜੂਦ ਉਹ ਬੇਪ੍ਰਵਾਹ ਅਤੇ ਬੇਖੌਫ਼ ਹੋ ਕੇ ਮਾਸੂਮ ਨਾਬਾਲਿਗ ਕੁੜੀ ਨੂੰ ਚੁੱਕ ਕੇ ਲੈ ਜਾਂਦਾ ਹੈ। ਉਹ ਨਾ ਪੰਜਾਬ ਸਰਕਾਰ ਨੂੰ ਮੰਨਦਾ ਹੈ ਤੇ ਨਾ ਹੀ ਪੰਜਾਬ ਪੁਲਿਸ ਨੂੰ ਕੁਝ ਸਮਝਦਾ ਹੈ। ਇਸ ਸਭ ਪਿੱਛੇ ਛੋਟਾ ਜਿਹਾ ਨਹੀਂ, ਕੋਈ ਬਹੁਤ ਵੱਡਾ ਕਾਰਨ ਹੈ ਜੋ ਬੇਹੱਦ ਪੁਖ਼ਤਾ ਹੈ ਤੇ ਬਹੁਤ ਮਜ਼ਬੂਤ ਵੀ ਹੈ। ਨਿਸ਼ਾਨ ਸਿੰਘ ਦੇ ਨਿਸ਼ਾਨ ਪੁਲਿਸ ਕੋਲ ਹੋਣ ਦੇ ਬਾਵਜੂਦ ਪੁਲਿਸ ਡਰ ਰਹੀ ਹੈ। ਦੂਜੇ ਪਾਸੇ, ਜਦ ਸ਼ਰੁਤੀ ਨੂੰ ਗੋਆ ਤੋਂ ਲਿਆ ਕੇ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕਰਨਾ ਸੀ ਤਾਂ ਪੁਲਿਸ ਦੇ ਅਫਸਰ ਤੇ ਸਿਪਾਹੀ ਚਾਦਰਾਂ ਤਾਣ ਕੇ ਪਰਦੇ ਵਿਚ ਲੁਕ ਕੇ ਸ਼ਰੁਤੀ ਨੂੰ ਅਦਾਲਤ ਵਿਚ ਲੈ ਕੇ ਗਏ। ਲਗਦਾ ਹੈ, ਨਿਸ਼ਾਨ ਸਿੰਘ ਤਾਂ ਉਸਾਮਾ ਬਿਨ-ਲਾਦਿਨ ਵਰਗੀ ਕੋਈ ਤਾਕਤ ਹੈ ਜਿਸ ਤੋਂ ਇਹ ਖਤਰਾ ਹੈ ਕਿ ਉਹ ਜਾਂ ਉਸ ਦੇ ਬੰਦੇ ਕਿਸੇ ਵੇਲੇ ਵੀ ਕਿਸੇ ਪਾਸਿਓਂ ਆ ਸਕਦੇ ਹਨ। ਉਧਰ ਬਦਕਿਸਮਤ ਤੇ ਬੇਜਾਰ ਸ਼ਰੁਤੀ ਹੈ। ਹੁਣ ਇਹ ਕੁੜੀ ਉਹ ਕੁਝ ਹੀ ਬੋਲ ਰਹੀ ਹੈ ਜੋ ਬੋਲਣ ਲਈ ਉਸ ਨੂੰ ਮਜਬੂਰ ਕੀਤਾ ਜਾ ਰਿਹਾ ਹੈ। ਸ਼ਰੁਤੀ ਦੇ ਲਾਚਾਰ ਮਾਂ-ਬਾਪ ਤੇ ਜਵਾਨ ਭੈਣ ਰੋਂਦੇ ਫਿਰਦੇ ਹਨ। ਉਨ੍ਹਾਂ ਦੇ ਦਿਲ ਤੇ ਦਿਮਾਗ ਸੁੰਨ ਹਨ। ਦੋ ਧੀਆਂ ਦਾ ਬੇਵੱਸ ਬਾਪ ਅਸ਼ਵਨੀ ਸਚਦੇਵਾ। ਮਾਂ ਹਸਪਤਾਲ ਪਈ ਹੈ ਤੇ ਪੁਲਿਸ ਉਨ੍ਹਾਂ ਦੀ ਧੀ ਦਾ ਸ਼ਹਿਰ ਸ਼ਹਿਰ ਜਲੂਸ ਕੱਢਦੀ ਫਿਰ ਰਹੀ ਹੈ। ਸ਼ਰੁਤੀ ਦੀ ਭੈਣ ਆਪਣੀ ਜਾਨ ਲੁਕੋਂਦੀ ਫਿਰਦੀ ਹੈ।

ਸਰਕਾਰ ਤੇ ਪੁਲਿਸ ਦੇ ਅਟਪਟੇ ਬਿਆਨ ਅਤੇ ਨਿਸ਼ਾਨ ਸਿੰਘ ਦੀ ਹਰ ਗੱਲ ਨੂੰ ਲੁਕੋ ਕੇ ਰੱਖਣਾ, ਇਹ ਸਭ ਹੁਣ ਮੈਦਾਨ ਵਿਚ ਉਤਰੇ ਲੋਕਾਂ ਦੀ ਸਮਝ ਵਿਚ ਆ ਗਿਆ ਹੈ। ਮੈਦਾਨ ਵਿਚ ਜੂਝ ਰਹੀ ਐਕਸ਼ਨ ਕਮੇਟੀ, ਕਾਂਗਰਸ ਤੇ ਹੋਰ ਹਜ਼ਾਰਾਂ ਲੋਕ ਫਰੀਦਕੋਟ ਵਿਚ ਸ਼ਰੁਤੀ ਅਤੇ ਉਹਦੇ ਪਰਿਵਾਰ ਦੀ ਬਰਬਾਦੀ ਕਰਨ ਵਾਲੇ ਮੁਜਰਮਾਂ ਖ਼ਿਲਾਫ਼ ਅਜੇ ਵੀ ਡਟ ਕੇ ਬੈਠੇ ਹਨ ਤੇ ਇਨਸਾਫ ਦੀ ਮੰਗ ਕਰ ਰਹੇ ਹਨ। ਇਸ ਜ਼ੁਲਮ ਖ਼ਿਲਾਫ਼ ਮੀਡੀਆ ਵੀ ਆਪਣਾ ਰੋਲ ਨਿਭਾ ਰਿਹਾ ਹੈ। ਇਥੋਂ ਦੀਆਂ ਸਾਰੀਆਂ ਧਾਰਮਿਕ ਅਤੇ ਸਮਾਜਕ ਜਥੇਬੰਦੀਆਂ ਨੂੰ ਵੀ ਬੇਨਤੀ ਹੈ ਕਿ ਇਸ ਕਾਂਡ ਖ਼ਿਲਾਫ਼ ਸ਼ਰੁਤੀ ਅਤੇ ਉਹਦੇ ਪਰਿਵਾਰ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ। ਮੁਜਰਮਾਂ ਨੂੰ ਵੱਧ ਤੋਂ ਵੱਧ ਸਜ਼ਾਵਾਂ ਦਿਵਾਉਣ ਅਤੇ ਪੰਜਾਬ ਸਰਕਾਰ ਨੂੰ ਨੀਂਦ ਤੋਂ ਜਗਾਉਣ ਲਈ ਗੁਰੂਘਰਾਂ ਵਿਚ ਤੇ ਹੋਰ ਸਭਾਵਾਂ ਵਿਚ ਮਤੇ ਪਾਸ ਕੀਤੇ ਜਾਣ। ਸ਼ਰੁਤੀ ਇਕ ਪਰਿਵਾਰ ਦੀ ਧੀ ਨਹੀਂ, ਉਹ ਸਮੁੱਚੇ ਪੰਜਾਬ ਦੀ ਧੀ ਹੈ। ਆਓ ਧੀਆਂ ਵਾਲਿਓ! ਜੇ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀਆਂ ਧੀਆਂ ਸੁਰੱਖਿਅਤ ਰਹਿਣ ਤਾਂ ਸਾਰੇ ਲਾਮਬੰਦ ਹੋਈਏ। ਆਪਣੇ ਘਰਾਂ ਦੇ ਬੂਹੇ ਬੰਦ ਕਰ ਕੇ ਅੰਦਰੀਂ ਨਾ ਵੜੀਏ। ਘਰਾਂ 'ਚੋਂ ਬਾਹਰ ਆਈਏ ਅਤੇ ਸ਼ਰੁਤੀ ਤੇ ਉਹਦੇ ਪਰਿਵਾਰ ਲਈ ਇਨਸਾਫ ਮੰਗ ਰਹੇ ਲੋਕਾਂ ਦੀ ਆਵਾਜ਼ ਨਾਲ ਆਪਣੀ ਆਵਾਜ਼ ਮਿਲਾਈਏ।

# ਸੁਪਰੀਮ ਕੋਰਟ ਵੱਲੋਂ ਦਾਜ ਦੇ ਕੇਸਾਂ ਬਾਰੇ ਸਾਵਧਾਨੀ ਦੀ ਸਲਾਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਦਾਜ ਦੇ ਕੇਸ ਵਿਚ ਕਿਸੇ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਨੂੰ ਤਾਂ ਹੀ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ ਜੇ ਸ਼ਿਕਾਇਤ 'ਚ ਉਨ੍ਹਾਂ ਖਿਲਾਫ ਕੋਈ ਵਿਸ਼ੇਸ਼ ਦੋਸ਼ ਲਾਇਆ ਗਿਆ ਹੋਵੇ। ਅਜਿਹੇ ਕੇਸਾਂ ਵਿਚ ਪਰਿਵਾਰਕ ਮੈਂਬਰਾਂ ਦੀ ਸ਼ਮੂਲੀਅਤ ਬਾਰੇ ਅਦਾਲਤਾਂ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਕਿਉਂਕਿ ਕਈ ਮਾਮਲਿਆਂ ਵਿਚ ਔਰਤਾਂ ਘਰੇਲੂ ਨੋਕ-ਝੋਕ ਦਾ ਬਦਲਾ ਲੈਣ ਲਈ ਪਤੀ ਦੇ ਪਰਿਵਾਰ ਨੂੰ ਬਿਨਾਂ ਵਜ੍ਹਾ ਅਦਾਲਤ 'ਚ ਖੱਜਲ-ਖੁਆਰ ਕਰਨ 'ਤੇ ਉਤਾਰੂ ਹੋ ਜਾਂਦੀਆਂ ਹਨ।

ਜਸਟਿਸ ਟੀ.ਐਸ. ਠਾਕੁਰ ਤੇ ਗਿਆਨ ਸੁਧਾ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਕਾਨੂੰਨ ਦੀ ਦੁਰਵਰਤੋਂ ਰੋਕਣ ਲਈ ਇਹ ਧਿਆਨ ਦੇਣਾ ਚਾਹੀਦਾ ਹੈ ਕਿ ਘਰੇਲੂ ਝਗੜਿਆਂ ਦਾ ਬਦਲਾ ਲੈਣ ਲਈ ਦਹੇਜ ਵਿਰੋਧੀ ਕਾਨੂੰਨ ਦੀ ਵਰਤੋਂ ਨਾ ਕੀਤੀ ਜਾ ਸਕੇ। ਇਸ ਲਈ ਜ਼ਰੂਰੀ ਹੈ ਕਿ ਉਸ ਵੇਲੇ ਤੱਕ ਪਰਿਵਾਰਕ ਮੈਂਬਰਾਂ ਨੂੰ ਦਹੇਜ ਦੇ ਕੇਸ ਵਿਚ ਨਾਮਜ਼ਦ ਨਾ ਕੀਤਾ ਜਾਵੇ ਜਦੋਂ ਤੱਕ ਉਨ੍ਹਾਂ ਖਿਲਾਫ ਵਿਸ਼ੇਸ਼ ਦੋਸ਼ ਨਾ ਲਾਏ ਜਾਣ। ਜੇ ਪਤਨੀ ਆਪਣੇ ਪਤੀ ਦੇ ਪਰਿਵਾਰ ਦੇ ਮੈਂਬਰਾਂ ਖਿਲਾਫ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦੇ ਦੋਸ਼ ਲਾਉਂਦੀ ਹੈ ਤਾਂ ਹੀ ਉਨ੍ਹਾਂ ਦਾ ਨਾਂ ਪਰਚੇ ਵਿਚ ਦਰਜ ਕੀਤਾ ਜਾਵੇ। ਅਦਾਲਤ ਨੇ ਇਹ ਫੈਸਲਾ ਉਸ ਵਿਅਕਤੀ ਦੇ ਪਰਿਵਾਰ ਵੱਲੋਂ ਦਾਇਰ ਕੀਤੀ ਅਪੀਲ ਦੇ ਆਧਾਰ 'ਤੇ ਸੁਣਾਇਆ ਗਿਆ ਹੈ ਜਿਸ ਦੀ ਪਤਨੀ ਨੇ ਦਾਜ ਲਈ ਤੰਗ ਕਰਨ ਦੇ ਦੋਸ਼ 'ਚ ਉਨ੍ਹਾਂ ਸਾਰਿਆਂ ਖ਼ਿਲਾਫ਼ ਐਫ.ਆਈ.ਆਰ ਦਰਜ ਕਰਵਾਈ ਸੀ ਪਰ ਕੇਸ ਦੌਰਾਨ ਲੜਕੀ ਉਨ੍ਹਾਂ 'ਤੇ ਕੋਈ ਦੋਸ਼ ਸਾਬਤ ਨਹੀਂ ਕਰ ਸਕੀ।

## ਜਸਪਾਲ ਭੱਟੀ ਨੂੰ ਯਾਦ ਕਰਦਿਆਂ...

# ਜਾਣ ਵਾਲਿਆ ਤੇਰੀ ਸੋਚ ਨੂੰ ਸਲਾਮ

ਸਵਰਨ ਸਿੰਘ ਟਹਿਣਾ
ਫੋਨ: 91-98141-78883

ਇਹ ਦੂਜੀ ਵਾਰ ਹੋਇਆ ਹੈ ਕਿ ਕਿਸੇ ਕਲਾਕਾਰ ਨੂੰ ਮਿਲਣ ਦੀ ਰੀਝ ਹੋਵੇ...ਅੱਜ-ਕੱਲ੍ਹ, ਅੱਜ-ਕੱਲ੍ਹ ਕਰਦਿਆਂ ਵੇਲਾ ਖੁੰਝਦਾ ਰਹੇ ਤੇ ਅਚਾਨਕ ਖ਼ਬਰ ਆ ਮਿਲੇ ਕਿ ਉਹ ਇਸ ਜਹਾਨ 'ਤੇ ਨਹੀਂ ਰਿਹਾ। ਮੈਂ ਤੇ ਮੇਰੇ ਅਜ਼ੀਜ਼ ਦੋਸਤ ਦੀਪਕ ਬਾਲੀ ਨੇ ਕਈ ਵਾਰ ਕੁਲਦੀਪ ਪਾਰਸ ਨੂੰ ਮਿਲਣ ਜਾਣ ਦਾ ਪ੍ਰੋਗਰਾਮ ਬਣਾਇਆ ਪਰ ਰੁਝੇਵਿਆਂ ਕਾਰਨ 'ਅਗਲੇ ਹਫ਼ਤੇ, ਅਗਲੇ ਹਫ਼ਤੇ' ਕਰਦਿਆਂ ਕਾਲਜਾ ਵਲੂੰਧਰਨ ਵਾਲੀ ਖ਼ਬਰ ਆ ਗਈ ਕਿ ਉਹ ਤਾਂ ਮੌਤ ਦੀ ਬੁੱਕਲ 'ਚ ਸਮਾ ਗਏ ਨੇ। ਬੇਹਦ ਦੁਖ ਹੋਇਆ।

ਹੁਣ ਜਦੋਂ 'ਪਾਵਰ ਕੱਟ' ਰਿਲੀਜ਼ ਹੋਣ ਤੋਂ ਦੋ ਕੁ ਦਿਨ ਪਹਿਲਾਂ ਮਨ ਬਣਾਇਆ ਕਿ ਜਸਪਾਲ ਭੱਟੀ ਨੂੰ ਫੋਨ ਕਰਕੇ ਫ਼ਿਲਮ ਬਾਰੇ ਜਾਣਕਾਰੀ ਲਵਾਂਗਾ ਤੇ ਬਿਜਲੀ ਕੱਟਾਂ ਨਾਲ ਜੁੜੀਆਂ ਮੁਸ਼ਕਲਾਂ ਨੂੰ ਮਜ਼ਾਹੀਆ ਢੰਗ ਨਾਲ ਪੇਸ਼ ਕਰਦੀ ਇਸ ਫ਼ਿਲਮ ਬਾਰੇ ਕੁਝ ਲਿਖਾਂਗਾ ਤਾਂ ਅਗਲੀ ਸਵੇਰ ਚੈਨਲਾਂ 'ਤੇ ਖ਼ਬਰਾਂ ਦਿਸਣ ਲੱਗੀਆਂ ਕਿ 'ਵਿਅੰਗ ਦੇ ਬਾਦਸ਼ਾਹ ਜਸਪਾਲ ਭੱਟੀ ਦੀ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ ਏ...।' ਖ਼ਬਰ ਜਿਉਂ-ਜਿਉਂ ਅੱਗੇ ਵਧ ਰਹੀ ਸੀ, ਸੁਣਨ ਵਾਲਾ ਸੁੰਨ ਹੁੰਦਾ ਜਾਂਦਾ। ਲੋਕ ਦੱਸਦੇ ਨੇ ਕਿ ਜਿਉਂ ਹੀ ਪਹੁ ਫੁਟਾਲੇ ਮੌਕੇ ਖ਼ਬਰ ਮਿਲਣੀ ਸ਼ੁਰੂ ਹੋਈ ਤਾਂ ਕਿਸੇ ਨੂੰ ਇਸ ਦੇ ਸੱਚ ਹੋਣ 'ਤੇ ਯਕੀਨ ਨਾ ਆਇਆ। ਪਰ ਜਿਵੇਂ-ਜਿਵੇਂ ਖ਼ਬਰ ਦੀ ਪੁਸ਼ਟੀ ਹੁੰਦੀ ਗਈ ਤਾਂ ਚਾਹ ਦੀ ਘੁੱਟ ਵੀ ਅੰਦਰ ਨਾ ਲੰਘੀ, ਯਕੀਨ ਨਹੀਂ ਸੀ ਆ ਰਿਹਾ ਕਿ ਭੱਟੀ ਵਰਗੇ ਫ਼ਨਕਾਰ ਦਾ ਅਚਾਨਕ ਇੰਜ ਵਿਛੋੜਾ ਪੈ ਸਕਦੈ।

ਜੇ ਪ੍ਰਧਾਨ ਮੰਤਰੀ ਤੋਂ ਲੈ ਕੇ ਰਿਕਸ਼ਾ ਚਾਲਕ ਤੱਕ ਸਭ ਨੇ ਜਸਪਾਲ ਭੱਟੀ ਦੀ ਮੌਤ 'ਤੇ ਇੱਕੋ ਜਿੰਨਾ ਦੁੱਖ ਪ੍ਰਗਟਾਇਆ ਹੈ, ਤਾਂ ਇਸ ਦਾ ਇੱਕੋ ਕਾਰਨ ਹੈ ਕਿ ਉਹ ਆਪਣੇ ਫ਼ਨ ਵਿਚ ਮਾਹਿਰ ਸੀ ਤੇ ਉਸ ਨੇ ਆਪਣੀ ਕਲਾ ਜ਼ਰੀਏ ਇਕ ਨੁਕਤੀ ਮਿਸ਼ਨ ਪੈਸਾ ਕਮਾਉਣਾ ਨਹੀਂ ਰੱਖਿਆ, ਸਗੋਂ ਸਮਾਜਿਕ ਮਸਲਿਆਂ ਪ੍ਰਤੀ ਵੀ ਪੂਰਾ ਜੀਵਨ ਬਣਦਾ-ਸਰਦਾ ਜ਼ਿੰਮਾ ਨਿਭਾਇਆ। ਮੇਰੀ ਜਾਚੇ ਉਹ ਪਹਿਲਾ ਅਜਿਹਾ ਕਾਮੇਡੀਅਨ ਹੋ ਨਿੱਬੜਿਆ, ਜਿਸ ਨੇ ਇਸ ਵਿਧਾ ਨੂੰ ਪੜ੍ਹੇ-ਲਿਖੇ ਤੇ ਵੱਡੇ ਸ਼ਹਿਰਾਂ ਵਿਚ ਵਸਦੇ ਲੋਕਾਂ ਤੱਕ ਵੀ ਅੱਪੜਦਾ ਕੀਤਾ, ਕਿਉਂਕਿ ਲੰਮਾ ਸਮਾਂ ਕਾਮੇਡੀ ਕਲਾਕਾਰ ਪੈਰੋਡੀ ਕਲਾਕਾਰ ਵਜੋਂ ਵਿਚਰਦੇ ਰਹੇ। ਤਰ੍ਹਾਂ-ਤਰ੍ਹਾਂ ਦੇ ਚਿਹਰੇ ਬਣਾ ਕੇ ਤੇ ਅਵਾਜ਼ਾਂ ਕੱਢ ਕੇ ਉਹ ਦੇਹਾਤੀ ਲੋਕਾਂ ਨੂੰ ਤਾਂ ਹਸਾਉਂਦੇ ਰਹੇ, ਪਰ ਉਚ ਵਰਗ ਦੇ ਲੋਕਾਂ ਨੂੰ ਇਨ੍ਹਾਂ ਕਲਾਕਾਰਾਂ ਦੀਆਂ ਗੱਲਾਂ 'ਚੋਂ ਬਹੁਤਾ ਹਾਸਾ ਨਹੀਂ ਸੀ ਲੱਭਦਾ। ਭੱਟੀ ਨੇ ਪੇਂਡੂ, ਸ਼ਹਿਰੀ ਤੇ ਮੈਟਰੋ ਖੇਤਰਾਂ ਨਾਲ ਜੁੜੇ ਲੋਕਾਂ ਦੇ ਦਿਲਾਂ ਤੱਕ ਇਕੋ ਜਿੰਨੀ ਪਹੁੰਚ ਕੀਤੀ, ਜਿਸ ਕਰਕੇ ਉਹ ਸਭ ਵਰਗਾਂ ਦਾ ਇਕੋ ਜਿੰਨਾ ਮਹਿਬੂਬ ਕਲਾਕਾਰ ਸਾਬਤ ਹੋਇਆ।


ਜਸਪਾਲ ਭੱਟੀ

ਜਸਪਾਲ ਭੱਟੀ ਜਨਮਜਾਤ ਕਲਾਕਾਰ ਸੀ। ਸਕਰਿਪਟ ਲਿਖਣ, ਅਦਾਕਾਰੀ ਤੇ ਨਿਰਦੇਸ਼ਨ ਦਾ ਢੰਗ ਉਸ ਨੂੰ ਬਾਖ਼ੂਬੀ ਆਉਂਦਾ ਸੀ। ਸਮੇਂ ਦੀ ਹਾਲ ਬਿਆਨੀ ਵਾਲੇ ਮਸ਼ਕੂਲਿਆਂ ਕਰਕੇ ਉਹ ਲੋਕਾਂ ਨੂੰ ਹਸਾ ਛੱਡਦਾ ਤੇ ਹਾਲ ਬਿਆਨੀ ਦੇ ਕਾਰਨ ਗਿਣਾ ਕੇ ਲੋਕਾਂ ਨੂੰ ਰੁਆ ਦਿੰਦਾ। ਸੀਰੀਅਲਾਂ, ਪੰਜਾਬੀ-ਹਿੰਦੀ ਫ਼ਿਲਮਾਂ, ਟੀ.ਵੀ. ਸ਼ੋਆਂ ਤੇ ਨੁੱਕੜ ਨਾਟਕ ਪ੍ਰੋਗਰਾਮਾਂ ਦੀ ਪੇਸ਼ਕਾਰੀ ਮੌਕੇ ਉਸ ਨੇ ਆਪਣੇ ਕੰਮ ਅਤੇ ਸਿੱਖੀ ਸਰੂਪ ਨਾਲ ਕਦੇ ਸਮਝੌਤਾ ਨਾ ਕੀਤਾ।

ਪਿਛਲੇ ਸਾਲ ਜਸਪਾਲ ਭੱਟੀ ਜਦੋਂ ਕੈਨੇਡਾ ਆਪਣੀ ਨਾਟਕ ਮੰਡਲੀ ਲੈ ਕੇ ਗਿਆ ਤਾਂ ਕਈ ਰੇਡੀਓ ਸੰਚਾਲਕਾਂ ਨੂੰ ਉਸ ਨੇ ਦੱਸਿਆ ਸੀ ਕਿ ਮੈਨੂੰ ਦੋ ਗੱਲਾਂ 'ਤੇ ਸਭ ਤੋਂ ਵੱਧ ਮਾਣ ਹੈ। ਪਹਿਲਾ ਇਸ 'ਤੇ ਕਿ ਮੈਂ ਪੰਜਾਬੀ ਹਾਂ ਤੇ ਦੂਜਾ ਇਸ 'ਤੇ ਕਿ ਮੈਂ ਸਿੱਖ ਹਾਂ।

ਜਸਪਾਲ ਭੱਟੀ ਹਰ ਖੇਤਰ ਵਿਚ ਕੁਝ ਨਵਾਂ ਕਰਨ ਦੇ ਸਮਰੱਥ ਸੀ, ਭਾਵੇਂ ਅਖ਼ਬਾਰਾਂ ਲਈ ਕਾਰਟੂਨ ਬਣਾਉਣ ਤੇ ਭਾਵੇਂ ਅਦਾਕਾਰੀ ਦਾ ਹੋਵੇ। ਉਸ ਨੂੰ ਨਵੀਂ ਪੀੜ੍ਹੀ ਦੀ ਪਸੰਦ ਦਾ ਪੂਰਾ ਖਿਆਲ ਸੀ। ਉਹ ਹਮੇਸ਼ਾ ਭਖਦੇ ਮੁੱਦਿਆਂ ਨੂੰ ਵਿਅੰਗ ਦਾ ਆਧਾਰ ਬਣਾਉਂਦਾ। ਜਦੋਂ ਕੇਂਦਰ ਦੇ ਕਿਸੇ ਮੰਤਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਤਾਂ ਉਹ ਆਪਣੇ ਵੱਖਰੇ ਢੰਗ ਨਾਲ ਚੇਤਨਾ ਮਾਰਚ ਕੱਢਦਾ ਤੇ ਬੈਨਰਾਂ 'ਤੇ ਲਿਖਿਆ ਹੁੰਦਾ, 'ਭ੍ਰਿਸ਼ਟਾਚਾਰ ਮਹਾਰਾਜ ਦੀ ਜੈ ਹੋਵੇ।' ਜੇ ਪਿਆਜ਼ ਦੀਆਂ ਕੀਮਤਾਂ ਸਿਖਰ ਛੂੰਹਦੀਆਂ ਤਾਂ ਉਹ ਚੰਡੀਗੜ੍ਹ ਦੀਆਂ ਸੜਕਾਂ 'ਤੇ ਆਪਣੀ ਮੰਡਲੀ ਨਾਲ ਲੋਕਾਂ ਨੂੰ ਪਿਆਜ਼ ਤੋਹਫ਼ੇ ਵਜੋਂ ਦਿੰਦਾ। ਜੇ ਸਿਲੰਡਰ ਦੀਆਂ ਕੀਮਤਾਂ 'ਚ ਵਾਧਾ ਹੁੰਦਾ ਤਾਂ ਲੋਕਾਂ ਨੂੰ ਆਖਦਾ ਕਿ ਤੁਸੀਂ ਆਪਣੇ ਸੱਜਣਾਂ-ਸਨੇਹੀਆਂ ਨੂੰ ਯਾਦਗਾਰੀ ਦਿਨਾਂ 'ਤੇ ਸਿਲੰਡਰ ਕੁਨੈਕਸ਼ਨ ਦੇ ਦਿਆ ਕਰੋ। ਉਹ ਹਰ ਲੋਕ ਮੁੱਦੇ 'ਤੇ ਆਪਣੇ ਨਿਵੇਕਲੇ ਕਾਟਵੇਂ ਢੰਗ ਨਾਲ ਵਿਅੰਗ ਕੱਸਦਾ।

ਜਸਪਾਲ ਭੱਟੀ ਦੀ ਪੰਜਾਬੀ ਫ਼ਿਲਮ 'ਮਾਹੌਲ ਠੀਕ ਹੈ' ਨੇ ਪੰਜਾਬੀ ਸਿਨੇਮੇ ਦਾ ਨਵੇਂ ਸਿਰਿਓਂ ਮਾਰਗ ਦਰਸ਼ਨ ਕੀਤਾ। ਜੱਟਾਂ ਤੇ ਵੱਟ-ਬੰਨ੍ਹਿਆਂ ਦੁਆਲੇ ਘੁੰਮਦੀਆਂ ਫ਼ਿਲਮਾਂ ਦੇ ਦੌਰ ਵਿਚ 'ਮਾਹੌਲ ਠੀਕ ਹੈ' ਨੇ ਪਿਆਰ ਤੇ ਵਪਾਰ ਪੱਖੋਂ ਅਜਿਹਾ ਮਾਅਰਕਾ ਮਾਰਿਆ ਕਿ ਚੰਗੇ-ਚੰਗੇ ਫ਼ਿਲਮ ਨਿਰਮਾਤਾਵਾਂ ਨੂੰ ਸੋਚਣਾ ਪਿਆ ਕਿ ਜੇ ਕਹਾਣੀ ਤੇ ਅਦਾਕਾਰੀ ਚੰਗੀ ਹੋਵੇ ਤਾਂ ਪੰਜਾਬੀ ਫ਼ਿਲਮਾਂ ਨੂੰ ਕਾਮਯਾਬ ਹੋਣੋਂ ਕੋਈ ਨਹੀਂ ਰੋਕ ਸਕਦਾ।

ਇਹ ਜਸਪਾਲ ਭੱਟੀ ਦੀ ਕਾਬਲੀਅਤ ਹੀ ਸੀ ਕਿ ਸੁਪਨਿਆਂ ਦੀ ਦੁਨੀਆਂ ਮੁੰਬਈ ਮਹਾਂਨਗਰੀ ਨੇ ਉਸ ਨੂੰ ਆਪਣੇ ਵੱਲ ਖਿੱਚ ਲਿਆ ਤੇ ਵੱਡੇ-ਵੱਡੇ ਸਿਤਾਰਿਆਂ ਨਾਲ ਕਈ ਹਿੰਦੀ ਫ਼ਿਲਮਾਂ ਵਿਚ ਉਸ ਦੀ ਅਦਾਕਾਰੀ ਨੇ ਸਭ ਨੂੰ ਪ੍ਰਭਾਵਤ ਕੀਤਾ। ਬਾਲੀਵੁੱਡ ਦਾ ਰੰਗ ਆਮ ਤੌਰ 'ਤੇ ਕਲਾਕਾਰਾਂ ਨੂੰ ਜ਼ਮੀਨ ਨਾਲੋਂ ਤੋੜ ਛੱਡਦਾ ਹੈ, ਪਰ ਭੱਟੀ ਨੇ ਪੰਜਾਬ ਤੇ ਪੰਜਾਬੀਅਤ ਨੂੰ ਕਦੇ ਦਿਲੋ-ਦਿਮਾਗ਼ 'ਚੋਂ ਨਾ ਕੱਢਿਆ ਤੇ ਉਥੋਂ ਵਿਹਲਾ ਹੋਣ ਸਾਰ ਉਹ ਮੁੜ ਪੰਜਾਬੀ ਫ਼ਿਲਮਾਂ, ਸੀਰੀਅਲਾਂ ਜਾਂ ਹੋਰ ਸਮਾਜਿਕ ਮੁੱਦਿਆਂ ਬਾਰੇ ਚਿੰਤਨ ਕਰਨ ਲੱਗ ਜਾਂਦਾ।

'ਕਾਲਾ ਸਾਮਰਾਜ', 'ਜਾਨਮ ਸਮਝਾ ਕਰੋ', 'ਆ ਅਬ ਲੌਟ ਚਲੇਂ', 'ਕਾਰਤੂਸ', 'ਖ਼ੌਫ਼', 'ਹਮਾਰਾ ਦਿਲ ਆਪਕੇ ਪਾਸ ਹੈ', 'ਸ਼ਕਤੀ: ਦ ਪਾਵਰ', 'ਜਾਨੀ ਦੁਸ਼ਮਣ', 'ਕੋਈ ਮੇਰੇ ਦਿਲ ਸੇ ਪੂਛੇ', 'ਕੁਛ ਨਾ ਕਹੋ', 'ਕੁਛ ਮੀਠਾ ਹੋ ਜਾਏ', 'ਮੌਸਮ', 'ਏਕ: ਦ ਪਾਵਰ ਆਫ਼ ਵੰਨ' ਹਿੰਦੀ ਫ਼ਿਲਮਾਂ ਸਮੇਤ 'ਮਾਹੌਲ ਠੀਕ ਹੈ', 'ਜੀਜਾ ਜੀ', 'ਨਲਾਇਕ', 'ਚੱਕ ਦੇ ਫੱਟੇ', 'ਪਾਵਰ ਕੱਟ' ਸਮੇਤ ਕਈ ਹੋਰ ਪੰਜਾਬੀ ਫ਼ਿਲਮਾਂ ਵਿਚ ਕੰਮ ਕਰਨ ਵਾਲੇ ਜਸਪਾਲ ਭੱਟੀ ਨੇ 'ਉਲਟਾ ਪੁਲਟਾ', 'ਫ਼ਲਾਪ ਸ਼ੋਅ', 'ਫੁੱਲ ਟੈਨਸ਼ਨ', 'ਥੈਂਕ ਯੂ ਜੀਜਾ ਜੀ', 'ਹਾਏ ਜ਼ਿੰਦਗੀ, ਬਾਏ ਜ਼ਿੰਦਗੀ' ਵਿਚ ਆਪਣੀ ਦਮਦਾਰ ਅਦਾਕਾਰੀ ਦਾ ਅਜਿਹਾ ਜਲਵਾ ਦਿਖਾਇਆ ਕਿ ਗ਼ੈਰ ਪੰਜਾਬੀਆਂ ਨੂੰ ਵੀ ਉਸ ਦੇ ਸਰੂਪ ਅਤੇ ਅਦਾਇਗੀ 'ਤੇ ਬੇਹੱਦ ਮਾਣ ਹੋਇਆ।

1955 ਦੀ 3 ਮਾਰਚ ਨੂੰ ਜਨਮੇ ਭੱਟੀ ਦੀ ਆਖਰੀ ਫ਼ਿਲਮ 'ਪਾਵਰ ਕੱਟ' ਨੂੰ ਦੇਖਣ ਸਿਨੇਮਾ ਘਰਾਂ ਵਿਚ ਗਏ ਲੋਕਾਂ ਦੀਆਂ ਗਿੱਲੀਆਂ ਅੱਖਾਂ ਇਸ ਗੱਲ ਦੀਆਂ ਗਵਾਹ ਬਣੀਆਂ ਕਿ ਉਹ ਆਮ ਲੋਕਾਂ ਲਈ ਕਲਾਕਾਰ ਨਹੀਂ, ਸਗੋਂ ਘਰ ਦਾ ਮੈਂਬਰ ਹੀ ਸੀ। 'ਪਾਵਰ ਕੱਟ' ਦੀ ਪ੍ਰਮੋਸ਼ਨ ਮੌਕੇ ਮੌਤ ਤੋਂ ਇੱਕ ਦਿਨ ਪਹਿਲਾਂ ਉਹ ਆਪਣੇ ਪੁੱਤਰ ਜਸਰਾਜ ਭੱਟੀ, ਫ਼ਿਲਮ ਦੀ ਹੀਰੋਇਨ ਤੇ ਮੈਨੇਜਰ ਨਾਲ ਬਠਿੰਡੇ ਪ੍ਰਮੋਸ਼ਨ ਕਰਨ ਲਈ ਪਹੁੰਚਿਆ। ਭੱਟੀ ਦਾ ਤਰਕ ਸੀ ਕਿ ਸਾਡੀ ਫ਼ਿਲਮ ਬਿਜਲੀ ਨਾਲ ਜੁੜੀਆਂ ਸਮੱਸਿਆਵਾਂ 'ਤੇ ਆਧਾਰਤ ਹੈ, ਏਸੇ ਕਰਕੇ ਉਹ ਥਰਮਲ ਪਲਾਂਟ ਨੂੰ ਮੱਥਾ ਟੇਕਣ ਆਏ ਨੇ ਕਿ ਇਹ ਗਰਮੀਆਂ ਦੇ ਮਹੀਨਿਆਂ ਵਿਚ ਲੋਕਾਂ 'ਤੇ ਕ੍ਰਿਪਾ ਕਰਿਆ ਕਰੇ, ਕਿਉਂਕਿ ਲੋਕਾਂ ਨੂੰ ਰੱਬ ਨਾਲੋਂ ਵੱਧ ਯਕੀਨ ਗਰਮੀਆਂ ਮੌਕੇ ਇਹਦੇ 'ਤੇ ਹੀ ਹੁੰਦਾ ਏ।

ਦੁਸਹਿਰੇ ਵਾਲਾ ਦਿਨ ਹੋਣ ਕਰਕੇ ਭੱਟੀ ਆਪਣੀ ਟੀਮ ਸਮੇਤ ਇੱਕ-ਦੋ ਉਨ੍ਹਾਂ ਥਾਂਵਾਂ 'ਤੇ ਗਿਆ, ਜਿੱਥੇ ਦੁਸਹਿਰਾ ਮਨਾਇਆ ਜਾ ਰਿਹਾ ਸੀ ਤੇ ਬਿਨਾਂ ਕੋਈ ਅਗਾਊਂ ਸੂਚਨਾ ਦਿੱਤਿਆਂ ਜਦੋਂ ਭੱਟੀ ਅਚਾਨਕ ਭੀੜ ਮੂਹਰੇ ਆਇਆ ਤਾਂ ਲੋਕਾਂ ਦਾ ਉਤਸ਼ਾਹ ਦੇਖਣ ਵਾਲਾ ਸੀ। ਸਭ ਨੂੰ ਹੈਰਾਨ ਕਰਕੇ ਜਦੋਂ ਉਹ ਅਗਲੇ ਦਿਨ ਜਲੰਧਰ ਪ੍ਰੈਸ ਕਾਨਫਰੰਸ ਕਰਨ ਲਈ ਅੱਧੀ ਰਾਤ ਤੋਂ ਬਾਅਦ ਟੀਮ ਸਮੇਤ ਸਫ਼ਰ ਕਰ ਰਿਹਾ ਸੀ ਤਾਂ ਹਾਦਸੇ ਨੇ ਭੱਟੀ ਦੀ ਜਾਨ ਲੈ ਲਈ।

ਭੱਟੀ ਸਾਡੇ ਦਰਮਿਆਨ ਨਹੀਂ ਰਿਹਾ, ਪਰ ਉਸ ਦੀਆਂ ਯਾਦਾਂ ਸਦਾ ਸਾਡੇ ਅੰਗ-ਸੰਗ ਰਹਿਣਗੀਆਂ। ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਉਭਾਰਨ ਵਾਲੀ ਉਸ ਦੀ ਅਦਾ ਨੂੰ ਕਦੇ ਨਹੀਂ ਭੁੱਲਿਆ ਜਾ ਸਕੇਗਾ। ਭੱਟੀ ਸਿਰਫ਼ ਪੰਜਾਬ ਦਾ ਨਹੀਂ, ਸਗੋਂ ਦੁਨੀਆਂ ਦੇ ਕੋਨੇ-ਕੋਨੇ ਵਿਚ ਵਸਦੇ ਪੰਜਾਬੀਆਂ ਤੇ ਗ਼ੈਰ ਪੰਜਾਬੀਆਂ ਦਾ ਵੀ ਮਾਣ ਸੀ। ਉਮੀਦ ਹੈ, ਪੁੱਤਰ ਜਸਰਾਜ ਭੱਟੀ ਆਪਣੇ ਪਿਤਾ ਦੀ ਕਲਾ ਨੂੰ ਹੋਰ ਅੱਗੇ ਲਿਜਾਣ ਦੀ ਕੋਸ਼ਿਸ਼ ਕਰੇਗਾ, ਪਤਨੀ ਸਵਿਤਾ ਭੱਟੀ ਤੇ ਧੀ ਇਸ ਗ਼ਮ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨਗੀਆਂ ਤਾਂ ਹੀ ਜ਼ਿੰਦਗੀ ਦਾ ਅਗਲੇਰਾ ਸਫ਼ਰ ਤੈਅ ਹੋ ਸਕੇਗਾ।

# ਪਿਛਲੀ ਅੱਧੀ ਸਦੀ ਦਾ ਸੈਨਿਕ ਤੇ ਰਾਜਨੀਤਕ ਸ਼ੀਸ਼ਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤ-ਚੀਨ ਜੰਗ ਦੇ ਪੰਜਾਹ ਸਾਲ ਪੂਰੇ ਹੋਣ ਉਤੇ ਉਸ ਜੰਗ ਤੋਂ ਸਿੱਖੇ ਸਬਕਾਂ ਦੇ ਸਮਾਚਾਰ ਮੈਨੂੰ ਸੇਵਾ ਮੁਕਤ ਬ੍ਰਿਗੇਡੀਅਰ ਕੁਲਦੀਪ ਸਿੰਘ ਬਰਾੜ ਦੀ ਸਵੈ ਜੀਵਨੀ ਵਿਚ ਲੈ ਵੜੇ ਹਨ। ਵਸ਼ਿਸ਼ਟ ਸੇਵਾ ਮੈਡਲ ਪ੍ਰਾਪਤ ਬ੍ਰਿਗੇਡੀਅਰ ਬਰਾੜ ਉਸ ਸਮੇਂ ਲੋਹਿਤ ਵਾਦੀ ਦੀ 13000 ਫੁਟ ਤੋਂ ਵੀ ਉਚੀ ਤ੍ਰੈ-ਜੰਕਸ਼ਨ ਟੀਸੀ ਉਤੇ ਤਾਇਨਾਤ ਸੀ ਤੇ ਉਸ ਦੇ ਹਿੱਸੇ ਚੀਨ ਦੇ ਕਬਜ਼ੇ ਵਿਚ ਆਈਆਂ ਪੀਲੀ ਟੀਸੀ ਤੇ ਹਰੀ ਟੀਸੀ ਨਾਂ ਦੀਆਂ ਪਹਾੜੀਆਂ ਨੂੰ ਜਿੱਤਣਾ ਸੀ। ਭਾਰਤ ਕੋਲ ਚੀਨੀ ਮਸ਼ੀਨ ਗੰਨਾਂ ਦਾ ਟਾਕਰਾ ਕਰਨ ਲਈ ਲੋੜੀਂਦੇ ਹਥਿਆਰ ਨਹੀਂ ਸਨ। ਬਰਾੜ ਇਸ ਲੜਾਈ ਵਿਚ ਸੂਬੇਦਾਰ ਰਤਨ ਚੰਦ ਅਤੇ ਡਾਕਟਰੀ ਪਲਟਨ ਦੇ ਮੁਖੀ ਲੈਫਟੀਨੈਂਟ ਸੂਬਾ ਦੀ ਲਾਸਾਨੀ ਸ਼ਹਾਦਤ ਦਾ ਚਸ਼ਮਦੀਦ ਗਵਾਹ ਹੈ। ਉਸ ਤੋਂ ਦੋ ਮਹੀਨੇ ਪਿੱਛੋਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਲੱਭਣ ਤੇ ਉਨ੍ਹਾਂ ਦਾ ਸਸਕਾਰ ਕਰਾਉਣ ਵਾਲਾ ਵੀ ਬਰਾੜ ਹੀ ਸੀ। ਇਸ ਲੜਾਈ ਵਿਚ ਉਸ ਦੀ 4 ਡੋਗਰਾ ਰਜਮੈਂਟ ਦੀ ਬੀ ਤੇ ਡੀ ਕੰਪਨੀਆਂ ਦੇ ਅੱਧੇ ਤੋਂ ਵੱਧ ਸੈਨਿਕ ਸ਼ਹੀਦੀਆਂ ਪਾ ਗਏ ਸਨ। ਭਾਰਤੀ ਸੈਨਾ ਦੇ ਬਹਾਦਰ ਸਿਪਾਹੀ ਕੇਵਲ ਸਿੰਘ ਦੀ ਦਲੇਰੀ ਅਤੇ ਸ਼ਹੀਦੀ ਉਤੇ ਫੁੱਲ ਚੜ੍ਹਾਉਣ ਵਾਲਾ ਵੀ ਉਹੀਓ ਸੀ ਤੇ ਜ਼ਖਮੀ ਹੋਏ ਨਾਇਕ ਧਰਮ ਸਿੰਘ ਦੀ ਪੀੜਾ ਨੂੰ ਬਿਆਨ ਕਰਨ ਵਾਲਾ ਵੀ। ਇਹ ਸਵੈਜੀਵਨੀ ਹਿੰਦੀ-ਚੀਨੀ ਭਾਈ-ਭਾਈ ਦੇ ਅਹਿੰਸਕ ਸੰਕਲਪ ਉਤੇ ਵੀ ਤਿੱਖੀ ਟਿੱਪਣੀ ਕਰਦੀ ਹੈ ਤੇ ਉਸ ਸਮੇਂ ਦੀ ਰਾਜਨੀਤਕ ਸੋਚ ਉਤੇ ਵੀ ਜਿਹੜੀ ਚੀਨ ਤੇ ਪਾਕਿਸਤਾਨ ਦੀਆਂ ਚਾਲਾਂ ਨਹੀਂ ਸੀ ਪਛਾਣਦੀ। ਪੁਸਤਕ ਵਿਚ ਉਨ੍ਹਾਂ ਸੈਨਿਕ ਅਧਿਕਾਰੀਆਂ ਉਤੇ ਕੱਸੀ ਗਈ ਟਿਪਣੀ ਵੀ ਘੱਟ ਕਰਾਰੀ ਨਹੀਂ ਜਿਹੜੇ ਮਾਨਿਕਸ਼ਾਅ ਵਰਗੀ ਦਿੱਬ ਦ੍ਰਿਸ਼ਟੀ ਤੇ ਸਾਫ਼ ਗੋਈ ਦੇ ਮਾਲਕ ਨਹੀਂ ਸਨ।

ਭਾਵੇਂ ਬਰਾੜ ਨੇ ਆਪਣੇ ਸੈਨਿਕ ਜੀਵਨ ਵਿਚ ਨਾਗਾ ਵਿਦਰੋਹੀਆਂ ਨਾਲ ਵੀ ਆਢਾ ਲਿਆ ਤੇ ਰਾਜਸਥਾਨ ਵਿਖੇ ਚਾਰ ਸਿਤਾਰਾ ਵਿਚ ਵੀ ਤਾਇਨਾਤ ਰਿਹਾ ਪਰ ਉਸ ਵਲੋਂ ਬਿਆਨ ਕੀਤੇ 1971 ਦੀ ਭਾਰਤ-ਪਾਕਿ ਜੰਗ ਦੇ ਬ੍ਰਿਤਾਂਤ ਪੜ੍ਹਨ ਵਾਲੇ ਹਨ। ਖਾਸ ਕਰਕੇ ਗੋਰਖਾ ਸੈਨਿਕਾਂ ਦੀ ਬਹਾਦਰੀ ਦੇ ਕਿੱਸੇ ਜਿਹੜੇ ਜੈ ਦੁਰਗਾ, ਜੈ ਗੋਰਖਾ ਦਾ ਨਾਅਰਾ ਲਾ ਕੇ ਗੋਰਖਾਲੀ ਧਾਵਾ ਬੋਲਦੇ ਸਨ ਤੇ ਮਲੀਆਂ ਮਾਰ ਕੇ ਪਰਤਦੇ ਸਨ।

ਦੇਸ਼ ਵੰਡ ਤੋਂ ਪਹਿਲਾਂ ਦੂਜੇ ਸੰਸਾਰ ਯੁੱਧ ਸਮੇਂ ਮਲਾਇਆ ਦੇ ਪਬਲਿਕ ਸਕੂਲਾਂ ਵਿਚ ਪੜ੍ਹਿਆ ਤੇ ਦੇਸ਼ ਵੰਡ ਦੇ ਕਤਲ ਏ ਆਮ ਵਿਚੋਂ ਲੰਘਿਆ ਕੁਲਦੀਪ ਸਿੰਘ ਬਰਾੜ ਆਪਣੇ ਬਿਰਤਾਂਤ ਨੂੰ ਸਿੰਗਾਂ ਤੋਂ ਫੜਨਾ ਵੀ ਜਾਣਦਾ ਹੈ ਤੇ ਲੋੜ ਪੈਣ ਉਤੇ ਨੱਥ ਪਾਉਣਾ ਵੀ। ਇਸ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਢਿੱਲੋਂ-ਸਹਿਗਲ-ਸ਼ਾਹਨਵਾਜ਼ ਦੇ ਬੋਲ ਹੀ ਨਹੀਂ ਮਿਲਦੇ ਪੰਡਿਤ ਨਹਿਰੂ ਦੀ ਹਰਮਨ ਪਿਆਰਤਾ ਦੇ ਕਿੱਸੇ ਵੀ ਹਨ।

ਜਿਵੇਂ ਜੰਮੂ ਖੇਤਰ ਵਿਚ ਨਾਓਸ਼ਹਿਰਾ ਦੀ ਕਮਾਂਡ ਸਾਂਭਣ ਉਪਰੰਤ ਕੁਲਦੀਪ ਸਿੰਘ ਬਰਾੜ ਨੇ ਇੰਦਰਾ ਕਤਲ ਕਾਂਡ ਸਮੇਂ ਸੈਨਾ ਤੇ ਖੇਤਰ ਦੇ ਵਸਨੀਕਾਂ ਨੂੰ ਸ਼ਾਂਤ ਰੱਖਣ ਦੀ ਜ਼ਿੰਮੇਵਾਰੀ ਨਿਭਾਈ ਉਹ ਉਸ ਦੀ ਧਰਮ ਨਿਰਪਖ ਸੋਚ ਉਤੇ ਮੋਹਰ ਲਾਉਂਦੀ ਹੈ। ਸੈਨਾ ਤੋਂ ਸੇਵਾ ਮੁਕਤੀ ਉਪਰੰਤ ਪੰਜਾਬ ਦੇ ਕਾਲੇ ਦਿਨਾਂ ਵਿਚ ਜਦੋਂ ਉਸ ਦੇ ਜ਼ਿੰਮੇ ਗੁਮਰਾਹ ਹੋ ਰਹੇ ਯੁਵਕਾਂ ਨੂੰ ਸਵੈ-ਰੁਜ਼ਗਾਰ ਦੀ ਸਿਖਲਾਈ ਦੇਣ ਲਈ ਚੁਣਿਆ ਗਿਆ ਤਾਂ ਉਸ ਨੇ ਕਪੂਰਥਲਾ ਦੇ ਥੇਹ ਕਾਂਜਲਾ ਕਲੱਰ ਵਣ ਵਿਭਾਗ ਦੀ ਅਗਵਾਈ ਹੇਠ ਹਰਿਆ ਭਰਿਆ ਵੀ ਕੀਤਾ ਤੇ ਹਜ਼ਾਰਾਂ ਯੁਵਕਾਂ ਨੂੰ 'ਘਾਲਿ ਖਾਇ ਕਿਛੁ ਹਥਹੁ ਦੇਹਿ' ਦੇ ਮਾਰਗ ਉਤੇ ਵੀ ਤੋਰਿਆ। ਸ਼ਹਿਦ ਦੀਆਂ ਮੱਖੀਆਂ, ਸੂਰ, ਮੱਛੀ ਤੇ ਮੁਰਗੀ ਪਾਲਣ ਲਈ ਤਿਆਰ ਕੀਤੇ ਯੁਵਕ ਉਸ ਨੂੰ ਅੱਜ ਵੀ ਮਿਲਦੇ ਹਨ ਤਾਂ ਉਸ ਦੇ ਗੁਣ ਗਾਉਂਦੇ ਹਨ।

ਬ੍ਰਿਗੇਡੀਅਰ ਬਰਾੜ ਦੀ ਸਵੈ ਜੀਵਨੀ 'ਥਰੂ ਵਾਰਜ਼ ਐਂਡ ਇਨਸਰਜੈਂਸੀ' (ਪੈਂਟੇਗਾਨ ਪ੍ਰੈਸ ਨਵੀਂ ਦਿੱਲੀ) ਪਿਛਲੀ ਅੱਧੀ ਸਦੀ ਦੇ ਰਾਜਨੀਤਕ ਤੇ ਸੈਨਿਕ ਜੀਵਨ ਦਾ ਸ਼ੀਸ਼ਾ ਹੈ।

### ਮਖੌਲੀਆ ਸ਼ਿਖਸ਼ਾ ਦਾ ਸਰਦਾਰ ਜਸਪਾਲ ਭੱਟੀ

1985 ਵਿਚ ਮੈਂ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸੰਭਾਲੀ ਤਾਂ ਇੱਕ ਦਿਨ ਅਚਾਨਕ ਹੀ ਦਸਤਕ ਦੇ ਕੇ ਜਸਪਾਲ ਭੱਟੀ ਆ ਵੜਿਆ। 'ਕੀ ਹਾਲ ਹੈ' ਦਾ ਉਤਰ 'ਹਾਲ ਤਾਂ ਠੀਕ ਹੈ ਮਾਹੌਲ ਠੀਕ ਨਹੀਂ' ਦੇ ਕੇ ਉਹ ਮੇਰੇ ਸਾਹਮਣੇ ਬਹਿ ਗਿਆ। ਮਾਹੌਲ ਦੀ ਖਰਾਬੀ ਦਾ ਕਾਰਨ ਉਸ ਦੇ ਹੱਥ ਵਿਚ ਫੜਿਆ ਉਹ ਕਾਰਟੂਨ ਸੀ ਜਿਹੜਾ ਅੰਗ੍ਰੇਜ਼ੀ ਟ੍ਰਿਬਿਊਨ ਵਾਲਿਆਂ ਨੂੰ ਸਮਝ ਨਹੀਂ ਸੀ ਆਇਆ ਤੇ ਉਨ੍ਹਾਂ ਨੇ ਪ੍ਰਵਾਨ ਨਹੀਂ ਸੀ ਕੀਤਾ। ਮੈਂ ਕਾਰਟੂਨ ਦੇਖਣ ਪਿਛੋਂ ਪ੍ਰਵਾਨਗੀ ਦਾ ਇਸ਼ਾਰਾ ਕਰਕੇ ਆਖਿਆ 'ਹੁਣ?' ਤਾਂ ਉਸ ਦਾ ਉਤਰ ਸੀ 'ਮਾਹੌਲ ਠੀਕ ਹੈ।'

ਉਹ ਮੇਰੇ ਨਾਲੋਂ ਵੀ ਵੀਹ ਸਾਲ ਛੋਟਾ ਸੀ-ਆਗਿਆਕਾਰ, ਮਿਲਣਸਾਰ ਤੇ ਹਸਮੁੱਖ। ਉਹ ਜਦੋਂ ਵੀ ਮਿਲਦਾ, ਮੈਂ ਉਸਦਾ ਹਾਲ ਪੁਛਣ ਦੀ ਥਾਂ ਮਾਹੌਲ ਬਾਰੇ ਪੁਛਦਾ ਜਿਹੜਾ ਸਦਾ ਹੀ ਠੀਕ ਹੁੰਦਾ। ਦਫਤਰ, ਗਲੀ ਬਾਜ਼ਾਰ ਤੇ ਪ੍ਰੈਸ ਕਲੱਬ। ਹਰ ਥਾਂ। ਛੇਤੀ ਹੀ ਉਸ ਨੇ ਕਾਰਟੂਨ ਬਣਾਉਣੇ ਛੱਡ ਕੇ 'ਮਾਹੌਲ ਠੀਕ ਹੈ' ਨਾਂ ਦੀ ਫਿਲਮ ਵੀ ਬਣਾਈ। ਅਫ਼ਸਰਸ਼ਾਹੀ, ਭ੍ਰਿਸ਼ਟਾਚਾਰ, ਨਿਘਰਦਾ ਸਭਿਆਚਾਰ ਉਹ ਕਿਸੇ ਵੀ ਪੱਖ ਉਤੇ ਵਿਅੰਗ ਕਸਦਾ, ਉਸ ਦੀ ਦਲੇਰੀ ਦੀਆਂ ਧੁੰਮਾਂ ਪੈ ਜਾਂਦੀਆਂ। 'ਉਲਟਾ ਪੁਲਟਾ', 'ਫੁੱਲ ਟੈਨਸ਼ਨ', 'ਪ੍ਰੋਫੈਸਰ ਮਨੀਪਲਾਂਟ', 'ਜੀਜਾ ਜੀ', 'ਚੱਕ ਦੇ ਫੱਟੇ', ਤੇ 'ਮੈਡ ਆਰਟਸ' ਉਸ ਦਾ ਹਰ ਅਮਲ ਅਰਥ ਭਰਪੂਰ ਹੁੰਦਾ। ਰਾਸ਼ਟਰੀ ਜਾਨਵਰਾਂ ਦੀ ਘਟਦੀ ਸੰਖਿਆ, ਭਰੂਣ ਹੱਤਿਆ, ਪਟਰੌਲ ਦੀਆਂ ਕੀਮਤਾਂ, ਗੰਢਿਆਂ ਦਾ ਭਾਅ ਉਹਦੇ ਲਈ ਕੋਈ ਵਿਸ਼ਾ ਅਛੋਹ ਨਹੀਂ ਸੀ। ਅਸੀਂ ਜਦੋਂ ਵੀ ਮਿਲਦੇ, ਮੈਂ ਉਸਨੂੰ 'ਮਾਹੌਲ ਠੀਕ ਹੈ' ਦੀ ਸ਼ਾਬਾਸ਼ ਦਿੰਦਾ।

ਕੱਲ੍ਹ ਮੈਂ ਭਾਰਤੀ ਸਾਹਿਤ ਅਕਾਡਮੀ ਦੇ ਪ੍ਰਧਾਨ ਸੁਨੀਲ ਗੰਗੋਪਾਧਿਆਇ ਦੇ ਅਚਾਨਕ ਚਲਾਣੇ ਦਾ ਸੋਗ ਮਨਾ ਰਿਹਾ ਸੀ ਕਿ ਜਸਪਾਲ ਭੱਟੀ ਦੇ ਤੁਰ ਜਾਣ ਦੀ ਖਬਰ ਸਾਰੇ ਮਾਹੌਲ ਨੂੰ ਉਲਟਾ-ਪੁਲਟਾ ਕਰ ਗਈ। ਮੈਥੋਂ ਵੀਹ ਸਾਲ ਛੋਟਾ ਭੱਟੀ ਕਈ ਵੀਹਾਂ ਵਰ੍ਹੇ ਵੱਡਾ ਹੋ ਕੇ ਅਲੋਪ ਹੋ ਗਿਆ ਹੈ। ਮੈਨੂੰ ਉਸ ਦੀ ਤੇਜ਼ ਰਫਤਾਰੀ ਨੇ ਸਦਾ ਹੀ ਕਾਇਲ ਕੀਤਾ ਹੈ ਪਰ ਇਹ ਵਾਲਾ ਕਦਮ ਪੁੱਟਣ ਵਿਚ ਉਹ ਕੁਝ ਬਹੁਤੀ ਹੀ ਤੇਜ਼ੀ ਵਰਤ ਗਿਆ ਹੈ। ਇਸ ਦਾ ਮੈਨੂੰ ਦਿਲੋਂ ਦੁੱਖ ਹੈ। ਆਮੀਨ!

**ਅੰਤਿਕਾ:** ਕਿਰਪਾਲ ਸਿੰਘ ਯੋਗੀ
ਖਾਣ ਨੂੰ ਮਿਲਦੇ ਨੇ ਗਮ
ਤੇ ਪੀਣ ਨੂੰ ਅੱਥਰੂ ਬੜੇ,
ਫਿਰ ਵੀ ਹਰ ਬੰਦਾ ਤਿਰਾ
ਤੇਰਾ ਹੀ ਬੱਸ ਮਸ਼ਕੂਰ ਹੈ।

# ਭਾਰਤੀ ਸੈਨਾਵਾਂ ਦੇ ਆਧੁਨਿਕੀਕਰਨ ਨੂੰ ਅਮਰੀਕਾ ਦੀ ਹੱਲਾਸ਼ੇਰੀ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤੀ ਜਲ ਤੇ ਥਲ ਸੈਨਾ ਦੇ ਆਧੁਨਿਕੀਕਰਨ ਦੇ ਯਤਨਾਂ ਦੀ ਜ਼ੋਰਦਾਰ ਹਮਾਇਤ ਕੀਤੀ ਹੈ। ਅਮਰੀਕਾ ਨੇ ਭਾਰਤ ਦੇ ਇਨ੍ਹਾਂ ਯਤਨਾਂ ਨੂੰ ਚੰਗਾ ਨਿਵੇਸ਼ ਕਰਾਰ ਦਿੱਤਾ ਹੈ ਕਿਉਂਕਿ ਨਵੀਂ ਦਿੱਲੀ ਏਸ਼ੀਆ ਪ੍ਰਸ਼ਾਂਤ 'ਚ ਸਥਿਰਤਾ ਲਈ ਤੇ ਵਿਸ਼ਵ ਭਰ ਵਿਚ ਅਮਨ ਸੈਨਾਵਾਂ ਵਿਚ ਆਪਣੀ ਫ਼ੌਜ ਭੇਜਦੀ ਰਹੀ ਹੈ।

ਅਮਰੀਕੀ ਉਪ ਵਿਦੇਸ਼ ਮੰਤਰੀ ਵਿਲੀਅਮ ਬਰਨਜ਼ ਨੇ ਕਿਹਾ ਕਿ ਯਕੀਨਨ ਹੀ ਅਮਰੀਕਾ ਦੀ ਏਸ਼ੀਅਨ ਪ੍ਰਸ਼ਾਂਤ ਖਿੱਤੇ ਵਿਚ ਸਥਿਰਤਾ ਤੇ ਸੁਰੱਖਿਆ 'ਚ ਰੁਚੀ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਤੋਂ ਭਾਰਤ ਵੱਡੇ ਪੱਧਰ 'ਤੇ ਫ਼ੌਜੀ ਤਕਨਾਲੋਜੀ ਤੇ ਹਥਿਆਰ ਲੈਂਦਾ ਹੈ। ਇਸ ਕਰਕੇ ਵਾਸ਼ਿੰਗਟਨ ਦੀ ਭਾਰਤੀ ਸੈਨਾਵਾਂ ਦੇ ਆਧੁਨਿਕੀਕਰਨ 'ਚ ਰੁਚੀ ਤੇ ਹਮਾਇਤ ਇਸ ਮੁਲਕ ਨੂੰ ਵੱਡੀ ਮੰਡੀ ਵਜੋਂ ਹੀ ਵਰਤਣ ਦੀਆਂ ਭਵਿੱਖ ਮੁਖੀ ਯੋਜਨਾਵਾਂ ਤਹਿਤ ਹੈ। ਉਨ੍ਹਾਂ ਨੇ ਸੈਂਟਰ ਫਾਰ ਅਮੈਰੀਕਨ ਪ੍ਰੋਗਰਾਮ 'ਚ 'ਬਦਲ ਰਹੇ ਵਿਸ਼ਵ 'ਚ ਭਾਰਤ ਤੇ ਅਮਰੀਕਾ ਦੇ ਜੀਵਨ ਸਬੰਧ' ਵਿਸ਼ੇ 'ਤੇ ਭਾਸ਼ਣ ਦਿੱਤਾ ਸੀ। ਬਰਨਜ਼ ਵੱਲੋਂ ਭਾਰਤੀ ਸੈਨਾਵਾਂ ਦੇ ਆਧੁਨਿਕੀਕਰਨ ਦਾ ਸਮਰਥਨ ਇਸ ਪੱਖੋਂ ਵੀ ਅਹਿਮ ਬਿਆਨ ਹੈ ਕਿਉਂਕਿ ਹਾਲ ਹੀ 'ਚ ਅਮਰੀਕਾ ਨੇ ਚੀਨੀ ਫੌਜ ਦੇ ਆਧੁਨਿਕੀਕਰਨ 'ਤੇ ਚਿੰਤਾ ਪ੍ਰਗਟਾਈ ਸੀ। ਇਸ ਫਿਕਰਮੰਦੀ ਦੇ ਨਾਲ ਹੀ ਅਮਰੀਕਾ ਨੇ ਚੀਨ ਵੱਲੋਂ ਵਧੇਰੇ ਪਾਰਦਰਸ਼ਤਾ ਵਰਤੇ ਜਾਣ ਦੀ ਮੰਗ ਕੀਤੀ ਸੀ। ਸ੍ਰੀ ਬਰਨਜ਼ ਨੇ ਕਿਹਾ ਕਿ ਇਹ ਭਾਵੇਂ ਚੀਨ ਹੋਵੇ ਭਾਰਤ ਜਾਂ ਅਮਰੀਕਾ, ਅਗਲੇ ਕੁਝ ਸਾਲਾਂ ਵੱਲ ਨਜ਼ਰ ਮਾਰੀਏ ਤਾਂ ਸਪਸ਼ਟ ਹੈ ਕਿ ਸਾਡੀਆਂ ਸਭ ਦੀਆਂ ਆਰਥਿਕ ਆਧੁਨਿਕੀਕਰਨ ਦੇ ਪੱਖੋਂ ਜ਼ਰੂਰ ਹੀ ਕੁਝ ਘਰੇਲੂ ਤਰਜੀਹਾਂ ਹੋਣਗੀਆਂ ਤੇ ਇਸੇ ਕਰਕੇ ਸਥਿਰ ਬਾਹਰੀ ਹਾਲਾਤ 'ਚ ਸਾਡੀ ਸਾਂਝੀ ਰੁਚੀ ਹੋਣੀ ਬਣਦੀ ਹੈ।

**ਰੰਗ-ਬੇਰੰਗ**

# 'ਪੰਜਾਬੀ ਟ੍ਰਿਬਿਊਨ' ਵਿਚ ਪਹਿਲ ਤਾਜ਼ਗੀ ਬਚ ਨਾ ਸਕੀ

*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

'ਪੰਜਾਬੀ ਟ੍ਰਿਬਿਊਨ' ਦੇ ਸ਼ੁਰੂਆਤੀ ਵਰ੍ਹਿਆਂ ਦੌਰਾਨ ਸਟਾਫ ਮੈਂਬਰਾਂ ਦਾ ਆਪਸ ਵਿਚ ਬੜੇ ਸਨੇਹ ਅਤੇ ਅਪਣੱਤ ਦਾ ਰਿਸ਼ਤਾ ਸੀ। ਗੁਰਦਿਆਲ ਬੱਲ ਨੇ ਅਕਸਰ ਕਹਿਣਾ, ਜਾਪਦੈ ਜਿਵੇਂ ਪਿਛਲੇ ਜਨਮਾਂ ਤੋਂ ਵਿਛੜੇ ਇਕੋ ਟੱਬਰ ਦੇ ਜੀਅ ਕਿਸੇ ਮੇਲੇ ਵਿਚ ਅਚਾਨਕ ਇਕੱਠੇ ਹੋ ਗਏ ਹੋਣ। ਸੱਚਮੁਚ ਸ਼ੁਰੂਆਤੀ ਦਿਨਾਂ ਵਿਚ ਆਪਸੀ ਪ੍ਰੇਮ ਹੈ ਵੀ ਬਹੁਤ ਸੀ। ਬਹੁਤੇ ਸਟਾਫ ਮੈਂਬਰਾਂ ਦੀ

**ਅਮੋਲਕ ਸਿੰਘ ਜੰਮੂ**
ਫੋਨ: 847-359-0746

ਵਿਚਾਰਧਾਰਕ ਪਿਛੋਕੜ ਦੀ ਵੀ ਸਾਂਝ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਬੁਤਾਲਾ ਕਸਬੇ ਦੇ ਨਜਦੀਕ ਪਿੰਡ ਕੰਮੋਕੇ ਦਾ ਜੰਮਪਲ ਬੱਲ ਆਪ 1965-67 ਦੌਰਾਨ ਸਠਿਆਲੇ ਕਾਲਜ ਪੜ੍ਹਦਾ ਰਿਹਾ ਸੀ, ਜੋ ਕਿ ਉਨ੍ਹੀਂ ਦਿਨੀਂ ਮਾਰਕਸੀ ਵਿਚਾਰਾਂ ਵਾਲੇ ਵਿਦਿਆਰਥੀਆਂ ਦਾ ਗੜ੍ਹ ਸੀ। ਜਗਤਾਰ ਸਿੰਘ ਸਿੱਧੂ 'ਪੰਜਾਬੀ ਟ੍ਰਿਬਿਊਨ' 'ਚ ਆਉਣ ਤੋਂ ਪਹਿਲਾਂ ਕਈ ਸਾਲ ਗੌਰਮਿੰਟ ਕਾਲਜ, ਲੁਧਿਆਣੇ ਸੀ.ਪੀ.ਆਈ. ਨਾਲ ਸਬੰਧਤ ਵਿਦਿਆਰਥੀ ਫੈਡਰੇਸ਼ਨ ਦਾ ਪ੍ਰਧਾਨ ਰਿਹਾ ਸੀ। ਦਲਜੀਤ ਸਿੰਘ ਸਰਾਂ ਐਮਰਜੈਂਸੀ ਦੇ ਵਰ੍ਹਿਆਂ ਦੌਰਾਨ ਪੰਜਾਬੀ



*ਬਰਜਿੰਦਰ ਸਿੰਘ ਹਮਦਰਦ*

ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦਾ ਜਨਰਲ ਸਕੱਤਰ ਰਿਹਾ ਸੀ। ਵਾਈਸ-ਚਾਂਸਲਰ ਕ੍ਰਿਪਾਲ ਸਿੰਘ ਨਾਰੰਗ ਨੇ ਵਿਦਿਆਰਥੀਆਂ ਨਾਲ ਸਬੰਧਤ ਕਿਸੇ ਵੀ ਮਸਲੇ ਤੇ ਦਲਜੀਤ ਨੂੰ ਵਿਸ਼ਵਾਸ ਵਿਚ ਲਏ ਬਗੈਰ ਕੋਈ ਅਹਿਮ ਫੈਸਲਾ ਕਦੀ ਘੱਟ ਵੱਧ ਹੀ ਲਿਆ ਹੋਵੇਗਾ। ਕਰਮਜੀਤ ਭਾਅ ਜੀ ਗੁਰਮਤਿ ਮਾਰਗੀ ਜ਼ਰੂਰ ਸਨ ਪ੍ਰੰਤੂ ਕਾਮਰੇਡੀ ਪਿਛੋਕੜ ਉਨ੍ਹਾਂ ਦਾ ਵੀ ਘੱਟ ਨਹੀਂ ਸੀ। ਸਾਲ 1968 'ਚ ਲੁਧਿਆਣੇ ਤੋਂ ਪੰਜਾਬ ਭਰ ਵਿਚ ਚੱਲੀ ਤੂਫਾਨੀ ਵਿਦਿਆਰਥੀ ਲਹਿਰ ਦੌਰਾਨ ਉਹ ਉਦੋਂ ਦੇ ਉਘੇ ਨਕਸਲੀ ਆਗੂ ਦਰਸ਼ਨ ਬਾਗੀ ਦੀ ਮੁਢਲੀ ਟੀਮ ਦੇ ਮੈਂਬਰ ਸਨ ਅਤੇ ਉਨ੍ਹਾਂ ਨੇ ਕਈ ਦਿਨ ਲੰਮੀ ਭੁੱਖ ਹੜਤਾਲ ਵਿਚ ਵੀ ਹਿੱਸਾ ਲਿਆ ਸੀ। 'ਜਗਤ ਤਮਾਸ਼ਾ' ਵਾਲਾ ਦਲਬੀਰ ਤਾਂ ਆਇਆ ਹੀ ਕਮਿਊਨਿਸਟਾਂ ਦੀ ਅਖਬਾਰ 'ਨਵਾਂ ਜ਼ਮਾਨਾ' ਵਿਚੋਂ ਸੀ ਜਿਥੇ ਉਹ ਉਸਤਾਦਾਂ ਦੇ ਉਸਤਾਦ ਸਮਝੇ ਜਾਂਦੇ ਅਖਬਾਰਨਵੀਸ ਸੁਰਜਣ ਜ਼ੀਰਵੀ ਦੀ ਛਤਰਛਾਇਆ ਹੇਠ ਕੰਮ ਕਰਦਾ ਰਿਹਾ ਸੀ।

ਹਰਭਜਨ ਹਲਵਾਰਵੀ ਬਾਰੇ ਸਭ ਨੂੰ ਪਤਾ ਹੀ ਹੈ। ਪੰਜਾਬ ਵਿਚ ਨਕਸਲੀ ਲਹਿਰ ਦੌਰਾਨ ਉਹ ਰੂਪੋਸ਼ ਹੋ ਗਿਆ ਸੀ ਅਤੇ ਅਗਲੇ ਕਈ ਸਾਲ ਨਕਸਲੀ ਰਿਸਾਲੇ 'ਲੋਕ ਯੁੱਧ' ਦੇ ਛਪਣ-ਛਪਾਉਣ ਦੀ ਜ਼ਿੰਮੇਵਾਰੀ ਉਸੇ ਨੇ ਓਟੀ ਰੱਖੀ ਸੀ। ਸ਼ਮਸ਼ੇਰ ਸੰਧੂ ਖੁਦ ਕਾਮਰੇਡਾਂ ਵਿਚੋਂ ਨਹੀਂ ਸੀ ਪਰ ਪੰਜਾਬ ਦੇ ਚੋਟੀ ਦੇ ਨਕਸਲੀ ਕਵੀ ਪਾਸ਼ ਦਾ ਉਹ ਪਰਮ ਮਿੱਤਰ ਸੀ। ਇਸ ਲਈ ਸੰਭਵ ਨਹੀਂ ਕਿ ਗੋਰਕੀ ਦੀ 'ਮਾਂ' ਤੋਂ ਉਸ ਨੇ ਵੀ ਜੀਵਨ ਦੇ ਕਿਸੇ ਮੋੜ 'ਤੇ ਕੋਈ ਕਾਮਰੇਡੀ ਮੱਤ ਗ੍ਰਹਿਣ ਨਾ ਕੀਤੀ ਹੋਵੇ। ਇਸੇ ਤਰ੍ਹਾਂ ਗੁਰਮਤਿ ਅਧਿਆਪਕ ਰਿਹਾ ਪ੍ਰੋ. ਸ਼ਾਮ ਸਿੰਘ ਖੁਦ ਦੱਸਿਆ ਕਰਦਾ, ਵਿਦਿਆਰਥੀ ਜੀਵਨ ਦੌਰਾਨ ਉਹ ਵੀ ਕਿਸੇ ਤੋਂ ਘੱਟ ਗਰਮ ਨਹੀਂ ਸੀ। ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਮ.ਏ. ਦੀ ਪੜ੍ਹਾਈ ਦੌਰਾਨ ਵਿਦਿਆਰਥੀ ਆਗੂ ਨਰਿੰਜਣ ਸਿੰਘ ਢੇਸੀ ਦਾ ਉਹ ਖਾਸਮਖਾਸ ਸਾਥੀ ਸੀ, ਸਗੋਂ ਕਈ ਵਾਰ ਉਸ ਨੂੰ ਅਗਵਾਈ ਵੀ ਦਿੰਦਾ ਰਿਹਾ ਸੀ।


ਪਰੂਫ ਰੀਡਿੰਗ ਸੈਕਸ਼ਨ ਦਾ ਵੀ ਇਹੋ ਹਾਲ ਸੀ। ਤਰਲੋਚਨ ਸਿੰਘ ਸ਼ੇਰਗਿੱਲ, ਸੁਰਿੰਦਰ ਸਿੰਘ ਅਤੇ ਮੂਹਰਜੀਤ ਸਾਰੇ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚਲੀ ਉਘੀ 'ਮਾਰਕਸੀ ਨਰਸਰੀ' ਵਿਚੋਂ ਆਏ ਸਨ। ਪ੍ਰੇਮ ਗੋਰਖੀ, ਰਾਜਿੰਦਰ ਸੋਢੀ ਅਤੇ ਰਣਜੀਤ ਰਾਹੀ ਦਾ ਪਿਛੋਕੜ ਭਾਵੇਂ ਸਿੱਧੇ ਤੌਰ 'ਤੇ ਕਮਿਊਨਿਸਟ ਨਾ ਵੀ ਹੋਵੇ, ਪਰ ਉਹ ਵੀ ਕਹਾਣੀਕਾਰ ਹੋਣ ਨਾਤੇ ਪ੍ਰਗਤੀਵਾਦ ਲਹਿਰ ਤੋਂ ਡੂੰਘੇ ਪ੍ਰਭਾਵਿਤ ਸਨ। ਇਸ ਲਈ ਇਨ੍ਹਾਂ ਨੂੰ ਵੀ ਕਾਮਰੇਡਾਂ ਵਿਚ ਹੀ ਗਿਣਿਆ ਜਾ ਸਕਦਾ ਸੀ। ਬੱਲ ਤਾਂ ਕਿਹਾ ਕਰਦਾ ਕਿ 'ਪੰਜਾਬੀ ਟ੍ਰਿਬਿਊਨ' ਕਾਹਦੀ ਸ਼ੁਰੂ ਹੋਈ, ਇਹ ਤਾਂ ਕਾਮਰੇਡਾਂ ਦਾ ਇਕ ਤਰ੍ਹਾਂ ਨਾਲ ਲੰਮਾ ਸਕੂਲ ਲੱਗ ਗਿਆ। ਉਸ ਵਾਸਤੇ ਇਹ ਕਿਸੇ ਵੱਡੇ ਰੁਮਾਂਸ ਤੋਂ ਘੱਟ ਨਹੀਂ ਸੀ।

'ਪੰਜਾਬੀ ਟ੍ਰਿਬਿਊਨ' ਦੇ ਇਸ ਕਾਮਰੇਡੀ ਕੋੜਮੇ ਵਿਚ ਮੈਨੂੰ ਲੱਗਦਾ ਇਕੱਲਾ ਮੈਂ ਹੀ ਸਾਂ ਜਿਸ ਦਾ ਮਾਰਕਸੀ ਵਿਚਾਰਧਾਰਾ ਨਾਲ ਕੋਈ ਨੇੜਲਾ ਸਬੰਧ ਨਹੀਂ ਸੀ ਪਰ ਮੁਢਲੇ ਦਿਨਾਂ ਦੌਰਾਨ ਹੀ ਬੱਲ ਦੀ ਸਖਸ਼ੀਅਤ ਮੋਹ ਗਈ ਸੀ ਅਤੇ ਅੱਜ ਤੱਕ ਵੀ ਇਸ ਦਾ ਤਲਿਸਮ ਟੁੱਟਾ ਨਹੀਂ। ਕਰਮਜੀਤ ਭਾਅ ਜੀ ਦਾ ਪ੍ਰਭਾਵ ਕਬੂਲ ਕਰਨ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ। ਇਸ ਤਰ੍ਹਾਂ ਮੈਂ ਵੀ ਇਕ ਤਰ੍ਹਾਂ ਇਸੇ ਕੋੜਮੇ ਦਾ ਅੰਗ ਹੀ ਸਾਂ। ਵਧੀਆ ਜਗ੍ਹਾ ਤੇ ਰੁਜ਼ਗਾਰ ਮਿਲ ਜਾਣਾ ਨਿੱਕੀ ਗੱਲ ਨਹੀਂ ਸੀ ਪਰ ਇਹ ਤਾਂ ਕੋਈ ਵੱਡਾ ਚਮਤਕਾਰ ਹੀ ਸੀ ਕਿ ਰੁਜ਼ਗਾਰ ਵਾਲੀ ਥਾਂ ਤੇ ਸਾਥੀ ਵੀ ਦਿਲਾਂ ਦੇ ਜਾਨੀਆਂ ਵਰਗੇ ਜੁੜ ਗਏ ਸਨ।

ਗੁਰਦਿਆਲ ਬੱਲ ਬਾਰੇ ਪਾਠਕਾਂ ਨੂੰ ਇੰਨਾ ਕੁ ਦੱਸ ਦਿਆਂ ਕਿ ਉਹ ਆਪਣੇ ਬਚਪਨ ਤੋਂ ਹੀ ਪੜ੍ਹਨ ਦਾ ਸ਼ੁਕੀਨ ਸੀ ਅਤੇ ਇਹ ਸ਼ੌਕ ਪਿਛੋਂ ਸ਼ੈਦਾਈਪੁਣੇ ਤਕ ਵੀ ਪਹੁੰਚ ਗਿਆ। ਸਾਰਾ ਰੂਸੀ ਕਲਾਸਿਕ ਸਾਹਿਤ ਉਸ ਦਸਵੀਂ-ਗਿਆਰਵੀਂ ਵਿਚ ਹੀ ਪੜ੍ਹ ਲਿਆ ਸੀ। ਅਜ ਵੀ ਕਿਤਾਬਾਂ ਖਰੀਦਣ ਤੇ ਪੜ੍ਹਨ ਦਾ ਇਹ ਸ਼ੁਦਾ ਕਾਇਮ ਹੈ। ਉਹ ਆਪਣਾ ਪਿੰਡ ਛਡ ਕੇ ਜਾਣ ਲਈ ਉਕਾ ਤਿਆਰ ਨਹੀਂ ਸੀ ਤੇ ਘਰਦਿਆਂ ਨੂੰ ਕਿਹਾ ਕਰਦਾ, ਮੈਨੂੰ ਸਿਰਫ ਦੋ ਫੁਲਕੇ ਸਵੇਰੇ ਸ਼ਾਮ ਦੇ ਦਿਆ ਕਰੋ, ਮੈਨੂੰ ਹੋਰ ਕੁਝ ਨਹੀਂ ਚਾਹੀਦਾ। ਕਬੀਲਦਾਰ ਤਾਂ ਉਹ ਉਕਾ ਹੀ ਨਹੀਂ ਸੀ ਬਣਨਾ ਚਾਹੁੰਦਾ ਅਤੇ ਨਾ ਹੀ ਅਜ ਤਕ ਬਣ ਸਕਿਆ ਹੈ। ਵਿਸ਼ਵ ਸਾਹਿਤ ਦੀ ਕਿਸੇ ਪੁਸਤਕ, ਕਿਸੇ ਫਿਲਾਸਫਰ ਦੀ ਗੱਲ ਕਰ ਲਓ, ਤੁਹਾਨੂੰ ਉਹ ਗਿਆਨ ਦਾ ਭੰਡਾਰ ਜਾਪੇਗਾ। ਪੜ੍ਹਨਾ ਤੇ ਦੋਸਤੀਆਂ ਪਾਲਣਾ ਉਸ ਦਾ ਜੀਵਨ ਮਕਸਦ ਹੈ। ਲਿਖਿਆ ਉਸ ਬਹੁਤ ਘੱਟ ਹੈ। ਉਸ ਦੇ ਦੋਸਤ ਕਿਹਾ ਕਰਦੇ ਹਨ ਕਿ ਜੇ ਉਹ ਕਿਧਰੇ ਲਿਖਣ ਵਾਲੇ ਪਾਸੇ ਤੁਰਦਾ ਤਾਂ ਜਿੰਨਾ ਪੰਜਾਬ ਦੀ ਖਾੜਕੂ ਲਹਿਰ ਬਾਰੇ ਅੰਦਰੋ-ਬਾਹਰੋਂ ਉਸ ਨੂੰ ਪਤਾ ਹੈ, ਕੋਈ ਕਮਾਲ ਵੀ ਹੋ ਸਕਦਾ ਸੀ।

ਬੱਲ ਨੇ ਸ਼ੋਸ਼ਿਆਲੋਜੀ ਦੀ ਐਮ.ਏ. 1973 'ਚ ਕੀਤੀ ਸੀ ਅਤੇ ਫਿਰ ਉਸੇ ਵਰ੍ਹੇ ਗਲਤੀ ਨਾਲ ਡਾਕਖਾਨੇ ਵਿਚ ਕਲਰਕੀ ਦੀ ਨੌਕਰੀ ਕਰ ਲਈ। ਤਿੰਨ ਮਹੀਨੇ ਦੀ ਟਰੇਨਿੰਗ ਸੀ ਅਤੇ ਤਿੰਨ ਮਹੀਨੇ ਹੀ ਬਾਬੇ ਨੇ ਨੌਕਰੀ ਕੀਤੀ ਅਤੇ ਉਸ ਨੌਕਰੀ ਦੀ ਸ਼ਰਤ ਅਨੁਸਾਰ ਤੀਸਰੇ ਮਹੀਨੇ ਦੀ ਤਨਖਾਹ ਮਹਿਕਮੇ ਨੂੰ ਜਮ੍ਹਾਂ ਕਰਵਾ ਕੇ ਡਾਕ ਮਹਿਕਮੇ ਨੂੰ ਅਲਵਿਦਾ ਆਖ ਦਿੱਤੀ।

ਬੱਲ ਦਾ ਰੱਬ ਜਾਂ ਧਰਮ ਵਿਚ ਵਿਸ਼ਵਾਸ ਨਹੀਂ ਹੈ ਪਰ ਉਸ ਦਾ ਪੱਕਾ ਅਕੀਦਾ ਹੈ ਕਿ ਆਦਮੀ ਦੀ ਹਸਤੀ ਵਿਚ ਲਾਜ਼ਮੀ ਤੌਰ 'ਤੇ ਇਕ ਅਤਿ ਕੀਮਤੀ ਦੈਵੀ ਅੰਸ਼ ਹੁੰਦਾ ਹੈ ਅਤੇ ਬੰਦੇ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਇਹ ਹੈ ਕਿ ਉਹ ਹਰ ਕੀਮਤ 'ਤੇ ਉਸ ਦੈਵੀ ਅੰਸ਼ ਦੀ ਰਖਿਆ ਕਰੇ ਤੇ ਉਹ ਆਪਣੀ ਹਸਤੀ ਦਾ ਚਰਵਾਹਾ ਬਣੇ। ਉਸ ਦੇ ਹਿਸਾਬ ਚਰਵਾਹਾ ਬਣ ਕੇ ਜਿਊਣ ਦਾ ਹੀ 'ਟ੍ਰਿਬਿਊਨ' ਦੀ ਨੌਕਰੀ ਨੇ ਧਰਾਤਲ ਸਿਰਜ ਦਿੱਤਾ ਸੀ। ਇਹ ਬਰਜਿੰਦਰ ਸਿੰਘ ਦੇ ਸੰਪਾਦਕ ਬਣ ਜਾਣ ਸਦਕਾ ਹੀ ਸੰਭਵ ਹੋਇਆ ਸੀ।



*ਗੁਰਦਿਆਲ ਸਿੰਘ ਬੱਲ*

ਪਿਛਲੇ ਸਾਲ ਬੱਲ ਮੇਰੇ ਕੋਲ ਆਇਆ ਤਾਂ ਇਕ ਸ਼ਾਮ ਮੈਂ ਆਪਣੇ ਬਜ਼ੁਰਗ ਸਨੇਹੀ ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੂੰ ਵੀ ਉਸ ਨੂੰ ਮਿਲਾਉਣ ਲਈ ਉਚੇਚੇ ਤੌਰ ਤੇ ਬੁਲਾ ਲਿਆ। ਇਸ ਤੋਂ ਕੁਝ ਸਾਲ ਪਹਿਲਾਂ ਨਰਿੰਦਰ ਭੁੱਲਰ ਜਦੋਂ ਤਿੰਨ ਕੁ ਮਹੀਨਿਆਂ ਲਈ ਮੇਰੇ ਕੋਲ ਆ ਕੇ ਠਹਿਰਿਆ ਸੀ ਤਾਂ ਪ੍ਰੋ. ਰਮਦੇਵ ਨਾਲ ਉਸ ਦੀ ਵੀ ਨਿੱਘੀ ਸਾਂਝ ਪੈ ਗਈ ਸੀ। ਸਾਂਝ ਦਾ ਵੱਡਾ ਕਾਰਨ ਫਰਾਂਸੀਸੀ ਲੇਖਕ ਫਲਾਬੇਅਰ ਦਾ ਨਾਵਲ 'ਮਾਦਾਮ ਬਾਵਾਰੀ' ਸੀ। ਬੱਲ ਦਾ ਕਹਿਣਾ ਹੈ ਕਿ ਉਸ ਲਈ ਇਹ ਨਾਵਲ ਕਿਸੇ ਮੁਕੱਦਸ ਕਿਤਾਬ ਤੋਂ ਘੱਟ ਨਹੀਂ ਅਤੇ ਨਰਿੰਦਰ ਭੁੱਲਰ ਵੀ ਇਸ ਨਾਵਲ ਦੀ ਨਾਇਕਾ ਦੇ ਕਿਰਦਾਰ ਦਾ ਬੜਾ ਕਾਇਲ ਸੀ। ਸੰਯੋਗਵਸ 50-60 ਸਾਲ ਪਹਿਲਾਂ ਪੰਜਾਬੀ ਵਿਚ ਇਸ ਨਾਵਲ ਦਾ ਅਨੁਵਾਦ ਪ੍ਰੋ. ਰਮਦੇਵ ਨੇ ਹੀ ਕੀਤਾ ਸੀ ਅਤੇ ਬੱਲ ਅਤੇ ਨਰਿੰਦਰ ਨੇ ਇਹ ਅਨੁਵਾਦ ਪੜ੍ਹਿਆ ਹੋਇਆ ਸੀ।

ਉਸ ਦਿਨ ਗੱਲਬਾਤ ਦੇ ਸ਼ੁਰੂ ਵਿਚ ਹੀ ਮੈਂ ਅਤੇ ਪ੍ਰੋ. ਰਮਦੇਵ ਨੇ ਬੱਲ ਨੂੰ ਬੜਾ ਜ਼ੋਰ ਦੇ ਕੇ ਆਖਿਆ ਕਿ ਉਹ ਹੁਣ ਪਟਿਆਲੇ ਦਾ ਖਹਿੜਾ ਛੱਡੇ ਅਤੇ ਕਨੇਡਾ ਆਪਣੇ ਪਰਿਵਾਰ ਕੋਲ ਜਾਂ ਸ਼ਿਕਾਗੋ ਸਾਡੇ ਕੋਲ ਪੱਕੇ ਤੌਰ ਤੇ ਰਹਿ ਜਾਵੇ। ਬੱਲ ਨੇ ਇਕ ਪਲ ਵੀ ਸੋਚੇ ਬਿਨਾਂ ਨਾਂਹ ਵਿਚ ਸਿਰ ਹਿਲਾ ਦਿੱਤਾ। ਉਲਟਾ ਉਹ ਪ੍ਰੋ. ਰਮਦੇਵ ਨੂੰ ਪੁੱਛਣ ਲੱਗਾ ਕਿ 'ਮਾਦਾਮ ਬਾਵਾਰੀ' ਪਾਠਕਾਂ ਨੂੰ ਭਲਾ ਅੱਜ ਤੱਕ ਇੰਨੀ ਜ਼ਿਆਦਾ ਹਾਂਟ ਕਿਉਂ ਕਰਦੀ ਹੈ? ਫਿਰ ਬੱਲ ਖੁਦ ਹੀ ਕਹਿਣ ਲੱਗਾ, ਈਮਾ ਬਾਵਾਰੀ ਲਈ ਅਸੀਮ ਖਿੱਚ ਦਾ ਰਹੱਸ ਉਸਦੇ ਮੂੰਹ ਜ਼ੋਰ ਕਾਮਕ ਵੇਗ ਦੀ ਪੇਸ਼ਕਾਰੀ ਵਿਚ ਬਿਲਕੁਲ ਨਹੀਂ ਬਲਕਿ ਉਸ ਦੀ ਆਤਮਾ ਦੀ ਅਤਿ ਉਦਾਤ ਕਿਸਮ ਦੀ ਚਾਹਤ ਦੇ ਵਰਣਨ ਵਿਚ ਹੈ। ਜਿਸ ਕਿਸਮ ਦੀ ਟੈਂਡਰਨੈਸ (ਸੰਵੇਦਨਾ) ਨਾਲ ਆਪਣੇ ਨਾਵਲ ਦੀ ਨਾਇਕਾ ਦੀ ਅੰਤਰੀਵ ਆਤਮਾ ਦੀ ਦੈਵੀ ਚਾਹਤ ਅਤੇ ਉਸ ਤੋਂ ਉਪਜਣ ਵਾਲੇ ਦੁਖਾਂਤ ਦਾ ਵਰਣਨ ਫਲਾਬੇਅਰ ਨੇ ਕੀਤਾ ਹੈ, ਉਸ ਕਿਸਮ ਦਾ ਜਲਵਾ ਦਾਸਤੋਵਸਕੀ, ਟਾਲਸਟਾਏ ਜਾਂ ਫਰਾਂਜ਼ ਕਾਫਕਾ ਨਾਂ ਦੇ ਦੋ ਤਿੰਨ ਨਾਵਲਕਾਰਾਂ ਤੋਂ ਬਿਨਾਂ ਵਿਸ਼ਵ ਸਾਹਿਤ ਵਿਚ ਸ਼ਾਇਦ ਹੀ ਹੋਰ ਕਿਸੇ ਵੱਲੋਂ ਅੱਜ ਤੱਕ ਖੜ੍ਹਾ ਕੀਤਾ ਜਾ ਸਕਿਆ ਹੋਵੇ। ਬੱਲ ਛਿੜਿਆ ਜਾ ਰਿਹਾ ਸੀ, ਪੱਛਮੀ ਜਾਂ ਅਮਰੀਕਨ ਸਭਿਅਤਾ ਦੇ ਵਿਕਾਸ ਨੇ ਬੰਦੇ ਨੂੰ ਸੁਖ ਸਹੂਲਤਾਂ ਦੇ ਰੂਪ ਵਿਚ ਬੜਾ ਕੁਝ ਦਿੱਤਾ ਹੈ ਪਰ ਉਸ ਰਹੱਸਮਈ ਚਾਹਤ ਦੀ ਸਮਰੱਥਾ ਖੋਹ ਲਈ ਹੈ ਜੋ ਇਨਸਾਨੀ ਹਸਤੀ ਦੇ ਤਲਿਸਮ ਦਾ ਕੇਂਦਰੀ ਨੁਕਤਾ ਸੀ ਜਿਸ ਖਾਤਰ ਈਮਾ ਬਾਵਾਰੀ ਵੱਲੋਂ ਸ਼ਹਾਦਤ ਦਿੱਤੀ ਗਈ ਸੀ।

ਪ੍ਰੋ. ਰਮਦੇਵ ਚੁੱਪ ਸਨ ਤੇ ਮੈਂ ਇਹ ਦਿਲਚਸਪ ਗੱਲਬਾਤ ਆਪਣੇ ਚੇਤਿਆਂ ਵਿਚ ਸਾਂਭ ਲੈਣ ਲਈ ਜ਼ੋਰ ਲਾ ਰਿਹਾ ਸਾਂ। ਬੱਲ ਦੱਸੀ ਜਾ ਰਿਹਾ ਸੀ, 'ਈਮਾ ਬਾਵਾਰੀ' ਅਤੇ 'ਅੰਨਾ ਕਾਰਨਿਨਾ' ਉਸ ਨੂੰ ਆਪਣੀਆਂ ਸੋਲ ਮੇਟ ਜਾਂ ਸਕੀਆਂ ਭੈਣਾਂ ਹੀ ਲੱਗਦੀਆਂ ਸਨ। ਇਹ ਦੋਵੇਂ ਨਾਵਲ ਬੱਲ ਨੇ ਭਲੇ ਵੇਲਿਆਂ ਵਿਚ ਇਕ ਤਰ੍ਹਾਂ ਜਬਰਨ ਹੋਰ ਬਹੁਤ ਸਾਰੇ ਕਲਾਸਿਕ ਸਾਹਿਤ ਦੇ ਨਾਲ ਮੈਨੂੰ ਵੀ ਪੜ੍ਹਾਏ ਹੋਏ ਸਨ ਪ੍ਰੰਤੂ ਮੇਰੇ ਜ਼ਿਹਨ ਵਿਚ ਉਨ੍ਹਾਂ ਦੇ ਥੀਮ ਇਸ ਤਰ੍ਹਾਂ ਤਾਜ਼ਾ ਨਹੀਂ ਸਨ। ਇਨਸਾਨ ਦੀ 'ਹੋਣੀ ਅਤੇ ਹਸਤੀ' ਦੇ ਵਿਸ਼ੇ ਦੇ ਨਾਲ ਹੀ ਗੱਲਾਂ ਰੂਸ ਵਿਚ ਸਮਾਜਵਾਦੀ ਤਜ਼ਰਬੇ ਦੀ ਅਸਫਲਤਾ, ਨਾਜੀਵਾਦ ਅਤੇ ਤਾਲਿਬਾਨੀ ਜਹਾਦੀਆਂ ਦੀ ਜੱਦੋਜਹਿਦ ਦੀ ਸੀਮਾ ਤੇ ਸੰਭਾਵਨਾਵਾਂ ਬਾਰੇ ਹੋਣ ਲੱਗ ਗਈਆਂ। ਬੱਲ ਦਾ ਕਹਿਣਾ ਸੀ ਕਿ ਮਨੁੱਖੀ ਸ਼ਾਨ ਦੀ ਬਹਾਲੀ ਦੇ ਨਾਂ ਤੇ ਜ਼ਿੰਦਗੀ ਦੀ ਜਿਸ ਕਿਸਮ ਦੀ ਜਾਹਰਾਨਾ ਤੌਹੀਨ ਇਨ੍ਹਾਂ ਸਾਰੇ ਤਜ਼ਰਬਿਆਂ ਦੌਰਾਨ ਹੋਈ ਸੀ, ਉਨੀਂ ਪੂਰਬਲੇ ਇਤਿਹਾਸ ਦੇ ਕਿਸੇ ਵੀ ਪੜਾਅ ਤੇ ਪਹਿਲਾਂ ਸ਼ਾਇਦ ਹੀ ਕਦੀ ਹੋਈ ਹੋਵੇ।

ਦੋਵੇਂ ਸੱਜਣ ਸਹਿਮਤ ਸਨ ਕਿ ਸੁਕਰਾਤ ਜਾਂ ਭਗਵਾਨ ਬੁੱਧ ਦੇ ਸਮਿਆਂ ਤੋਂ ਲੈ ਕੇ ਹਰੇਕ ਨਿੱਕੇ ਵੱਡੇ ਚਿੰਤਕ ਜਾਂ ਰਹਿਨੁਮਾ ਨੇ ਆਦਮੀ ਨੂੰ ਆਪਣੇ ਅੰਦਰਲੇ ਦੈਵੀ ਅੰਸ਼ ਨੂੰ ਪਛਾਣਦਿਆਂ ਕੁਦਰਤ ਦੇ ਵੱਡੇ ਵਿਧਾਨ ਨਾਲ ਇਕਸੁਰ ਰਹਿੰਦਿਆਂ ਸਰਬੱਤ ਦੇ ਭਲੇ ਨੂੰ ਚਿਤਾਰ ਕੇ ਜ਼ਿੰਦਗੀ ਜਿਉਣ



*ਪ੍ਰੋ ਜੋਗਿੰਦਰ ਸਿੰਘ ਰਮਦੇਵ*

ਦੀ ਸਲਾਹ ਹੀ ਦਿੱਤੀ ਸੀ। ਰੌਲੇ ਸਾਰੇ ਦੈਵੀ ਵਿਧਾਨ ਨੂੰ ਧਰਤੀ ਤੇ ਉਤਾਰਨ ਦੇ ਢੰਗ ਤਰੀਕਿਆਂ ਉਪਰ ਹੀ ਪੈਂਦੇ ਰਹੇ ਸਨ। ਬੱਲ ਬੜੇ ਜੋਰ ਨਾਲ ਕਹਿ ਰਿਹਾ ਸੀ, ਜੇਕਰ ਸੁਕਰਾਤ, ਕਾਰਲ ਮਾਰਕਸ ਜਾਂ ਨੀਟਸ਼ੇ ਵਰਗੇ ਦਿਗੰਬਰ ਚਿੰਤਕਾਂ ਦੇ ਵਿਚਾਰਾਂ ਦੇ ਨਾਂ ਤੇ ਇੰਨੀ ਅਸਾਨੀ ਨਾਲ ਅਕਹਿ ਖਿਲਵਾੜ ਸੰਭਵ ਹੋ ਜਾਂਦੇ ਰਹੇ ਸਨ ਤਾਂ ਕਰਮਜੀਤ ਭਾਅ ਜੀ ਅਤੇ ਉਨ੍ਹਾਂ ਦੇ ਸਾਥੀਆਂ ਦਾ 'ਕੱਚਾ ਚਿੰਤਨ' ਅਮਲ ਵਿਚ ਕਿਸ ਕਿਸਮ ਦੇ ਚੰਦ ਚੜ੍ਹਾ ਸਕਦਾ ਸੀ, ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਗੱਲਾਂ ਦਾ ਰੁੱਖ ਹੌਲੀ ਹੌਲੀ ਸਟਾਲਿਨ, ਬਿਨ-ਲਾਦਿਨ ਅਤੇ ਕਰਮਜੀਤ ਭਾਅ ਜੀ ਦੀ 'ਸਿੱਖੀ' ਤੋਂ ਸਰਵੋਤਮ ਸਾਹਿਤ ਦੀ ਭੂਮਿਕਾ ਵੱਲ ਮੁੜ ਪਿਆ। ਪ੍ਰੋ. ਰਮਦੇਵ ਨੇ ਕਿਧਰੇ ਨਾਰਵੇ ਦੇ ਨਾਟਕਕਾਰ ਅਗਸਟ ਸਟਰਿੰਡਬਰਗ ਦਾ ਨਾਂ ਲੈ ਲਿਆ। ਦੋਵਾਂ ਦੀ ਸਹਿਮਤੀ ਸੀ ਕਿ ਦੁਨੀਆਂ ਵਿਚ ਨੌਜਵਾਨ ਕੁੜੀਆਂ ਨੂੰ ਆਪਣੀ ਹਸਤੀ ਜਾਂ ਹੋਂਦ ਵਿਚ ਨਿਹਿਤ ਦੈਵੀ ਅੰਸ਼ ਦੇ ਸਵੈ ਪ੍ਰਗਟਾਵੇ ਲਈ ਅੱਜ ਜਿਸ ਕਿਸਮ ਦੀ ਸੁਤੰਤਰਤਾ ਨਸੀਬ ਹੋ ਰਹੀ ਹੈ ਉਸ ਲਈ ਸਮੂਹਿਕ ਮਾਨਸਿਕਤਾ ਤਿਆਰ ਕਰਨ ਵਿਚ ਟਾਲਸਟਾਏ, ਇਬਸਨ, ਡੀ.ਐਸ. ਲਾਰੰਸ ਅਤੇ ਸਟਰਿੰਡਬਰਗ ਵਰਗੇ ਸਾਹਿਤਕਾਰਾਂ ਘਾਲਣਾ ਨੇ ਹੀ ਮੁੱਖ ਭੂਮਿਕਾ ਨਿਭਾਈ ਸੀ।

ਸਟਰਿੰਡਬਰਗ ਦੇ ਇਕ ਛੋਟੇ ਜਿਹੇ ਇਕਾਂਗੀ ਨਾਟਕ ਦੀ ਨਾਇਕਾ ਜੀਨ ਦੇ ਹਵਾਲੇ ਨਾਲ ਬੱਲ ਕਹਿਣ ਲੱਗਾ ਕਿ ਦਾਸਤੋਵਸਕੀ ਦੇ ਜਗਤ ਪ੍ਰਸਿੱਧ ਨਾਵਲ 'ਕਾਰਾਮਾਜੋਵ ਭਰਾ' ਦੇ ਨੇਹਵਾਦੀ ਨਾਇਕ ਇਵਾਨ ਦਾ ਐਲਾਨ ਹੈ ਕਿ ਦੁਨੀਆਂ ਅੰਦਰ ਕਿਸੇ ਇਕ ਮਾਸੂਮ ਬੱਚੇ ਦੀਆਂ ਅੱਖਾਂ ਵਿਚ ਵੀ ਜੇ ਅੱਥਰੂ ਹਨ ਤਾਂ ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੈ। ਇਹ ਦੱਸਦਿਆਂ ਬੱਲ ਉਠ ਕੇ ਖੜ੍ਹਾ ਹੋ ਗਿਆ ਅਤੇ ਪੂਰੀ ਸ਼ਿੱਦਤ ਨਾਲ ਬੋਲਿਆ, ਉਸ ਨੂੰ ਕਿਸੇ ਵੀ ਸੂਰਤ ਵਿਚ ਕੋਈ ਵੀ ਐਸੀ ਧਾਰਮਿਕ ਜਾਂ ਸੈਕੂਲਰ ਵਿਚਾਰਧਾਰਾ ਸਵੀਕਾਰ ਨਹੀਂ ਜਿਸ ਦੇ ਅਮਲੀ ਕੋਡ ਵਿਚ ਜੀਨ ਵਰਗੀ ਕਿਸੇ ਇਕ ਕੁੜੀ ਦੀ ਅੰਤਰੀਵੀ ਚਾਹਤ ਨੂੰ ਕੁਰਬਾਨ ਕਰ ਦਿੱਤੇ

*(ਬਾਕੀ ਸਫਾ 33 ਉਤੇ)*



*ਫਲਾਬੇਅਰ ਦੇ ਨਾਵਲ ਦੀ ਨਾਇਕਾ ਈਮਾ ਬਾਵਰੀ ਦੇ ਤ੍ਰਾਸਦਿਕ ਕਿਰਦਾਰ ਵਾਸਤੇ ਪ੍ਰੇਰਨਾ ਬਣਿਆ ਡੈਲਫਾਈਨ ਡੈਲਾਮੇਰ ਦਾ ਚਿੱਤਰਕਾਰ ਕੋਰਟ ਵਲੋਂ ਬਣਾਇਆ ਪੋਰਟਰੇਟ*

## ਨੈਣ-ਨਕਸ਼



**ਐਸ. ਅਸ਼ੋਕ ਭੌਰਾ**

# ਕਾਰਗਿਲ ਦੀ ਜੰਗ ਤਾਂ ਮੁੱਕ ਗਈ ਸੀ...

*ਇਹ ਜ਼ਰੂਰੀ ਨਹੀਂ ਕਿ 'ਮਨ ਨੀਵਾਂ ਮੱਤ ਉਚੀ' ਦਾ ਉਪਦੇਸ਼ ਦੇਣ ਵਾਲਿਆਂ ਦੀ ਧੌਣ 'ਚ ਅਕੜਾਂਦ ਨਾ ਹੋਵੇ, ਜਾਂ ਅਕਲ ਪੱਖੋਂ ਮਾਲੋ-ਮਾਲ ਹੀ ਹੋਣ! ਮਧਾਣੀ ਦੁੱਧ ਵੀ ਰਿੜਕ ਦਿੰਦੀ ਐ, ਮੱਖਣ ਵੀ ਕੱਢ ਦਿੰਦੀ ਐ, ਪਰ ਖਾਣ ਵਾਲੇ ਹੋਰ ਹੀ ਹੁੰਦੇ ਨੇ। ਜਦੋਂ ਦਾ ਕੱਪੜਾ ਮਸ਼ੀਨਾਂ ਤਿਆਰ ਕਰਨ ਲੱਗੀਆਂ ਹਨ, ਚਰਖੇ ਨਾਲ ਗੋਰੀਆਂ ਬਾਹਾਂ ਸੂਤੇ ਜਾਣ ਦੀ ਗੱਲ ਸਿਆਣੇ ਬੰਦੇ ਮੰਨਣਗੇ ਹੀ ਨਹੀਂ! ਕਦੀ ਵੇਖਣ ਨੂੰ ਹੀ ਬੰਦੇ ਲਗਦੇ ਨੇ, ਉਂਜ ਨਿਉਲੇ ਤੋਂ ਵੀ ਉਪਰ ਦੀ ਹੁੰਦੇ ਨੇ। ਇਕ ਵਾਰ ਸੱਪ ਨੇ ਨਿਉਲੇ ਅੱਗੇ ਤਰਲਾ ਕੀਤਾ, 'ਰੱਬ ਦੇ ਵਾਸਤੇ ਛੱਡ ਦੇ ਮੇਰੇ ਨਾਲ ਦੁਸ਼ਮਣੀ', ਤਾਂ ਉਹ ਅੱਗਿਓਂ ਹੱਸ ਕੇ ਬੋਲਿਆ, 'ਉਨ੍ਹਾਂ ਦੇ ਪੈਰ ਫੜ ਜਿਹੜੇ ਬਾਣਾ ਹੀ ਹੋਰ ਪਾਈ ਫਿਰਦੇ ਨੇ ਉਂ...!' ਕਈ ਨਿਕਲੇ ਤਾਂ ਸਤਿਸੰਗ ਕਰਨ ਹੁੰਦੇ ਹਨ ਪਰ ਘਰ ਪਹੁੰਚਦਿਆਂ ਇਲਜ਼ਾਮ ਚੋਰੀ ਦਾ ਲੁਆ ਆਉਂਦੇ ਨੇ। ਕੋਇਲ ਨੇ ਹਾਲੇ ਤੀਕਰ ਕਿੱਕਰ 'ਤੇ ਆਲ੍ਹਣਾ ਨਹੀਂ ਪਾਇਆ, ਕਾਂ ਦਾ ਕੋਈ ਥਾਂ-ਠਿਕਾਣਾ ਨਹੀਂ ਹੁੰਦਾ। ਜਿਹੜੇ ਇਹ ਆਖਦੇ ਨੇ ਕਿ ਪਿੱਪਲ ਨੂੰ ਇਸ ਕਰ ਕੇ ਪੂਜਿਆ ਜਾਂਦਾ ਹੈ ਕਿ ਇਹ ਬ੍ਰਾਹਮਣ ਹੈ, ਤਾਂ ਉਹ ਤਰਕਹੀਣ ਨੇ। ਪਿੱਪਲ ਦਾ ਸਤਿਕਾਰ ਤਾਂ ਇਸ ਕਰਕੇ ਹੈ ਕਿਉਂਕਿ ਕਈ ਪੀੜ੍ਹੀਆਂ ਇਸ ਦੀ ਛਾਂ ਹੇਠ ਬੈਠ ਕੇ ਲੰਘ ਗਈਆਂ ਹਨ, ਕੁੜੀਆਂ ਵੀ ਬੁੜ੍ਹੀਆਂ ਹੋ ਗਈਆਂ ਹਨ, ਪੀਂਘਾਂ ਵਾਲੇ ਰੱਸੇ ਵੀ ਟੁੱਟ ਗਏ ਹੋਣਗੇ, ਪਰ ਇਹਦੇ ਟਾਹਣ ਕਦੇ ਵੀ ਹਫ਼ੇ ਨਹੀਂ। ਚਲੋ, ਕਿਸੇ ਔਰਤ ਨੂੰ ਭੰਡਣਾ ਤਾਂ ਸੱਚੀਂ ਠੀਕ ਨਹੀਂ, ਪਰ ਲਾਲਚ ਨੂੰ ਤਾਂ ਵਡਿਆਈ ਨਹੀਂ ਦਿੱਤੀ ਜਾਣੀ ਚਾਹੀਦੀ ਤੇ ਲਾਲਚ ਵੀ ਜੇ ਮੱਥੇ ਉਤੇ ਟਿੱਕੇ ਦੀ ਥਾਂ ਕਲੰਕ ਲਾਉਣ ਵਾਲਾ ਹੋਵੇ! ਜਵਾਨੀ ਵਿਚ ਚਲੋ ਗਲਤੀਆਂ ਹੋ ਜਾਂਦੀਆਂ ਹੋਣਗੀਆਂ ਪਰ ਸ਼ੈਤਾਨ ਚਿਹਰਿਆਂ ਉਤੇ ਭਲਮਾਨਸੀ ਦਾ ਮੇਕਅੱਪ ਫਿੱਟ ਲਾਹਣਤ ਹੈ! ਸ਼ਹੀਦ ਬਣਨ ਲਈ ਕੁਰਬਾਨੀ ਦਾ ਵਟਣਾ ਮਲਣਾ ਪੈਂਦਾ ਹੈ ਪਰ ਵਟਣਾ ਕਿਸੇ ਹੋਰ ਨੂੰ ਲੱਗੇ ਤੇ ਸ਼ੀਸ਼ੇ ਅੱਗੇ ਚਿਹਰਾ ਕੋਈ ਹੋਰ ਵੇਖੇ ਤਾਂ ਮਨੁੱਖ ਤਾਂ ਕੀ, ਧਰਤੀ ਵੀ ਕੁਰਲਾ ਪਵੇਗੀ! ਹਾਲੇ ਵੀ ਕਈ ਲੋਕ ਇਸ ਭਰਮ ਵਿਚ ਨੇ ਕਿ ਸ਼ਾਇਦ ਮੋੜ ਆਉਣ ਨਾਲ ਸੜਕ ਮੁੱਕ ਗਈ ਹੈ ਤੇ ਆਹ ਰਾਹੀ ਕਿਸ ਰਾਹ ਟੱਕਰਨਗੇ, ਕੋਈ ਭੇਤ ਨਹੀਂ।*

ਗਰੀਬੀ ਵੇਲੇ ਭੁੱਖ ਸਤਾਉਂਦੀ ਹੈ ਤੇ ਜਦੋਂ ਚਾਰ ਟਕੇ ਕੋਲ ਹੋਣ ਤਾਂ ਸੁਆਦ ਚੰਗੇ ਭਲੇ ਬੰਦੇ ਨੂੰ ਪੱਟ ਦੇਂਦਾ ਹੈ, ਜਾਂ ਇਉਂ ਕਿ ਗੱਡੀ ਵਿਚੋਂ ਉਤਰਨ ਵਾਲੇ ਆਂਹਦੇ ਨੇ 'ਟੇਸ਼ਨ ਆ ਗਿਆ ਹੈ ਤੇ ਚੜ੍ਹਨ ਵਾਲਿਆਂ ਨੇ ਹਫੜਾ-ਦਫੜੀ ਮਚਾਈ ਹੁੰਦੀ ਹੈ-ਗੱਡੀ ਆ ਗਈ ਹੈ, ਗੱਡੀ ਆ ਗਈ ਹੈ। ਕਈ ਵਾਰ ਸਫਰ ਤਾਂ ਮੁੱਕ ਜਾਂਦਾ ਹੈ ਪਰ ਮੰਜ਼ਿਲ ਨਹੀਂ ਆਉਂਦੀ।

ਪਾਪ ਦਾ ਖਿਲਾਰਾ ਪਿਆ ਹੋਣ ਕਾਰਨ ਬੰਦਾ ਧਰਮੀ ਹੋਣ ਦੀ ਗੱਲ ਕਰ ਰਿਹਾ ਹੈ। ਜਿਸ ਦਿਨ ਪਾਪ ਖਤਮ ਹੋ ਗਿਆ, ਕਿਸੇ ਨੇ ਕਿਸੇ ਧਰਮ ਸਥਾਨ 'ਤੇ ਨਹੀਂ ਜਾਣਾ। ਕਿਸੇ ਨੇ ਅਰਦਾਸਾਂ ਨਹੀਂ ਕਰਵਾਉਣੀਆਂ, ਕਿਸੇ ਨੇ ਮੰਦਿਰ ਮਸਜਿਦ ਨਹੀਂ ਢਾਹੁਣੀ। ਉਸ ਦਿਨ ਇਨਸਾਨੀਅਤ ਦਾ ਪਾਠ ਬਿਨਾਂ ਪੜ੍ਹਾਇਆਂ ਵੀ ਸਭ ਨੂੰ ਜ਼ੁਬਾਨੀ ਚੇਤੇ ਹੋ ਜਾਣੈ। ਤੇ ਜਦੋਂ ਫਿਰ ਗੋਲਕਾਂ ਖਾਲੀ ਰਹਿਣ ਲੱਗ ਪਈਆਂ ਤਾਂ ਪ੍ਰਧਾਨਗੀਆਂ ਦਾ ਰੌਲਾ ਆਪਣੇ ਆਪ ਮੁੱਕ ਗਿਆ ਹੋਣੈ।

ਜਿਹੜੇ ਸਵਾ ਰੁਪਏ ਦਾ ਪ੍ਰਸਾਦ ਚੜ੍ਹਾ ਕੇ ਸਵਾ ਕਰੋੜ ਦੀ ਭੁੱਖ ਰੱਬ ਅੱਗੇ ਢੇਰੀ ਕਰ ਰਹੇ ਹੋਣ, ਉਹ ਅੰਦਰੋਂ ਢੋਲ ਵਰਗੇ ਖੋਖਲੇ ਹੋਣਗੇ। ਇਨ੍ਹਾਂ ਦਾ ਲੰਮੇ ਪੈ ਕੇ ਮੱਥਾ ਰਗੜਨ ਦਾ ਤਰੀਕਾ ਤੇ ਸਲੀਕਾ ਆਮ ਸ਼ਰਧਾਲੂਆਂ ਨੂੰ ਤਾਂ ਪ੍ਰਭਾਵਿਤ ਕਰ ਰਿਹਾ ਹੋਵੇਗਾ ਪਰ ਰੱਬ ਨੀਵੀਂ ਪਾ ਕੇ ਹੱਸ ਜ਼ਰੂਰ ਰਿਹਾ ਹੋਵੇਗਾ ਕਿ ਜਿੰਦਣ ਕੁਪੱਤ ਹੋਈ, ਇਹੋ ਲੋਕ ਮੱਥਾ ਕੰਧਾਂ ਵਿਚ ਮਾਰਨਗੇ।

ਸਿਆਣੇ ਲੋਕ ਲਾਟਰੀ ਨਿਕਲਣ ਵਾਲੇ ਦਿਨ ਖੁਸ਼ ਨਹੀਂ ਹੁੰਦੇ ਸਗੋਂ ਪ੍ਰਸੰਨਤਾ ਦੀਆਂ ਅੰਗੜਾਈਆਂ ਉਸ ਦਿਨ ਲੈਂਦੇ ਹਨ, ਜਿੰਦਣ ਲਾਟਰੀ ਦਾ ਪੈਸਾ ਸੰਭਾਲ ਵੀ ਲਿਆ ਹੋਵੇ ਤੇ ਸਹੀ ਥਾਂ ਵਰਤਿਆ ਵੀ ਗਿਆ ਹੋਵੇ। ਅੱਜ ਦੇ ਯੁੱਗ ਵਿਚ ਪੈਸਾ ਸੰਭਾਲਣਾ ਹੀ ਸਭ ਤੋਂ ਔਖਾ ਹੋ ਗਿਆ ਹੈ, ਕਿਉਂਕਿ ਹੁਣ ਉਂਗਲਾਂ ਘਿਓ ਕੱਢਣ ਲਈ ਨਹੀਂ, ਜੇਬਾਂ ਖਾਲੀ ਕਰਨ ਲਈ ਬਹੁਤ ਸਾਰੇ ਲੋਕਾਂ ਨੇ ਟੇਢੀਆਂ ਕੀਤੀਆਂ ਹੋਈਆਂ ਹਨ।

ਨਵੀਂ ਬਹੂ ਦੇ ਲਾਲ ਚੂੜਾ ਇਸ ਕਰ ਕੇ ਪਾਇਆ ਜਾਂਦਾ ਸੀ ਕਿ ਲੋਕਾਂ ਨੂੰ ਪਤਾ ਲਗਦਾ ਰਹੇ, ਨਵੀਂ ਨਵੀਂ ਮੁਕਲਾਵੇ ਆਈ ਹੈ ਪਰ ਜਦੋਂ ਦੇ ਮੁਕਲਾਵੇ ਵਿਆਹ ਤੋਂ ਵੀ ਪਹਿਲਾਂ ਆਉਣ ਲੱਗੇ ਹਨ, ਚੂੜੇ ਵੱਲੋਂ ਲੋਕਾਂ ਦਾ ਧਿਆਨ ਹੀ ਹਟਦਾ ਜਾ ਰਿਹਾ ਹੈ।

ਜਿਨ੍ਹਾਂ ਜੰਗਾਂ ਵਿਚ ਮਾਵਾਂ ਨੇ ਪੁੱਤਰਾਂ ਨੂੰ ਅਸ਼ੀਰਵਾਦ ਦੇ ਕੇ, ਮੱਥਾ ਚੁੰਮ ਕੇ ਤੋਰਿਆ ਹੈ, ਹਾਲੇ ਤੀਕਰ ਅਜਿਹੀ ਕੋਈ ਵੀ ਜੰਗ ਹਾਰੀ ਨਹੀਂ ਗਈ। ਅਜਿਹੀਆਂ ਮਾਵਾਂ ਨੇ ਆਪਣੇ ਪੁੱਤਰਾਂ ਦੀ ਸ਼ਹੀਦੀ 'ਚ ਤਾਂ ਅੱਥਰੂ ਵੀ ਨਹੀਂ ਕੇਰਿਆ, ਪਰ ਜਦੋਂ ਸ਼ਹਾਦਤ ਦਾ ਮੁੱਲ ਕਿਸੇ ਹੋਰ ਨੇ ਵੱਟ ਲਿਆ, ਮਾਂ ਬਾਪ ਦੋਹਾਂ ਦੇ ਲੱਠੇ ਵਰਗੇ ਸਰੀਰ ਕੁੱਬੇ ਹੋ ਗਏ। ਹੁਣ ਤੱਕ ਇਹ ਤਾਂ ਸੁਣਦੇ ਆਏ ਸੀ ਕਿ ਮੁਸੀਬਤਾਂ ਵਿਚ ਔਰਤ ਨੇ ਪਰਿਵਾਰ ਖਿੰਡਣ ਨਹੀਂ ਦਿੱਤੇ ਪਰ ਕਲਯੁੱਗ ਦੇ ਵਰਤਾਰੇ ਵਿਚ ਇਹ ਵੀ ਸੱਚ ਹੋ ਗਿਆ ਹੈ ਕਿ ਦੇਸ਼ ਦੀ ਸਰਹੱਦ 'ਤੇ ਫੌਜੀ ਤਾਂ ਕੁਰਬਾਨ ਹੋ ਗਿਆ ਪਰ ਫੌਜਣ ਨੇ ਉਹਦਾ ਖੂਨ ਤਾਂ ਚਲੋ ਮਹਿੰਗੇ ਭਾਅ ਵੇਚਿਆ ਹੀ, ਤੇ ਨਾਲ ਹੀ ਸ਼ਹੀਦ ਦੀ ਮਾਂ ਦੀ ਕੁੱਖ ਵਿਚ ਲੱਤ ਵੀ ਪੰਜੇਬਾਂ ਵਾਲੀ ਵਸਾਹ ਕੇ ਮਾਰੀ।

ਕਸਬਾ ਤਾਂ ਛੋਟਾ ਜਿਹਾ ਸੀ ਪਰ ਪਠਾਨਕੋਟ ਜੰਮੂ ਸੜਕ 'ਤੇ ਹੋਣ ਕਾਰਨ ਆਵਾਜਾਈ ਦਿਨ ਰਾਤ ਚਲਦੀ ਰਹਿੰਦੀ ਸੀ। ਇਸੇ ਲਈ ਭਗਵਾਨ ਦਾਸ ਦੀ ਚਾਹ ਦੀ ਦੁਕਾਨ 'ਤੇ ਮਾੜੀ ਮੋਟੀ ਚਹਿਲ ਪਹਿਲ ਰਹਿਣੀ ਹੀ ਸੀ, ਪਰ ਕਰੀਬ ਡੇਢ ਸਾਲ ਇਹ ਦੁਕਾਨ ਬੰਦ ਰਹਿਣ ਤੋਂ ਪਿੱਛੋਂ ਪੰਦਰਾਂ ਕੁ ਦਿਨ ਤੋਂ ਹੀ ਭਗਵਾਨ ਦਾਸ ਨੇ ਦੁਬਾਰਾ ਖੋਲ੍ਹੀ ਸੀ, ਕਿਉਂਕਿ ਹੁਣ ਜ਼ਿੰਦਗੀ ਖਿੱਚਣ ਲਈ ਇਹਦੇ ਬਿਨਾਂ ਕੋਈ ਚਾਰਾ ਨਹੀਂ ਸੀ। ਦੋ ਕੁ ਮੀਲ 'ਤੇ ਉਹਦਾ ਪਿੰਡ ਹੋਵੇਗਾ। ਪਹਿਲਿਆਂ ਦਿਨਾਂ ਵਿਚ ਤਾਂ ਭਗਵਾਨ ਦਾਸ ਜਿਸ ਨੂੰ ਗੁਆਂਢੀ ਦੁਕਾਨਦਾਰ ਆਮ ਕਰ ਕੇ ਭਾਗੂ ਹੀ ਕਹਿੰਦੇ ਸਨ, ਦੀ ਪਤਨੀ ਕੁਸ਼ੱਲਿਆ ਪਿੰਡੋਂ ਟਿੱਪੂ ਫੜ ਛਾਹ ਵੇਲਾ ਤੇ ਦੁਪਹਿਰਾ 'ਕੱਠਾ ਦੇ ਕੇ ਮੁੜ ਜਾਂਦੀ ਸੀ ਪਰ ਹੁਣ ਉਹ ਸ਼ਾਮ ਤੱਕ ਭਾਗੂ ਦੇ ਨਾਲ ਹੀ ਰਹਿੰਦੀ।

ਭਾਗੂ ਦਾ ਗਰਾਈਂ ਗਰੀਬ ਲੱਭੂ ਰਾਮ ਉਹਦੀ ਚਾਹ ਦੀ ਦੁਕਾਨ ਅੱਗੇ ਜੁੱਤੀਆਂ ਦੀ ਗੰਢ ਤੁੱਪ ਜਾਂ ਪਾਲਿਸ਼ ਦਾ ਕੰਮ ਕਰਦਾ। ਆਥਣੇ ਉਹ ਨਿੱਕੀ ਜਿਹੀ ਟਰੰਕੀ ਭਾਗੂ ਦੀ ਚਾਹ ਦੀ ਦੁਕਾਨ ਅੰਦਰ ਰੱਖ ਜਾਂਦਾ। ਦੋਹਾਂ ਦਾ ਪਿਆਰ ਬੜਾ ਸੀ।

ਅਸਲ ਵਿਚ ਭਾਗੂ ਤੇ ਕੁਸ਼ੱਲਿਆ ਢਾਵੇ ਦੀ ਢਾਈ ਮਾਰ ਕਾਰਨ ਦਲ ਦਲ 'ਚ ਫਸਿਆ ਜ਼ਿੰਦਗੀ ਦਾ ਗੱਡਾ ਖਿੱਚਣ ਦੇ ਯੋਗ ਤਾਂ ਨਹੀਂ ਰਹੇ ਸਨ, ਫਿਰ ਵੀ ਚਿੱਤ ਹੋਰ ਪਾਸੇ ਪਾਉਣ ਜਾਂ ਫੋਕਟਿਆਂ ਦੀ ਕਸਰਤ ਕਰਨ ਵਾਂਗ ਚਾਹ ਦਾ ਕੱਪ ਵੇਚਣ ਦੇ ਬਹਾਨੇ ਦਿਨ ਭਰ ਖੰਡ, ਚਾਹ-ਪੱਤੀ ਤੇ ਦੁੱਧ ਨਾਲ ਹਿਸਾਬ-ਕਿਤਾਬ ਦਾ ਮੱਥਾ ਮਾਰੀ ਜਾਂਦੇ। ਉਂ ਦੋਹਾਂ ਦੇ ਹਾਲਾਤ ਇਹ ਸਨ, ਜਿਵੇਂ ਕੋਈ ਘਸੁੰਨ ਵੱਟ ਕੇ ਹੱਥ ਮਿਲਾਉਣ ਦਾ ਯਤਨ ਕਰ ਰਿਹਾ ਹੋਵੇ।

ਉਸ ਦਿਨ ਧੁੰਦ ਪੈਣ ਕਾਰਨ ਭਾਗੂ ਦੁਕਾਨ 'ਤੇ ਥੋੜ੍ਹੀ ਦੇਰੀ ਨਾਲ ਆਇਆ। ਫੌਜੀਆਂ ਦੀ ਪਹਿਲੀ ਗੱਡੀ ਲੰਘੀ ਤਾਂ ਉਹਨੇ ਬਹੁਤਾ ਧਿਆਨ ਨਾ ਦਿੱਤਾ। ਦੋ ਤਿੰਨ ਹੋਰ ਲੰਘੀਆਂ ਤਾਂ ਉਹ ਉਦਾਸ ਹੋ ਗਿਆ। ਹਉਕੇ ਹੁੰਗਾਰੇ ਭਰਨ ਲੱਗ ਪਏ। ਜਦੋਂ ਨੂੰ ਕੁਸ਼ੱਲਿਆ ਵੀ ਆ ਗਈ ਰੋਟੀ ਲੈ ਕੇ। ਉਹਨੂੰ ਵੇਖ ਕੇ ਭਾਗੂ ਦੀਆਂ ਅੱਖਾਂ ਵਿਚੋਂ ਤਿੱਪ ਤਿੱਪ ਅੱਥਰੂ ਟਪਕਣ ਲੱਗ ਪਏ।

'ਮੇਰਾ ਬੁੱਢਾ ਬਾਪ ਤੇਰੇ ਤਰਲੇ ਕੱਢ ਕੇ ਗਿਆ ਸੀ ਨਾ ਕਿ ਹੁਣ ਅੱਖ ਨਾ ਭਰੀਂ, ਪਰ ਫੇਰ ਅੱਜ...!' ਕੁਸ਼ੱਲਿਆ ਨੇ ਧੀਰਜ ਬੰਨ੍ਹ ਕੇ ਮੱਤ ਦੇਣ ਦਾ ਯਤਨ ਕੀਤਾ।

'ਅੱਜ ਸਵੇਰ ਦੀਆਂ ਅੱਖਾਂ ਅੱਗਿਓਂ ਮਿਲਟਰੀ ਦੀਆਂ ਗੱਡੀਆਂ ਲੰਘੀ ਜਾ ਰਹੀਆਂ ਨੇ। ਇਨ੍ਹਾਂ ਅੱਖਾਂ ਤੋਂ ਭਾਰ ਨਹੀਂ ਝੱਲ ਹੋਇਆ ਤੇ ਹੰਝੂ ਉਗਲ ਦਿੱਤੇ ਨੇ।' ਉਦਾਸੀ ਵਿਚ ਮਨ ਦੀਆਂ ਵੱਟੀਆਂ ਤਾਰਾਂ ਦਾ ਰਾਗ ਭਾਗੂ ਨੇ ਛੇੜ ਦਿੱਤਾ।

'ਓ ਮੇਰਿਆ ਡਾਢਿਆ ਰੱਬਾ! ਫੇਰ ਕਿਤੇ ਕਾਰਗਿਲ ਦੀ ਜੰਗ ਤਾਂ ਨਹੀਂ ਛਿੜ ਪਈ...?' ਕੁਸ਼ੱਲਿਆ ਦੇ ਦਰਦ ਵਿਚ ਬਿਜਲੀ ਲਿਸ਼ਕਣ ਜਿੰਨੀ ਚੀਕ ਸੀ।

'ਭੋਲੀਏ ਹੁਣ ਇਹ ਜੰਗ ਕਦੇ ਨਾ ਲੱਗੇ। ਨਹੀਂ ਤਾਂ ਫਿਰ ਕਿਸੇ ਮਾਂ ਦੀਆਂ ਆਂਦਰਾਂ ਦਾ ਗੁੱਛਾ ਸ਼ਹੀਦ ਹੋਵੇਗਾ ਤੇ ਫਿਰ ਉਸ ਦਾ ਕੋਈ ਸਭ ਕੁਝ ਲੁੱਟ ਕੇ ਲੈ ਜਾਵੇਗਾ।'

'ਪਰ ਹੁਣ ਤਾਂ ਦੋਹਾਂ ਦੇਸ਼ਾਂ ਦੇ ਹਾਕਮ ਬਦਲ ਗਏ ਨੇ ਕਦੋਂ ਦੇ।'

'ਅਕਲ ਦੀਏ ਅੰਨ੍ਹੀਏ ਲੰਗਰ ਵਿਚ ਸੰਗਤ ਬਦਲਦੀ ਐ, ਦਾਲ ਨਹੀਂ ਬਦਲਦੀ।' ਤੇ ਫਿਰ ਜਿਵੇਂ ਦੋਹਾਂ ਨੇ ਇਕ ਦੂਜੇ ਦੇ ਅੱਥਰੂਆਂ ਅੱਗੇ ਬੁੱਕ ਕਰ ਦਿੱਤੇ ਹੋਣ।

ਜਦੋਂ ਲੌਢੇ ਵੇਲੇ ਤੱਕ ਫੌਜੀਆਂ ਦੀਆਂ ਗੱਡੀਆਂ ਲੰਘਣੋਂ ਨਾ ਹਟੀਆਂ ਤਾਂ ਭਾਗੂ ਨੇ ਲੁੱਕ ਦੇ ਡਰੰਮ ਤੋਂ ਬਣਾਏ ਚਾਹ ਦੇ ਦੁਕਾਨ ਦੇ ਤਖਤੇ ਭੇੜ ਦਿੱਤੇ, ਤੇ ਹਲਕੀ ਜਿਹੀ ਧੁੱਪ 'ਚ ਡੱਬੀਆਂ ਵਾਲੀ ਖੇਸੀ ਤੇ ਸ਼ਾਲ ਦੀ ਬੁੱਕਲ ਮਾਰ ਕੇ ਉਹ ਵਿੱਚਕ ਮਾਰਦੇ ਬੈਂਚ 'ਤੇ ਬੈਠ ਕੇ ਹਾਰੇ ਮੁਕੱਦਮੇ ਦਾ ਲੇਖਾ ਜੋਖਾ ਕਰਨ ਲੱਗ ਪਏ।

...ਫਿਰ ਦਿਨ ਢਲਦੇ ਨੂੰ ਇਕ ਜੀਪ ਉਨ੍ਹਾਂ ਦੀ ਚਾਹ ਦੀ ਦੁਕਾਨ ਅੱਗੇ ਰੁਕੀ ਜਿਸ 'ਚੋਂ ਇਕ ਫੌਜੀ ਬਾਹਰ ਨਿਕਲਿਆ। ਵੇਖਣ ਨੂੰ ਉਹ ਕੋਈ ਵੱਡਾ ਅਫਸਰ ਲਗਦਾ ਸੀ। ਉਹਨੇ ਕਾਲੇ ਬੂਟ ਲੱਭੂ ਰਾਮ ਮੋਚੀ ਅੱਗੇ ਖੋਲ੍ਹਦਿਆਂ ਕਿਹਾ, 'ਜ਼ਰਾ ਰੂਹ ਨਾਲ ਕਰ ਪਾਲਿਸ਼ ਇਨ੍ਹਾਂ ਨੂੰ ਬਜ਼ੁਰਗਾ।'

ਲੱਭੂ ਰਾਮ ਬੂਟਾਂ 'ਚੋਂ ਤਸਮੇਂ ਖੋਲ੍ਹਣ ਲੱਗਾ ਤਾਂ ਫੌਜੀ ਨੇ ਪੁੱਛਿਆ, 'ਚਾਹ ਦਾ ਕੱਪ ਨੀਂ ਮਿਲੂ, ਠੰਢ ਬੜੀ ਐ?'

ਪੰਜਾਬੀ ਅਫਸਰ ਲਗਦਾ ਵੇਖ ਕੇ ਲੱਭੂ ਰਾਮ ਨੇ ਟਕੋਰ ਲਾਈ, 'ਜਨਾਬ, ਟੈਮ ਤਾਂ ਰੰਮ ਦਾ ਹੋ ਰਿਹੈ।'

ਤੇ ਨਾਲ ਹੀ ਉਹਨੇ ਭਗਵਾਨ ਦਾਸ ਵੱਲ ਮੂੰਹ ਕਰ ਕੇ ਕਿਹਾ, 'ਭਾਗੂ ਬਣਾ ਦੇ ਸਾਹਿਬ ਲਈ ਦੁੱਧ 'ਚ ਪੱਤੀ ਪਾ ਕੇ ਕੈੜੀ ਜਿਹੀ ਚਾਹ।'

ਕੰਬਦੇ ਹੱਥਾਂ ਨਾਲ ਭਾਗੂ ਨੇ ਫਿਰ ਗੈਸ ਬਾਲੀ ਤੇ ਦੁੱਧ 'ਚ ਪੱਤੀ ਦੇ ਨਾਲ ਛੋਟੀ ਇਲਾਇਚੀ ਤੇ ਇਕ ਲੌਂਗ ਵੀ ਪਾ ਦਿੱਤਾ, ਪਰ ਚਾਹ ਨੂੰ ਉਬਾਲਾ ਆਉਣ ਤੋਂ ਪਹਿਲਾਂ ਹੀ ਭਾਗੂ ਤੇ ਕੁਸ਼ੱਲਿਆਂ ਦੇ ਅੰਦਰਲਾ ਦੁੱਖ ਉਬਾਲੇ ਮਾਰਨ ਲੱਗ ਪਿਆ।

'ਅਫਸਰ ਨੂੰ ਪੁੱਛੀ ਐਤਕਾਂ ਕਿੰਨੇ ਕੁ ਘਰ ਬਰਬਾਦ ਹੋਣਗੇ!' ਕੁਸ਼ੱਲਿਆ ਨੇ ਸਵੇਰ ਤੋਂ ਫੌਜ ਦੀ ਲੰਘਣੀ ਕਾਨਵਾਈ ਬਾਰੇ ਸਵਾਲ ਪੁੱਛਣ ਲਈ ਕਿਹਾ।

ਭਾਗੂ ਕੁਝ ਨਾ ਬੋਲਿਆ ਤੇ ਚਾਹ ਦਾ ਕੱਪ ਘਸਮੈਲੀ ਜਿਹੀ ਸਟੀਲ ਦੀ ਪਲੇਟ 'ਚ ਰੱਖ ਕੇ ਜਦੋਂ ਫੌਜੀ ਅਫਸਰ ਨੂੰ ਫੜਾ ਕੇ ਮੁੜਨ ਲੱਗਾ ਤਾਂ ਸਵਾਲ ਬੁੱਲ੍ਹਾਂ ਵਿਚ ਅਟਕ ਗਿਆ ਤੇ ਜਦੋਂ ਲੱਭੂ ਨੇ ਗੱਲ ਤੋਰੀ ਕਿ 'ਜਨਾਬ ਇਹਦਾ 'ਕੱਲਾ-'ਕਹਿਰਾ ਪੁੱਤ ਕਾਰਗਿਲ 'ਚ ਸ਼ਹੀਦ ਹੋ ਗਿਆ ਸੀ...ਬੱਸ ਹੁਣ ਦੋਵੇਂ ਜਣੇ ਧੰਦੇ ਪਿੱਟਦੇ ਨੇ।'

ਇਸ ਤੋਂ ਪਹਿਲਾਂ ਕਿ ਫੌਜੀ ਅਫਸਰ ਕੁਝ ਬੋਲਦਾ, ਹਉਕਿਆਂ 'ਚ ਬੁਸਕਦੀ ਕੁਸ਼ੱਲਿਆ ਦਾ ਲਾਵਾ ਫੁੱਟਣ ਤੋਂ ਪਹਿਲਾਂ ਹੀ ਭਾਗੂ ਨੇ ਜੇਰਾ ਕਰ ਕੇ ਪੁੱਛ ਲਿਆ, 'ਜਨਾਬ, ਕਾਰਗਿਲ 'ਤੇ ਫਿਰ ਜੰਗ ਛਿੜ ਪਈ?'

'ਨਹੀਂ ਨਹੀਂ! ਇਹ ਤਾਂ ਉਂਈ ਮਸ਼ਕਾਂ 'ਤੇ ਚੱਲੀ ਐ ਫੌਜ। ਸਾਡੇ ਫੌਜੀਆਂ ਨੇ ਦੁਸ਼ਮਣ 'ਚ ਕਾਰਗਿਲ ਵਰਗੇ ਹਮਲੇ ਦਾ ਦਮ ਹੀ ਕਿਥੇ ਰਹਿਣ ਦਿੱਤੈ।'

'ਸ਼ੁਕਰ ਹੈ ਮਾਲਕ ਦਾ! ਫਿਰ ਕਿਸੇ ਨਾਲ ਸਾਡੇ ਵਰਗੀ ਨਹੀਂ ਹੋਣ ਲੱਗੀ?'

'ਪਰ ਬਜ਼ੁਰਗਾ ਤੈਨੂੰ ਮਾਣ ਹੋਣਾ ਚਾਹੀਦੈ...ਤੇਰਾ ਪੁੱਤ ਦੇਸ਼ ਲਈ ਸ਼ਹੀਦ ਹੋਇਐ...।'

'ਹਾਂ, ਮਾਣ ਤਾਂ ਹੈ ਸਰ! ਪਰ...।'...ਤੇ ਅਗਲੀ ਗੱਲ ਕਹਿਣ ਤੋਂ ਪਹਿਲਾਂ ਹੀ ਭਾਗੂ ਤੇ ਕੁਸ਼ੱਲਿਆ ਦਾ ਦੁੱਖਾਂ ਦਾ ਛਰਾਟਾ ਸਾਉਣ ਵਾਂਗ ਧਾਹਾਂ 'ਚ ਵਰ੍ਹ ਪਿਆ।

'ਜਨਾਬ ਜੇ ਅੱਜ ਇਨ੍ਹਾਂ ਦਾ ਦੁੱਖ ਸੁਣ ਜਾਓ ਤਾਂ ਸ਼ਾਇਦ ਇਨ੍ਹਾਂ ਦਾ ਮਨ ਸ਼ਾਂਤ ਹੋ ਜਾਵੇ।' ਲੱਭੂ ਨੇ ਫੌਜੀ ਅੱਗੇ ਤਰਲਾ ਕੀਤਾ।

...ਤੇ ਉਹ ਮੋਚੀ ਦੀਆਂ ਟੁੱਟੀਆਂ ਚੱਪਲਾਂ ਨਾਲ ਹੀ ਭਾਗੂ ਦੀ ਦੁਕਾਨ ਦੇ ਅੰਦਰ ਆ ਬੈਠਾ। ਚਾਹ ਦੀ ਘੁੱਟ ਭਰਦਿਆਂ ਫੌਜੀ ਪੁੱਛਣ ਲੱਗਾ, 'ਤੁਹਾਡੇ ਵਰਗੇ ਮਾਂ ਬਾਪ ਹੋਰ ਬੜੇ ਨੇ ਭਾਗਾਂ ਭਰੇ, ਜਿਨ੍ਹਾਂ ਦੇ ਪੁੱਤ ਕਾਰਗਿਲ 'ਚ ਸ਼ਹੀਦ ਹੋਏ ਨੇ। ਠੀਕ ਹੈ, ਤੁਹਾਡਾ ਇਕ ਪੁੱਤ ਸੀ ਪਰ ਦੁਖੀ ਨਾ ਹੋਵੋ, ਮਾਣ ਕਰੋ ਸ਼ਹੀਦ ਪੁੱਤ 'ਤੇ।'

'ਜਨਾਬ, ਪੁੱਤ ਦੀ ਕੁਰਬਾਨੀ 'ਤੇ ਸਾਨੂੰ ਨਾਜ਼ ਐ ਪਰ ਪੁੱਤ ਦੀ ਕੁਰਬਾਨੀ ਦਾ ਹਸ਼ਰ ਇਹ ਹੋਇਆ ਜਿਵੇਂ ਕੋਈ ਅੱਗ ਮੰਗਣ ਆਇਆ, ਦੁੱਧ ਦੀ ਕਾੜ੍ਹਨੀ ਚੁੱਕ ਕੇ ਲੈ ਗਿਆ ਹੋਵੇ।'

'ਗੱਲ ਖੋਲ੍ਹ ਕੇ ਦੱਸੋ ਸਾਰੀ।'

'ਸਰ, ਭਰਤੀ ਹੋਣ ਤੋਂ ਦੋ ਸਾਲ ਪਿੱਛੋਂ ਪੁੱਤ ਛੁੱਟੀ ਆਇਆ ਸੀ ਦੋ ਮਹੀਨੇ ਦੀ। ਪੰਦਰਾਂ ਕੁ ਦਿਨ ਚਾਅ 'ਚ ਲੰਘ ਗਏ। ਫਿਰ ਵਿਆਹ ਦੀਆਂ ਗੱਲਾਂ ਹੋਣ ਲੱਗ ਪਈਆਂ। ਰਿਸ਼ਤੇ ਆਉਣ ਲੱਗ ਪਏ। ਪਹਿਲਾਂ ਤਾਂ ਸਾਡਾ ਫੌਜੀ ਪੁੱਤ ਪਿੰਡੇ 'ਤੇ ਮੱਖੀ ਨਾ ਬਹਿਣ ਦੇਵੇ, ਫਿਰ ਪਤਾ ਨੀਂ ਮਨ-ਸੁਮੱਤਿਆ ਪਈ, ਮੰਨ ਗਿਆ। ਪੁੱਤ ਬਲਜੀਤ ਸਿਹੁੰ ਸੁਨੱਖਾ ਵੀ ਬੜਾ ਸੀ ਤੇ ਫਿਰ ਜਿਵੇਂ ਸਿਆਣੇ ਕਹਿੰਦੇ ਨੇ, ਸੰਜੋਗ ਜੋਰਾਵਰ। ਰੱਬ ਦੇ ਧਰਮੀ ਬਾਣੇ ਵਾਲੇ ਇਕ ਬੰਦੇ ਦੀ ਧੀ ਮਨਪ੍ਰੀਤ ਨਾਲ ਦਸ ਕੁ ਦਿਨਾਂ 'ਚ ਵਿਆਹ ਹੋ ਗਿਆ।'

'ਮਾਂ ਨੂੰ ਕਿਹਾ ਕਰੇ ਕਿ ਲੈ ਹੁਣ ਮੌਜਾਂ ਕਰੀਂ, ਵਥੇਰੀਆਂ ਪਕਾਈਆਂ ਤੇ ਖੁਆਈਆਂ। ਹੁਣ ਨੂੰਹ ਦੀਆਂ ਪੱਕੀਆਂ ਖਾਈਂ।' ਕੁਸ਼ੱਲਿਆ ਵਿਚੋਂ ਬੋਲ ਪਈ।

'ਚੁੱਪ ਕਰ, ਗੱਲ ਮੈਨੂੰ ਪੂਰੀ ਕਰਨ ਦੇ...ਬੱਸ ਵਿਆਹ ਦੇ ਪੰਦਰਾਂ ਕੁ ਦਿਨਾਂ ਬਾਅਦ ਬੁਲਾ ਲਿਆ ਵਾਪਿਸ ਫੌਜ 'ਚ...ਤੇ ਗਏ ਦੇ ਛੇਵੇਂ ਦਿਨ ਆ ਗਈ ਖ਼ਬਰ, ਸ਼ਹੀਦੀ ਪ੍ਰਾਪਤ ਕਰਨ ਦੀ।'

'ਬਹੂ ਹੁਣ ਤੁਹਾਡੇ ਨਾਲ ਰਹਿੰਦੀ ਐ?'

'ਜਨਾਬ ਇਹੋ ਤਾਂ ਦਰਦ ਐ ਸਾਡਾ। ਲਾਸ਼ ਪੁੱਤ ਦੀ ਪਿੰਡ ਆਈ, ਅੰਤਿਮ ਸੰਸਕਾਰ ਵੇਲੇ ਵੱਡੇ ਵੱਡੇ ਅਫਸਰ ਆਏ, ਡੀ.ਸੀ. ਆਇਆ, ਮੰਤਰੀ ਆਏ। ਬੁੱਤ ਦਾ ਐਲਾਨ ਹੋਇਆ, ਜਿਸ ਰਾਹੇ ਕੁਸ਼ੱਲਿਆ ਰੋਟੀ ਲੈ ਕੇ ਆਉਂਦੀ ਐ, ਉਸ ਰਾਹ ਦਾ ਨਾਂ ਪੁੱਤ ਦੇ ਨਾਂ 'ਤੇ।'

'ਫਿਰ ਉਦਾਸ ਕਿਉਂ ਐਂ?'

'ਸਰ ਕੁੜਮ ਨੇ ਭੋਗ ਵਾਲੇ ਦਿਨ ਭਰੀ ਪਰ੍ਹਿਆ 'ਚ ਕਿਹਾ-ਮੇਰੀ ਧੀ ਸ਼ਹੀਦ ਦੀ ਪਤਨੀ ਐ, ਭਾਵੇਂ ਇਹ ਭਰ ਜੁਆਨ ਐ ਪਰ ਮੇਰਾ ਤੇ ਧੀ ਦਾ ਫੈਸਲਾ ਹੈ ਕਿ ਇਹ ਭਗਵਾਨ ਤੇ ਕੁਸ਼ੱਲਿਆ ਦੀ ਨੂੰਹ ਨਹੀਂ, ਪੁੱਤਰ ਬਣ ਕੇ ਰਹੇਗੀ।'

'ਕੁੜਮ ਨੇ ਵੀ ਲਾਜ ਰੱਖੀ ਫਿਰ ਬਾਣੇ ਦੀ?' ਫੌਜੀ ਭਾਵੁਕ ਹੋ ਗਿਆ।

'ਜਨਾਬ ਸਾਨੂੰ ਵੀ ਹੁਣ ਈ ਪਤਾ ਲੱਗਾ ਕਿ ਚੋਰ, ਸਾਧਾਂ ਦੇ ਬਾਣੇ 'ਚ ਲੁਕਦੇ ਕਿਵੇਂ ਆ।

(ਬਾਕੀ ਸਫਾ 37 'ਤੇ)

## ਸਾਡਾ ਯਾਰ ਜਸਪਾਲ ਭੱਟੀ ਵੀ ਚਲੇ ਗਿਆ

### ਧੁੱਪੇ ਬੈਠੀਆਂ ਯਾਦਾਂ

ਮੌਤ ਨਾਲ ਬਹਿਸ ਖਤਰਨਾਕ ਹੁੰਦੀ ਹੈ ਕਿਉਂਕਿ ਉਸ ਕੋਲ ਜਾਨ ਕੱਢਣ ਦਾ ਹਥਿਆਰ ਹੈ। ਅਸੀਂ ਸਾਰੇ ਮੌਤ ਦੀ ਨੁਮਾਇਸ਼ ਦੇ ਹਿੱਸੇਦਾਰ ਹਾਂ।

ਕਾਮੇਡੀ ਦਾ ਬਾਦਸ਼ਾਹ ਚਲੇ ਗਿਐ। ਜਸਪਾਲ ਭੱਟੀ ਵਰਗੇ ਬਹੁਤ ਘੱਟ ਲੋਕ ਹਨ ਜੋ ਕਲਮ ਤੇ ਜ਼ੁਬਾਂ, ਦੋਹਾਂ ਨਾਲ ਹੀ ਲੋਕਾਂ ਦਾ ਸਿਹਤਮੰਦ ਮਨੋਰੰਜਨ ਕਰਦੇ ਰਹੇ। ਹੋਣੀ ਦਾ ਫਰੇਬ ਦੇਖੋ ਕਿ ਜਿਸ ਕੰਮ ਲਈ ਉਹ ਭੱਜਿਆ ਫਿਰਦਾ ਸੀ, ਉਹਦੀ ਬੇੜੀ ਤਾਂ ਸਿਰੇ ਲਾ'ਤੀ ਪਰ ਮਲਾਹ ਪਾਰ ਨਹੀਂ ਲੱਗਣ ਦਿੱਤਾ। ਉਵੇਂ ਹੀ ਵਾਪਰ ਗਿਆ, ਹੋਣੀ ਜਿਵੇਂ ਕਰ ਕੇ ਵਿਖਾ ਦਿੰਦੀ ਹੈ, ਜਾਣੀ ਜ਼ਿੰਦਗੀ ਦੀ ਡੋਰ ਨਾਲ ਪੇਚਾ ਸਿਰਫ ਉਸ ਨੂੰ ਹੀ ਪਾਉਣਾ ਆਉਂਦਾ ਹੈ। ਵਿਗਿਆਨ ਚੰਦ ਤੋਂ ਵੀ ਅੱਗੇ ਲੈ ਜਾਵੇ ਪਰ ਜੀਵਨਦਾਨ ਡਾਢੇ ਦਿਆਂ ਹੱਥਾਂ 'ਚ ਹੀ ਰਹੇਗਾ।

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਜਲੰਧਰ ਦੂਰਦਰਸ਼ਨ ਦੀ ਪੂਰੀ ਸਰਦਾਰੀ ਸੀ। ਅਜਿਹਾ ਹੋਰ ਕੋਈ ਚੈਨਲ ਹੈ ਵੀ ਨਹੀਂ ਸੀ। ਭੱਟੀ ਦਾ 'ਉਲਟਾ ਪੁਲਟਾ' ਦਿਨਾਂ-ਮਹੀਨਿਆਂ ਵਿਚ ਉਹਨੂੰ ਸ਼ੁਹਰਤ ਦੀ ਸਿਖਰ 'ਤੇ ਲੈ ਗਿਆ। ਉਦੋਂ ਜਸਪਾਲ ਭੱਟੀ ਦਾ 'ਉਲਟਾ ਪੁਲਟਾ' ਤੇ ਅਮਿਤੋਜ ਦਾ 'ਕੱਚ ਦੀਆਂ ਮੁੰਦਰਾਂ' ਸਭ ਤੋਂ ਹਰਮਨਪਿਆਰੇ ਪ੍ਰੋਗਰਾਮ ਸਨ। ਸਾਲ 1982 ਵਿਚ ਮੈਂ ਵੀ ਦੂਰਦਰਸ਼ਨ ਦੇ ਕੁਝ ਪ੍ਰੋਗਰਾਮਾਂ ਦਾ ਸੰਚਾਲਕ ਬਣ ਗਿਆ ਸੀ। ਖ਼ਬਰਾਂ ਵਾਲੀ 'ਬੀ' ਸਟੂਡੀਓ ਵਿਚ ਤਿੰਨ-ਚਾਰ ਮਿੰਟ ਤੇ ਇਸ 'ਉਲਟਾ ਪੁਲਟਾ' ਪ੍ਰੋਗਰਾਮ ਦੀ ਰਿਕਾਰਡਿੰਗ ਹੋਣੀ ਹੁੰਦੀ ਸੀ ਜਿਸ ਨੂੰ ਫਿਰ ਦਿੱਲੀ ਨੈਸ਼ਨਲ ਨੈਟਵਰਕ ਲਈ ਭੇਜਿਆ ਜਾਂਦਾ ਸੀ। ਅਸੀਂ ਉਦੋਂ ਵੱਡੇ ਸਟੂਡੀਓ ਵਿਚ ਪ੍ਰੋਗਰਾਮ ਪੇਸ਼ ਕਰਦੇ ਸਾਂ, ਪਰ ਕੇਂਦਰ ਨਿਰਦੇਸ਼ਕ ਸਮੇਤ ਜਲੰਧਰ ਦੂਰਦਰਸ਼ਨ ਦਾ ਸਾਰਾ ਅਮਲਾ-ਫੈਲਾ ਭੱਟੀ ਦੇ ਸ਼ੋਅ ਵੇਲੇ ਸਟੂਡੀਓ 'ਬੀ' ਵਿਚ ਹੁੰਦਾ ਸੀ।

ਮੇਰੇ ਨਾਲ ਭੱਟੀ ਦੀਆਂ ਇਥੇ ਹੀ ਬਹੁਤੀਆਂ ਮੁਲਾਕਾਤਾਂ ਹੋਈਆਂ ਤੇ 'ਫਲਾਪ ਸ਼ੋਅ' ਜਾਂ ਫਿਲਮ 'ਮਾਹੌਲ ਠੀਕ ਹੈ' ਤੱਕ ਉਹਦੇ ਬਾਰੇ 'ਅਜੀਤ' ਦੇ ਪਹਿਲੇ ਪੰਨੇ ਵਰਗੀਆਂ ਸੁਰਖੀਆਂ ਵੀ ਮੈਨੂੰ ਲਾਉਣ ਦਾ ਮੌਕਾ ਮਿਲਦਾ ਰਿਹਾ। ਫਿਰ ਸਮਾਂ ਪਾ ਕੇ ਉਹਦਾ ਰਿਸ਼ਤੇ 'ਚੋਂ ਲਗਦਾ ਨਜ਼ਦੀਕੀ ਅਰਵਿੰਦਰ ਸਿੰਘ ਭੱਟੀ ਜਲੰਧਰ ਦੇ ਇਸੇ ਕੇਂਦਰ 'ਤੇ ਨਿਊਜ਼ ਰੀਡਰ ਬਣ ਗਿਆ। ਭੱਟੀ ਜਿਵੇਂ ਸਾਰਿਆਂ ਦੇ ਹੱਥਾਂ 'ਚੋਂ ਨਿਕਲ ਕੇ ਕਮਾਲ ਦਾ ਕਲਾਕਾਰ ਬਣਿਆ, ਇਨ ਬਿਨ ਮੱਛੀ ਵਾਂਗ ਹੱਥਾਂ ਵਿਚੋਂ ਤਿਲਕ ਕੇ ਹੋਣੀ ਦੀ ਗੋਦ ਵਿਚ ਜਾ ਪਿਆ।

ਇਸ ਗੱਲ ਨੂੰ ਮੈਂ ਮਾਣ ਨਾਲ ਹੀ ਕਹਾਂਗਾ ਕਿ ਭੱਲੇ-ਬਾਲੇ ਹੋਰਾਂ ਨੂੰ ਮੈਂ ਜੱਸੋਵਾਲ ਦੇ ਘਰੋਂ ਭੰਡਾਂ ਦੀ ਨਕਲ ਲਾਉਂਦਿਆਂ ਜਾਣਦਾ ਹਾਂ। ਭਗਵੰਤ ਮਾਨ ਨੂੰ 'ਗੋਭੀ ਦੀਏ ਕੱਚੀਏ ਵਪਾਰਨੇ' ਤੋਂ, ਭਜਨੇ ਅਮਲੀ ਨੂੰ ਜਗਮੋਹਣ ਕੌਰ ਦੀ ਸਟੇਜ ਸਕੱਤਰੀ ਤੋਂ ਅਤੇ ਜਸਪਾਲ ਭੱਟੀ ਨੂੰ ਉਦੋਂ ਤੋਂ ਹੁਣ ਤੱਕ...ਤੇ ਇਸ ਖੇਤਰ ਦੇ ਸਾਰੇ ਲੋਕ ਇਸ ਸਾਂਝ ਨੂੰ ਜਾਣਦੇ ਹਨ ਪਰ ਸਾਡਾ ਯਾਰ ਬਿਨਾਂ ਮੁਲਾਕਾਤ ਹੀ ਸਾਥ ਛੱਡ ਗਿਆ ਹੈ। ਜਸਰਾਜ ਤੇ ਰਾਬੀਆ ਹੁਣੇ ਜਨਮੇ ਸਨ...ਸਵਿਤਾ ਨੇ ਦੁੱਖ ਨਹੀਂ ਦੇਖਿਆ ਸੀ ਪਰ ਦੁੱਖਾਂ ਦੇ ਪਹਾੜ ਨਾਲ ਮੱਥਾ ਲੱਗ ਗਿਆ ਹੈ।

ਮੈਂ ਹੋਣੀ ਨੂੰ ਹੁਣੇ ਚਕਮਾ ਦੇ ਕੇ ਹਟਿਆ ਹਾਂ ਪਰ ਉਹ ਉਹਨੂੰ ਵੀ ਗੱਲਾਂ 'ਚ ਨਹੀਂ ਲੈ ਸਕਿਆ। ਰਿਸ਼ਤਾ ਕਰਨ ਵੇਲੇ ਹੀ ਪਤਾ ਲਗਦਾ ਹੈ ਕਿ ਚੰਗੇ ਘਰਾਂ ਦੇ ਧੀਆਂ ਪੁੱਤ ਪਹਿਲਾਂ ਹੀ ਮੰਗੇ ਜਾ ਚੁੱਕੇ ਹਨ।

ਖੈਰ! ਅਨੰਦ ਰੱਬ ਦਾ ਨਾਂ ਹੈ ਤੇ ਮੌਤ ਸਬਰ ਦਾ।

**-ਐਸ. ਅਸ਼ੋਕ ਭੌਰਾ**

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### ਨਸ਼ਈ ਮੁਲਕ

ਧੀਆਂ ਪਹਿਲਾਂ ਦੇ ਕੇ ਕਾਲੇ ਲਿਖਦੈਂ ਲੇਖ। ਅੱਖਾਂ ਖੋਲ੍ਹ ਕੇ ਡਾਢਿਆਂ ਜੱਗੋਂ ਤੇਰਵੀਂ ਦੇਖ।
ਤੇਰਾਂ ਸਾਲ ਦੀ ਬਚੜੀ ਬਣੀ ਬੱਚੇ ਦੀ ਮਾਂ। ਬੀਬੇ ਬੰਦੇ ਭਾਲਦੇ ਗਰਕਣ ਦੇ ਲਈ ਥਾਂ।
ਜਬਰੀ ਭੈਣਾਂ ਘਰਾਂ ਚੋਂ ਚੁੱਕਣ ਜ਼ੋਰਾਵਰ। ਹਾਕਮ ਥਾਪੀ ਦੇ ਰਹੇ ਨਹੀਂ ਕਿਸੇ ਦਾ ਡਰ।
ਧੀਆਂ ਗਈਆਂ ਸਹਿਮੀਆਂ ਬੋਲ ਸਕਣ ਨਾ ਬੋਲ। ਹੱਡ ਤੁੜਾ ਲਏ ਮਾਪਿਆਂ ਪੱਗਾਂ ਲਈਆਂ ਰੋਲ।
ਪਤਝੜ ਲੰਮੀ ਹੋ ਰਹੀ ਆਉਂਦੀ ਨਹੀਂ ਬਸੰਤ। ਕਿੱਦਾਂ ਬਚੂਗਾ ਮਾਲਕਾ ਇਹ ਤੇਰਾ ਜੀਆ-ਜੰਤ।
ਮੁਲਕ ਨਸ਼ਈ ਹੋ ਰਿਹਾ ਕਿਵੇਂ ਲਕੋਈਏ ਸੱਚ। ਲੱਭਣ ਨਾਹੀਂ ਜਵਾਨੀਆਂ ਭਰ ਭਰ ਆਉਂਦਾ ਗੱਚ।
ਛੱਡਦੇ ਫਿਕਰ ਜਹਾਨ ਦਾ ਆਪਣਾ ਅੱਗਾ ਵੱਚ। ਮੂੰਹ 'ਤੇ 'ਭੌਰੇ' ਰਹਿ ਗਿਆ ਨਹੀਂ ਕਿਸੇ ਦੇ ਨੱਕ।

# ਧਰਮ ਨਿਰਪੇਖਤਾ, ਸਮਾਜਕ ਨਿਆਂ-ਸਿੱਖ ਧਰਮ ਚਿੰਤਨ ਤੇ ਗਦਰ ਲਹਿਰ

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਪੱਛਮ ਤੋਂ ਅਰੰਭ ਹੋਈ ਧਰਮ-ਨਿਰਪੇਖਵਾਦ ਇੱਕ ਅਜਿਹੀ ਲਹਿਰ ਹੈ ਜਿਸ ਦਾ ਉਦੇਸ਼ ਨੈਤਿਕ ਸੀ ਪਰ ਇਸ ਵਿਚ ਧਰਮ ਸ਼ਾਮਲ ਨਹੀਂ ਸੀ ਅਤੇ ਇਸ ਦਾ ਪਿਛੋਕੜ ਰਾਜਨੀਤਕ ਅਤੇ ਦਾਰਸ਼ਨਿਕ ਸਰੋਕਾਰ ਸਨ। ਇਸ ਦੀ ਨੀਂਹ ਜੀਵਨ ਅਤੇ ਵਿਹਾਰ ਦਾ ਖਾਸ ਸਿਧਾਂਤ ਦੇਣ ਦੇ ਉਦੇਸ਼ ਨਾਲ ਰੱਖੀ ਗਈ, ਜਿਸ ਦਾ ਹਾਂ-ਵਾਚਕ ਪੱਖ ਨੈਤਿਕ ਹੈ, ਪਰ ਇਹ ਸਭ ਕੁੱਝ ਕਿਸੇ ਦੇਵਤਾ ਜਾਂ ਅਗਲੇ ਜੀਵਨ ਦਾ ਹਵਾਲਾ ਦਿੱਤੇ ਬਗੈਰ ਕੀਤਾ ਗਿਆ। ਇਸ ਲਈ ਇਸ ਨੇ ਧਰਮ ਦਾ ਕਾਰਜ ਨਿਭਾਉਣ ਦਾ ਪ੍ਰਸਤਾਵ, ਧਾਰਮਿਕ ਸਹਾਇਕਾਂ ਤੋਂ ਬਿਨਾਂ ਰੱਖਿਆ ਜਿਸ ਕਰਕੇ ਇਹ ਧਰਮ ਪ੍ਰਤੀ ਨਾਂਹ-ਮੁਖੀ ਹੈ। ਇਸ ਦਾ ਅਰੰਭ ਰਾਜਨੀਤਕ ਹਾਲਾਤ ਕਰਕੇ ਅਤੇ ਦਾਰਸ਼ਨਿਕ ਅਸਰਾਂ ਕਾਰਨ ਹੋਇਆ। ਅਸਲ ਵਿਚ ਇਹ ਲਹਿਰ ਪੱਛਮ ਵਿਚ ਧਰਮ ਅਤੇ ਵਿਗਿਆਨ ਦੇ ਆਪਸੀ ਵਿਰੋਧ ਵਿਚੋਂ ਪੈਦਾ ਹੋਈ। ਇਹ ਇੱਕ ਅਜਿਹੀ ਵਿਚਾਰਧਾਰਾ ਹੈ ਜਿਸ ਵਿਚ ਸਮਾਜ ਦੇ ਜੀਵਨ ਨੂੰ ਵਿਵਸਥਤ ਕਰਨ ਵਾਲੀਆਂ ਸੰਸਥਾਵਾਂ ਪੂਰਨ ਤੌਰ 'ਤੇ ਧਾਰਮਿਕ ਵਿਸ਼ਵਾਸ ਦੀਆਂ ਵਿਰੋਧੀ ਹਨ।

ਧਰਮ-ਨਿਰਪੇਖਵਾਦ ਦਾ ਲਾਜ਼ਮ ਸਿਧਾਂਤ ਮਨੁੱਖੀ ਸੁਧਾਰ ਸਿਰਫ ਪਦਾਰਥਕ ਸਾਧਨਾਂ ਰਾਹੀਂ ਕਰਨਾ ਲੋਚਦਾ ਹੈ। ਇਸ ਅਨੁਸਾਰ ਪਦਾਰਥਕ ਸਾਧਨ ਵੱਧ ਅਹਿਮ ਹਨ ਕਿਉਂਕਿ ਇਨ੍ਹਾਂ ਰਾਹੀਂ ਇੱਛਤ ਟੀਚੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਧਾਰਨਾ ਦੀ ਇੱਕਸੁਰਤਾ ਵਿਚ ਇਸ ਨੇ ਧਰਮ-ਨਿਰਪੇਖ ਸਤਿ ਦੀ ਆਜ਼ਾਦੀ ਦਾ ਐਲਾਨ ਕੀਤਾ। ਧਰਮ-ਨਿਰਪੇਖ ਗਿਆਨ ਦੀ ਨੀਂਹ ਜੀਵਨ ਦੇ ਅਨੁਭਵ ਦੇ ਆਧਾਰ 'ਤੇ ਰੱਖੀ ਗਈ ਜਿਸ ਨੂੰ ਅਨੁਭਵ ਵਿਚ ਕਾਰਜ ਕਰ ਰਹੇ ਤਰਕ ਦੇ ਆਧਾਰ 'ਤੇ ਪਰਖਿਆ ਅਤੇ ਕਾਇਮ ਰੱਖਿਆ ਜਾ ਸਕੇ। ਇਸ ਧਾਰਨਾ ਅਨੁਸਾਰ ਧਰਮ ਅਤੇ ਨਿਰਪੇਖਵਾਦ ਦਾ ਰਿਸ਼ਤਾ ਇਕ ਦੂਜੇ ਪ੍ਰਤੀ ਦੁਸ਼ਮਣੀ ਵਾਲਾ ਹੋਣ ਦੀ ਥਾਂ ਇੱਕ ਦੂਜੇ ਤੋਂ ਨਿਰਲੇਪਤਾ ਦਾ ਹੈ। ਧਰਮ-ਨਿਰਪੇਖਵਾਦ ਸਿਰਫ ਇਸ ਸੰਸਾਰ ਦੀ ਗੱਲ ਕਰਦਾ ਹੈ, ਅਗਲੇ ਜਹਾਨ ਨਾਲ ਇਸ ਦਾ ਕੋਈ ਵਾਹ-ਵਾਸਤਾ ਨਹੀਂ। ਆਸਤਿਕਤਾ ਜਾਂ ਨਾਸਤਿਕਤਾ-ਦੋਵਾਂ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ। ਇਸ ਦਾ ਕਹਿਣਾ ਹੈ ਕਿ ਪੂਰਨ ਨੈਤਿਕਤਾ ਧਰਮ-ਨਿਰਪੇਖ ਸਰੋਕਾਰਾਂ 'ਤੇ ਆਧਾਰਤ ਹੋ ਸਕਦੀ ਹੈ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੇ ਸਿਧਾਂਤ ਬੌਧਿਕਤਾ ਜ਼ਰੀਏ ਤਰਕ ਅਤੇ ਬੁੱਧੀ 'ਤੇ ਆਧਾਰਤ ਨਿਯਮਾਂ ਰਾਹੀਂ ਸਥਾਪਤ ਕੀਤੇ ਅਤੇ ਕਾਇਮ ਰੱਖੇ ਜਾ ਸਕਦੇ ਹਨ।

'ਵਰਡਸਵਰਥ ਡਿਕਸ਼ਨਰੀ ਆਫ ਬਿਲੀਫਸ ਐਂਡ ਰਿਲੀਜੀਅਨਸ' ਅਨੁਸਾਰ ਧਰਮ ਨਿਰਪੇਖਵਾਦ ਇੱਕ ਅਜਿਹੀ ਵਿਚਾਰਧਾਰਾ ਹੈ ਜੋ ਸਮਾਜ ਦੇ ਜੀਵਨ ਨੂੰ ਧਰਮ-ਨਿਰਪੇਖ ਸੰਸਥਾਵਾਂ ਰਾਹੀਂ ਨਿਯੰਤਰਤ ਕਰਨ ਦੇ ਅਧਿਕਾਰ ਨੂੰ ਸਵੀਕਾਰ ਕਰਦੀ ਹੈ ਜੋ ਧਾਰਮਿਕ ਵਿਸ਼ਵਾਸ ਦੇ ਵਿਰੁਧ ਹੋਣ। ਇਹ ਧਰਮ ਦੇ ਬਦਲ ਵਿਚ ਇੱਕ ਸੰਸਾਰ ਨਜ਼ਰੀਆ ਹੈ ਜੋ ਧਰਮ ਦੇ ਬਰਾਬਰ ਆਪਣੀ ਕੱਟੜ ਧਰਮ-ਨਿਰਪੇਖਤਾ ਰਾਹੀਂ ਕੰਮ ਕਰਦਾ ਹੈ। ਭਾਰਤ ਦੀ ਬਹੁ-ਧਾਰਮਿਕ ਸਥਿਤੀ ਵਿਚ ਧਰਮ-ਨਿਰਪੇਖਵਾਦ ਦੇ ਅਰਥ ਬਿਲਕੁਲ ਵੱਖਰੇ ਹਨ। ਇਹ ਧਰਮ ਦੀ ਗੈਰਹਾਜ਼ਰੀ ਵੱਲ ਸੰਕੇਤਕ ਨਹੀਂ ਪ੍ਰੰਤੂ ਅਜਿਹੇ ਸਮਾਜਿਕ ਅਤੇ ਧਾਰਮਿਕ ਪ੍ਰਬੰਧ ਵੱਲ ਸੰਕੇਤਕ ਹੈ ਜਿਸ ਵਿਚ ਕਿਸੇ ਇੱਕ ਧਰਮ ਨੂੰ ਦੂਸਰੇ ਦੇ ਮੁਕਾਬਲੇ ਤਰਜੀਹ ਨਾ ਦਿੱਤੀ ਜਾਵੇ, ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਹੋਵੇ। ਆਜ਼ਾਦੀ ਤੋਂ ਬਾਅਦ ਭਾਰਤ ਨੂੰ ਇਸ ਆਧਾਰ 'ਤੇ ਧਰਮ-ਨਿਰਪੇਖ ਐਲਾਨਿਆ ਗਿਆ ਕਿ ਭਾਰਤੀ ਸੰਵਿਧਾਨ ਦੀ ਨਿਗਾਹ ਵਿਚ ਸਾਰੇ ਧਰਮ ਬਰਾਬਰ ਹਨ ਅਤੇ ਇਹ ਕਿਸੇ ਇੱਕ ਧਰਮ ਨੂੰ ਦੂਸਰਿਆਂ ਦੇ ਮੁਕਾਬਲੇ ਤਰਜੀਹ ਨਹੀਂ ਦਿੰਦਾ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਪੱਛਮੀ ਵਿਚਾਰਧਾਰਾ ਅਤੇ ਭਾਰਤ ਵਿਚ ਧਰਮ-ਨਿਰਪੇਖਵਾਦ ਦੇ ਅਰਥ ਇੱਕ ਦੂਜੇ ਤੋਂ ਬਿਲਕੁਲ ਵੱਖਰੇ ਹਨ।

ਜੇ ਗਰੀਕ ਨੈਤਿਕ ਸ਼ਾਸਤਰ ਨੂੰ ਘੋਖਿਆ ਜਾਵੇ ਤਾਂ ਨਿਆਂਉ ਇੱਕ ਅਜਿਹਾ ਗੁਣ ਹੈ ਜੋ ਦੂਸਰਿਆਂ ਨਾਲ ਸਮਾਜਿਕ ਰਿਸ਼ਤੇ 'ਤੇ ਲਾਗੂ ਹੁੰਦਾ ਹੈ, ਕਿਉਂਕਿ ਇਹ ਦੂਸਰਿਆਂ ਦੇ ਹਿੱਤਾਂ ਨੂੰ ਉਚਿਆਉਂਦਾ ਹੈ, ਭਾਵੇਂ ਉਹ ਰਾਜਾ ਹੋਵੇ ਤੇ ਭਾਵੇਂ ਆਮ ਸ਼ਹਿਰੀ। 'ਨਿਆਂਉ' ਦੇ ਦੋ ਅਰਥ ਕੀਤੇ ਜਾਂਦੇ ਹਨ-ਕਾਨੂੰਨਨ ਅਤੇ ਨਿਰਪੱਖਤਾ। ਕਾਨੂੰਨ ਸਾਰੇ ਭਾਈਚਾਰੇ ਦੇ ਹਿੱਤ ਵਿਚ ਸਭ 'ਤੇ ਇੱਕੋ ਜਿਹਾ ਲਾਗੂ ਹੁੰਦਾ ਹੈ ਭਾਵੇਂ ਉਹ ਆਮ ਸ਼ਹਿਰੀ ਹੋਵੇ ਅਤੇ ਭਾਵੇਂ ਰਾਜ-ਕਰਤਾ। ਨਿਰਪੱਖਤਾ ਤੋਂ ਭਾਵ ਹੈ ਹਰ ਸ਼ਹਿਰੀ ਨੂੰ ਉਸ ਦਾ ਬਣਦਾ ਹੱਕ ਦੇਣਾ। ਇਸ ਤਰ੍ਹਾਂ ਨਿਆਂਉ ਵਿਚ ਸਾਰੇ ਗੁਣ ਆ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਨੇ ਆਪਣੇ ਆਪ ਤੋਂ ਸਿਰਜੇ ਹਨ ਅਤੇ ਉਹ ਹਰ ਇੱਕ ਵਿਚ ਇੱਕ-ਰਸ ਵਿਆਪਕ ਹੈ। ਇਸ ਲਈ ਉਸ ਦੀ ਕਿਰਪਾ ਹਰ ਇੱਕ 'ਤੇ ਹੁੰਦੀ ਹੈ। ਉਸ ਦੀ ਕਿਰਪਾ ਦਾ ਪਾਤਰ ਬਣਨ ਲਈ ਧਰਮ, ਨਸਲ, ਜਾਤ, ਵਰਣ, ਜਨਮ ਅਤੇ ਇਸਤਰੀ-ਪੁਰਸ਼ ਹੋਣ ਦਾ ਕੋਈ ਭੇਦ-ਭਾਵ ਨਹੀਂ ਹੈ। ਨਸਲ, ਜਨਮ, ਜਾਤ ਅਤੇ ਧਰਮ ਕਰਕੇ ਕੋਈ ਮਨੁੱਖ ਵੱਡਾ ਜਾਂ ਛੋਟਾ, ਉਚਾ ਜਾਂ ਨੀਵਾਂ ਨਹੀਂ ਹੈ। ਅਕਾਲ ਪੁਰਖ ਦੀ ਨਿਗਾਹ ਵਿਚ ਸਭ ਮਨੁੱਖ ਬਰਾਬਰ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਮੰਨੀਆਂ ਗਈਆਂ ਹਨ-ਗੁਰਮੁਖਿ ਅਤੇ ਮਨਮੁਖਿ। ਜੋ ਮਨੁੱਖ ਗੁਰੂ ਦੇ ਦੱਸੇ ਰਸਤੇ ਉਤੇ ਚੱਲਦੇ ਹਨ, ਉਹ ਗੁਰਮੁਖਿ ਹਨ ਅਤੇ ਜੋ ਆਪਣੇ ਮਨ ਦੀ ਮਤਿ ਅਨੁਸਾਰ ਚੱਲਦੇ ਹਨ, ਉਹ ਮਨਮੁਖਿ ਹਨ। ਮਨੁੱਖੀ ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬਿਰਤੀਆਂ ਦੇ ਅਧੀਨ ਹੋਣ ਕਰਕੇ ਮਨੁੱਖ ਨੂੰ ਉਸ ਦੇ ਰਸਤੇ ਤੋਂ ਵਿਚਲਿਤ ਕਰ ਸਕਦਾ ਹੈ ਪਰ ਗੁਰਮੁਖਿ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਇਨ੍ਹਾਂ ਬਿਰਤੀਆਂ ਨੂੰ ਆਪਣੇ ਕਾਬੂ ਵਿਚ ਰੱਖਦਾ ਹੈ। ਇਸ ਲਈ ਕੁਦਰਤੀ ਹੈ ਕਿ ਗੁਰਮੁਖਿ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਨ ਦੇ ਯੋਗ ਹੋ ਜਾਂਦਾ ਹੈ। ਸਮਾਜਿਕ ਬਰਾਬਰੀ ਤੋਂ ਬਿਨਾਂ ਨਿਆਂਉ ਅਰਥਹੀਣ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਰਣ-ਵੰਡ ਨੂੰ ਨਕਾਰਦੀ ਹੈ ਜੋ ਕਿ ਸਮਾਜਿਕ ਨਾ-ਬਰਾਬਰੀ ਦਾ ਕਾਰਣ ਹੈ। ਵਰਣ-ਵੰਡ ਨਸਲੀ ਨਫਰਤ ਦਾ ਕਾਰਨ ਹੈ ਕਿਉਂਕਿ ਇਸ ਦਾ ਆਧਾਰ ਵਰਣ ਅਰਥਾਤ ਰੰਗ ਹੈ। ਇਸ ਦੀ ਨੀਂਹ ਰੱਖਣ ਲਈ ਭਾਵੇਂ ਧਰਮ ਦਾ ਸਹਾਰਾ ਲਿਆ ਗਿਆ ਪਰ ਇਸ ਦਾ ਅਸਲ ਮਕਸਦ ਭਾਰਤ ਵਿਚ ਬਾਹਰੋਂ ਆਈ ਆਰੀਅਨ ਨਸਲ ਨੂੰ ਇਥੋਂ ਦੀ ਆਦਿਵਾਸੀ ਨਸਲ ਦਰਾਵੜ ਨਾਲੋਂ ਨਿਖੇੜਨਾ ਸੀ। ਇਸੇ ਲਈ ਇਸ ਦਾ ਆਧਾਰ ਵਰਣ ਅਰਥਾਤ ਰੰਗ ਨੂੰ ਬਣਾਇਆ ਗਿਆ। ਸਮਾਜਿਕ ਬਰਾਬਰੀ ਸਮਾਜਿਕ ਰਿਸ਼ਤਿਆਂ ਨੂੰ ਨਿਰਧਾਰਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਜਿਸ ਤਰ੍ਹਾਂ ਘੁਮਿਆਰ ਇੱਕੋ ਮਿੱਟੀ ਤੋਂ ਵੱਖਰੀ ਵੱਖਰੀ ਸ਼ਕਲ ਅਤੇ ਆਕਾਰ ਦੇ ਭਾਂਡੇ ਘੜਦਾ ਹੈ, ਇਸੇ ਤਰ੍ਹਾਂ ਸਿਰਜਣਹਾਰ ਨੇ ਇੱਕੋ ਕਿਸਮ ਦੇ, ਉਨ੍ਹਾਂ ਹੀ ਤੱਤਾਂ ਤੋਂ ਵੱਖਰੇ ਵੱਖਰੇ ਮਨੁੱਖ ਬਣਾਏ ਹਨ। ਇਸ ਵਿਚ ਨਾ ਹੀ ਮਿੱਟੀ ਦਾ ਦੋਸ਼ ਹੈ, ਨਾ ਹੀ ਸਿਰਜਣਹਾਰ ਦਾ। ਇਹ ਸਾਰਾ ਸੰਸਾਰ ਉਸ ਇੱਕ ਹੀ ਰੱਬੀ ਨੂਰ ਤੋਂ ਪੈਦਾ ਹੋਇਆ ਹੈ ਅਤੇ ਉਸ ਦਾ ਨੂਰ ਸਭ ਵਿਚ ਵਿਆਪਕ ਹੈ,

ਅਵਲਿ ਅਲਹ ਨੂਰੁ ਉਪਾਇਆ<br>
ਕੁਦਰਤਿ ਕੇ ਸਭ ਬੰਦੇ॥<br>
ਏਕ ਨੂਰ ਤੇ ਸਭੁ ਜਗੁ ਉਪਜਿਆ<br>
ਕਉਨ ਭਲੇ ਕੋ ਮੰਦੇ॥1॥<br>
ਲੋਗਾ ਭਰਮਿ ਨ ਭੂਲਹੁ ਭਾਈ॥<br>
ਖਾਲਿਕੁ ਖਲਕ ਖਲਕ ਮਹਿ ਖਾਲਿਕੁ<br>
ਪੂਰਿ ਰਹਿਓ ਸ੍ਰਬ ਠਾਂਈ॥1॥ਰਹਾਉ॥<br>
ਮਾਟੀ ਏਕ ਅਨੇਕ ਭਾਂਤਿ ਕਰਿ<br>
ਸਾਜੀ ਸਾਜਨਹਾਰੈ॥<br>
ਨਾ ਕਛੁ ਪੋਚ ਮਾਟੀ ਕੇ ਭਾਂਡੇ<br>
ਨਾ ਕਛੁ ਪੋਚ ਕੁੰਭਾਰੈ॥2॥<br>
(ਪੰਨਾ 1349-50)

ਇਸੇ ਸਿਧਾਂਤ ਦੀ ਪ੍ਰੋੜਤਾ ਬਾਬਾ ਫਰੀਦ ਦੀ ਬਾਣੀ ਤੋਂ ਵੀ ਹੋ ਜਾਂਦੀ ਹੈ ਜਦੋਂ ਉਹ ਕਹਿੰਦੇ ਹਨ ਕਿ ਇਸ ਖ਼ਲਕਤ ਨੂੰ ਬਣਾਉਣ ਵਾਲਾ ਪਰਵਰਦਗਾਰ ਆਪ ਸਾਰੀ ਖ਼ਲਕਤ ਵਿਚ ਮੌਜੂਦ ਹੈ ਅਤੇ ਖ਼ਲਕਤ ਉਸ ਬਣਾਉਣ ਵਾਲੇ ਵਿਚ ਵੱਸ ਰਹੀ ਹੈ। ਜਦੋਂ ਕੋਈ ਵੀ, ਕਿਧਰੇ ਵੀ ਉਸ ਤੋਂ ਬਿਨਾ ਹੈ ਹੀ ਨਹੀਂ ਤਾਂ ਫਿਰ ਕਿਸ ਨੂੰ ਮਾੜਾ ਜਾਂ ਮੰਦਾ ਕਿਹਾ ਜਾ ਸਕਦਾ ਹੈ। ਨਸਲੀ ਨਫਰਤ ਨੂੰ ਨਕਾਰਦਿਆਂ ਭਗਤ ਕਬੀਰ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਮਨੁੱਖ ਦੇ ਆਉਣ ਦਾ, ਉਸ ਦੇ ਜਨਮ ਲੈਣ ਦਾ ਅਮਲ ਇੱਕ ਹੀ ਹੈ, ਅਰਥਾਤ ਹਰ ਕੋਈ ਮਾਂ ਦੇ ਪੇਟ ਤੋਂ ਜਨਮ ਲੈਂਦਾ ਹੈ। ਜੇ ਨਸਲ ਕਾਰਨ ਕੋਈ ਉਚਾ ਜਾਂ ਨੀਵਾਂ ਹੁੰਦਾ ਹੈ ਤਾਂ ਉਚਾ ਕਹਾਉਣ ਵਾਲਾ ਕਿਸੇ ਹੋਰ ਰਸਤੇ ਇਸ ਸੰਸਾਰ 'ਤੇ ਕਿਉਂ ਨਹੀਂ ਆਉਂਦਾ? ਇਹ ਵੀ ਨਹੀਂ ਹੈ ਕਿ ਉਚੀ ਨਸਲ ਦਾ ਕਹੇ ਜਾਣ ਵਾਲੇ ਦੀਆਂ ਨਾੜਾਂ ਵਿਚ ਦੁੱਧ ਵਗਦਾ ਹੈ ਅਤੇ ਨੀਵਾਂ ਕਹੇ ਜਾਣ ਵਾਲੇ ਦੀਆਂ ਨਾੜਾਂ ਵਿਚ ਖੂਨ। ਕੋਈ ਉਚਾ ਜਾਂ ਨੀਵਾਂ ਨਹੀਂ ਹੈ ਕਿਉਂਕਿ ਸੰਸਾਰ 'ਤੇ ਆਉਣ ਦਾ ਅਮਲ ਵੀ ਸਭ ਦਾ ਇੱਕੋ ਜਿਹਾ ਹੈ ਅਤੇ ਸਭ ਦੇ ਅੰਦਰ ਸੰਚਾਰ ਕਰ ਰਹੇ ਖੂਨ ਦਾ ਰੰਗ ਵੀ ਉਹੀ ਹੈ। ਇਸ ਲਈ ਸਾਰੇ ਮਨੁੱਖ ਬਰਾਬਰ ਹਨ ਅਤੇ ਸਭ ਦਾ ਇੱਕੋ ਜਿਹਾ ਅਧਿਕਾਰ ਹੈ। (ਪੰਨਾ 324)

ਗੁਰੂ ਅਰਜਨ ਦੇਵ ਨਸਲੀ ਨਫਰਤ ਮਿਟਾਉਣ ਵਾਲੇ ਇਸ ਸਿਧਾਂਤ ਦੇ ਅਨੁਭਵ ਲਈ ਮਨੁੱਖ ਨੂੰ ਗੁਰੂ ਦੀ ਸੰਗਤਿ, ਸਤਿ-ਸੰਗਤਿ ਕਰਨ ਦਾ ਆਦੇਸ਼ ਕਰਦੇ ਹਨ ਕਿਉਂਕਿ ਸਤਿ-ਸੰਗਤਿ ਵਿਚ ਆ ਕੇ ਮਨੁੱਖ ਦੇ ਅੰਦਰੋਂ ਦੂਸਰਿਆਂ ਨਾਲ ਤੇਰ-ਮੇਰ ਵਰਗੇ ਭਾਵ ਖਤਮ ਹੋ ਜਾਂਦੇ ਹਨ। ਉਸ ਨੂੰ ਦੂਸਰਿਆਂ ਵਿਚ ਕੋਈ ਵੈਰੀ ਜਾਂ ਬਿਗਾਨਾ ਨਜ਼ਰ ਨਹੀਂ ਆਉਂਦਾ ਅਤੇ ਸਭ ਨਾਲ ਪ੍ਰੇਮ ਦਾ ਰਿਸ਼ਤਾ ਬਣਦਾ ਹੈ। ਉਸ ਨੂੰ ਪਰਮਾਤਮਾ ਦੇ ਕੀਤੇ ਨੂੰ ਭਲਾ ਕਰਕੇ ਮੰਨਣ ਦੀ ਜਾਚ ਆਉਂਦੀ ਹੈ। ਸਾਧ-ਸੰਗਤਿ ਵਿਚ ਮਨੁੱਖ ਨੂੰ ਇਸ ਤੱਥ ਦੀ ਸੋਝੀ ਆਉਂਦੀ ਹੈ ਕਿ ਸਾਰੇ ਮਨੁੱਖ ਉਸ ਪਰਮਾਤਮਾ ਦੀ ਸਿਰਜਣਾ ਹਨ ਅਤੇ ਹਰ ਇੱਕ ਵਿਚ ਉਹ ਪਰਮਾਤਮਾ ਵਸਦਾ ਹੈ। ਉਸ ਦੀ ਸਰਬ-ਵਿਆਪਕਤਾ ਨੂੰ ਮੰਨਣਾ ਹੀ ਸਮਾਜਿਕ ਬਰਾਬਰੀ ਦਾ ਆਧਾਰ ਹੈ। (ਪੰਨਾ 1299) ਸਿੱਖ ਗੁਰੂ ਸਾਹਿਬਾਨ ਵੱਲੋਂ ਸੰਗਤਿ, ਸੇਵਾ ਅਤੇ ਲੰਗਰ ਦੀ ਸੰਸਥਾ ਦਾ ਨਿਰਮਾਣ ਇਸੇ ਸਿਧਾਂਤ ਦੇ ਅਮਲੀ ਪ੍ਰਕਾਸ਼ਨ ਲਈ ਕੀਤਾ ਗਿਆ। ਸਮਾਜਿਕ ਬਰਾਬਰੀ ਨਾਲ ਹੀ ਸਮਾਜਿਕ ਨਿਆਂਉ ਦਾ ਸੰਕਲਪ ਜੁੜਿਆ ਹੋਇਆ ਹੈ। ਸਿੱਖ ਨੈਤਿਕ ਸ਼ਾਸਤਰ ਦੇ ਇੱਕ ਵਿਦਵਾਨ ਅਨੁਸਾਰ ਨਿਆਂਉ ਦਾ ਗੁਣ ਦੋ ਗੱਲਾਂ ਵਿਚ ਨਿਹਿਤ ਹੈ: ਦੂਸਰਿਆਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਅਤੇ ਦੂਸਰਿਆਂ ਦਾ ਸੋਸ਼ਣ ਨਾ ਕਰਨਾ। (ਡਾ. ਅਵਤਾਰ ਸਿੰਘ, ਐਥਿਕਸ ਆਫ ਦ ਸਿਖਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 99)

ਦੂਸਰਿਆਂ ਦੇ ਹੱਕਾਂ ਦੀ ਗੱਲ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ ਕਿ ਕਿਸੇ ਦਾ ਹੱਕ ਖੋਹਣਾ ਉਸੇ ਤਰ੍ਹਾਂ ਬੁਰਾ ਹੈ ਜਿਵੇਂ ਮੁਸਲਮਾਨ ਵਾਸਤੇ ਸੂਰ ਅਤੇ ਹਿੰਦੂ ਵਾਸਤੇ ਗਊ ਦਾ ਮਾਸ ਖਾਣਾ। ਜਿਸ ਤਰ੍ਹਾਂ ਮਸਾਲੇ ਪਾਉਣ ਨਾਲ ਹਰਾਮ ਦਾ ਮਾਸ ਹਲਾਲ ਨਹੀਂ ਹੋ ਜਾਂਦਾ, ਇਸੇ ਤਰ੍ਹਾਂ ਗੱਲਾਂ ਰਾਹੀਂ ਚੰਗਿਆਈ ਪ੍ਰਾਪਤ ਨਹੀਂ ਹੁੰਦੀ ਅਤੇ ਨਾ ਹੀ ਹਰਾਮ ਦੀ ਕਮਾਈ ਹਲਾਲ ਦੀ ਬਣ ਜਾਂਦੀ ਹੈ। ਦਾਨ-ਪੁੰਨ ਕਰਨ, ਗਲਤ ਤਰੀਕਿਆਂ ਨਾਲ ਕਮਾਇਆ ਧਨ ਜਾਇਜ਼ ਅਤੇ ਹੱਕ ਦੀ ਕਮਾਈ ਨਹੀਂ ਬਣ ਜਾਂਦਾ। ਗੁਰੂ ਅਤੇ ਪੀਰ ਵੀ ਉਸੇ ਦੀ ਹਾਮੀ ਭਰਦੇ ਹਨ ਜਿਹੜਾ ਹਰਾਮ ਦੀ ਕਮਾਈ ਨਹੀਂ ਖਾਂਦਾ,

ਹਕੁ ਪਰਾਇਆ ਨਾਨਕਾ<br>
ਉਸੁ ਸੂਅਰ ਉਸੁ ਗਾਇ॥<br>
ਗੁਰੁ ਪੀਰੁ ਹਾਮਾ ਤਾ ਭਰੇ<br>
ਜਾ ਮੁਰਦਾਰੁ ਨ ਖਾਇ॥ (ਪੰਨਾ 141)

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਧਰਮ-ਨਿਰਪੇਖਵਾਦ ਦਾ ਮਾਡਲ ਨਾ ਤੇ ਧਰਮ ਤੋਂ ਨਿਵੇਕਲਾ ਹੈ ਅਤੇ ਨਾ ਹੀ ਧਰਮ ਦੇ ਵਿਰੋਧ ਵਿਚ ਹੈ। ਇਹ ਧਰਮ ਦੇ ਪੱਖ ਵਿਚ ਵੀ ਹੈ ਅਤੇ ਧਰਮ ਨੂੰ ਸਮਿਲਤ ਵੀ ਕਰਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਧਰਮ ਦੀ ਪਰਿਭਾਸ਼ਾ ਨਿਵੇਕਲੀ ਹੈ। ਇਹ ਧਰਮ ਸਿਰਫ਼ ਅਤੇ ਸਿਰਫ਼ ਪਰਮਾਤਮਾ ਅਤੇ ਉਸ ਦੀ ਸਿਰਜਣਾ ਅਰਥਾਤ ਮਾਨਵਤਾ ਨਾਲ ਪ੍ਰੇਮ ਹੈ ਜੋ ਸਾਰੀਆਂ ਧਾਰਮਿਕ ਹੱਦਬੰਦੀਆਂ ਤੋਂ ਪਾਰ ਲੰਘ ਜਾਂਦਾ ਹੈ।

ਗੁਰੂ ਅਮਰਦਾਸ ਵਡਹੰਸ ਕੀ ਵਾਰ ਵਿਚ ਦੱਸਦੇ ਹਨ ਕਿ ਪਰਮਾਤਮਾ ਆਪਣੇ ਭਗਤਾਂ 'ਤੇ ਆਪ ਖੁਸ਼ ਹੁੰਦਾ ਹੈ ਅਤੇ ਆਪਣੇ ਨਾਲ ਜੋੜ ਲੈਂਦਾ ਹੈ। ਉਹ ਆਪਣੇ ਭਗਤਾਂ ਦੇ ਸਿਰ 'ਤੇ ਛਤਰ ਝੁਲਾ ਕੇ ਉਨ੍ਹਾਂ ਨੂੰ ਆਪ ਹੀ ਪਾਤਿਸ਼ਾਹੀ ਬਖਸ਼ਦਾ ਹੈ। ਸਤਿਗੁਰੂ ਦੀ ਦੱਸੀ ਕਾਰ ਕਮਾ ਕੇ ਉਹ ਸਦਾ ਸੁਖੀ ਰਹਿੰਦੇ ਹਨ। ਰਾਜੇ ਉਹ ਨਹੀਂ ਜਿਹੜੇ ਆਪਸ ਵਿਚ ਲੜ ਮਰਦੇ ਹਨ ਅਤੇ ਫਿਰ ਜੂਨਾਂ ਵਿਚ ਪਏ ਰਹਿੰਦੇ ਹਨ। ਨਾਮ ਤੋਂ ਵਿਹੂਣੇ ਰਾਜੇ ਨੱਕ ਵੱਢੇ ਹਨ ਅਤੇ ਕਦੇ ਸ਼ੋਭਾ ਨਹੀਂ ਪਾਉਂਦੇ। (ਪੰਨਾ 590) ਇਸ ਤਰ੍ਹਾਂ ਸੱਚੇ ਅਧਿਆਤਮਕ ਗੁਣਾਂ ਨੂੰ ਵਰੋਸਾਏ ਹੋਣਾ ਰਾਜੇ ਦਾ ਪਹਿਲਾ ਗੁਣ ਹੈ। ਰਾਜੇ ਦਾ ਦੂਸਰਾ ਜ਼ਰੂਰੀ ਗੁਣ ਨਿਆਂਉ ਹੈ, ਇਨਸਾਫ਼ ਹੈ। ਗੁਰੂ ਨਾਨਕ ਵਡਹੰਸ ਕੀ ਵਾਰ ਵਿਚ ਦੱਸਦੇ ਹਨ ਕਿ ਸੱਚੀਆਂ ਚੂਲੀਆਂ ਭਾਵ ਸੰਕਲਪ ਜੋ ਮਨੁੱਖ ਨੂੰ ਕਰਨੇ ਚਾਹੀਦੇ ਹਨ: ਸਿਆਣੇ ਦਾ ਸੰਕਲਪ ਹੈ ਗਿਆਨ ਪ੍ਰਾਪਤ ਕਰਨਾ, ਜੋਗੀ ਦਾ ਸੰਕਲਪ ਹੈ ਸੰਜਮ, ਬ੍ਰਾਹਮਣ ਦਾ ਸੰਕਲਪ ਹੈ ਸੰਤੋਖ, ਗ੍ਰਹਿਸਥੀ ਦਾ ਸੰਕਲਪ ਹੈ ਦਾਨ, ਰਾਜੇ ਦਾ ਸੰਕਲਪ ਹੈ ਸਭ ਨੂੰ ਨਿਆਂ ਦੇਣਾ ਅਤੇ ਵਿਦਵਾਨ ਦਾ ਸੰਕਲਪ ਹੈ ਸੱਚ ਦਾ ਧਿਆਨ ਧਰਨਾ। ਪਾਣੀ ਨਾਲ ਧੋਤਿਆਂ ਹਿਰਦਾ ਸਾਫ਼ ਨਹੀਂ ਹੁੰਦਾ ਅਰਥਾਤ ਇਸ਼ਨਾਨ ਕੀਤਿਆਂ ਮਨ ਪਵਿੱਤਰ ਨਹੀਂ ਹੁੰਦਾ। ਪਾਣੀ ਮਨੁੱਖ ਦੀ ਪਿਆਸ ਬੁਝਾਉਣ ਦਾ ਕੰਮ ਕਰਦਾ ਹੈ। ਪਾਣੀ ਜਗਤ ਦਾ ਮੂਲ ਹੈ ਅਤੇ ਪਾਣੀ ਹੀ ਫਿਰ ਖਤਮ ਕਰ ਦਿੰਦਾ ਹੈ। (ਪੰਨਾ 1240) ਧਾਰਮਿਕ ਕਪਟ ਅਤੇ ਪਖੰਡ, ਉਹ ਭਾਵੇਂ ਰਾਜ-ਕਰਤਾ ਦਾ ਹੀ ਕਿਉਂ ਨਾ ਹੋਵੇ, ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਿਰੇ ਤੋਂ ਨਕਾਰਿਆ ਗਿਆ ਹੈ।

ਧਰਮ-ਨਿਰਪੇਖਵਾਦ ਅਤੇ ਸਮਾਜਿਕ ਬਰਾਬਰੀ, ਸਮਾਜਿਕ ਨਿਆਂਉ ਦੀ ਸਭ ਤੋਂ ਵੱਡੀ ਮਿਸਾਲ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਹੈ ਅਤੇ ਸਿੱਖ ਧਰਮ ਦੀ ਸਭ ਤੋਂ ਵੱਡੀ ਸੰਸਥਾ ਗੁਰਦੁਆਰਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਧਰਮ ਦੇ ਛੇ ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾ ਹਿੰਦੂ ਵੈਸ਼ਨਵ ਭਗਤਾਂ, ਭੱਟਾਂ, ਮੁਸਲਮਾਨ ਸੂਫ਼ੀ ਸੰਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਹੋਈ ਹੈ। ਭਗਤਾਂ ਵਿਚ ਉਹ ਭਗਤ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਹਿੰਦੂ ਸਮਾਜਿਕ ਦਰਜਾਬੰਦੀ ਵਿਚ ਨੀਵੀਂ ਜਾਤ ਦੇ ਕਿਹਾ ਜਾਂਦਾ ਸੀ। ਇਹ ਭਗਤ ਅਤੇ ਸੰਤ ਹਿੰਦੁਸਤਾਨ ਦੇ ਵੱਖਰੇ ਵੱਖਰੇ ਪ੍ਰਾਂਤਾਂ, ਵੱਖਰੇ ਸਭਿਆਚਾਰਾਂ ਅਤੇ ਬੋਲੀਆਂ ਨਾਲ ਸਬੰਧਤ ਸਨ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਸਿਰਫ ਉਨ੍ਹਾਂ ਭਗਤਾਂ ਅਤੇ ਸੰਤਾਂ ਦੀ ਸ਼ਾਮਲ ਕੀਤੀ ਗਈ ਜਿਨ੍ਹਾਂ ਦੀ ਵਿਚਾਰਧਾਰਾ ਸਿੱਖ ਧਰਮ ਨਾਲ ਮੇਲ ਖਾਂਦੀ ਸੀ।

ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਗੁਰੂ ਅਰਜਨ ਦੇਵ ਨੇ ਆਪ ਕੀਤਾ। ਇਨ੍ਹਾਂ ਸਾਰੇ ਭਗਤਾਂ, ਸੰਤਾਂ ਦੀ ਬਾਣੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ। ਇਸ ਬਾਣੀ ਨੂੰ ਕੋਈ ਵੀ ਪ੍ਰਾਣੀ-ਮਾਤਰ ਪੜ੍ਹ ਅਤੇ ਸੁਣ ਸਕਦਾ ਹੈ। ਅਜਿਹੀ ਮਿਸਾਲ ਕਿਸੇ ਹੋਰ ਧਰਮ-ਗ੍ਰੰਥ ਦੀ ਪ੍ਰਾਪਤ ਨਹੀਂ ਹੈ। ਧਰਮ-ਨਿਰਪੇਖਵਾਦ ਅਤੇ ਸਮਾਜਿਕ ਬਰਾਬਰੀ ਦਾ ਦੂਸਰਾ ਵੱਡਾ ਅਮਲੀ ਪ੍ਰਕਾਸ਼ਨ ਗੁਰਦੁਆਰਾ ਸੰਸਥਾ ਹੈ ਜਿਥੇ ਹਰ ਇੱਕ ਨੂੰ ਆਉਣ ਦਾ ਅਧਿਕਾਰ ਹੈ। ਦਰਬਾਰ ਸਾਹਿਬ ਦੇ ਚਾਰ ਪ੍ਰਵੇਸ਼ ਦੁਆਰ ਇਸ ਗੱਲ ਦਾ ਸੰਕੇਤ ਹਨ ਕਿ ਇਥੇ ਹਰ ਪ੍ਰਾਣੀ ਨੂੰ ਬਿਨਾ ਕਿਸੇ ਭੇਦ-ਭਾਵ ਦੇ ਆਉਣ ਦੀ ਖੁੱਲ੍ਹ ਹੈ।

ਇਨ੍ਹਾਂ ਸਿਧਾਂਤਾਂ ਦੇ ਅਮਲੀ ਪ੍ਰਕਾਸ਼ਨ ਵਿਚ ਅਗਲਾ ਕਦਮ ਸੰਗਤਿ ਅਤੇ ਪੰਗਤਿ ਹੈ। ਸੰਗਤਿ ਵਿਚ ਆਉਣ, ਲੰਗਰ ਵਿਚ ਸੇਵਾ ਕਰਨ ਅਤੇ ਪ੍ਰਸ਼ਾਦਾ ਛਕਣ ਦਾ ਹਰ ਇੱਕ ਪ੍ਰਾਣੀ ਨੂੰ ਅਧਿਕਾਰ ਹੈ ਅਤੇ ਸਭ ਨੇ ਬਿਨਾ ਕਿਸੇ ਵਿਤਕਰੇ ਦੇ ਪੰਗਤਿ ਵਿਚ ਬਰਾਬਰ ਬੈਠ ਕੇ ਪ੍ਰਸ਼ਾਦਾ ਛਕਣਾ ਹੈ। ਖਾਲਸੇ ਦੀ ਸਿਰਜਣਾ ਵੀ ਇਸੇ ਸਮਾਜਿਕ ਬਰਾਬਰੀ ਦਾ ਸਬੂਤ ਹੈ। ਗਦਰੀ ਬਾਬਿਆਂ ਨੇ ਧੁਰ ਪੂਰਬ ਅਤੇ ਕੈਨੇਡਾ, ਅਮਰੀਕਾ ਵਿਚ ਗੁਰਦੁਆਰਿਆਂ ਦਾ ਨਿਰਮਾਣ ਕੀਤਾ ਅਤੇ ਇਹ ਉਨ੍ਹਾਂ ਦੇ ਵਿਚਾਰ-ਵਟਾਂਦਰੇ ਦੇ ਕੇਂਦਰ ਬਣੇ ਜਿਥੇ ਸਿੱਖ, ਹਿੰਦੂ ਅਤੇ ਮੁਸਲਮਾਨ ਸਾਰੇ ਗਦਰੀ ਇਕੱਠੇ ਹੁੰਦੇ। ਇਹ ਗੁਰਦੁਆਰੇ ਉਨ੍ਹਾਂ ਦੀ ਠਾਹਰ ਦਾ ਸਥਾਨ ਵੀ ਬਣਦੇ ਰਹੇ।

(ਚਲਦਾ)

# ਮਨੁ ਤਨੁ ਤੇਰਾ ਧਨੁ ਭੀ ਤੇਰਾ

## ਗੁਰਬਾਣੀ ਗਿਆਨ

ਮਾਝ ਮਹਲਾ ਪੰਜਵਾਂ<br>
ਮਨੁ ਤਨੁ ਤੇਰਾ ਧਨੁ ਭੀ ਤੇਰਾ॥<br>
ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥<br>
ਜੀਉ ਪਿੰਡੁ ਸਭੁ ਰਾਸਿ ਤੁਮਾਰੀ<br>
ਤੇਰਾ ਜੋਰੁ ਗੋਪਾਲਾ ਜੀਉ ॥੧॥<br>
ਸਦਾ ਸਦਾ ਤੂੰਹੈ ਸੁਖਦਾਈ॥<br>
ਨਿਵਿ ਨਿਵਿ ਲਾਗਾ ਤੇਰੀ ਪਾਈ॥<br>
ਕਾਰ ਕਮਾਵਾ ਜੇ ਤੁਧੁ ਭਾਵਾ<br>
ਜਾ ਤੂੰ ਦੇਹਿ ਦਇਆਲਾ ਜੀਉ॥੨॥<br>
ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥<br>
ਜੋ ਤੂੰ ਦੇਹਿ ਸੋਈ ਸੁਖੁ ਸਹਣਾ॥<br>
ਜਿਥੈ ਰਖਹਿ ਬੈਕੁੰਠੁ ਤਿਥਾਈ<br>
ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥੩॥<br>
ਸਿਮਰਿ ਸਿਮਰਿ ਨਾਨਕ ਸੁਖੁ ਪਾਇਆ॥<br>
ਆਠ ਪਹਰ ਤੇਰੇ ਗੁਣ ਗਾਇਆ॥<br>
ਸਗਲ ਮਨੋਰਥ ਪੂਰਨ ਹੋਏ<br>
ਕਦੇ ਨ ਹੋਇ ਦੁਖਾਲਾ ਜੀਉ॥੪॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਬਖਸ਼ਿਸ਼ ਕਰਦੇ ਹਨ ਕਿ ਹੇ ਇਸ ਜਗਤ ਦੇ ਪ੍ਰਤਿਪਾਲਕ ਜੀਉ! ਇਹ ਜੋ ਮੇਰਾ ਮਨ ਹੈ, ਤੇ ਤਨ, ਭਾਵ ਸਰੀਰ ਹੈ, ਅਤੇ ਜੀਵਨ ਨਿਰਬਾਹ ਲਈ ਜੋ ਧਨ ਹੈ, ਇਹ ਸਭ ਆਪ ਜੀ ਦਾ ਹੀ ਦਿੱਤਾ ਹੈ। ਆਪ ਹੀ ਮੇਰੇ ਠਾਕਰ ਸੁਆਮੀ, ਭਾਵ ਮਾਲਕ ਹੋ ਅਤੇ ਮੇਰੇ ਪ੍ਰਭ ਜੀਉ! ਇਹ ਪਿੰਡ, ਭਾਵ ਜਾਨ ਅਤੇ ਸਰੀਰ ਭੀ ਆਪ ਨੇ ਹੀ ਦਿੱਤਾ ਹੈ। ਹੇ ਗੋਪਾਲ ਪ੍ਰਭ ਜੀਉ! ਮੇਰਾ ਮਾਣ ਭੀ ਅਤੇ ਤਾਣ ਭੀ ਆਪ ਹੀ ਹੋ।

ਸਦਾ ਸਦਾ ਤੂੰਹੈ ਸੁਖਦਾਈ॥<br>
ਨਿਵਿ ਨਿਵਿ ਲਾਗਾ ਤੇਰੀ ਪਾਈ॥<br>
ਕਾਰ ਕਮਾਵਾ ਜੇ ਤੁਧੁ ਭਾਵਾ<br>
ਜਾ ਤੂੰ ਦੇਹਿ ਦਇਆਲਾ ਜੀਉ॥੨॥

ਗੁਰਦੇਵ ਪਿਤਾ ਉਸ ਮਾਲਕ ਪ੍ਰਭੂ ਦੀ ਉਸਤਤਿ ਕਰਦਿਆਂ ਬਚਨ ਕਰਦੇ ਹਨ ਕਿ ਹੇ ਮੇਰੇ ਪ੍ਰਭ ਜੀਉ! ਆਪ ਜੀ ਤਾਂ ਮੈਨੂੰ ਸਦਾ ਸਦਾ ਤੋਂ ਹੀ ਸੁੱਖ ਦੇਣ ਵਾਲੇ ਹੋ, ਮਿਹਰਾਂ ਦੇ ਮਾਲਕ ਹੋ। ਹੇ ਮੇਰੇ ਪ੍ਰਭੂ ਜੀਉ! ਮੈਂ ਤਾਂ ਨਿਉਂ ਨਿਉਂ ਕੇ, ਭਾਵ ਝੁਕ ਝੁਕ ਕੇ ਆਪ ਜੀ ਦੇ ਚਰਨਾਂ ਨੂੰ ਪਰਸਦਾ ਹਾਂ, ਨਮਸਕਾਰ ਕਰਦਾ ਹਾਂ। ਸੋ, ਹੇ ਮੇਰੇ ਮਿਹਰਬਾਨ ਪਿਤਾ ਜੀਉ! ਜੋ ਕੰਮ ਮੈਨੂੰ ਕਰਨ ਲਈ ਦੇਵੋਗੇ, ਮੈਂ ਆਪ ਜੀ ਦੇ ਹੁਕਮ ਵਿਚ ਰਹਿ ਕੇ ਉਹੀ ਕੰਮ ਕਰਾਂਗਾ।

ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥<br>
ਜੋ ਤੂੰ ਦੇਹਿ ਸੋਈ ਸੁਖੁ ਸਹਣਾ॥<br>
ਜਿਥੈ ਰਖਹਿ ਬੈਕੁੰਠੁ ਤਿਥਾਈ<br>
ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥੩॥

ਹੇ ਪ੍ਰਭੂ! ਇਸ ਜਗਤ ਦੇ ਸਾਰੇ ਪਦਾਰਥ ਤਾਂ ਮੈਂ ਹਮੇਸ਼ਾ ਆਪ ਤੋਂ ਹੀ ਪ੍ਰਾਪਤ ਕਰਦਾ ਹਾਂ ਅਤੇ ਹੇ ਮੇਰੇ ਮਾਲਕ! ਮੇਰੇ ਆਤਮਿਕ ਜੀਵਨ ਦੀ ਜੋ ਸੁੰਦਰਤਾ ਹੈ, ਉਹ ਮੇਰਾ ਗਹਿਣਾ ਭੀ ਆਪ ਹੀ ਹੋ। ਸੁੱਖ ਹੋਣ ਭਾਵੇਂ ਦੁੱਖ ਹੋਣ, ਜੋ ਭੀ ਆਪ ਜੀ ਮੈਨੂੰ ਦਿੰਦੇ ਹੋ, ਉਨ੍ਹਾਂ ਨੂੰ ਮੈਂ ਸੁੱਖ ਸਮਝ ਕੇ ਹੀ ਪ੍ਰਵਾਨ ਕਰ ਲੈਂਦਾ ਹਾਂ। ਹੇ ਸੰਸਾਰ ਦੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲੇ ਮੇਰੇ ਪ੍ਰਭ ਜੀਉ! ਮੈਨੂੰ ਤਾਂ ਆਪ ਜੀ ਜਿੱਥੇ ਵੀ ਰੱਖੋਗੇ, ਉਹ ਥਾਂ ਹੀ ਮੇਰੇ ਵਾਸਤੇ ਬੈਕੁੰਠ ਬਣ ਜਾਂਦੀ ਹੈ ਕਿਉਂਕਿ ਮੈਂ ਤਾਂ ਸਦਾ ਹੀ ਹੁਕਮ ਵਿਚ ਰਹਿੰਦਾ ਹਾਂ।

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ॥<br>
ਆਠ ਪਹਰ ਤੇਰੇ ਗੁਣ ਗਾਇਆ॥<br>
ਸਗਲ ਮਨੋਰਥ ਪੂਰਨ ਹੋਏ<br>
ਕਦੇ ਨ ਹੋਇ ਦੁਖਾਲਾ ਜੀਉ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਉਪਦੇਸ਼ ਕਰਦੇ ਹਨ ਅਤੇ ਆਪਣੇ ਆਪ ਨੂੰ ਮੁਖ਼ਾਤਿਬ ਹੁੰਦੇ ਹਨ ਕਿ ਹੇ ਪ੍ਰਭ ਜੀਉ! ਇਹ ਨਾਨਕ ਆਖਦਾ ਹੈ ਕਿ ਜਿਨ੍ਹਾਂ ਵੀ ਜੀਵਾਂ ਨੇ ਅੱਠੇ ਪਹਿਰ, ਭਾਵ ਹਰ ਵੇਲੇ ਸਵਾਸ ਸਵਾਸ ਹੀ ਤੇਰੇ ਗੁਣਾਂ ਦੇ ਗੀਤ ਗਾਏ ਹਨ, ਉਨ੍ਹਾਂ ਹੀ ਜੀਵਾਂ ਨੇ ਤੇਰੇ ਨਾਮ ਦਾ ਸਿਮਰਨ ਕਰ ਕਰ ਕੇ ਆਤਮਿਕ ਜੀਵਨ ਦਾ ਆਨੰਦ ਮਾਣਿਆ ਹੈ, ਸੁੱਖ ਪਾਇਆ ਹੈ, ਅਤੇ ਹੇ ਮਿਹਰਾਂ ਦੇ ਮਾਲਿਕ ਮਿਹਰਬਾਨ ਪ੍ਰਭ ਜੀਉ! ਫਿਰ ਉਨ੍ਹਾਂ ਜੀਵਾਂ ਦੇ ਸਗਲ ਮਨੋਰਥ, ਭਾਵ ਸਾਰੀਆਂ ਹੀ ਜ਼ਰੂਰਤਾਂ ਪੂਰੀਆਂ ਹੋ ਗਈਆਂ ਅਤੇ ਉਹ ਜੀਵ ਫਿਰ ਕਦੀ ਵੀ ਜੀਵਨ ਵਿਚ ਦੁਖੀ ਨਹੀਂ ਹੋਏ।

ਆਉ! ਸ਼ਬਦ ਗੁਰੂ ਨਾਲ ਜੁੜੀਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ<br>
ਫੋਨ: 916-687-3536

# ਡਾ. ਗੁਰਤਰਨ ਸਿੰਘ ਜੀ ਦੀਆਂ ਟਿੱਪਣੀਆਂ ਬਾਰੇ

ਵਿਚਾਰ-ਚਰਚਾ

ਪ੍ਰੋ. ਹਰਪਾਲ ਸਿੰਘ ਪੰਨੂ*

ਪੰਜਾਬ ਟਾਈਮਜ਼ ਦੇ 20 ਅਕਤੂਬਰ ਦੇ ਅੰਕ ਵਿਚ ਮਰਹੂਮ ਹਰਿੰਦਰ ਸਿੰਘ ਮਹਿਬੂਬ ਦੇ ਸੰਦਰਭ ਵਿਚ ਡਾ. ਗੁਰਤਰਨ ਸਿੰਘ ਦੀਆਂ ਟਿੱਪਣੀਆਂ ਪੜ੍ਹੀਆਂ, ਦਿਲਚਸਪ ਹਨ। ਉਨ੍ਹਾਂ ਮੈਨੂੰ ਅਨਪੜ੍ਹ ਅਤੇ ਨਾਸਤਿਕ ਕਿਹਾ ਹੈ ਤੇ ਮੇਰੀਆਂ ਕਿਤਾਬਾਂ ਵਿਚਲੀਆਂ ਲਿਖਤਾਂ ਲੱਕੜ ਦੀਆਂ ਦੁਕਾਨਾਂ ਗਰਦਾਨੀਆਂ ਹਨ। ਮੈਨੂੰ ਆਪਣੇ ਬਾਰੇ ਲਿਖਿਆ ਅਨਪੜ੍ਹ ਲਫਜ਼ ਬੁਰਾ ਨਹੀਂ ਲੱਗਿਆ ਕਿਉਂਕਿ ਮੈਨੂੰ ਆਪਣੀ ਵਿਦਵਤਾ ਉਪਰ ਖੁਦ ਸ਼ੱਕ ਹੈ। ਮੈਂ ਕਦੀ ਲਿਖਤ ਜਾਂ ਬੋਲ ਰਾਹੀਂ ਖੁਦ ਨੂੰ ਵਿਦਵਾਨ ਸਵੀਕਾਰ ਨਹੀਂ ਕੀਤਾ। ਲਿਖਤ ਵਿਚ ਕਿਧਰੇ ਜਾਨ ਹੈ ਕਿ ਨਹੀਂ, ਇਸ ਦਾ ਨਿਰਣਾ ਪਾਠਕਾਂ ਉਪਰ ਛੱਡ ਦੇਣਾ ਯੋਗ ਹੋਵੇਗਾ।

ਅਸਲ ਮਸਲਾ ਹਰਿੰਦਰ ਸਿੰਘ ਮਹਿਬੂਬ ਬਾਬਤ ਟਿੱਪਣੀਆਂ ਦਾ ਹੈ। ਇਸੇ ਸੰਦਰਭ ਵਿਚ ਡਾ. ਗੁਰਤਰਨ ਸਿੰਘ ਨੇ ਮੈਨੂੰ ਨਾਸਤਿਕ ਹੋਣ ਦਾ ਫਤਵਾ ਦਿਤਾ ਹੈ। ਬ੍ਰਾਹਮਣ ਪੁਜਾਰੀ ਵਾਸਤੇ ਨਾਸਤਿਕ ਉਹ ਨਹੀਂ ਜਿਹੜਾ ਰੱਬ ਤੋਂ ਮੁਨਕਿਰ ਹੋਵੇ। ਜੋਗ ਅਤੇ ਸਾਂਖ ਮੱਤ ਰੱਬ ਦੀ ਹੋਂਦ ਤੋਂ ਮੁਨਕਿਰ ਹੋਣ ਦੇ ਬਾਵਜੂਦ ਆਸਤਿਕ ਹਨ ਕਿਉਂਕਿ ਉਹ ਵੇਦਾਂ ਵਿਚ ਵਿਸ਼ਵਾਸ ਕਰਦੇ ਹਨ। ਬ੍ਰਾਹਮਣ ਵਾਸਤੇ ਵੇਦ ਤੋਂ ਮੁਨਕਿਰ ਹੋਣਾ ਨਾਸਤਿਕਤਾ ਹੈ। ਡਾ. ਗੁਰਤਰਨ ਸਿੰਘ ਵਾਸਤੇ ਮਹਿਬੂਬ ਦੀਆਂ ਲਿਖਤਾਂ ਵੇਦ ਹਨ। ਜਿਹੜਾ ਬੰਦਾ ਉਨ੍ਹਾਂ ਉਪਰ ਕਿੰਤੂ ਪ੍ਰੰਤੂ ਕਰੇਗਾ ਉਹ ਨਾਸਤਿਕ ਹੈ। ਮੈਂ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਦਾ ਹਾਂ ਅਤੇ ਪਾਠ ਕਰਦਾ ਹਾਂ ਤਾਂ ਵੀ ਨਾਸਤਿਕ ਹੋ ਗਿਆ ਕਿਉਂਕਿ ਮਹਿਬੂਬ ਦਾ ਗ੍ਰੰਥ ਵਧੀਕ ਮਹੱਤਵਪੂਰਨ ਹੈ। ਮੈਨੂੰ ਮਹਿਬੂਬ ਦੇ ਪੁਜਾਰੀਆਂ ਉਪਰ ਕੋਈ ਇਤਰਾਜ਼ ਨਹੀਂ, ਏਨਾ ਕੁ ਗਿਲਾ ਹੈ ਕਿ ਉਸ ਦੀ ਲਿਖਤ ਨੂੰ ਗੁਰਬਾਣੀ ਤੋਂ ਵੱਡਾ ਮੰਨਦਿਆਂ ਕਿਸੇ ਨੂੰ ਨਾਸਤਿਕ ਕਹਿਣਾ ਨਾਦਾਨੀ ਹੈ।

ਮਹਿਬੂਬ ਬਾਬਤ ਮੇਰੀਆਂ ਆਖੀਆਂ ਗੱਲਾਂ ਨੂੰ ਡਾ. ਗੁਰਤਰਨ ਸਿੰਘ ਨੇ ਰੱਦ ਨਹੀਂ ਕੀਤਾ, ਮੇਰੇ ਲਈ ਇਹੋ ਤੱਥ ਤਸੱਲੀਪੂਰਨ ਹੈ। ਮੈਂ ਮਹਿਬੂਬ ਦਾ ਸਤਿਕਾਰ ਕਰਦਾ ਰਿਹਾ ਹਾਂ ਭਾਵੇਂ ਮੈਨੂੰ ਪਤਾ ਹੈ ਉਹ ਆਪਣੇ ਤੋਂ ਪੂਰਬਲੇ ਸਿੱਖ ਵਡੇਰਿਆਂ ਨੂੰ ਅਤੇ ਸਮਕਾਲੀਆਂ ਨੂੰ ਤੁੱਛ ਸਮਝਦਾ ਸੀ। ਉਸ ਦੀ ਇਹ ਭਾਵਨਾ ਉਸ ਦੀਆਂ ਲਿਖਤਾਂ ਵਿਚ ਮੌਜੂਦ ਹੈ। ਉਹ ਕੁਝ ਭ੍ਰਾਂਤੀਆਂ ਦਾ ਵੀ ਸ਼ਿਕਾਰ ਸੀ। ਉਦਾਹਰਣ ਵਜੋਂ ਗੁਰੂ ਸਾਹਿਬਾਨ ਦੇ ਨਾਂਵਾਂ ਨਾਲ ਦੇਵ ਸ਼ਬਦ ਨਹੀਂ ਲਾਉਂਦਾ ਸੀ, ਸਾਹਿਬ ਲਿਖਦਾ ਸੀ ਜਿਵੇਂ ਗੁਰੂ ਨਾਨਕ ਸਾਹਿਬ, ਗੁਰੂ ਅਰਜਨ, ਗੋਬਿੰਦ ਸਾਹਿਬ ਆਦਿਕ। ਆਪਣੀ ਮਰਜ਼ੀ ਨਾਲ ਅਸੀਂ ਗੁਰੂ ਵਿਅਕਤੀਆਂ ਦਾ ਨਾਮ ਬਦਲਣ ਦੇ ਅਧਿਕਾਰੀ ਨਹੀਂ ਹਾਂ ਪਰ ਉਸ ਨੂੰ ਦੇਵ ਲਫਜ਼ ਇਸ ਕਰਕੇ ਬੁਰਾ ਲਗਦਾ ਸੀ ਕਿਉਂਕਿ ਦੇਵ/ਦੇਵਤਾ ਹਿੰਦੂ ਪਰੰਪਰਾ ਦਾ ਸ਼ਬਦ ਹੈ। ਪਰ ਅੰਗਦ, ਅਮਰ, ਰਾਮ, ਅਰਜਨ ਵੀ ਹਿੰਦੂ ਪਰੰਪਰਾ ਦੇ ਲਫਜ਼ ਹਨ। ਜੇ ਉਸ ਨੂੰ ਪਤਾ ਹੁੰਦਾ ਕਿ ਦੇਵ ਮਾਇਨੇ ਆਕਾਸ਼ ਹੁੰਦਾ ਹੈ, ਫਿਰ ਸ਼ਾਇਦ ਉਹ ਅਜਿਹਾ ਨਾ ਕਰਦਾ। ਦੇਵ ਤੋਂ ਦਿਵਯ, ਦੈਵੀ, ਦਿੱਬ ਸ਼ਬਦ ਹੋਂਦ ਵਿਚ ਆਏ ਹਨ।

ਜਦੋਂ ਸ. ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਮਹਿਬੂਬ ਨੂੰ ਧਨਰਾਸ਼ੀ ਦੇਣੀ ਸੀ ਉਦੋਂ ਉਨ੍ਹਾਂ ਨੇ ਇਕ ਖਦਸ਼ਾ ਵੀ ਸਾਂਝਾ ਕੀਤਾ ਸੀ। ਕਹਿਣ ਲੱਗੇ, "ਮਹਿਬੂਬ ਦੀਆਂ ਲਿਖਤਾਂ ਵਿਚ ਸ੍ਰੀ ਦਸਮ ਗ੍ਰੰਥ ਬਾਬਤ ਬਹੁਤ ਮਾੜੇ ਵਾਕ ਲਿਖੇ ਹੋਏ ਹਨ ਜਦੋਂ ਕਿ ਸ਼੍ਰੋਮਣੀ ਕਮੇਟੀ ਇਸ ਗ੍ਰੰਥ ਦਾ ਸਤਿਕਾਰ ਕਰਦੀ ਹੈ। ਮੈਂ ਮਹਿਬੂਬ ਨੂੰ ਸਨਮਾਨਿਤ ਕਰ ਦੇਵਾਂ ਤਾਂ ਕੀ ਇਸੇ ਗੱਲ ਸਦਕਾ ਕੋਈ ਬਖੇੜਾ ਖੜ੍ਹਾ ਤਾਂ ਨਹੀਂ ਹੋ ਜਾਵੇਗਾ?" ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਹੋਰ ਕੋਈ ਹੁੰਦਾ ਅਜਿਹਾ ਹੋਣ ਦੀ ਸੰਭਾਵਨਾ ਸੀ ਪਰ ਮਹਿਬੂਬ ਦੇ ਕੇਸ ਵਿਚ ਇਹ ਮੁੱਦਾ ਕੋਈ ਨਹੀਂ ਉਠਾਏਗਾ। ਇਹੋ ਹੋਇਆ। ਕਿਸੇ ਨੇ ਕਿੰਤੂ ਪ੍ਰੰਤੂ ਨਹੀਂ ਕੀਤਾ।

ਜਿਹੜਾ ਮਸਲਾ ਮੈਂ ਛੁਹਿਆ ਸੀ ਉਸ ਵਲ ਡਾ. ਗੁਰਤਰਨ ਸਿੰਘ ਆਇਆ ਹੀ ਨਹੀਂ। ਮਹਿਬੂਬ ਨੂੰ ਖਾਲਿਸਤਾਨੀ ਥਿੰਕ ਟੈਂਕ ਵਜੋਂ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਮੇਰਾ ਸਵਾਲ ਤਾਂ ਇਹ ਹੈ ਕਿ ਖਾਲਿਸਤਾਨ ਦਾ ਅਰਥ ਹੈ ਹਿੰਦੁਸਤਾਨ ਸਟੇਟ ਨਾਲ ਟੱਕਰ। ਅੰਗਰੇਜ਼ਾਂ ਵਿਰੁਧ ਆਜ਼ਾਦੀ ਅੰਦੋਲਨ ਵਿਚ ਜੂਝਣ ਵਾਲੇ ਸੰਗਰਾਮੀਆਂ ਨੇ ਅੰਗਰੇਜ਼ਾਂ ਤੋਂ ਸਨਮਾਨ ਨਹੀਂ ਲਏ। ਟੈਗੋਰ ਵਰਗਿਆਂ ਨੇ ਮਿਲੇ ਸਨਮਾਨ ਵਗਾਹ ਮਾਰੇ। ਭਾਰਤੀ ਸਟੇਟ ਤੋਂ ਮਹਿਬੂਬ ਨੇ ਐਵਾਰਡ ਕਿਉਂ ਲਿਆ? ਉਹ ਵੀ ਇੰਦਰਾ ਗਾਂਧੀ ਵਿਰੁਧ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਹੱਕ ਵਿਚ ਲਿਖੇ ਵਰਕੇ ਪਾੜ ਕੇ। ਇਨ੍ਹਾਂ ਵਰਕਿਆਂ ਦੇ ਕਿਤਾਬ ਵਿਚ ਹੁੰਦਿਆਂ ਵੀ ਜੇ ਸਟੇਟ ਇਨਾਮ ਦਿੰਦੀ ਤਾਂ ਵੀ ਨਹੀਂ ਲੈਣਾ ਚਾਹੀਦਾ ਸੀ। ਸਰਕਾਰ ਤੋਂ ਤਾਂ ਕੀ ਅਕਾਲੀ ਮੋਰਚਿਆਂ ਵਿਚ ਜੇਲ੍ਹਾਂ ਕੱਟਣ ਵਾਲੇ ਯੋਧਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਪੈਨਸ਼ਨਾਂ ਲੈਣ ਤੋਂ ਇਨਕਾਰ ਕਰ ਦਿਤਾ ਸੀ। ਇਹੋ ਇਤਰਾਜ਼ ਮੈਂ ਸ. ਕਪੂਰ ਸਿੰਘ ਆਈ.ਸੀ.ਐਸ. 'ਤੇ ਕੀਤਾ ਸੀ। ਜਿਸ ਵਕਤ ਅਕਾਲੀ ਜਥੇਦਾਰ ਅੰਗਰੇਜ਼ਾਂ ਵਿਰੁਧ ਖੰਡਾ ਖੜਕਾ ਰਹੇ ਸਨ ਉਦੋਂ ਸੁਭਾਸ਼ ਚੰਦਰ ਬੋਸ ਨੇ ਆਈ.ਸੀ.ਐਸ. ਤੋਂ ਅਸਤੀਫਾ ਦੇ ਦਿਤਾ ਸੀ। ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਲੰਡਨ ਤੋਂ ਲਾਅ ਕਰਕੇ ਆਏ ਸਨ ਪਰ ਪ੍ਰੈਕਟਿਸ ਕਰਕੇ ਧਨ ਕਮਾਉਣ ਦੀ ਥਾਂ ਆਜ਼ਾਦੀ ਸੰਗਰਾਮ ਵਿਚ ਕੁੱਦ ਪਏ ਸਨ। ਸ. ਕਪੂਰ ਸਿੰਘ ਅਫਸਰੀਆਂ ਦਾ ਅਨੰਦ ਲੈਂਦੇ ਰਹੇ, ਸ਼ਿਕਾਰ ਖੇਡਦੇ ਰਹੇ ਤੇ ਜਥੇਦਾਰਾਂ ਦੀਆਂ ਨਾਦਾਨੀਆਂ ਨੂੰ ਗਾਲਾਂ ਦਿੰਦੇ ਰਹੇ।

ਡਾ. ਗੁਰਤਰਨ ਸਿੰਘ ਦਾ ਸੁਭਾਅ ਝਗੜਾਲੂ ਹੋਣ ਕਾਰਨ ਪੰਜਾਬੀ ਵਿਭਾਗ ਦੇ ਕਿਸੇ ਅਧਿਆਪਕ ਨਾਲ ਉਨ੍ਹਾਂ ਦੀ ਸੁਰ ਨਹੀਂ ਰਲੀ। ਤਿੰਨ ਸਾਲ ਪਹਿਲਾਂ, ਰਿਟਾਇਰ ਹੋਣ ਤੋਂ ਬਾਦ ਉਨ੍ਹਾਂ ਦੇ ਮਨ ਵਿਚ ਫੁਰਨਾ ਫੁਰਿਆ ਕਿ 'ਸਹਿਜੇ ਰਚਿਓ ਖਾਲਸਾ' ਦਾ ਅੰਗਰੇਜ਼ੀ ਅਨੁਵਾਦ ਕਰਵਾ ਕੇ ਛਾਪਿਆ ਜਾਵੇ ਤਾਂ ਜੋ ਦੁਨੀਆਂ ਨੂੰ ਸਿੱਖੀ ਬਾਰੇ ਪਤਾ ਲੱਗੇ। ਇਸ ਵਿਚ ਕੁੱਝ ਵੀ ਮਾੜਾ ਨਹੀਂ ਸੀ। ਸ. ਰਸ਼ਪਾਲ ਸਿੰਘ ਗਿੱਲ (ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ) ਨੇ ਪ੍ਰਿੰ. ਅਮਰਜੀਤ ਸਿੰਘ ਪਰਾਗ ਨੂੰ ਕਿਹਾ ਕਿ ਦੋ ਚਿਠੀਆਂ ਡਰਾਫਟ ਕਰੋ। ਇਕ ਚਿਠੀ ਸ. ਸੁਖਦੇਵ ਸਿੰਘ ਢੀਂਡਸਾ ਵਲੋਂ ਤੇ ਦੂਜੀ ਸ. ਬੀਰਦੇਵਿੰਦਰ ਸਿੰਘ ਵਲੋਂ ਵਾਈਸ ਚਾਂਸਲਰ ਸ. ਜਸਪਾਲ ਸਿੰਘ ਨੂੰ ਕਿ ਯੂਨੀਵਰਸਿਟੀ ਡਾ. ਗੁਰਤਰਨ ਸਿੰਘ ਦੀ ਨਿਗਰਾਨੀ ਵਿਚ ਅਨੁਵਾਦ ਕਰਵਾ ਕੇ ਮਹਿਬੂਬ ਦੀ ਕਿਤਾਬ ਛਾਪੇ। ਡਾ. ਜਸਪਾਲ ਸਿੰਘ ਦਾ ਸੁਭਾਅ ਹੈ, ਉਨ੍ਹਾਂ ਨੂੰ ਦੱਸ ਦਿਉ ਕਿ ਸਿੱਖੀ ਦੀ ਅਕਾਦਮਿਕ ਸੇਵਾ ਕਿਸ ਪ੍ਰਾਜੈਕਟ ਰਾਹੀਂ ਹੋ ਸਕਦੀ ਹੈ, ਉਹ ਤੁਰੰਤ ਮਨਜ਼ੂਰੀ ਦੇ ਦਿੰਦੇ ਹਨ। ਡਾ. ਗੁਰਤਰਨ ਸਿੰਘ ਦਾ ਅੰਗਰਜ਼ੀ ਵਿਚ ਹੱਥ ਤੰਗ ਹੈ ਤਾਂ ਵੀ ਜਦੋਂ ਵਾਈਸ ਚਾਂਸਲਰ ਨੂੰ ਦੋ ਪੱਤਰ ਪ੍ਰਾਪਤ ਹੋਏ ਉਨ੍ਹਾਂ ਨੇ ਡਾ. ਗੁਰਤਰਨ ਸਿੰਘ ਨੂੰ ਬੁਲਾ ਕੇ ਕਿਹਾ ਕਿ ਤੁਹਾਨੂੰ ਫੈਲੋਸ਼ਿਪ ਦੇ ਦਿਆਂਗੇ, ਇਹ ਕੰਮ ਹੋਣਾ ਚਾਹੀਦਾ ਹੈ। ਮੇਰੇ ਖਿਆਲ ਵਿਚ ਅਜਿਹਾ ਕੰਮ ਅੰਗਰੇਜ਼ੀ ਦੇ ਵਿਦਵਾਨ ਦੀ ਨਿਗਰਾਨੀ ਵਿਚ ਹੋਣਾ ਚਾਹੀਦਾ ਸੀ ਪਰ ਇਕ ਕਾਂਗਰਸੀ ਨੇਤਾ, ਦੂਜਾ ਅਕਾਲੀ ਨੇਤਾ-ਦੋਵੇਂ ਡਾ. ਗੁਰਤਰਨ ਸਿੰਘ ਦੀ ਨਿਗਰਾਨੀ ਵਿਚ ਕੰਮ ਕਰਵਾਉਣ ਲਈ ਰਜ਼ਾਮੰਦ ਸਨ।

ਗੁਰਦੇਵ ਚੌਹਾਨ ਨੇ ਅੰਗਰੇਜ਼ੀ ਵਿਚ ਅਨੁਵਾਦ ਕਰਨਾ ਮੰਨ ਲਿਆ। ਇਹ ਸਾਰਾ ਕੁਝ ਅਜੇ ਜ਼ਬਾਨੀ ਕਲਾਮੀ ਚੱਲ ਰਿਹਾ ਸੀ ਕਿ ਗੁਰਤਰਨ ਸਿੰਘ ਡਾ. ਗੁਰਨੈਬ ਸਿੰਘ (ਮੁਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ) ਕੋਲ ਜਾਣ ਲੱਗ ਪਏ ਤੇ ਕਿਹਾ ਕਿ ਮੈਨੂੰ ਬੈਠਣ ਲਈ ਕਮਰਾ, ਇਕ ਸਟੈਨੋ ਤੇ ਇਕ ਸੇਵਾਦਾਰ ਦਿਉ। ਲੋੜ ਪਈ ਤਾਂ ਦੋ ਰਿਸਰਚ ਸਕਾਲਰ ਰੱਖ ਲਵਾਂਗੇ। ਚਾਰ ਪੰਜ ਜੁਆਨਾਂ ਨੂੰ ਗੁਰਤਰਨ ਸਿੰਘ ਨੇ ਕਹਿ ਵੀ ਦਿਤਾ ਸੀ ਕਿ ਤੁਹਾਨੂੰ ਰਿਸਰਚ ਸਕਾਲਰ ਰੱਖਾਂਗੇ। ਵਿਭਾਗ ਵਿਚ ਜਾ ਕੇ ਉਨ੍ਹਾਂ ਨੇ ਉਥੇ ਨਿਯੁਕਤ ਅਧਿਆਪਕਾਂ ਦੇ ਕੀਤੇ ਕੰਮ ਕਾਜ ਦੀ ਨੁਕਤਾਚੀਨੀ ਕਰਨੀ ਸ਼ੁਰੂ ਕਰ ਦਿਤੀ। ਅਧਿਆਪਕਾਂ ਨੇ ਡਾ. ਗੁਰਨੈਬ ਸਿੰਘ ਨੂੰ ਘੇਰ ਲਿਆ ਤੇ ਪੁੱਛਿਆ ਕਿ ਅੰਗਰੇਜ਼ੀ ਭਾਸ਼ਾ ਵਿਚ ਕੋਈ ਕੰਮ ਕਰਵਾਉਣ ਵਿਚ ਗੁਰਤਰਨ ਸਿੰਘ ਦੀ ਕੀ ਯੋਗਤਾ ਹੈ? ਗੁਰਨੈਬ ਸਿੰਘ ਇਹ ਕੰਮ ਕਰਵਾਉਣ ਦਾ ਇੱਛੁਕ ਸੀ ਪਰ ਗੁਰਤਰਨ ਸਿੰਘ ਦੇ ਵਿਹਾਰ ਨੇ ਉਸ ਨੂੰ ਬੇਬਸ ਕਰ ਦਿਤਾ। ਸਾਰਾ ਵਿਭਾਗ ਵਾਈਸ ਚਾਂਸਲਰ ਕੋਲ ਗਿਆ ਤੇ ਕਿਹਾ, ਸਾਨੂੰ ਮਹਿਬੂਬ ਦੇ ਕੰਮ ਕਾਜ ਨੂੰ ਅੰਗਰੇਜ਼ੀ ਵਿਚ ਕਰਵਾਉਣ ਵਿਰੁਧ ਕੋਈ ਇਤਰਾਜ਼ ਨਹੀਂ। ਕੇਵਲ 'ਸਹਿਜੇ ਰਚਿਓ ਖਾਲਸਾ' ਨਹੀਂ ਬੇਸ਼ਕ ਸਾਰੀਆਂ ਲਿਖਤਾਂ ਦਾ ਅਨੁਵਾਦ ਕਰਵਾ ਦਿਉ ਪਰ ਗੁਰਤਰਨ ਸਿੰਘ ਕੋਲ ਇਸ ਕੰਮ ਨੂੰ ਕਰਵਾਉਣ ਦੀ ਕੀ ਯੋਗਤਾ ਹੈ? ਕੇਵਲ ਇਸ ਲਈ ਕਿ ਉਹ ਮਹਿਬੂਬ ਦਾ ਮਿੱਤਰ ਹੈ? ਅਕਾਦਮਿਕਤਾ ਨਾਲ ਮਿਤਰਤਾ ਦਾ ਕੋਈ ਸਰੋਕਾਰ ਨਹੀਂ। ਅਸੀਂ ਗੁਰਤਰਨ ਸਿੰਘ ਨੂੰ ਵਿਭਾਗ ਵਿਚ ਕੰਮ ਕਰਨ ਯੋਗ ਨਹੀਂ ਸਮਝਦੇ। ਫਲਸਰੂਪ ਇਹ ਪ੍ਰਾਜੈਕਟ ਠੱਪ ਹੋ ਗਿਆ। ਆਪਣੇ ਮਿੱਤਰ ਮਹਿਬੂਬ ਦੇ ਹੱਕ ਵਿਚ ਇਹ ਹੈ, ਡਾ. ਗੁਰਤਰਨ ਸਿੰਘ ਦੀ ਮਹਾਨ ਸੇਵਾ ਜਿਹੜੀ ਉਨ੍ਹਾਂ ਨੇ ਨਿਭਾਈ। ਡਾ. ਗੁਰਤਰਨ ਸਿੰਘ ਦੀ ਆਸਤਿਕਤਾ ਅਤੇ ਅਕਾਦਮਿਕਤਾ ਨੂੰ ਮੇਰਾ ਸਲਾਮ।

ਰਸ਼ਪਾਲ ਸਿੰਘ ਗਿੱਲ ਉਦੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਸਨ ਜਦੋਂ ਸਾਲ 2000 ਵਿਚ ਮੇਰੇ ਕੋਲ ਆਏ ਤੇ ਇੱਛਾ ਪ੍ਰਗਟਾਈ ਕਿ 'ਸਹਿਜੇ ਰਚਿਓ ਖਾਲਸਾ' ਕਿਤਾਬ ਪੰਜਾਬੀ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਰਿਲੀਜ਼ ਕਰਨ ਤਾਂ ਸ਼ਾਨ ਬਣੇਗੀ। ਮੈਂ ਡਾ. ਜਸਬੀਰ ਸਿੰਘ ਆਹਲੂਵਾਲੀਆ ਨੂੰ ਮਿਲਿਆ ਜੋ ਉਦੋਂ ਵਾਈਸ ਚਾਂਸਲਰ ਸਨ। ਉਨ੍ਹਾਂ ਨੇ ਖੁਸ਼ੀ ਨਾਲ ਰਜ਼ਾਮੰਦੀ ਦੇ ਦਿਤੀ। ਸਟੇਜ ਕੰਡਕਟ ਕਰਨ ਦੀ ਜ਼ਿੰਮੇਵਾਰੀ ਮੈਂ ਨਿਭਾਈ। ਇਸ ਸਮਾਰੋਹ ਵਿਚ ਹਾਜ਼ਰ ਵਿਦਵਾਨਾਂ ਨੇ ਰੱਜ ਕੇ ਮਹਿਬੂਬ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ। ਹਰਿੰਦਰ ਸਿੰਘ ਮਹਿਬੂਬ, ਗੁਰਤਰਨ ਸਿੰਘ ਅਤੇ ਰਸ਼ਪਾਲ ਸਿੰਘ ਗਿੱਲ ਬਹੁਤ ਪ੍ਰਸੰਨ ਹੋਏ।

ਇਹ ਪ੍ਰਸੰਗ ਪਾਠਕਾਂ ਅਗੇ ਮੈਂ ਇਸ ਮਨੋਰਥ ਨਾਲ ਰੱਖਿਆ ਹੈ ਤਾਂ ਕਿ ਦੱਸ ਸਕਾਂ ਕਿ ਮੈਂ ਇਨ੍ਹਾਂ ਦਾ ਦੁਸ਼ਮਣ ਨਹੀਂ ਦੋਸਤ ਅਤੇ ਪ੍ਰਸ਼ੰਸਕ ਹਾਂ ਤੇ ਮੇਰੀ ਕਾਮਨਾ ਹੈ ਕਿ ਇਹ ਆਪਣੇ ਨੁਕਸਾਂ ਤੋਂ ਮੁਕਤ ਹੋਣ। ਮੇਰੇ ਵਿਚ ਬੜੇ ਨੁਕਸ ਹਨ, ਦੋਸਤਾਂ ਦੀਆਂ ਦੁਆਵਾਂ ਸਦਕਾ ਘਟ ਜਾਣਗੇ। ਜਾਰਜ ਲੂਈ ਬੋਰਖੇਜ਼ ਦਾ ਕਥਨ ਹੈ, "ਜਦੋਂ ਆਪਣੇ ਵਿਰੁਧ ਲਿਖੀ ਕਿਸੇ ਆਲੋਚਕ ਦੀ ਲਿਖਤ ਪੜ੍ਹਦਾ ਹਾਂ, ਸੋਚਦਾ ਹਾਂ ਇਹਦੇ ਤੋਂ ਵਧੀਆਂ ਮੈਂ ਲਿਖ ਸਕਦਾ ਸੀ। ਮੰਨਣ ਜਾਂ ਨਾ, ਉਨ੍ਹਾਂ ਦੀ ਮਰਜ਼ੀ, ਛਪਵਾਉਣ ਤੋਂ ਪਹਿਲਾਂ ਆਲੋਚਕ ਆਪਣੀ ਰਚਨਾ ਮੈਨੂੰ ਦਿਖਾ ਦਿਆ ਕਰਨ ਤਾਂ ਮੈਂ ਉਸ ਵਿਚ ਜਾਨ ਪਾ ਸਕਦਾ ਹਾਂ। ਕਈ ਵਾਰ ਮੈਂ ਸੋਚਿਆ, ਆਪਣਾ ਕੋਈ ਫਰਜ਼ੀ ਨਾਮ ਰੱਖ ਕੇ ਆਪਣੇ ਖਿਲਾਫ ਉਹ ਤੂਫਾਨ ਖੜ੍ਹਾ ਕਰ ਦਿਆਂ ਕਿ ਸੰਸਾਰ ਦੰਗ ਰਹਿ ਜਾਏ। ਜਿੰਨਾ ਆਪਣੇ ਖਿਲਾਫ ਮੈਂ ਖੁਦ ਹਾਂ, ਹੋਰ ਕੋਈ ਹੋ ਈ ਨਹੀਂ ਸਕਦਾ।"

*ਮੁਖੀ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# 'ਪੰਜਾਬੀ ਟ੍ਰਿਬਿਊਨ' ਵਿਚ ਪਹਿਲ ਤਾਜ਼ਗੀ ਬਚ ਨਾ ਸਕੀ

*(ਸਫਾ 30 ਦੀ ਬਾਕੀ)*

ਜਾਣ ਦੀ ਦੁਰੇਡੀ ਸੰਭਾਵਨਾ ਵੀ ਨਿਹਿਤ ਹੋਵੇ। ਅਫਗਾਨਿਸਤਾਨ ਵਿਚ ਤਾਲਿਬਾਨੀ ਜਹਾਦੀਆਂ ਜਾਂ ਉਸ ਤੋਂ ਪਹਿਲਾਂ ਇਰਾਨ ਵਿਚ ਆਇਤਉਲਾ ਖੋਮੀਨੀ ਦੇ ਪੈਰੋਕਾਰਾਂ ਨੇ ਜੀਨ ਵਰਗੀਆਂ ਆਤਮਾਵਾਂ ਦੀ ਕਿਸ ਤਰ੍ਹਾਂ ਦੀ ਦੁਰਦਸ਼ਾ ਕੀਤੀ, ਉਹ ਕੀਹਨੂੰ ਭੁੱਲੀ ਹੋਈ ਹੈ। ਨਾਲ ਹੀ ਬੱਲ ਆਪਣੇ ਥੈਲੇ ਵਿਚੋਂ ਇਰਾਨੀ ਲੇਖਿਕਾ ਅਜ਼ਰਾ ਨਫੀਸੀ ਦੀ ਕਿਤਾਬ 'ਰੀਡਿੰਗ ਲੋਲਿਤ ਇਨ ਤਹਿਰਾਨ' ਕੱਢ ਕੇ ਪ੍ਰੋ. ਰਮਦੇਵ ਨੂੰ ਵਿਖਾ ਰਿਹਾ ਸੀ ਅਤੇ ਉਨ੍ਹਾਂ ਨੂੰ ਉਚੇਚੇ ਤੌਰ ਤੇ ਪੜ੍ਹਨ ਤੇ ਹੋਰਨਾਂ ਨੂੰ ਪੜ੍ਹਾਉਣ ਲਈ ਕਹਿ ਰਿਹਾ ਸੀ।

ਮਹਿਫਲ ਲੰਮੀ ਹੋ ਗਈ ਸੀ। ਮੈਂ ਤੇ ਪ੍ਰੋ. ਰਮਦੇਵ ਕੁਝ ਥੱਕੇ ਮਹਿਸੂਸ ਕਰਨ ਲੱਗੇ ਕਿ ਪਤਾ ਨਹੀਂ ਕਿਸ ਸੰਦਰਭ ਵਿਚ ਗਾਲਿਬ ਦੀਆਂ ਗਜ਼ਲਾਂ ਦੀ ਗੱਲ ਛਿੜ ਪਈ। ਬੇਗਮ ਅਖਤਰ ਦੀ ਅਵਾਜ਼ ਵਿਚ ਮਿਰਜ਼ਾ ਗਾਲਿਬ ਦੀਆਂ ਗਜ਼ਲਾਂ ਦੀ ਸੀ.ਡੀ. ਵੀ ਅਸਾਨੀ ਨਾਲ ਮਿਲ ਗਈ ਤੇ ਪਲਾਂ ਵਿਚ ਹੀ ਬੇਗਮ ਦੀ ਸੋਜ਼ ਭਰੀ ਆਵਾਜ਼ ਸੁਣਨ ਲੱਗੀ, 'ਆਹ ਕੋ ਚਾਹੀਏ ਇਕ ਉਮਰ ਅਸਰ ਹੋਨੇ ਤਕ' ਵਾਲੀ ਗਜ਼ਲ ਦੇ ਬੋਲ ਤੈਰਨ ਲਗ ਗਏ।

ਦੁਨੀਆਂ ਵਿਚ ਬੜੇ ਮਹਾਨ ਕਵੀ ਹੋਏ ਹਨ ਪਰ ਇਨਸਾਨੀ ਹਸਤੀ ਦੀ ਜੀਨ ਜਾਂ ਈਮਾ ਵਰਗੀ ਚਾਹਤ ਨੂੰ ਜਿਸ ਕਿਸਮ ਦੀ ਬੁਲੰਦ ਅਭਿਵਿਅਕਤੀ ਗਾਲਿਬ ਨੇ ਦਿੱਤੀ ਹੈ, ਉਹ ਹੋਰ ਕਿਸੇ ਸ਼ਾਇਰ ਦੇ ਹਿੱਸੇ ਨਹੀਂ ਆਈ ਅਤੇ ਗਾਲਿਬ ਦੇ ਸ਼ਬਦਾਂ ਨੂੰ ਜੋ ਸ਼ਿੱਦਤ ਬੇਗਮ ਅਖਤਰ ਅਤੇ ਮਲਿਕਾ ਪੁਖਰਾਜ ਨੇ ਆਪਣੇ ਬੋਲਾਂ ਰਾਹੀਂ ਦਿੱਤੀ ਹੈ, ਉਸ ਦਾ ਵੀ ਕੋਈ ਤੋੜ ਨਹੀਂ।

ਬੱਲ ਦਾ ਵਿਸ਼ਵਾਸ ਹੈ ਕਿ ਕਾਰਲ ਮਾਰਕਸ ਦੇ ਸਾਰੇ ਚਿੰਤਨ ਵਿਚ ਅਜਿਹੇ ਸਮਾਜ ਦੀ ਸਿਰਜਣਾ ਦਾ ਖੁਆਬ ਅੰਕਿਤ ਹੈ ਜਿਸ ਵਿਚ ਦੁਨੀਆਂ ਦੇ ਕਿਸੇ ਵੀ ਔਰਤ ਜਾਂ ਮਰਦ ਨੂੰ ਜਿਊਣ ਦੇ ਜੁਗਾੜ ਦੇ ਆਹਰ ਵਿਚ ਮਸ਼ੀਨ ਦੇ ਕਿਸੇ ਮੁਰਦਾ ਪੁਰਜੇ ਹਾਰ ਆਪਣੀ ਮਾਨਵੀ ਹੋਂਦ ਨੂੰ ਮਨਫੀ ਨਾ ਕਰਨਾ ਪਵੇ, ਜਿਥੇ 'ਵਿਸਮਾਦੀ ਪੂੰਜੀ' ਦਾ ਚਲਨ ਹੋਵੇ ਅਤੇ ਹਰ ਕਿਸੇ ਨੂੰ ਹੀ ਜ਼ਿੰਦਗੀ ਦੀ ਸ਼ਾਇਰੀ ਅਤੇ ਸੰਗੀਤ ਨੂੰ ਨਿਹਾਰਨ ਦਾ ਅਵਸਰ ਨਸੀਬ ਹੋਵੇ। ਪੰਜਾਬੀ ਟ੍ਰਿਬਿਊਨ ਵਿਚ ਆਉਣ ਪਿਛੋਂ ਉਸ ਨੂੰ ਲਗਦਾ ਕਿ 'ਪੰਜਾਬੀ ਟ੍ਰਿਬਿਊਨ' ਦੇ ਅਪਣੱਤ ਭਰੇ ਮਾਹੌਲ ਵਿਚ ਆਉਣ ਨਾਲ ਉਸ ਲਈ ਅਤੇ ਘੱਟੋ ਘੱਟ ਉਸ ਦੇ ਕੁਝ ਸਾਥੀਆਂ ਲਈ ਅਜਿਹੀ ਸੰਭਾਵਨਾ ਨਿਸ਼ਚੇ ਹੀ ਪੈਦਾ ਹੋ ਗਈ ਸੀ। ਉਸ ਦਾ ਲਾਲਚ ਜਾਂ ਜ਼ਬਰਦਸਤ ਦਿਲੀ ਤਾਂਘ ਇਹ ਸੀ ਕਿ ਵਿਭਾਗੀ ਤਰੱਕੀਆਂ ਦੀ ਬੇਲੋੜੀ ਖਿੱਚ ਧੂਹ ਕਾਰਨ ਸਵਰਗ ਵਰਗਾ ਇਹ ਮਾਹੌਲ ਬਰਬਾਦ ਨਾ ਹੋ ਜਾਵੇ।

ਪਾਠਕ ਸਵਾਲ ਕਰ ਸਕਦੇ ਹਨ ਕਿ ਨਵੇਂ ਅਦਾਰੇ ਵਿਚ ਪਰਿਵਾਰ ਵਰਗੇ ਮਾਹੌਲ ਤੋਂ ਮੁਰਾਦ ਕੀ ਹੈ? ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਅਖਬਾਰ ਦੇ ਮੁਢਲੇ ਸਟਾਫ ਵਿਚੋਂ ਦਲਜੀਤ ਸਰਾਂ, ਤਰਲੋਚਨ ਸ਼ੇਰਗਿੱਲ ਅਤੇ ਸੁਰਿੰਦਰ, ਤਿੰਨੇ ਕਾਮਰੇਡਾਂ ਦੀ ਪੀ.ਐਸ.ਯੂ. ਦੇ ਸਰਗਰਮ ਮੈਂਬਰ ਸਨ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਇਕੱਠੇ ਹੀ ਪੜ੍ਹਦੇ ਰਹੇ ਸਨ। ਇਹ ਤਿੰਨੇ ਚੰਡੀਗੜ੍ਹ ਆ ਕੇ ਵੀ ਪਹਿਲੇ ਪੂਰੇ ਸਾਲ ਦੌਰਾਨ ਸਾਂਝੇ ਕਮਿਊਨ ਵਰਗੇ ਮਾਹੌਲ ਵਿਚ ਹੀ ਰਹਿੰਦੇ ਰਹੇ ਸਨ। ਗੁਰਦਿਆਲ ਬੱਲ ਨਾਲ ਜਗਤਾਰ ਸਿੱਧੂ ਨੂੰ ਪਤਾ ਨਹੀਂ ਕਿਸ ਕਿਸਮ ਦੀ ਖਿੱਚ ਮਹਿਸੂਸ ਹੋਈ ਕਿ ਉਹ ਪਹਿਲੇ ਦਿਨ ਹੀ ਆਪਣੀ ਟਿੰਡ ਫੂੜ੍ਹੀ ਚੁਕ ਕੇ ਬੱਲ ਦੇ ਕਿਰਾਏ ਵਾਲੇ ਕਮਰੇ ਵਿਚ ਲੈ ਗਿਆ। ਅਗਲਾ ਸਾਲ-ਡੇਢ ਸਾਲ ਉਨ੍ਹਾਂ ਦਾ ਇਹ ਆਦਰਸ਼ ਰੈਣ ਬਸੇਰਾ ਸੀ। ਕਿਸੇ ਕਿਸਮ ਦੀ ਤੇਰ ਮੇਰ ਦਾ ਕਿਸੇ ਨੂੰ ਕਦੀ ਚਿਤ ਚੇਤਾ ਵੀ ਨਹੀਂ ਸੀ। ਉਂਜ ਉਸ ਤੋਂ ਬਾਅਦ ਦੇ 15-20 ਵਰ੍ਹਿਆਂ 'ਤੇ ਪਿਛਲਝਾਤ ਮਾਰਿਆਂ ਹੈਰਾਨੀ ਹੁੰਦੀ ਹੈ ਕਿ ਜਗਤਾਰ ਵਰਗਾ ਖੁਦਗਰਜ਼ ਆਦਮੀ ਬੱਲ ਵਰਗੇ ਘੁਮੱਕੜ ਬੰਦੇ ਨਾਲ ਅਜਿਹੀ ਅਪਣੱਤ ਅਤੇ ਬੇਗਰਜ਼ ਸਾਦਗੀ ਨਾਲ ਇੰਨਾ ਲੰਮਾ ਸਮਾਂ ਕਿਵੇਂ ਰਹਿ ਗਿਆ? ਇਸ 'ਤੇ ਸਭ ਤੋਂ ਵੱਧ ਹੈਰਾਨ ਸਾਡਾ ਅਤਿ ਪਿਆਰਾ ਮਰਹੂਮ ਮਿੱਤਰ ਨਰਿੰਦਰ ਭੁੱਲਰ ਵੀ ਹੁੰਦਾ ਰਿਹਾ ਸੀ। ਉਸ ਨੂੰ ਬੱਲ ਦੀ ਇਹ ਸਭ ਤੋਂ ਅਦਭੁਤ 'ਲੀਲਾ' ਲਗਦੀ।

ਇਹ ਜਲਵਾ ਜਦੋਂ ਆਪਸੀ ਖਿੱਚੋਤਾਣ ਦੀ ਭੇਂਟ ਚੜ੍ਹ ਗਿਆ ਤਾਂ ਇਸ ਦਾ ਪਹਿਲਾ ਸੇਕ ਵੀ ਬੱਲ ਨੂੰ ਹੀ ਲੱਗਾ। ਅਖਬਾਰ ਦਾ ਕੰਮ ਸ਼ਿਫਟਾਂ ਵਿਚ ਚਲਦਾ ਸੀ ਅਤੇ ਕਿਸੇ ਕੰਮ ਧੰਦੇ ਵੇਲੇ ਸਬ ਐਡੀਟਰ ਅਤੇ ਪਰੂਫ ਰੀਡਰ ਕਾਗਜ਼ ਦੇ ਕਿਸੇ ਮਾਮੂਲੀ ਟੁਕੜੇ 'ਤੇ ਚਾਰ ਅੱਖਰ ਝਰੀਟ ਕੇ ਆਪਸ ਵਿਚ ਡਿਊਟੀ ਬਦਲ ਲਿਆ ਕਰਦੇ ਸਨ। ਚੀਫ ਸਬ ਐਡੀਟਰਾਂ ਦੀ ਚੋਣ ਦਾ ਤਮਾਸ਼ਾ ਖਤਮ ਹੋਇਆਂ ਅਜੇ ਹਫਤਾ ਕੁ ਹੀ ਹੋਇਆ ਸੀ ਕਿ ਲੋੜ ਪੈਣ 'ਤੇ ਦਲਜੀਤ ਅਤੇ ਬੱਲ ਨੇ ਡਿਊਟੀ ਬਦਲੀ ਅਤੇ 'ਅਰਜ਼ੀ' ਨਿਊਜ਼ ਐਡੀਟਰ ਜਗਜੀਤ ਸਿੰਘ ਬੀਰ ਦੇ ਮੇਜ਼ ਉਪਰ ਪਏ ਸ਼ੀਸ਼ੇ ਦੇ ਹੇਠਾਂ ਧਰ ਦਿੱਤੀ। ਦਲਬੀਰ ਸਿੰਘ ਇਨਚਾਰਜ ਸੀ ਅਤੇ ਉਸ ਦਿਨ, ਉਸ ਦੇ ਨਾਲ ਦਲਜੀਤ ਦੀ ਥਾਂ ਇਕੱਲਾ ਬੱਲ ਹੀ ਡਿਊਟੀ 'ਤੇ ਹਾਜ਼ਰ ਸੀ। ਬਰਜਿੰਦਰ ਸਿੰਘ ਬਹੁਤ ਚੁਕੰਨਾ ਬੌਸ ਸੀ। ਦਫਤਰ ਵਿਚ ਮੁੱਖ ਸੰਪਾਦਕ ਨਾਲ ਰਵਾਇਤੀ ਮੀਟਿੰਗ ਤੋਂ ਵਿਹਲਾ ਹੁੰਦਿਆਂ ਹੀ ਸਵੇਰੇ 11 ਕੁ ਵਜੇ ਉਸ ਨੇ ਨਿਊਜ਼ ਰੂਮ ਦੀ ਖਬਰ ਰੱਖਣ ਲਈ ਫੋਨ ਕੀਤਾ। ਦਲਬੀਰ ਦੇ ਇਹ ਦੱਸਣ ਕਿ ਉਸ ਦੇ ਨਾਲ ਇਕੱਲਾ ਬੱਲ ਸੀ, ਸੰਪਾਦਕ ਨੇ ਤੁਰੰਤ ਕਿੰਤੂ ਉਠਾਇਆ ਕਿ ਡਿਊਟੀ ਚਾਰਟ ਵਿਚ ਤਾਂ ਦਲਜੀਤ ਸਿੰਘ ਦਾ ਨਾਂ ਹੈ। ਸੰਪਾਦਕ ਨੇ ਫਟ ਬੱਲ ਨੂੰ ਤੀਸਰੀ ਮੰਜ਼ਿਲ 'ਤੇ ਆਪਣੇ ਦਫਤਰ ਤਲਬ ਕਰ ਲਿਆ। ਡਿਊਟੀ ਬਦਲੀ ਦੀ ਅਰਜ਼ੀ ਉਪਰ ਨਿਊਜ਼ ਐਡੀਟਰ ਦੀ ਮਨਜ਼ੂਰੀ ਵਾਲੀ ਘੁੱਗੀ ਵਜੀ ਹੋਈ ਨਹੀਂ ਸੀ। ਬਰਜਿੰਦਰ ਹੋਰੀਂ ਅਜਿਹੀ ਹੀ ਕਿਸੇ ਕੁਤਾਹੀ ਦੀ ਤਾੜ ਵਿਚ ਸਨ। ਦਲਬੀਰ ਨੂੰ ਵੀ ਬੁਲਾ ਲਿਆ ਅਤੇ ਹੱਥ ਮਿਲਾ ਕੇ ਕੁਰਸੀ 'ਤੇ ਬੈਠਣ ਲਈ ਇਸ਼ਾਰਾ ਕਰ ਦਿੱਤਾ ਪਰ ਬੱਲ ਨੂੰ ਬੈਠਣ ਲਈ ਬਿਲਕੁਲ ਨਾ ਕਿਹਾ। ਸੰਪਾਦਕ ਨੇ ਅਰਜੀ ਦੋ ਤਿੰਨ ਵਾਰੀ ਹਵਾ ਵਿਚ ਉਛਾਲਦਿਆਂ ਕਿਹਾ ਕਿ ਇਸ 'ਤੇ ਨਿਊਜ਼ ਐਡੀਟਰ ਦੀ ਸਹੀ ਨਾ ਪਈ ਹੋਣ ਕਰਕੇ ਇਸ ਦਾ ਕੋਈ ਮੁੱਲ ਨਹੀਂ। ਫਿਰ ਸੰਪਾਦਕ ਨੇ ਦਲਬੀਰ ਨੂੰ ਇਹ ਕਹਿੰਦਿਆਂ ਹੇਠਾਂ ਨਿਊਜ਼ ਰੂਮ ਵਲ ਤੋਰ ਦਿੱਤਾ ਕਿ ਚਲੋ ਜਾ ਕੇ ਕੰਮ ਕਰੋ ਅਤੇ ਦੁਪਹਿਰ ਦੀ ਡਿਊਟੀ ਤੇ ਆਉਂਦਿਆਂ ਹੀ ਦਲਜੀਤ ਨੂੰ ਉਪਰ ਭੇਜ ਦੇਣਾ।

ਸੰਪਾਦਕ ਨੂੰ ਬੱਲ ਉਪਰ ਸ਼ਾਇਦ ਇਸ ਗੱਲ ਦਾ ਗੁੱਸਾ ਸੀ ਕਿ ਬਾਂਸਲ ਵੱਲੋਂ ਬੀਡੀ ਜੁਪ ਕੇ ਸਬ ਐਡੀਟਰਾਂ ਦੀ ਲੇਬਰ ਕੋਰਟ ਵੱਲ ਲਵਾਈ 'ਚੂਹਾ ਦੌੜ' ਦਾ ਅਸਲ ਸੂਤਰਧਾਰ ਗੁਰਦਿਆਲ ਬੱਲ ਹੀ ਸੀ, ਜਦੋਂ ਕਿ ਉਹ ਤਾਂ ਇਹਦੇ ਬਿਲਕੁਲ ਹੀ ਉਲਟ ਸੀ। ਬੱਲ ਦੇ ਮਨ ਵਿਚ ਬਰਜਿੰਦਰ ਭਾਅ ਜੀ ਲਈ ਅਜੇ ਵੀ ਉਨਾ ਹੀ ਸਤਿਕਾਰ ਸੀ ਅਤੇ ਅਜਿਹੇ ਅਣਕਿਆਸੇ ਵਰਤਾਓ ਕਾਰਨ ਉਹ ਅਚਾਨਕ ਹੀ ਸਿਰ ਤੇ ਆ ਵੱਜੇ ਮੋਹਲੇ ਦੀ ਸੱਟ ਵਾਂਗ ਚਕਰਾਇਆ ਹੋਇਆ ਮਹਿਸੂਸ ਕਰ ਰਿਹਾ ਸੀ। ਪੌੜੀਆਂ ਉਤਰਦਿਆਂ ਉਹ ਇਹੋ ਸੋਚ ਕੇ ਕੰਬੀ ਗਿਆ ਕਿ ਦਲਜੀਤ ਨੂੰ ਬਿਨਾਂ ਕਸੂਰ ਉਹਦੇ ਵਾਂਗ ਸੰਪਾਦਕ ਮੂਹਰੇ ਖੜ੍ਹਨਾ ਪੈ ਗਿਆ ਤਾਂ ਕੀ ਕੋਈ ਵੱਡਾ ਕਹਿਰ ਨਹੀਂ ਹੋ ਜਾਵੇਗਾ। ਮਾੜੀ ਕਿਸਮਤ ਨੂੰ ਅਰਜ਼ੀ ਵੀ ਦਲਜੀਤ ਦੇ ਹੱਥਾਂ ਦੀ ਲਿਖੀ ਹੋਈ ਸੀ। ਉਸ ਦੇ ਮਨ ਵਿਚ ਅਚਾਨਕ ਫੁਰਨਾ ਫੁਰਿਆ ਅਤੇ ਉਹ ਚਾਬੀ ਲੱਗੇ ਖਿਡਾਉਣੇ ਵਾਂਗ ਅੱਖ ਦੇ ਫੋਰ ਵਿਚ ਛਾਲਾਂ ਮਾਰਦਾ ਵਾਪਸ ਸੰਪਾਦਕ ਦੀ ਹਜ਼ੂਰੀ ਵਿਚ ਜਾ ਹਾਜ਼ਰ ਹੋਇਆ। ਕਹਿਣ ਲੱਗਾ, ਅਰਜ਼ੀ ਵਾਲੀ ਕੁਤਾਹੀ ਬਦਲੇ ਉਸ ਦੀ ਹੀ ਬੇਇਜ਼ਤੀ ਉਹ ਇਕ ਵਾਰ ਮੁੜ ਕਰ ਲੈਣ-ਦਲਜੀਤ ਨੂੰ ਨਾ ਬੁਲਾਉਣ। ਬਰਜਿੰਦਰ ਭਾਅ ਜੀ ਦਾ ਆਪ ਮੁਹਾਰੇ ਹੀ ਆਪਣੇ ਖਾਸ ਅੰਦਾਜ਼ ਵਿਚ ਉਚੀ ਉਚੀ ਹਾਸਾ ਨਿਕਲ ਗਿਆ। ਕਹਿਣ ਲੱਗੇ, ਬੈਠ ਫਿਰ ਚਾਹ ਪੀਨੇ ਆਂ ਅਤੇ ਫਿਰ ਉਨ੍ਹਾਂ ਚਪੜਾਸੀ ਨੂੰ ਬੁਲਾਉਣ ਲਈ ਘੰਟੀ ਵਜਾ ਦਿਤੀ। ਇਹ ਵੀ ਬਰਜਿੰਦਰ ਹੁਰਾਂ ਦਾ ਇਕ ਖਾਸ ਅੰਦਾਜ਼ ਸੀ ਕਿ ਪਹਿਲਾਂ ਕਿਸੇ ਮੁਲਾਜ਼ਮ ਨੂੰ ਪੂਰਾ ਝਾੜ ਦੇਣਾ ਤੇ ਫਿਰ ਚਾਹ ਪਿਆ ਕੇ ਠੰਡੇ ਵੀ ਕਰ ਦੇਣਾ। ਬੱਲ ਇਸ ਗੱਲ 'ਤੇ ਖੁਸ਼ ਸੀ ਕਿ ਉਸ ਦਲਜੀਤ ਵਰਗੇ ਸੰਵੇਦਨਸ਼ੀਲ ਸਾਥੀ ਨੂੰ ਕੱਚਾ ਕਰਨ ਦੇ ਸੰਪਾਦਕ ਦੇ ਮਨਸੂਬੇ ਤੋਂ ਬਚਾ ਲਿਆ।

ਇਹ ਕਹਾਣੀ ਮੈਂ ਕੇਵਲ ਇਸ ਲਈ ਦੱਸੀ ਹੈ ਕਿ ਜ਼ਰਾ ਕੁ ਜਿੰਨੀ ਆਪਾਧਾਪੀ ਨਾਲ ਕਿਵੇਂ ਵਧੀਆ ਤੋਂ ਵਧੀਆ ਮਾਹੌਲ ਵੀ ਦੂਸ਼ਤ ਹੋ ਜਾਂਦਾ ਹੈ। 'ਪੰਜਾਬੀ ਟ੍ਰਿਬਿਊਨ' ਦੀ ਆਪਸੀ ਭਾਈਚਾਰਕ ਪਹਿਲਤਾਜ਼ਗੀ ਇਸੇ ਤਰ੍ਹਾਂ ਨਸ਼ਟ ਹੋਈ। ਇਸੇ ਦੌਰਾਨ ਪਰੂਫ ਰੀਡਿੰਗ ਸੈਕਸ਼ਨ ਅੰਦਰ ਵੀ ਲਾਗਤਬਾਜ਼ੀ ਦੀ ਸ਼ੁਰੂਆਤ ਹੋ ਗਈ। ਸੈਕਸ਼ਨ ਦਾ ਮੁਖੀ ਪ੍ਰੇਮ ਗੋਰਖੀ ਬੜਾ ਸਮਰੱਥ ਕਾਮਾ ਸੀ; ਚੰਗਾ ਕਹਾਣੀਕਾਰ ਸੀ ਪਰ ਅਕਾਦਮਿਕ ਯੋਗਤਾ ਪੱਖੋਂ ਦਸਵੀਂ ਪਾਸ ਵੀ ਨਹੀਂ ਸੀ ਜਿਸ ਕਰਕੇ ਅੰਦਰੇ ਅੰਦਰ ਕਿਸੇ ਅਹਿਸਾਸੇ ਕਮਤਰੀ ਦਾ ਸ਼ਿਕਾਰ ਸੀ। ਉਸ ਨੇ ਤੰਗ ਤਾਂ ਸਾਰੇ ਸੈਕਸ਼ਨ ਨੂੰ ਕੀਤਾ ਪ੍ਰੰਤੂ ਮੈਨੂੰ ਅਤੇ ਤਰਲੋਚਨ ਸ਼ੇਰਗਿੱਲ ਨੂੰ ਮਿਥ ਕੇ ਆਪਣੀ ਈਰਖਾ ਦਾ ਸ਼ਿਕਾਰ ਬਣਾਇਆ। ਤਰਲੋਚਨ ਤਾਂ ਫਿਰ ਵੀ ਸੰਭਾਲ ਲੈਂਦਾ ਪਰ ਮੈਂ ਪ੍ਰੇਸ਼ਾਨ ਹੁੰਦਾ ਰਹਿੰਦਾ। ਸੰਪਾਦਕ ਮੂਹਰੇ ਜਿਸ ਕਿਸਮ ਦੀ ਪੇਸ਼ੀ ਤੋਂ ਦਲਜੀਤ ਨੂੰ ਬਚਾ ਕੇ ਬੱਲ ਸਮਝਦਾ ਸੀ ਕਿ ਉਸ ਨੇ ਕੋਈ ਵੱਡੀ ਮੱਲ ਮਾਰ ਲਈ ਸੀ, ਉਸ ਕਿਸਮ ਦੀਆਂ ਪੇਸ਼ੀਆਂ ਗੋਰਖੀ ਸਾਡੀਆਂ ਅਕਸਰ ਹੀ ਪਵਾਈ ਰੱਖਦਾ।। ਕਈ ਵਾਰ ਤਾਂ ਖਾਹ ਮਖਾਹ ਹੀ ਜ਼ਲੀਲ ਕਰਵਾ ਦਿੰਦਾ। ਪਰ ਫਿਰ ਵੀ ਪਹਿਲਾਂ ਪ੍ਰੇਮ ਗੋਰਖੀ ਅਤੇ ਪਿਛੋਂ ਜਗਤਾਰ ਸਿੰਘ ਸਿੱਧੂ ਅਤੇ ਸੁਰਿੰਦਰ ਵਾਲੀ ਯੂਨੀਅਨ ਦੇ ਸਾਰੇ ਹੱਥਕੰਡਿਆਂ ਅੱਗੇ ਮੈਂ ਹਿੰਮਤ ਨਾ ਹਾਰੀ ਅਤੇ ਆਪਣੀ ਤਾਕਤ ਪੜ੍ਹਾਈ ਵਲ ਲਾਈ ਰਖੀ। 'ਪੰਜਾਬੀ ਟ੍ਰਿਬਿਊਨ' 'ਚ ਨੌਕਰੀ ਦੇ ਵਰ੍ਹਿਆਂ ਦੌਰਾਨ ਪਹਿਲਾਂ ਐਮ.ਫਿਲ. ਦੀ ਡਿਗਰੀ ਮੁਕੰਮਲ ਕੀਤੀ, ਲਾਅ ਦੀ ਡਿਗਰੀ ਲਈ; ਟਰਾਂਸਲੇਸ਼ਨ ਦਾ ਡਿਪਲੋਮਾ ਕੀਤਾ ਅਤੇ ਫਿਰ ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਹਾਸਲ ਕੀਤੀ।

*(ਚਲਦਾ)*

ਕਹਾਣੀ

# ਮੁਬੀਨਾ ਕਿ ਸੁਕੀਨਾ

***ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਕਹਾਣੀ 'ਮੁਬੀਨਾ ਕਿ ਸੁਕੀਨਾ' ਵੰਡ ਦਾ ਦਰਦ ਬਿਆਨਦੀ, ਮਨੁੱਖੀ ਕਦਰਾਂ-ਕੀਮਤਾਂ ਨਾਲ ਜੁੜੀਆਂ ਤੰਦਾਂ ਦੀਆਂ ਗੰਢਾਂ ਖੋਲ੍ਹਦੀ ਹੈ। ਇਹ ਉਹ ਗੰਢਾਂ ਸਨ ਜਿਹੜੀਆਂ ਵੰਡ ਦੀ ਝੁੱਲੀ ਹਨ੍ਹੇਰੀ ਨੇ ਪਾ ਦਿੱਤੀਆਂ ਸਨ। ਮਾਨਵ-ਵਿਗਿਆਨੀ ਅਜੇ ਤੱਕ ਖੋਜਾਂ ਕਰ ਰਹੇ ਨੇ ਕਿ ਅਜਿਹੇ ਵੇਲਿਆਂ 'ਤੇ ਮਨੁੱਖ ਵਿਚੋਂ ਮਨੁੱਖਤਾ ਉਡ-ਪੁੱਡ ਕਿਉਂ ਜਾਂਦੀ ਹੈ? ਵੰਡ ਦੇ ਦਰਦ ਬਾਰੇ ਵੱਖ-ਵੱਖ ਜ਼ੁਬਾਨਾਂ ਵਿਚ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਹੋਈ ਹੈ। ਹਰ ਰਚਨਾ ਵਿਚ ਮਨੁੱਖਤਾ ਨੂੰ ਪਹਿਲ ਦਿੱਤੀ ਮਿਲਦੀ ਹੈ, ਪਰ ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਇੰਨੇ ਸਮਿਆਂ ਤੋਂ ਮਨੁੱਖ ਦੇ ਦਿਲਾਂ ਵਿਚ ਪਲ ਰਹੀ ਨਫਰਤ ਘਟਣ ਦੀ ਥਾਂ ਵਧ ਰਹੀ ਜਾਪਦੀ ਹੈ। ਕਹਾਣੀ ਦਾ ਅੰਤ ਇਸ ਨਫਰਤ ਨੂੰ ਕੱਟ ਸੁੱਟਣ ਦਾ ਕੋਈ ਸੁੱਖ ਸੁਨੇਹਾ ਹੀ ਤਾਂ ਹੈ। -ਸੰਪਾਦਕ***



**ਗੁਰਬਖ਼ਸ਼ ਸਿੰਘ**

ਪਿੰਡ ਦੇ ਇਕੋ ਇਕ ਪੱਕੇ ਘਰ ਦੇ ਪਛਵਾੜਿਓਂ ਮਰਦ ਤੇ ਤੀਵੀਂ ਚੋਰਾਂ ਵਾਂਗ ਅੱਗਾ ਪਿੱਛਾ ਘੋਖਦੇ ਨਿਕਲੇ। ਸਾਹਮਣੇ ਸੂਰਜ ਲਹਿ ਰਿਹਾ ਸੀ, ਸਿੱਧੀਆਂ ਕਿਰਨਾਂ ਉਨ੍ਹਾਂ ਦੇ ਮੂੰਹ ਉਤੇ ਪਈਆਂ। ਮਰਦ ਦਾ ਜੁੱਸਾ ਜਵਾਨ ਤੇ ਤਕੜਾ, ਤੀਵੀਂ ਦੀ ਨੁਹਾਰ ਸੁਹਣੀ ਤੇ ਪਤਲੀ ਪਰ ਦੋਹਾਂ ਦੇ ਹਵਾਸ ਉੱਡੇ ਹੋਏ। ਪਲ ਦਾ ਪਲ ਪਰਲੇ ਸਿਰਿਓਂ ਆਉਂਦੀਆਂ 'ਵਾਜ਼ਾਂ ਸੁਣਨ ਲਈ ਖਲੋ ਕੇ, ਉਹ ਥੋੜ੍ਹੀ ਦੂਰ ਸਰ ਸਰ ਕਰਦੇ ਕਮਾਦ ਦੇ ਖੇਤ ਵਿਚ ਜਾ ਵੜੇ। ਇਸ ਖੇਤ ਦੇ ਇਕ ਪਾਸੇ ਬੰਨੇ ਉਤੇ ਲਸੂੜੇ ਦਾ ਦਰਖਤ ਸੀ।

ਇਹ ਜ਼ੈਲਦਾਰ ਹਾਸ਼ਮ ਅਲੀ ਦਾ ਪੁੱਤਰ ਕਾਸਮ ਤੇ ਉਹਦੀ ਨੂੰਹ ਜ਼ੀਨਤ ਸਨ। ਜ਼ੈਲਦਾਰ ਹਾਸ਼ਮ, ਉਹਦਾ ਕਬੀਲਾ ਤੇ ਪਿੰਡ ਦੇ ਬਹੁਤ ਸਾਰੇ ਲੋਕ ਦੋ ਘੰਟੇ ਨਹੀਂ ਹੋਏ ਕਿ ਪਿੰਡ ਖਾਲੀ ਕਰ ਗਏ ਸਨ।

ਅੱਜ ਤੱਕ ਜ਼ੈਲਦਾਰ ਬੜੇ ਹੌਸਲੇ ਵਿਚ ਰਿਹਾ ਸੀ। ਅਵਾੜੇ ਬੜੇ ਉਡਦੇ ਸਨ, ਕਿ ਉਸ ਪਿੰਡ ਜਥਾ ਪੈ ਗਿਆ, ਇਸ ਪਿੰਡ ਪੈਣਾ ਏ। ਕੋਈ ਘੋੜੀ ਵਾਲਾ ਉਸ ਖੂਹ 'ਤੇ ਆਖ ਗਿਆ ਸੀ ਕਿ ਲੁਹਾਰਾਂ ਦੀ ਕੋਟਲੀ ਸਾਰੀ ਸੜ ਗਈ ਏ। ਜ਼ੈਲਦਾਰ ਕਹਿੰਦਾ, "ਸਭ ਅਵਾੜੇ ਨੇ-ਖਾਤਰ ਜਮ੍ਹਾਂ ਰੱਖੋ। ਨਵੇਂ ਨਗਰ ਦਾ ਵੱਡਾ ਸਰਦਾਰ ਮੇਰਾ ਦੋਸਤ ਆਪਣੇ ਬੱਚੇ ਸਾਡੇ ਪਿੰਡ ਸੁਆਣ ਨੂੰ ਤਿਆਰ ਏ।"

ਪਰ ਅੱਜ ਸਵੇਰੇ ਜਦੋਂ ਜ਼ੈਲਦਾਰ ਸਰਦਾਰ ਕੋਲੋਂ ਤਸੱਲੀ ਲੈਣ ਗਿਆ ਤਾਂ ਸਰਦਾਰ ਕੁਝ ਫਿਕਰਮੰਦ ਦਿੱਸਿਆ, ਤੇ ਉਹਦੇ ਕੋਲ ਬੈਠੇ ਨੂੰ ਕੁਝ ਸਿੱਖ ਉਠ ਕੇ ਪਰ੍ਹਾਂ ਲੈ ਗਏ ਤੇ ਜ਼ੈਲਦਾਰ ਦੇ ਕੰਨੀਂ ਮਾੜੀ ਜਿਹੀ ਭਿਣਖ ਪੈ ਗਈ, "ਸਰਦਾਰ ਜੀ- ਧੋਖਾ ਨਾ ਖਾਣਾ-ਭਸੀਨੋਂ ਆਇਆ ਨੇ ਜਥਾ ਬਣਾ ਲਿਆ ਜੇ-ਤੇ ਉਹ ਕਿਸੇ ਦੀ ਨਹੀਂ ਜੇ ਸੁਣਦੇ।"

ਪਿੰਡ ਮੁੜ ਕੇ ਜ਼ੈਲਦਾਰ ਨੇ ਵੱਡੀ ਮਸੀਤ ਵਿਚ ਮੀਟਿੰਗ ਕੀਤੀ ਤੇ ਪਿੰਡ ਖਾਲੀ ਕਰ ਦੇਣ ਦਾ ਫ਼ੈਸਲਾ ਹੋ ਗਿਆ। ਸਾਰੇ ਪਿੰਡ ਵਿਚ ਚੀਕ-ਚਿਹਾੜਾ ਮੱਚ ਗਿਆ। ਰੋਂਦਿਆਂ ਧੋਂਦਿਆਂ ਨੇ ਗੰਢਾਂ-ਬੁਚਕੀਆਂ ਬੱਧੀਆਂ, ਸਿੱਖ ਬੱਚਿਆਂ ਨਾਲ ਖੇਡਦੇ ਮੁਸਲਮਾਨ ਬੱਚਿਆਂ ਨੂੰ ਧੌਲ ਧੱਫੇ ਮਾਰ ਘਰੀਂ ਆਂਦਾ। ਕਿਹਰੂ ਨੇ ਸਰਾਜ ਦੀ ਬਾਂਹ ਫੜ ਲਈ, "ਨਹੀਂ ਤਾਈ, ਇਹਨੂੰ ਮੈਂ ਨਹੀਂ ਜਾਣ ਦੇਣਾ!" ਸਰਾਜ ਦੀ ਮਾਂ ਨੇ ਇਹ ਆਂਹਦਿਆਂ ਕਿ "ਸਾਡਾ ਦਾਣਾ ਪਾਣੀ ਹੁਣ ਇਥੋਂ ਮੁੱਕ ਗਿਆ ਏ," ਪੁੱਤਰ ਨੂੰ ਅੱਗੇ ਲਾ ਲਿਆ।

ਆਹ ਸੁੱਟ, ਅਹੁ ਫੜ, ਇਹਦੀ ਕਿਸੇ ਹਮਸਾਏ ਨੂੰ ਸਪੁਰਦੀ ਕਰ, ਬੂਹੇ ਜੰਦੇ ਮਾਰ, ਡੰਗਰਾਂ ਦੀਆਂ ਪਿੱਠਾਂ ਉਤੇ ਜੁੱਲੇ ਪ੍ਰਾਣੇ ਸੁੱਟ, ਲੋਕ ਆਪਣੇ ਘਰਾਂ 'ਚੋਂ ਨਿਕਲ ਕੇ ਗਲੀਆਂ ਵਿਚ ਇਕੱਠੇ ਹੋ ਗਏ। ਪਿੰਡ ਦੀ ਰੂਹ ਆਪਣਾ ਕਾਲਬ ਛੱਡ ਰਹੀ ਸੀ। ਆਪਣੀਆਂ ਕੰਧਾਂ ਵੱਲ ਵੇਖ ਵੇਖ ਬੁੱਢੇ ਲੋਕ ਧਾਹਾਂ ਮਾਰ ਰਹੇ ਸਨ। ਹਾਸ਼ਮ ਜ਼ੈਲਦਾਰ ਦੀਆਂ ਅੱਖਾਂ ਵੀ ਭਰੀਆਂ ਹੋਈਆਂ ਸਨ ਤੇ ਉਹ ਆਪਣੇ ਪੁੱਤਰ ਕਾਸਮ ਨੂੰ ਪਿਛਾਂਹ ਰਹਿਣੋਂ ਵਰਜ ਰਿਹਾ ਸੀ।

"ਤੁਸੀਂ ਬਿਲਕੁਲ ਫਿਕਰ ਨਾ ਕਰੋ", ਕਾਸਮ ਆਂਹਦਾ ਸੀ, "ਜ਼ੀਨਤ ਕੁਝ ਬਿਮਾਰ ਤੇ ਬਹੁਤ ਘਾਬਰੀ ਹੋਈ ਏ। ਮੁਬੀਨਾ ਨੂੰ ਚੁੱਕ ਕੇ ਉਹਦੇ ਕੋਲੋਂ ਤੁਰਿਆ ਨਹੀਂ ਜਾਣਾ। ਨਾਲੇ ਮੈਂ ਸਾਰੀ ਖ਼ਬਰਸਾਰ ਲੈ ਕੇ ਆਵਾਂਗਾ। ਦੂਰੋਂ ਜਥਾ ਆਉਂਦਾ ਵੇਖ ਕੇ, ਮੈਂ ਜ਼ੀਨਤ ਨੂੰ ਘੋੜੀ ਉਤੇ ਅੱਗੇ ਬਿਠਾ, ਪੱਤਣੋਂ ਪਾਰ ਹੋ ਤੁਹਾਨੂੰ ਆ ਮਿਲਾਂਗਾ।"

ਕਈ ਹੋਰ ਜਵਾਨ ਵੀ ਪਿਛਾਂਹ ਰਹਿ ਗਏ, ਕੀ ਪਤਾ ਜਥਾ ਨਾ ਹੀ ਪਏ। ਨਵੇਂ ਨਗਰ ਦਾ ਸਰਦਾਰ ਜਥੇ ਨੂੰ ਰੋਕ ਹੀ ਲਏ, ਤੇ ਫਿਰ ਉਹ ਸਾਰੇ ਪਿੰਡ ਨੂੰ ਮੋੜ ਲਿਆਉਣਗੇ।

ਵਤਨ ਛੁੱਟ ਰਿਹਾ ਸੀ, ਪੈਲੀਆਂ ਖੂਹ ਛੁੱਟ ਰਹੇ ਸਨ, ਮੈਦਾਨ ਛੁੱਟ ਰਹੇ ਸਨ ਜਿਨ੍ਹਾਂ ਦੀ ਮਿੱਟੀ ਵਿਚ ਆੜੀਆਂ ਨਾਲ ਛਿੱਲੇ ਮੋਢੇ ਅਭੁੱਲ ਯਾਦਾਂ ਬਣ ਗਏ ਸਨ। ਬੇਰੀਆਂ ਛੁੱਟ ਰਹੀਆਂ ਸਨ ਜਿਨ੍ਹਾਂ ਦੇ ਬਚਪਨ ਵਿਚ ਚੋਰੀ ਖਾਧੇ ਬੇਰਾਂ ਵਰਗਾ ਮਿੱਠਾ ਫਲ ਫੇਰ ਕਦੇ ਕਿਸੇ ਨਹੀਂ ਖਾਧਾ।

ਆਪਣੇ ਖੂਹ ਕੋਲੋਂ ਲੰਘਦਿਆਂ ਇਬਰਾਹੀਮ ਦੀ ਵਹੁਟੀ ਦੀ ਹਾ ਨਿਕਲ ਗਈ, "ਹੁਣੇ ਨਵੀਆਂ ਟਿੰਡਾਂ ਪੁਆਈਆਂ ਸਨ। ਵੀਹ ਰੁਪਈਏ ਲਾ ਕੇ ਨਵੀਂ ਕਾਂਜਣ ਚੜ੍ਹਾਈ ਸੀ।"

ਭੌਂ ਭੌਂ ਆਪਣੀਆਂ ਜੂਹਾਂ ਨੂੰ ਤੱਕਦੇ ਲੋਕਾਂ ਦੀਆਂ ਅੱਖਾਂ ਬੰਨਿਆਂ, ਢੇਰੀਆਂ, ਵਾੜਾਂ ਨਾਲ ਅੜ ਅੜ ਰੁਕਦੀਆਂ। ਓੜਕ ਜਾਣਿਆ ਪਿਆਰਿਆ ਸਭ ਕੁਝ ਲੋਪ ਹੋ ਗਿਆ ਤੇ ਪਰਦੇਸ ਦੀ ਛਿਣਕ ਪਰ੍ਹਾਂ ਸੁੱਟਦੀ ਹੱਦ ਉਤੇ ਸੋਗੀ ਕਾਫ਼ਲਾ ਬਹਿ ਗਿਆ।

ਓਧਰ ਨਵੇਂ ਨਗਰੋਂ ਪੈਲੀਓਂ ਪੈਲੀ ਦੌੜਦਾ ਆ ਕੇ ਕੋਈ ਖ਼ਬਰ ਦੇ ਗਿਆ ਕਿ ਭੱਠੇ ਤੱਕ ਜਥਾ ਪਹੁੰਚ ਗਿਆ ਸੀ। ਕਾਸਮ ਆਪਣੇ ਤਵੇਲੇ ਵੱਲ ਭੱਜਾ ਗਿਆ, ਪਰ ਘੋੜੀ ਉਥੇ ਕੋਈ ਨਹੀਂ ਸੀ। ਤੇ ਦੂਰੋਂ ਅਜੇ ਚੋਖੀ ਦੂਰੋਂ, ਤਲਵਾਰਾਂ ਲਿਸ਼ਕਦੀਆਂ ਉਹਨੂੰ ਦਿਸੀਆਂ।

"ਜ਼ੀਨਤ, ਜ਼ੀਨਤ! ਚੁੱਕ ਮੁਬੀਨਾ ਨੂੰ, ਘੋੜੀ ਕਿਸੇ ਖੋਲ੍ਹ ਖੜ੍ਹੀ ਏ। ਛੇਤੀ ਕਰ। ਘਰ ਦੇ ਪਿਛਵਾੜੇ ਕਮਾਦ ਵਿਚ ਲੁਕਣ ਦੇ ਸਿਵਾ ਹੋਰ ਕੋਈ ਰਾਹ ਨਹੀਂ ਰਿਹਾ।"

ਕਮਾਦ ਵਿਚ ਉਹ ਵੜੇ ਹੀ ਸਨ ਕਿ ਜਥਾ ਪਿੰਡ ਦੀ ਜੂਹ ਵਿਚ ਆ ਧਮਕਿਆ। ਬੰਨੇ ਕੋਲੋਂ ਕਈ ਦੌੜਦੇ ਲੰਘਦਿਆਂ ਦੀ 'ਵਾਜ਼ ਆਈ।

"ਇਹ ਆਪਣੇ ਹੀ ਹੋਣਗੇ, ਪੱਤਣ ਵੱਲ ਨੱਠੇ ਜਾਂਦੇ।" ਕਾਸਮ ਨੇ ਆਖਿਆ।

ਇੰਨੇ ਨੂੰ ਪਿੰਡ ਵਿਚੋਂ ਐਉਂ ਸ਼ੋਰ ਆਉਣ ਲੱਗ ਪਿਆ ਜਿਉਂ ਉਥੇ ਅਸਮਾਨ ਟੁੱਟ ਪਿਆ ਸੀ। ਸ਼ੋਰ ਉਨ੍ਹਾਂ ਦੇ ਨੇੜੇ ਤੇੜੇ ਆਉਂਦਾ ਜਾ ਰਿਹਾ ਸੀ।

ਕਮਾਦ ਵਿਚ ਬੜਾ ਹੁੱਸੜ ਲੱਗ ਰਿਹਾ ਸੀ। ਮੁਬੀਨਾ ਭਾਵੇਂ ਅਜੇ ਜਾਗੀ ਨਹੀਂ ਸੀ, ਪਰ ਪਾਸੇ ਮਾਰਨ ਲੱਗ ਪਈ ਸੀ।

"ਬੜੀ ਮੁਸ਼ਕਲ ਬਣੀ, ਇਹਨੇ ਰੋ ਪੈਣਾ ਏ...ਤੇ ਜਥਾ ਹੁਣ ਸਾਡੇ ਘਰ ਪਹੁੰਚਿਆ ਕਿ ਪਹੁੰਚਿਆ।"

ਦਾੜ ਦਾੜ ਕਰਦੇ ਦੋ ਘੁੜਸਵਾਰ ਬੰਨੇ ਦੇ ਲਾਗਿਉਂ ਲੰਘ ਗਏ ਜਿਵੇਂ ਉਹ ਕਿਸੇ ਨੱਠਦੇ ਦੇ ਮਗਰ ਪਏ ਸਨ।

"ਜ਼ੀਨਤ, ਮੁਬੀਨਾ ਦੇ ਜਾਗਣ ਤੋਂ ਪਹਿਲਾਂ ਲਿਆ ਮੈਂ ਇਹਨੂੰ ਲਸੂੜੇ ਹੇਠਾਂ ਪਾ ਆਵਾਂ। ਉਥੇ ਸੁੱਤੀ ਰਹੇਗੀ, ਤੇ ਜਦੋਂ ਜਥਾ ਮੁੜ ਗਿਆ, ਮੈਂ ਇਹਨੂੰ ਚੁੱਕ ਲਿਆਵਾਂਗਾ।"

"ਜੀਆ ਨਹੀਂ ਮੰਨਦਾ, ਇਹ ਬੋਟ ਜਿਹਾ ਸੁੱਟ ਪਾਵਾਂ।"

"ਛੇਤੀ ਕਰ, ਇਹਦੀ ਵੀ ਤੇ ਸਾਡੀ ਵੀ ਸੁਖ ਇਸੇ ਗੱਲ ਵਿਚ ਏ। ਇਹ ਅੰਦਰ ਜਾਗੀ ਤੇ ਅਸੀਂ ਸਾਰੇ ਮੋਏ।"

ਪਿੰਡ ਵਿਚ ਗੋਲੀਆਂ ਚੱਲਣ ਦੀ ਠਾਹ ਠਾਹ ਆਈ।

"ਫੜਾ ਮੈਨੂੰ ਇਕ ਮਿੰਟ ਨਾ ਸੋਚ।"

ਜ਼ੀਨਤ ਨੇ ਮੁਬੀਨਾ ਦਾ ਮੂੰਹ ਚੁੰਮਿਆ ਤੇ ਕਾਸਮ ਨੇ ਛੇਤੀ ਦਿੱਤੀ ਉਸ ਹੱਥੋਂ ਕੁੜੀ ਲੈ ਲਈ ਤੇ ਬਾਹਰ ਲਿਆ ਕੇ ਲਸੂੜੇ ਹੇਠਾਂ ਪਾ ਦਿੱਤੀ। ਕਾਸਮ ਦਾ ਧਿਆਨ ਸੋਨੇ ਦੀ ਜ਼ੰਜੀਰੀ ਉਤੇ ਪਿਆ ਜਿਹੜੀ ਕਾਸਮ ਦੀ ਮਾਂ ਨੇ ਮੁਬੀਨਾ ਦੇ ਗਲ ਪਾਈ ਸੀ। ਉਸ ਸੋਚਿਆ ਕਿ ਇਹ ਲਾਹ ਲਵੇ, ਫਿਰ ਖਿਆਲ ਕੀਤਾ ਕਿ ਜੇ ਉਹ ਛੱਡਣੀ ਪਈ ਤਾਂ ਲੱਭਣ ਵਾਲੇ ਨੂੰ ਜ਼ੰਜੀਰ ਸਮੇਤ ਮੁਬੀਨਾ ਘੋਰੇ ਭਾਰੀ ਨਾ ਹੀ ਜਾਪੇ ਤੇ ਉਹ ਇਹਦਾ ਚੰਗਾ ਖਿਆਲ ਕਰੇ।

"ਖ਼ੁਦਾ ਹਾਫ਼ਿਜ਼!" ਤੇ ਕਾਸਮ ਜ਼ੀਨਤ ਨੂੰ ਆ ਮਿਲਿਆ।

ਐਨ ਉਨ੍ਹਾਂ ਦੇ ਘਰ ਵਿਚੋਂ 'ਵਾਜ਼ਾਂ ਆਉਣ ਲੱਗ ਪਈਆਂ।

"ਮੇਰੇ ਮਗਰ ਮਗਰ ਬੂਟਾ ਬੂਟਾ ਬਚਾ ਕੇ ਖੜਾਕ ਨਾ ਹੋਣ ਦੇ, ਤੁਰੀ ਆ ਜ਼ੀਨਤ ਤੁਰੀ ਆ।"

'ਵਾਜ਼ਾਂ ਕੋਲੋਂ ਘਬਰਾ ਕੇ ਉਹ ਖੇਤ ਵਿਚ ਪਰਲੇ ਪਾਸੇ ਤੁਰੀ ਗਏ।

"ਹਾਏ ਮੁਬੀਨਾ ਰੋ ਪਈ ਹੋਵੇਗੀ!" ਜ਼ੀਨਤ ਖੜ੍ਹੋ ਗਈ।

"ਮੁਬੀਨਾ ਸੌਂਪ ਅੱਲਾਹ ਨੂੰ, ਤੁਰੀ ਆ ਖਲੋਣ ਦਾ ਵਕਤ ਨਹੀਂ।"

ਉਹ ਬੂਟਾ ਬੂਟਾ ਉਲੰਘਦੇ ਦੂਜੇ ਸਿਰੇ ਪਹੁੰਚ ਗਏ। ਹੁੱਸੜ ਨਾਲ ਜ਼ੀਨਤ ਦੀ ਜਾਨ ਮੂੰਹ ਆ ਰਹੀ ਸੀ।

"ਜ਼ਰਾ ਕੁ ਤੂੰ ਇਥੇ ਸਬਰ ਕਰ, ਮੈਂ ਬੰਨੇ ਤੋਂ ਵੇਖ ਆਵਾਂ।"

ਘੁਸਮੁਸਾ, ਹਨੇਰਾ। ਨਾ ਜੀਆ ਨਾ ਜੁਆਤਰੂ। ਪੰਛੀ ਆਲ੍ਹਣਿਆਂ ਵਿਚ ਮੁੜ ਰਹੇ ਸਨ। ਜਿਸ ਪਹੇ ਤੋਂ ਤੁਰ ਕੇ ਅੱਠ ਵਰ੍ਹੇ ਰੋਜ਼ ਕਾਸਮ ਦੂਜੇ ਪਿੰਡ ਮਦਰਸੇ ਜਾਂਦਾ ਰਿਹਾ ਸੀ, ਉਹ ਅੱਜ ਉਹਨੂੰ ਮੌਤ ਦਾ ਪਹਾ ਜਾਪ ਰਿਹਾ ਸੀ। ਜਿਸ ਖੂਹ ਉਤੇ ਜ਼ੀਨਤ ਦਾ ਡੋਲਾ ਅਜੇ ਪਿਛਲੇਰੇ ਵਰ੍ਹੇ ਉਤਰਿਆ ਸੀ, ਉਹ ਖੂਹ ਅੱਜ ਭਾਂ-ਭਾਂ ਕਰ ਰਿਹਾ ਸੀ।

ਉੱਤੋਂ ਬੱਦਲ ਗਰਜਿਆ। ਮਹੀਨ ਮਹੀਨ ਜਿਹੀ ਫੁਹਾਰ ਹਵਾ ਨਾਲ ਉਡ ਕੇ ਉਹਦੇ ਬੁੱਲ੍ਹਾਂ ਉਤੇ ਪਈ। ਉਹਨੂੰ ਪਿਆਸ ਲੱਗੀ ਦਾ ਅਹਿਸਾਸ ਹੋਇਆ। ਮੁਬੀਨਾ ਯਾਦ ਆਈ ਕਿ ਉਹ ਰਾਤ ਸਾਰੀ ਭੁੱਖੀ ਰੋਂਦੀ ਰਹੇਗੀ।

ਜਦੋਂ ਹਨੇਰਾ ਗੂੜ੍ਹਾ ਹੋ ਗਿਆ, ਜ਼ੀਨਤ ਤੇ ਕਾਸਮ ਪੱਤਣ ਵੱਲ ਤੁਰ ਪਏ। ਮੁਬੀਨਾ ਨੂੰ ਜਾ ਕੇ ਲੈ ਆਉਣਾ ਅਣਹੋਣਾ ਹੋ ਗਿਆ ਸੀ। ਪੰਜ ਵਿੱਘਿਆਂ ਦੀ ਲੰਮੀ ਪੈਲੀ ਹਾਸ਼ਮ ਨੇ ਗੁਣਿਆਂ ਵਿਚ ਤੇਲ ਚੋ ਚੋ ਕੇ ਬੀਜੀ ਸੀ।

ਪੱਤਣ ਉਤੇ ਬੜੀ ਭੀੜ ਸੀ। ਬੇੜੀ ਇਕ ਸੀ ਤੇ ਉਹਦੇ ਦੋ ਮਲਾਹ ਭਾਵੇਂ ਸਨ ਮੁਸਲਮਾਨ, ਪਰ ਪਾਰ ਕਰਾਈ ਵੀਹ ਰੁਪਈਆਂ ਤੋਂ ਪੈਸਾ ਘੱਟ ਨਹੀਂ ਸਨ ਮੰਨਦੇ। ਤ੍ਰੀਮਤਾਂ ਟੂੰਬਾਂ ਲਾਹ ਲਾਹ ਫੜਾਂਦੀਆਂ ਸਨ। ਦੋ ਬੇਸਾਥ ਮੁਟਿਆਰਾਂ ਤਰਲੇ ਕਰ ਕਰ ਹਾਰ ਗਈਆਂ ਸਨ। ਜ਼ੀਨਤ ਨੇ ਦੋ ਚੂੜੀਆਂ ਬੁੱਕੋਂ ਲਾਹ ਕੇ ਕਾਸਮ ਦੇ ਹੱਥ ਫੜਾਈਆਂ। ਕਾਸਮ ਨੇ ਬਾਕੀ ਦੋ ਵੀ ਲੁਹਾ ਕੇ ਜੇਬ ਪਾ ਲਈਆਂ ਤੇ ਮਲਾਹਾਂ ਨੂੰ ਜ਼ਰਾ ਤਮਕ ਵਿਚ ਆ ਕੇ ਆਖਿਆ, "ਓ ਮੀਆਂ, ਕੁਝ ਤੇ ਖ਼ੌਫ਼ ਖਾਓ। ਤੁਹਾਨੂੰ ਚੰਗਾ ਲੱਗੇਗਾ ਜੇ ਇਹ ਜਵਾਨਾਂ ਜਹਾਨਾਂ ਦੁਸ਼ਮਣਾਂ ਦੇ ਢਏ ਚੜ੍ਹ ਜਾਣ...ਨਾਲੇ ਇਹ ਦੋ ਚੂੜੀਆਂ ਸੌ ਤੋਂ ਬਿਲਕੁਲ ਘੱਟ ਨਹੀਂ।"

ਕਾਸਮ ਦੇ ਰੁਅਬ ਹੇਠਾਂ ਮਲਾਹ ਆ ਗਏ ਤੇ ਬੇੜੀ ਭਰ ਕੇ ਪਾਰਲੇ ਕੰਢੇ ਜਾ ਲੱਗੀ। ਉਥੋਂ ਸਰਹੱਦ ਮਸਾਂ ਸਵਾ ਮੀਲ ਸੀ, ਤੇ ਵਿਚ ਆਬਾਦੀ ਕੋਈ ਨਹੀਂ ਸੀ।



*1947 ਦੇ ਉਜਾੜੇ ਵੇਲੇ ਇਕ ਮਾਂ।*

ਰਾਤ ਸਾਰੀ ਮੀਂਹ ਕਦੇ ਵਰ੍ਹਦਾ ਤੇ ਕਦੇ ਹਟਦਾ ਰਿਹਾ। ਲਸੂੜੇ ਦੇ ਚੌੜੇ ਪੱਤਿਆਂ ਉਤੇ ਕਣੀਆਂ ਇਕੱਠੀਆਂ ਹੋ ਜਾਂਦੀਆਂ, ਹਵਾ ਆਉਂਦੀ ਤੇ ਮੁਬੀਨਾ ਦੇ ਮੂੰਹ ਉਤੇ ਡੁੱਲ੍ਹ ਪੈਂਦੀਆਂ। ਰੋਂਦੇ ਬੁਲ੍ਹ 'ਲਿਪ ਲਿਪ' ਕਰਨ ਲੱਗ ਪੈਂਦੇ। ਕਈ ਟੇਪੇ ਨਿੱਕੇ ਜਿਹੇ ਮੂੰਹ ਵਿਚ ਚਲੇ ਜਾਂਦੇ।

ਕਦੇ ਉਹ ਰੋਂਦੀ, ਕਦੀ ਪਾਣੀ ਦੇ ਟੇਪਿਆਂ ਨਾਲ 'ਲਿਪ ਲਿਪ' ਕਰਦੀ, ਕਦੇ ਹੰਭ ਕੇ ਸੌਂ ਜਾਂਦੀ। ਇਸੇ ਤਰ੍ਹਾਂ ਰਾਤ ਲੰਘ ਗਈ। ਸੂਰਜ ਦਾ ਪਹਿਲਾ ਚਾਨਣ ਜਦੋਂ ਸੁਨਹਿਰੀ ਕਿਰਨਾਂ ਉਤੇ ਚੜ੍ਹ ਕੇ ਮੁਬੀਨਾ ਦੇ ਮੂੰਹ ਤੱਕ ਪਹੁੰਚਾ ਤਾਂ ਉਹ ਲੱਤਾਂ ਬਾਹਾਂ ਮਾਰ ਰਹੀ ਸੀ। ਉਹਦੀਆਂ ਅੱਖਾਂ ਖੁੱਲ੍ਹੀਆਂ ਤੇ ਉਹਦੇ ਫੀਰੋਜ਼ੀ ਝੱਗੇ ਉਤੇ ਸੋਨੇ ਦੀ ਜ਼ੰਜੀਰ ਲਿਸ਼ ਲਿਸ਼ ਕਰ ਰਹੀ ਸੀ।

ਰਾਤੀਂ ਜਥਾ ਮੋਟੀ ਮੋਟੀ ਚੀਜ਼ ਵਸਤ ਚੁਗ ਕੇ ਚਲਾ ਗਿਆ ਸੀ। ਖਾਲੀ ਪਿੰਡ ਦੀ ਭਿਆਨਕਤਾ ਲੁਟੇਰਿਆਂ ਲਈ ਵੀ ਜ਼ਿਆਦਾ ਸੀ। ਦਿਨੇ ਛਾਹ ਵੇਲਾ ਖਾ ਕੇ ਉਹ ਫੇਰ ਮੁੜ ਆਏ। ਉਜਾੜ ਮੁੜ ਵਸ ਪਈ, ਪਰ ਇਹ ਵਸੇਬਾ ਨਿਰਾਲਾ ਸੀ। ਸੰਦੂਕ ਟੁੱਟ ਰਹੇ ਸਨ, ਜੰਦਰੇ ਭੱਜ ਰਹੇ ਸਨ, ਪੋਲੀਆਂ ਥਾਂਵਾਂ ਫੋਲ ਹੋ ਰਹੀਆਂ ਸਨ।

ਜ਼ੀਨਤ ਹੋਰਾਂ ਦੇ ਪੱਕੇ ਘਰ ਦੀ ਕਮਾਦ ਵਾਲੇ ਪਾਸੇ ਦੀ ਬਾਰੀ ਖੁੱਲ੍ਹੀ। ਕਿਸੇ ਨੇ ਬਾਰੀ 'ਚੋਂ ਤੱਕਿਆ। ਸਰ-ਸਰ ਕਰਦਾ ਕਮਾਦ, ਮੀਂਹ ਨਾਲ ਧੁਪਿਆ ਸਾਵਾ ਕਚਾਹ ਲਸੂੜਾ...ਤੇ ਔਹ ਕੀ? ਕੋਈ ਬੱਚਾ, ਨਿੱਕਾ ਜਿਹਾ, ਚਿਚਲਾਂਦਾ! ਵੇਖਣ ਵਾਲਾ ਕੋਠੇ ਤੋਂ ਛੇਤੀ ਛੇਤੀ ਉਤਰ ਲਸੂੜੇ ਕੋਲ ਅਪੜਿਆ।

ਕਿਸੇ ਨੂੰ ਆਪਣੇ ਵੱਲ ਤੱਕਦਾ ਵੇਖ ਕੇ ਮੁਬੀਨਾ ਇਕਦਮ ਚੁੱਪ ਕਰ ਗਈ। ਉਹਦੀਆਂ ਝਿੰਮਣੀਆਂ ਨਾਲ ਅੱਥਰੂ ਡਲ੍ਹਕ ਰਹੇ ਸਨ ਤੇ ਝੱਗੇ ਉਤੇ ਜ਼ੰਜੀਰ ਲਿਸ਼ਕ ਰਹੀ ਸੀ।

ਵੇਖਣ ਵਾਲਾ ਬੜਾ ਖ਼ੁਸ਼ ਹੋਇਆ। ਉਹਨੇ ਨਿਉਂ ਕੇ ਬਾਹਾਂ ਅੱਡੀਆਂ। ਮੁਬੀਨਾ ਨੇ ਬੁੱਲ੍ਹ ਟੇਰ ਲਏ, ਜੀਕਰ ਅੱਧ ਭਰੋਸੇ ਵਿਚ। ਆਦਮੀ ਨੇ ਉਹਦੇ ਬੁੱਲ੍ਹਾਂ ਉਤੇ ਉਂਗਲਾਂ ਨਾਲ ਲਾਡ ਕੀਤਾ। ਮੁਬੀਨਾ ਹੁਣ ਮੁਸਕਾ ਪਈ। ਆਦਮੀ ਨੇ ਉਹਦੇ ਗਲੋਂ ਜ਼ੰਜੀਰੀ ਲਾਹ ਕੇ ਡੱਬ ਵਿਚ ਅੜੁੰਗ ਲਈ ਤੇ ਉਹਨੂੰ ਕੁੱਛੜ ਸਾਂਭ ਕੇ ਉਹ ਮੁੜ ਆਇਆ।

ਉਹਦਾ ਸਾਥੀ ਵੀ ਆਪਣੀ ਲੱਭਤ ਨਾਲ ਬੜਾ ਖ਼ੁਸ਼ ਹੋ ਰਿਹਾ ਸੀ। ਹਾਸ਼ਮ ਦਾ ਘਰ ਆਦੀ ਸੀ।

"ਮੈਨੂੰ ਛੁੱਟੀ ਦੇ ਦਿਓ, ਸਰਦਾਰ ਜੀ...ਮੈਨੂੰ ਬੜਾ ਕੁਝ ਲੱਭ ਪਿਆ ਏ।"

"ਕੀ ਲੱਭਾ ਈ?" ਤੇ ਉਹਦੇ ਕੁੱਛੜ ਮੁਬੀਨਾ ਚੁੱਕੀ ਵੇਖ ਕੇ ਦੂਜਾ ਸਾਥੀ ਬੋਲਿਆ, "ਇਹਦੇ ਨਾਲ ਤੇਰਾ ਢਿੱਡ ਥੋੜ੍ਹਾ ਭਰਨਾ ਏ। ਮਾਰ ਲੈ ਦੋ ਹੱਥ, ਹੁਣ ਵੇਲਾ ਈ। ਫੇਰ ਪਛਤਾਏਂਗਾ।"

"ਨਹੀਂ ਸਰਦਾਰ ਜੀ, ਮੈਨੂੰ ਤੁਸੀਂ ਜਾਣ ਹੀ ਦਿਓ। ਹੁਣ ਹੋਰ ਕਾਸੇ ਵਸਤ ਨੂੰ ਹੱਥ ਲਾਣ 'ਤੇ ਰੂਹ ਨਹੀਂ ਕਰਦੀ। ਇਹ ਘੋਰੇ ਕਦੋਂ ਦੀ ਭੁੱਖੀ ਏ।"

"ਕੁੜੀ ਆ?"

"ਹਾਂ ਜੀ ਕੁੜੀ ਏ।"

"ਤਾਂ ਤੇ ਮੌਜ ਬਣ ਗਈ ਊ। ਵੇਖ ਖਾਂ, ਕਾਸਮ ਦੀ ਹੋਣੀ ਏ।"

"ਮੈਂ ਫੇਰ ਜਾਵਾਂ ਜੀ?"

"ਮਰਜ਼ੀ ਤੇਰੀ, ਵੇਲਾ ਚੰਗਾ ਸਾਈ। ਜੇ ਚੰਗੜ੍ਹੀ ਜੋਗੇ ਚਾਰ ਲੀੜੇ ਹੀ ਲੈ ਜਾਂਦੋਂ।"

"ਚੰਗੜ੍ਹੀ ਮੇਰੀ ਨੂੰ ਤੁਸੀਂ ਜਾਣਦੇ ਈ ਹੋ, ਉਹ ਮੈਨੂੰ ਵੱਢ ਵੱਢ ਖਾਂਦੀ ਰਹਿੰਦੀ ਏ ਕਿ ਮੇਰੇ ਭੈੜੇ ਚਾਲਿਆਂ ਕਰ ਕੇ ਉਹਦਾ ਢਿੱਡ ਫਲਿਆ ਨਹੀਂ। ਕੱਪੜਿਆਂ ਨਾਲੋਂ ਉਹ ਇਹਨੂੰ ਬਹੁਤਾ ਚਾਹੇਗੀ।"

"ਜਾ ਲੈ ਜਾ ਸੂ...ਤੇ ਘੋੜੀ ਸਾਡੀ ਹਵੇਲੀ ਬੰਨ੍ਹ ਦੇਈਂ।"

ਇਹ ਚੰਗੜ ਮਾਨਾਂਵਾਲੇ ਦੇ ਇਕ ਅਵੈਲੀ ਜ਼ਿਮੀਂਦਾਰ ਦਾ ਸੰਗੀ ਸੀ। ਇਹਦੀ ਮਦਦ ਨਾਲ ਜ਼ਿਮੀਂਦਾਰ ਨੇ ਕਈ ਚੋਰੀਆਂ ਕੀਤੀਆਂ ਹੋਈਆਂ ਸਨ ਤੇ ਜਦੋਂ ਚਾਰ ਦਿਨ ਹੋਏ ਸਾਰੇ ਮੁਸਲਮਾਨ ਇਨ੍ਹਾਂ ਦੇ ਪਿੰਡੋਂ ਨਿਕਲ ਗਏ ਤਾਂ ਇਹਨੇ ਇਸ ਚੰਗੜ ਨੂੰ ਜਾਣ ਨਹੀਂ ਸੀ ਦਿੱਤਾ, "ਕੋਈ ਤੱਕ ਕੇ ਤਾਂ ਵੇਖੇ ਤੇਰੀ 'ਵਾ ਵੱਲ।"

ਚੰਗੜੀ ਨੇ ਬੂਹਾ ਖੋਲ੍ਹਿਆ, ਪਰ ਚੰਗੜ ਵੱਲ ਵੇਖੇ ਬਿਨਾਂ ਹੀ ਉਹ ਭੌਂ ਪਈ।

ਕੁੰਡਾ ਅੜਾ ਕੇ ਚੰਗੜ ਬੋਲਿਆ, "ਪੁੱਛਦੀ ਨਹੀਂ ਮੈਂ ਲਿਆਇਆ ਕੀ ਹਾਂ!"

"ਲਿਆਇਆ ਹੋਵੇਂਗਾ ਬੜਾ ਬੋਬਾ ਜਿਹਦੇ ਨਾਲ ਹੁਣ ਤੇਰੀ ਸਾਰੀ ਉਮਰ ਲੰਘ ਜਾਏਗੀ!" ਚੰਗੜੀ ਨੇ ਅਜੇ ਵੀ ਉਹਦੇ ਵੱਲ ਨਾ ਤੱਕਿਆ ਤੇ ਜਾ ਕੇ ਬਹਿ ਗਈ।

"ਐਵੇਂ ਬੁੜ ਬੁੜ ਹੀ ਕਰੀ ਜਾਨੀ ਏਂ, ਵੇਖ ਤਾਂ ਸਹੀ।" ਤੇ ਚੰਗੜ ਨੇ ਮੁਬੀਨਾ ਦੇ ਮੂੰਹ ਤੋਂ ਪੱਲਾ ਹਟਾ ਕੇ ਉਹਦੇ ਸਾਹਮਣੇ ਕੀਤਾ।

"ਹਾਏ ਮੈਂ ਮਰ ਗਈ...!" ਚੰਗੜੀ ਨੇ ਦੋਵੇਂ ਹੱਥ ਮਲ ਕੇ ਆਖਿਆ, "ਇਹਦੀ ਮਾਂ ਗਰੀਬੜੀ ਨੂੰ ਕਿਸ ਤੱਤੜੇ ਮਾਰ ਮੁਕਾਇਆ ਏ?"

"ਪਤਾ ਕੁਝ ਨਹੀਂ, ਜ਼ੈਲਦਾਰ ਦੇ ਘਰ ਪਿੱਛੇ ਲਸੂੜੇ ਹੇਠਾਂ ਪਈ ਸੀ", ਤੇ ਡੱਬ ਵਿਚੋਂ ਜ਼ੰਜੀਰੀ ਕੱਢ ਕੇ ਚੰਗੜ ਨੇ ਆਖਿਆ, "ਇਹ ਇਹਦੇ ਗਲ ਵਿਚ ਸੀ, ਵੇਖ ਕੇ ਕੋਈ ਸੜੇ ਨਾ, ਮੈਂ ਡੱਬ ਵਿਚ ਲੁਕਾ ਲਈ।"

ਚੰਗੜੀ ਨੇ ਮੁਬੀਨਾ ਨੂੰ ਕੁੱਛੜ ਲੈ ਲਿਆ। ਮੂੰਹ ਸਿਰ ਚੁੰਮਿਆ। ਸੌ ਸੌ ਸ਼ੁਕਰ ਮਨਾਇਆ। ਜ਼ੰਜੀਰੀ ਉਹਨੂੰ ਭੁੱਲ ਗਈ।

"...ਤੂੰ ਭੁੱਖੀ ਹੋਵੇਂਗੀ...ਬਹੁਤ ਭੁੱਖੀ...ਸਾਰੀ ਰਾਤ ਤੂੰ ਕੁਝ ਨਹੀਂ ਪੀਤਾ...ਬਿੰਦ ਸਬਰ ਕਰ। ਤੇਰੇ ਬਖ਼ਤਾਂ ਨੂੰ ਸਾਡੀ ਗਾਂ ਵੀ ਮਿਲ ਪਈ ਏ, ਕੱਲ੍ਹ ਓਸ ਛੁਹਣ ਨਹੀਂ ਸੀ ਦਿੱਤਾ।"

ਚੰਗੜੀ ਨੇ ਮੁਬੀਨਾ ਨਾਲ ਆਪ ਮੁਹਾਰੇ ਗੱਲਾਂ ਕੀਤੀਆਂ ਤੇ ਫਿਰ ਚੰਗੜ ਨੂੰ ਆਖਿਆ, "ਤੂੰ ਇਹਨੂੰ ਫੜ ਜ਼ਰਾ।"

ਚੰਗੜੀ ਨੇ ਟਾਕੀ ਭਿਉਂ ਕੇ ਬਾਲੜੀ ਦੇ ਮੂੰਹ ਵਿਚ ਦੁੱਧ ਚੋਇਆ, ਕੌਲ ਦਾ ਵਾਰਾ ਉਹ ਪੀ ਗਈ। ਉਹਦਾ ਮੂੰਹ ਆਪਣੇ ਲੀੜੇ ਨਾਲ ਪੂੰਝ ਕੇ ਚੰਗੜੀ ਨੇ ਆਖਿਆ, "ਨਬੀ ਰਸੂਲ ਦੇ ਰਾਹ ਨਿਆਰੇ, ਇਹ ਮੇਰਾ ਚੰਦਰਾ ਢਿੱਡ ਕਿੱਥੋਂ ਫੁੱਟਣਾ ਸੀ...ਸਦਕੇ ਜਾਵਾਂ ਤੈਥੋਂ, ਹੁਣ ਮੇਰੇ ਕੋਲ ਹੀ ਰਹੀਂ, ਕਿਤੇ ਹੋਰ ਨਾ ਜਾਈਂ।"

ਕਈ ਦਿਨ ਮੁਬੀਨਾ ਦੇ ਚਾਅ ਵਿਚ ਚੰਗੜੀ ਤੇ ਚੰਗੜ ਉਡਦੇ ਫਿਰੇ। ਨਵੀਂ ਮਿਹਰ ਦੇ ਸਾਹਮਣੇ ਪੁਰਾਣਾ ਕਹਿਰ ਭੁੱਲ ਗਿਆ। ਚੰਗੜੀ ਨੇ ਚੰਗੜ ਨੂੰ ਮਨਾ ਲਿਆ ਕਿ ਹੁਣ ਕਦੇ ਉਹ ਚੋਰੀ ਨਹੀਂ ਕਰੇਗਾ।

"ਦੋ ਢਿੱਡ ਵੀ ਕੋਈ ਭਾਰੂ ਨੇ। ਇੰਨਾ ਤਾਂ ਮੈਂ 'ਕੱਲੀ ਕਰ ਸਕਦੀ ਹਾਂ।"

ਪਰ ਅਜੇ ਦੋ ਹਫ਼ਤੇ ਵੀ ਨਹੀਂ ਸਨ ਲੰਘੇ ਕਿ ਪਿੰਡ ਵਿਚ ਉਨ੍ਹਾਂ ਬਾਰੇ ਗੱਲਾਂ ਚੱਲਣ ਲੱਗ

ਪਈਆਂ। ਪਾਕਿਸਤਾਨੋਂ ਉਜੜ ਕੇ ਆਇਆਂ ਕਈਆਂ ਨੇ ਪਿੰਡ ਪਨਾਹ ਲਈ। ਇਹ ਕਿਸੇ ਮੁਸਲਮਾਨ ਨੂੰ ਵੇਖਣਾ ਤੇ ਕੀ, ਉਹਦਾ ਨਾਂ ਸੁਣਨ ਨੂੰ ਤਿਆਰ ਨਹੀਂ ਸਨ।

ਇਕ ਦਿਨ ਉਨ੍ਹਾਂ ਦਾ ਸਰਦਾਰ ਘਰ ਆ ਕੇ ਕਹਿਣ ਲੱਗਾ, "ਮੌਲੂਆ, ਮੈਨੂੰ ਇਸ ਗੱਲ ਦਾ ਬੜਾ ਹਿਰਖ ਏ, ਮੇਰੀ ਵਾਹ ਨਹੀਂ ਰਹੀ, ਤੁਹਾਡੀ ਜਾਨ ਨੂੰ ਖ਼ਤਰਾ ਵਧਦਾ ਜਾਂਦਾ ਏ...ਚੰਗਾ ਕਰੋ ਜੇ ਅੱਜੋ ਤਿਆਰ ਹੋ ਜਾਓ-ਰਾਤੋ ਰਾਤ ਨਾਲ ਜਾ ਕੇ ਰਾਣੀਆਂ ਤੋਂ ਮੈ ਤੁਹਾਨੂੰ ਹੱਦ ਟਪਾ ਆਵਾਂਗਾ।"

"ਜਿਸ ਤਰ੍ਹਾਂ ਤੁਸੀਂ ਆਖੋ, ਤੁਹਾਡੇ ਆਸਰੇ ਹੀ ਬਚੇ ਹੋਏ ਹਾਂ।"

"ਗਲੋਂ ਹੀ ਪਾਣੀ ਲੰਘਦਾ ਵੇਖ ਕੇ ਮੈਂ ਇਹ ਆਖਿਆ ਹੈ-ਨਹੀਂ ਤਾਂ ਮੈਂ ਮੌਲੂ ਨੂੰ ਤੋਰ ਦਿਆਂ!"

"ਸਾਡੇ ਮਾਈ-ਬਾਪ ਹੋ ਤੁਸੀਂ।"

"ਅੱਜੋ ਹੀ ਤੁਰ ਪਵੋ-ਕੱਲ੍ਹ ਪਤਾ ਨਹੀਂ ਕੀ ਹੋ ਜਾਏ-ਅੱਧੀ ਰਾਤ ਹਨੇਰੀ ਏ-ਸੂਆ ਵੀ ਸੁੱਕਾ ਹੋਇਆ ਏ-ਉਹਦੇ ਵਿਚ ਤੁਰਦੇ ਕਿਸੇ ਨੂੰ ਦਿਸਾਂਗੇ ਨਹੀਂ-ਪਰ ਇਹ ਕੁੜੀ ਤੁਹਾਨੂੰ ਇਥੇ ਛੱਡਣੀ ਪਏਗੀ।"

ਚੰਗੜ੍ਹੀ ਨੇ ਮੁਬੀਨਾ ਨੂੰ ਹਿੱਕ ਨਾਲ ਘੁੱਟ ਲਿਆ, ਜੀਕਰ ਚੰਗੜ੍ਹੀ ਦਾ ਸਾਹ ਰੁਕ ਗਿਆ ਸੀ-ਬੋਲੀ, "ਨਾ ਸਰਦਾਰ ਜੀ-ਇਹ ਨਾ ਆਖੋ। ਜਿਹੜੀ ਖ਼ੁਸ਼ਬੋਈ ਇਹਦੇ ਨਿੱਕੇ ਨਿੱਕੇ ਹੱਥਾਂ ਵਿਚੋਂ ਆਉਂਦੀ ਏ, ਮੇਰੀ ਜਾਨ ਵਿਚ ਰਚ ਗਈ ਏ।"

"ਤੁਹਾਡੀ ਖਾਤਰ ਹੀ ਆਖਿਆ ਸੀ। ਛੇ ਮੀਲ ਪੂਰਾ ਟੁਰਨਾ ਏ। ਇਕ ਥਾਂ ਵੀ ਇਹ ਰੋ ਪਈ, ਬਾਲ ਜੁ ਹੋਈ, ਸਾਰੇ ਮਾਰੇ ਜਾਓਗੇ। ਮੇਰੀ ਕਿਸੇ ਮੰਨਣੀਂ ਨਹੀਂ ਤੇ ਲੁਟੇਰੇ ਰਾਹ ਪਏ ਤਾੜਦੇ ਨੇ!"

"ਉਹ ਜਾਣੇ! ਮਰ ਗਏ ਤਾਂ ਮਰ ਗਏ ਹੀ ਸਹੀ, ਇਹ ਮੈਥੋਂ ਛੱਡੀ ਨਹੀਂ ਜਾਣੀ।"

"ਤੁਸੀਂ ਜਾਣੋ ਮੈਂ ਆਪਣੇ ਵੱਲੋਂ ਵਾਹ ਸਾਰੀ ਲਾ ਦਿਆਂਗਾ।"

ਖਾਓ ਪੀਏ ਦੇ ਬਾਅਦ ਪਿੰਡ ਵਿਚ ਹੁਣ ਚੁੱਪ ਚਾਂ ਹੋ ਜਾਂਦੀ ਸੀ। ਕੋਈ ਬਾਹਰ ਵੱਲ ਤੱਕਦਾ ਨਹੀਂ ਸੀ। ਸਰਦਾਰ ਤੇ ਮੌਲੂ ਨੇ ਠਾਠੇ ਬੰਨ੍ਹ ਲਏ, ਡਾਂਗਾਂ ਫੜ ਲਈਆਂ। ਚੰਗੜ੍ਹੀ ਨੇ ਮੁਬੀਨਾ ਜੋਗਾ ਦੁੱਧ ਬੋਤਲ ਵਿਚ ਪਾ ਲਿਆ। ਸੂਏ ਸੂਏ ਤੁਰਦੇ ਗਏ। ਰਾਣੀਆਂ ਤੋਂ ਕੁਝ ਉਰਾਂ ਮੁਬੀਨਾ ਰੋ ਪਈ। ਉਸੇ ਵੇਲੇ ਪਰਿਓਂ ਆਉਂਦੀਆਂ ਘੋੜੀਆਂ ਦੀ ਟਾਪ ਕੰਨੀਂ ਪਈ, ਜਿਉਂ ਮੌਤ ਚੜ੍ਹੀ ਆ ਰਹੀ ਸੀ। ਮੌਲੂ ਤੇ ਚੰਗੜ੍ਹੀ ਘਬਰਾ ਕੇ ਕੰਢੇ ਨਾਲ ਲੱਗ ਗਏ। ਸਰਦਾਰ ਨੂੰ ਕੁਝ ਸੁੱਝਿਆ, ਉਸ ਨੇ ਝੱਟ ਮੁਬੀਨਾ ਨੂੰ ਚੰਗੜ੍ਹੀ ਕੋਲੋਂ ਫੜ ਲਿਆ ਤੇ ਇਸ਼ਾਰੇ ਨਾਲ ਅਡੋਲ ਬਹਿ ਜਾਣ ਲਈ ਆਖ ਕੇ ਉਹ ਆਪ ਸੂਏ ਉਤੇ ਚੜ੍ਹ ਗਿਆ।

ਘੋੜੀਆਂ ਵਾਲਿਆਂ ਲਲਕਾਰਿਆ। ਠਾਠਾ ਖੋਲ੍ਹ ਕੇ ਸਰਦਾਰ ਨੇ ਆਖਿਆ, "ਕੋਈ ਓਪਰਾ ਨਹੀਂ-ਮੈਂ ਈ ਹਾਂ।"

"ਕੌਣ-ਜੈਲ ਸਿਹੁੰ?...ਤੇ ਆਹ ਕੀ ਚੁੱਕਿਆ ਈ?"

"ਆਇਆ ਸਾਂ ਕਿਸੇ ਸ਼ਿਕਾਰ ਮਗਰੇ-ਸੁਣਿਆਂ ਸੀ ਇਕ ਮੋਟੀ ਸਾਮੀ ਨੱਠ ਰਹੀ ਏ।"

"ਆਏ ਤਾਂ ਅਸੀਂ ਵੀ ਇਹੋ ਸੁਣ ਕੇ ਸਾਂ ਪਰ ਹੱਦ ਤੱਕ ਸਾਨੂੰ ਕੋਈ ਲੱਭਾ ਨਹੀਂ।"

"ਗਏ ਜ਼ਰੂਰ ਨੇ-ਆਹ ਬੱਚਾ, ਇਹਦੇ ਰੋਣ ਤੋਂ ਡਰਦੇ ਸੁੱਟ ਗਏ ਨੇ।"

ਘੋੜੀਆਂ ਵਾਲੇ ਪਿੰਡ ਵੱਲ ਉਡ ਗਏ। ਸਰਦਾਰ ਨੇ ਚੰਗੜ ਤੇ ਚੰਗੜ੍ਹੀ ਨੂੰ ਦਿਲਾਸਾ ਦਿੱਤਾ ਤੇ ਉਹ ਰਾਜ਼ੀ ਬਾਜ਼ੀ ਹੱਦ ਟੱਪ ਗਏ।

ਦੂਜੇ ਦਿਨ ਉਹ ਲਾਹੌਰ ਪੁੱਜ ਗਏ। ਰੁਲਦੇ-ਖੁਲਦੇ ਪਨਾਹਗੁਜ਼ੀਰ ਕੈਂਪ ਵਿਚ ਆ ਰਹੇ। ਚੁਗਿਰਦੀਂ ਹਉਕੇ ਤੇ ਅੱਥਰੂ ਸਨ ਪਰ ਚੰਗੜ੍ਹੀ ਖ਼ੁਸ਼ ਸੀ ਕਿ ਖਤਰਾ ਟਲ ਗਿਆ। ਕੁੜੀ ਦੇ ਮਾਪੇ ਬਚੇ ਨਹੀਂ ਹੋਣੇ-ਕਿਹੜੀ ਜਿਉਂਦੀ ਮਾਂ ਇਹੋ ਜਿਹੀ ਧੀ ਨੂੰ ਸੁੱਟ ਜਾਏਗੀ!

ਪਰ ਉਨ੍ਹਾਂ ਦੇ ਕੈਂਪ ਤੋਂ ਮਸਾਂ ਚਾਰ ਘਰ ਦੂਰ ਮੁਬੀਨਾ ਦੀ ਮਾਂ ਸ਼ੁਦੈਣ ਹੋਈ ਹੋਈ ਸੀ। ਉਹਦੇ ਲਈ ਕੋਈ ਡਾਕਟਰ ਕੁਝ ਨਹੀਂ ਸੀ ਕਰ ਸਕਦਾ। ਉਹ ਆਪਣੀ ਹਿੱਕ ਕੁੱਟਦੀ ਤੇ ਆਂਹਦੀ ਸੀ, "ਮਾਂ ਨਹੀਂ, ਮੈਂ ਡੈਣ ਹਾਂ...ਮਤੇ ਰੋ ਪਏ...ਮਾਰੇ ਜਾਈਏ...ਮੈਂ ਜਿਉਂਦੇ ਨੂੰ ਸੁੱਟ ਆਈ...ਗਿੱਦੜ ਖਾ ਗਏ ਹੋਣਗੇ-ਘੋੜੀਆਂ ਦੇ ਪੈਰਾਂ ਹੇਠਾਂ ਨਿੱਕੇ ਨਿੱਕੇ ਖ਼ੁਸ਼ਬੋਦਾਰ ਹੱਥ ਚਿੱਥੇ ਗਏ ਹੋਣਗੇ। ਉਹ ਭੁੱਖੀ ਮਰ ਗਈ ਹੋਵੇਗੀ..ਉਹਨੂੰ ਕਿਸ ਦਫ਼ਨਾਇਆ ਹੋਣਾ ਏ!"

ਉਹਦੇ ਕੀਰਨੇ ਕਿਸੇ ਕੋਲੋਂ ਸੁਣੇ ਨਹੀਂ ਸਨ ਜਾਂਦੇ। ਉਹਦਾ ਭਰਾ ਸਰਕਾਰੀ ਅਫ਼ਸਰ ਸੀ। ਉਹਨੇ ਡਿਪਟੀ ਕਮਿਸ਼ਨਰ ਕੋਲੋਂ ਫੌਜੀ ਟਰੱਕ ਦਾ ਪਰਮਿਟ ਲਿਆ, ਉਹ ਆਪੀਂ ਹਿੰਦੁਸਤਾਨ ਜ਼ੀਨਤ ਦੇ ਸਹੁਰੇ ਪਿੰਡ ਗਿਆ। ਉਥੋਂ ਇੰਨਾ ਪਤਾ ਲੱਗਾ ਕਿ ਮੌਲੂ ਚੰਗੜ ਮੁਬੀਨਾ ਨੂੰ ਮਾਨਾਂਵਾਲੇ ਲੈ ਗਿਆ ਸੀ। ਮਾਨਾਂਵਾਲਿਓਂ ਇਹ ਸੂਹ ਮਿਲੀ ਕਿ ਉਹ ਸ਼ੇਖ਼ੂਪੁਰੇ ਆਪਣੇ ਸਾਂਢੂ ਸਾਦਕ ਕੋਲ ਜਾਣ ਲਈ ਆਖਦਾ ਸੀ।

ਲਾਹੌਰ ਮੁੜ ਕੇ ਉਨ੍ਹਾਂ ਸ਼ੇਖ਼ੂਪੁਰੇ ਜਾਣ ਦੀ ਸਲਾਹ ਬਣਾਈ। ਜ਼ੀਨਤ ਨੇ ਸ਼ੁਦੈਣਾਂ ਵਾਂਗ ਜ਼ਿੱਦ ਕੀਤੀ ਕਿ ਉਹ ਵੀ ਨਾਲ ਜਾਏਗੀ। ਸਮਝਾਇਆਂ ਉਹ ਸਮਝੇ ਨਾ। ਓੜਕ ਉਹਨੂੰ ਨਾਲ ਹੀ ਖੜਿਆ ਗਿਆ।

ਮੌਲੂ ਠੀਕ ਸ਼ੇਖ਼ੂਪੁਰੇ ਹੀ ਸਾਦਕ ਕੋਲ ਗਿਆ ਸੀ। ਪਤਾ ਮਿਲ ਗਿਆ ਪਰ ਨਾ ਚੰਗੜ੍ਹੀ ਤੇ ਨਾ ਮੁਬੀਨਾ ਉਹਦੇ ਘਰ ਵਿਚੋਂ ਲੱਭੀਆਂ। ਕਹਿੰਦਾ ਸੀ ਉਹ ਕਿਤੇ ਵਾਂਢੇ ਗਈਆਂ ਹੋਈਆਂ ਸਨ। ਮੌਲੂ ਨੂੰ ਥਾਣੇ ਫੜ ਲਿਆਏ। ਉਹ ਇਹੀ ਦੱਸੇ ਕਿ ਕੁੜੀ ਉਸ ਲਿਆਂਦੀ ਜ਼ਰੂਰ ਸੀ, ਪਰ ਦੁੱਧ ਖੁਣੋਂ ਭੁੱਖੀ ਉਹ ਹਿੰਦੁਸਤਾਨੋਂ ਆਉਂਦਿਆਂ ਰਾਹ ਵਿਚ ਮਰ ਗਈ ਸੀ ਤੇ ਉਹ ਜਿੰਨੀ ਕੁ ਕਬਰ ਛੇਤੀ ਵਿਚ ਪੁੱਟ ਸਕੇ, ਪੁੱਟ ਕੇ ਉਹਨੂੰ ਦੱਬ ਆਏ ਸਨ। ਨਾ ਮਾਰ ਤੇ ਨਾ ਲਾਲਚ ਚੰਗੜ ਨੂੰ ਕੁਝ ਬਕਾ ਸਕੇ।

ਦੂਜੇ ਦਿਨ ਪੁਲਿਸ ਚੰਗੜ੍ਹੀ ਨੂੰ ਵੀ ਫੜ ਲਿਆਈ। ਚੰਗੜ੍ਹੀ ਦੇ ਮੂੰਹ ਉਤੇ ਕੋਈ ਘਬਰਾਹਟ ਨਹੀਂ ਸੀ। ਉਹਨੇ ਲਫ਼ਜ਼-ਬ-ਲਫ਼ਜ਼ ਆਪਣੇ ਚੰਗੜ ਦੀ ਕਹਾਣੀ ਦੁਹਰਾ ਦਿੱਤੀ।

ਚੰਗੜ ਦੀ ਕਹਾਣੀ ਸੁਣ ਕੇ ਜ਼ੀਨਤ ਦਾ ਦਿਲ ਟੁੱਟ ਗਿਆ ਸੀ। ਚੰਗੜ੍ਹੀ ਨੇ ਭਾਵੇਂ ਗੱਲ ਉਹੋ ਹੀ ਆਖੀ, ਪਰ ਉਹਦਾ ਮੂੰਹ ਵੇਖ ਕੇ ਜ਼ੀਨਤ ਬਿਲਕੁਲ ਨਿਰਾਸ਼ ਨਾ ਹੋਈ ਤੇ ਉਹਨੇ ਆਖਿਆ ਕਿ ਉਹ ਚੰਗੜ੍ਹੀ ਨੂੰ ਇਕੱਲਿਆਂ ਪੁੱਛਣਾ ਚਾਹੇਗੀ।

ਇਕੱਲੇ ਕਮਰੇ ਵਿਚ ਚੰਗੜ੍ਹੀ ਨੇ ਜਦੋਂ ਜ਼ੀਨਤ ਦੇ ਨਕਸ਼ ਨੇੜਿਓਂ ਤੱਕੇ ਤਾਂ ਉਹਦੇ ਜੀਅ ਵਿਚ ਕੁਝ ਹੋਇਆ ਤੇ ਉਹਨੂੰ ਉਹ ਘੜੀ ਵੀ ਯਾਦ ਆ ਗਈ ਜਦੋਂ ਮਾਨਾਂਵਾਲੇ ਸਰਦਾਰ ਨੇ ਕੁੜੀ ਛੱਡ ਜਾਣ ਲਈ ਆਖਿਆ ਸੀ। 'ਖੌਰੇ ਉਹਦੇ ਨਿੱਕੇ ਨਿੱਕੇ ਹੱਥਾਂ ਦੀ ਖ਼ੁਸ਼ਬੋਈ ਇਹਦੀ ਜਾਨ ਵਿਚ ਵੀ ਰਚੀ ਹੋਵੇ।' ਚੰਗੜ੍ਹੀ ਨੇ ਸੋਚਿਆ, ਪਰ ਆਪਣੀ ਕਮਜ਼ੋਰੀ ਉਤੇ ਝੱਟ ਕਾਬੂ ਪਾ ਕੇ ਉਹ ਜ਼ੀਨਤ ਦੇ ਸਵਾਲਾਂ ਦੇ ਝੂਠੇ ਜਵਾਬ ਦਿੰਦੀ ਗਈ।

"ਤੂੰ ਸੱਚ ਆਖਨੀ ਏਂ-ਉਹਨੂੰ ਤੂੰ ਆਪਣੀ ਹੱਥੀਂ ਦਫ਼ਨਾਇਆ ਸੀ?"

"ਹਾਂ ਬੀਬੀ, ਮੈਂ ਇਨ੍ਹਾਂ ਭੈੜੇ ਹੱਥਾਂ ਨਾਲ ਉਹਦੇ ਉਤੇ ਮਿੱਟੀ ਪਾਈ ਸੀ।"

"ਉਹਦੇ ਗਲ ਇਕ ਜ਼ੰਜੀਰ ਸੀ?" ਜ਼ੀਨਤ ਨੇ ਕੰਬਦੀ ਆਵਾਜ਼ ਵਿਚ ਪੁੱਛਿਆ।

ਚੰਗੜ੍ਹੀ ਨੇ ਬੋਝੇ 'ਚੋਂ ਕੱਢ ਕੇ ਜ਼ੰਜੀਰੀ ਉਹਨੂੰ ਫੜਾ ਦਿੱਤੀ, "ਇਹ ਤੁਹਾਡੀ ਅਮਾਨਤ ਬੀਬੀ।"

ਜ਼ੰਜੀਰੀ ਵੇਖ ਕੇ ਜ਼ੀਨਤ ਦੀਆਂ ਡਾਡਾਂ ਨਿਕਲ ਗਈਆਂ। ਸਾਰੇ ਅੰਦਰ ਆ ਗਏ। ਜ਼ੰਜੀਰੀ ਜ਼ੀਨਤ ਦੇ ਬੁੱਲ੍ਹਾਂ ਨਾਲ ਲੱਗੀ ਹੋਈ ਸੀ ਤੇ ਉਹ ਬੇਹੋਸ਼ ਡਿੱਗੀ ਪਈ ਸੀ।

ਹੁਣ ਥਾਣੇਦਾਰ ਨੂੰ ਵੀ ਯਕੀਨ ਹੋ ਗਿਆ ਕਿ ਚੰਗੜ ਸੱਚੇ ਸਨ। ਸੋਨੇ ਦੀ ਜ਼ੰਜੀਰੀ ਨਾਲੋਂ ਤਾਂ ਪੰਜਾਂ ਮਹੀਨਿਆਂ ਦੀ ਕੁੜੀ ਉਨ੍ਹਾਂ ਨੂੰ ਮਹਿੰਗੀ ਨਹੀਂ ਸੀ ਜਾਪਣੀ।

ਦੋਹਾਂ ਨੂੰ ਛੱਡ ਦਿੱਤਾ ਗਿਆ ਪਰ ਉਹ ਉਥੇ ਹੀ ਖਲੋਤੇ ਰਹੇ। ਹੋਰ ਸਾਰੇ ਜ਼ੀਨਤ ਨੂੰ ਹੋਸ਼ ਲਿਆਉਣ ਵਿਚ ਰੁੱਝੇ ਹੋਏ ਸਨ।

ਡਾਕਟਰ ਵੀ ਆ ਪਹੁੰਚਾ। ਉਹਨੂੰ ਕਹਾਣੀ ਸੁਣਾਈ ਗਈ। ਚੰਗੜ੍ਹੀ ਦਾ ਜ਼ਿਕਰ ਆਉਂਦਿਆਂ ਉਸ ਚੰਗੜ੍ਹੀ ਨੂੰ ਵੇਖਣਾ ਚਾਹਿਆ, ਪਰ ਸ਼ਾਇਦ ਆਪਣੇ ਆਪ ਨੂੰ ਹਰ ਕਿਸੇ ਦੇ ਰਾਹ ਵਿਚ ਵੇਖ ਕੇ ਚੰਗੜ ਤੇ ਚੰਗੜ੍ਹੀ ਚਲੇ ਗਏ ਸਨ।

ਡਾਕਟਰ ਨੇ ਵੇਖਿਆ ਭਾਲਿਆ। ਸਾਹ ਠੀਕ ਸੀ, ਨਬਜ਼ ਠੀਕ ਸੀ।

"ਦੰਦਲ ਦਾ ਕੋਈ ਫਿਕਰ ਨਹੀਂ, ਇਸੇ ਤਰ੍ਹਾਂ ਕੁਝ ਚਿਰ ਇਹਨੂੰ ਪਿਆ ਰਹਿਣ ਦਿਓ-ਸ਼ਾਇਦ ਆਪ ਮੁਹਾਰੀ ਇਹ ਕੁਝ ਬੋਲੇ। ਉਹਦੇ ਵਿਚੋਂ ਇਲਾਜ ਦਾ ਇਸ਼ਾਰਾ ਮਿਲ ਸਕਦਾ ਹੈ।"

ਵੀਹ ਮਿੰਟ ਉਹ ਉਸੇ ਤਰ੍ਹਾਂ ਪਈ ਰਹੀ, ਨਾ ਬੇਹੋਸ਼ੀ ਵਿਚੋਂ ਉਸ ਕੁਝ ਬੋਲਿਆ ਹੀ। ਹੁਣ ਡਾਕਟਰ ਸਲਾਹ ਕਰ ਰਿਹਾ ਸੀ ਕਿ ਕੁਝ ਸੁੰਘਾ ਕੇ ਉਹਨੂੰ ਹੋਸ਼ ਵਿਚ ਲਿਆਵੇ ਕਿ ਇਕ ਪਾਸਿਓਂ ਅਡੋਲ ਅੰਦਰ ਆ ਕੇ ਚੰਗੜ੍ਹੀ ਨੇ ਇਕ ਬੱਚਾ ਜ਼ੀਨਤ ਦੀ ਛਾਤੀ ਉਤੇ ਲਿਟਾ ਦਿੱਤਾ।

ਕਾਸਮ ਦੇ ਮੂੰਹੋਂ ਚੀਕ ਵਾਂਗ ਨਿਕਲਿਆ, "ਮੁਬੀਨਾ...!"

ਸਾਰੇ ਪਾਸੇ ਸੰਨਾਟਾ ਛਾ ਗਿਆ।

ਮੁਬੀਨਾ ਨੂੰ ਲੱਕੋਂ ਅਜੇ ਚੰਗੜ੍ਹੀ ਨੇ ਫੜਿਆ ਹੋਇਆ ਸੀ ਤੇ ਉਹਦੇ ਦੋਵੇਂ ਹੱਥ ਜ਼ੀਨਤ ਦੀਆਂ ਗੱਲ੍ਹਾਂ ਉਤੇ ਰੱਖ ਦਿੱਤੇ ਸਨ।

ਡਾਕਟਰ ਨੇ ਮੁਬੀਨਾ ਨੂੰ ਜ਼ੀਨਤ ਦੀ ਛਾਤੀ ਉਤੇ ਭਾਰ ਸਮਝ ਕੇ ਚੁੱਕ ਲੈਣਾ ਚਾਹਿਆ।

"ਨਹੀਂ-ਮੈਂ ਬਹੁਤਾ ਭਾਰ ਆਪਣੇ ਹੱਥਾਂ 'ਚ ਰੱਖਿਆ ਹੋਇਆ ਏ," ਚੰਗੜ੍ਹੀ ਨੇ ਆਖਿਆ, "ਇਹਦੇ ਹੱਥਾਂ ਦੀ ਖ਼ੁਸ਼ਬੋਈ ਉਹਦੇ ਨੱਕ ਵਿਚ ਚੜ੍ਹ ਲੈਣ ਦਿਓ-ਜ਼ੰਜੀਰੀ ਵਿਚੋਂ ਇਹਦੇ ਗਲ ਦੀ ਖ਼ੁਸ਼ਬੋਈ ਸੁੰਘ ਕੇ ਉਹ ਇਸ ਤਰ੍ਹਾਂ ਹੋਈ ਏ।"

ਸੱਚੀ ਮੁੱਚੀ ਜ਼ੀਨਤ ਨੇ ਅੱਖਾਂ ਖੋਲ੍ਹ ਲਈਆਂ-ਤੇ ਆਪਣੇ ਉਤੇ ਕੁਝ ਪਿਆਰਾ ਜਿਹਾ ਮਹਿਸੂਸ ਕਰ ਕੇ ਉਹ ਨੀਮ ਹੋਸ਼ੀ ਵਿਚ ਬੋਲੀ, "ਕੌਣ-ਕੌਣ? ਇਹ ਕਿਦ੍ਹੀ ਖ਼ੁਸ਼ਬੋ, ਇਹ ਕਿਦ੍ਹੇ ਹੱਥ...!"

"ਤੇਰੀ ਮੁਬੀਨਾ।" ਕਾਸਮ ਬੋਲਿਆ।

"ਨਹੀਂ, ਇਹ ਮੇਰੀ ਸਕੀਨਾ।" ਚੰਗੜ੍ਹੀ ਨੇ ਆਖਿਆ।

ਜ਼ੀਨਤ ਨੇ ਮੁਬੀਨਾ ਦਾ ਮੂੰਹ ਵਾਰ ਵਾਰ ਚੁੰਮਿਆ। ਮੁਬੀਨਾ ਰੋ ਪਈ।

ਚੰਗੜ੍ਹੀ ਨੇ ਬਾਲੜੀ ਨੂੰ ਲੈ ਕੇ ਵਰਚਾਇਆ ਤੇ ਜ਼ੀਨਤ ਨੂੰ ਮੁੜ ਦੇ ਕੇ ਆਖਿਆ, "ਤੂੰ ਆਪੇ ਮੂੰਹੋਂ ਕਹਿ ਕੇ ਦੇ...ਬੀਬੀ ਇਹ ਤੇਰੀ ਮੁਬੀਨਾ ਏ ਕਿ ਮੇਰੀ ਸਕੀਨਾ...ਤੂੰ ਜੰਮੀ ਸੀ ਪਰ ਮੈਂ ਬਚਾਈ ਏ। ਮੈਂ ਇਹਦਾ ਨਾਂ ਸਕੀਨਾ ਰੱਖਿਆ ਏ। ਜੇ ਇਹ ਤੇਰੀ ਮੁਬੀਨਾ ਏ ਤਾਂ ਮੈਂ ਇਹਦੀ ਮਾਸੀ ਬਣਾਂਗੀ-ਤੇ ਜੇ ਇਹ ਮੇਰੀ ਸਕੀਨਾ ਏ ਤਾਂ ਤੂੰ ਮਾਸੀ ਬਣ ਜਾਈਂ-ਮੈਂ ਇਹਨੂੰ ਦਿਨ ਰਾਤ ਇਕ ਕਰ ਕੇ, ਜਿਸ ਤਰ੍ਹਾਂ ਆਖੇਂਗੀ, ਪਾਲਾਂਗੀ; ਜਿੱਥੇ ਆਖੇਂਗੀ, ਵਿਆਹਵਾਂਗੀ...ਜੋ ਤੂੰ ਆਖੇਂਗੀ, ਮੈਂ ਮੰਨਾਂਗੀ।"

ਜ਼ੀਨਤ ਨੂੰ ਚੰਗੜ੍ਹੀ ਕੋਈ ਫ਼ਰਿਸ਼ਤਾ ਦਿਸ ਰਹੀ ਸੀ। ਮੁਬੀਨਾ ਉਤੇ ਉਹਦਾ ਹੱਕ ਉਹਨੂੰ ਆਪਣੇ ਨਾਲੋਂ ਵੀ ਬਹੁਤਾ ਜਾਪ ਰਿਹਾ ਸੀ। ਉਹਨੇ ਮੁਬੀਨਾ ਦਾ ਮੂੰਹ ਚੁੰਮ ਕੇ ਹੱਥ ਵਧਾ ਕੇ ਮੁਬੀਨਾ ਚੰਗੜ੍ਹੀ ਦੀ ਝੋਲੀ ਪਾ ਦਿੱਤੀ ਤੇ ਆਖਿਆ, "ਇਹ ਤੇਰੀ ਹੀ ਸਕੀਨਾ ਰਹੇਗੀ-ਤੂੰ ਮਾਂ ਤੇ ਮੈਂ ਇਹਦੀ ਮਾਸੀ ਬਣਾਂਗੀ...ਪਰ ਇਕ ਗੱਲ ਤੂੰ ਵੀ ਮੇਰੀ ਮੰਨ ਲੈ।"

ਚੰਗੜ੍ਹੀ ਨੂੰ ਉਹ ਕਮਰਾ ਆਪਣੇ ਲਈ ਛੋਟਾ ਭਾਸ ਰਿਹਾ ਸੀ। ਉਹ ਹੁਣ ਸਕੀਨਾ ਦੀ ਮਾਂ ਸੀ...ਸਰਕਾਰੀ ਅਹੁਦੇਦਾਰਾਂ, ਕੁੜੀ ਦੇ ਮਾਮੇ ਤੇ ਪਿਓ ਦੇ ਸਾਹਮਣੇ ਉਹਦੀ ਮਾਂ ਸੀ।

"ਹਾਂ-ਮੇਰੀ ਬੀਬੀ ਭੈਣ, ਤੇਰੇ ਮੂੰਹੋਂ ਨਿਕਲੀ ਗੱਲ ਮੈਂ ਕਦੇ ਭੁੰਜੇ ਨਾ ਪਾਵਾਂਗੀ। ਤੂੰ ਕਰ ਹੁਕਮ, ਮੈਂ ਬੰਦੀ ਤੇਰੀ!" ਚੰਗੜ੍ਹੀ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਆਪਣੇ ਆਪ ਨੂੰ ਏਡਾ ਕੋਮਲ, ਏਡਾ ਚੰਗਾ ਤੇ ਅਮੀਰ ਮਹਿਸੂਸ ਨਹੀਂ ਸੀ ਕੀਤਾ।

"ਉਹ ਇਹ ਕਿ ਸਕੀਨਾ ਤੇ ਇਹਦੇ ਮਾਂ ਪਿਓ ਹੁਣ ਤੋਂ ਮੇਰੇ ਘਰ ਵਿਚ ਰਹਿਣਗੇ!" ਜ਼ੀਨਤ ਨੇ ਬਾਹਾਂ ਚੰਗੜ੍ਹੀ ਵੱਲ ਵਧਾ ਕੇ ਆਖਿਆ।

ਚੰਗੜ੍ਹੀ ਨੇ ਇਹ ਬਾਹਾਂ ਗਲ ਵਿਚ ਪਾ ਲਈਆਂ। ਮਿਲੀਆਂ ਬਾਹਾਂ ਤੇ ਰਲੇ ਅੱਥਰੂਆਂ ਵਿਚ ਮਾਂ-ਮਾਸੀ ਜਿੰਨਾ ਵੇਰਵਾ ਵੀ ਮੁਸ਼ਕਲ ਹੋ ਗਿਆ।

#

---

ਇਤਿਹਾਸ ਦੇ ਝਰੋਖੇ 'ਚੋਂ

# ਕੀ ਮੈਂ ਔਰਤ ਨਹੀਂ?

'ਕੀ ਮੈਂ ਔਰਤ ਨਹੀਂ?' ਨਾਂ ਨਾਲ ਜਾਣੀ ਜਾਂਦੀ ਮਸ਼ਹੂਰ ਤਕਰੀਰ ਸਜੋਰਨਰ ਟਰੁੱਥ ਨੇ ਇਕ ਦਿਨ ਅਚਾਨਕ ਔਰਤਾਂ ਦੇ ਸੰਮੇਲਨ ਵਿਚ ਓਹਾਇਓ ਸਟੇਟ ਦੇ ਐਕਰੋਨ ਕਸਬੇ ਵਿਚ ਦਿੱਤੀ ਸੀ। 1851 ਵਿਚ ਦਿੱਤੀ ਇਹ ਤਕਰੀਰ ਦੁਨੀਆਂ ਵਿਚ ਬੜੀ ਮਸ਼ਹੂਰ ਹੋਈ। ਸਜੋਰਨਰ ਟਰੁੱਥ 1797 ਵਿਚ ਨਿਊ ਯਾਰਕ ਸਟੇਟ ਵਿਚ ਇਕ ਗੁਲਾਮ ਦੇ ਘਰ ਪੈਦਾ ਹੋਈ। ਉਹਦਾ ਪਹਿਲਾ ਨਾਂ ਇਸਾਬੈਲਾ ਸੀ। 1827 ਵਿਚ ਉਸ ਨੇ ਗੁਲਾਮੀ ਤੋਂ ਛੁਟਕਾਰਾ ਪਾ ਲਿਆ ਸੀ। ਉਹ ਗੁਲਾਮੀ ਦੇ



ਗੁਰਚਰਨ ਸਿੰਘ ਜੈਤੋ
ਫੋਨ: 91-97794-26698


ਵਿਰੁਧ ਬੋਲਣ ਵਾਲੀ ਬੇਬਾਕ ਤੇ ਧੜੱਲੇਦਾਰ ਔਰਤ ਕਰਕੇ ਮਸ਼ਹੂਰ ਸੀ। ਉਹ ਕਿਸੇ ਦੀ ਧਰੀ-ਢਕੀ ਨਹੀਂ ਸੀ ਰਹਿਣ ਦਿੰਦੀ ਤੇ ਨਾ ਹੀ ਕਿਸੇ ਤੋਂ ਡਰਦੀ ਸੀ।

ਅਮਰੀਕਾ ਦੀ ਘਰੇਲੂ ਖਾਨਾਨਜੰਗੀ ਤੋਂ ਪਹਿਲਾਂ ਵਾਲੇ ਸਭਿਆਚਾਰ ਨੇ ਗੋਰੀਆਂ ਔਰਤਾਂ ਨੂੰ ਇਥੋਂ ਤਕ ਸਿਰ ਚੜ੍ਹਾ ਛੱਡਿਆ ਸੀ ਕਿ ਉਹ ਘਰ ਵਿਚ ਕੋਈ ਕੰਮ ਨਹੀਂ ਸਨ ਕਰਦੀਆਂ ਹੁੰਦੀਆਂ। ਇਸ ਮੁੱਦੇ ਨੂੰ ਲੈ ਕੇ ਸਜੋਰਨਰ ਉਖੜ ਜਾਂਦੀ ਅਤੇ ਇੱਕਠਾਂ ਵਿਚ ਦਿਲ ਖੋਲ੍ਹ ਕੇ ਇਸ ਦਾ ਵਿਰੋਧ ਕਰਦੀ ਕਿਉਂਕਿ ਇਹ ਸਹੂਲਤਾਂ ਅਮਰੀਕਾ ਵਿਚ ਕਾਲੀਆਂ ਔਰਤਾਂ ਨੂੰ ਨਹੀਂ ਸਨ ਮਿਲਦੀਆਂ। ਇਹ ਬੇਬਾਕ ਤਕਰੀਰ ਉਹਨੇ ਇੱਕਠ ਵਿਚ ਬੈਠੇ ਇਕ ਆਦਮੀ ਵੱਲੋਂ ਕੀਤੀ ਗਈ ਕੋਈ ਟਿੱਪਣੀ ਸੁਣਨ ਮਗਰੋਂ ਕੀਤੀ ਸੀ। ਸੰਮੇਲਨ ਵਿਚ ਉਸ ਦੀ ਇਸ ਤਕਰੀਰ ਨੂੰ ਭਾਵੇਂ ਮਾਨਤਾ ਵੀ ਨਹੀਂ ਸੀ ਦਿੱਤੀ ਗਈ ਪਰ ਉਸ ਨੂੰ ਇਸ ਦੀ ਉਕਾ ਹੀ ਕੋਈ ਪਰਵਾਹ ਨਹੀਂ ਸੀ। ਬਹੁਤੇ ਲੋਕਾਂ ਨੇ ਉਹਦੀਆਂ ਸੱਚੀਆਂ ਗੱਲਾਂ ਨੂੰ ਸਰਾਹਿਆ ਸੀ।

ਇਹ ਤਕਰੀਰ ਫਰਾਂਸਿਸ ਸੇਜ ਨਾਂ ਦੀ ਇਕ ਔਰਤ ਨੇ ਰਿਕਾਰਡ ਕੀਤੀ ਜਿਹੜੀ ਸੰਮੇਲਨ ਦੀ ਪ੍ਰਧਾਨਗੀ ਵੀ ਕਰ ਰਹੀ ਸੀ। ਉਸ ਨੇ ਆਪਣੇ ਸ਼ਬਦਾਂ ਵਿਚ ਉਸ ਵੇਲੇ ਦੇ ਹਾਲਾਤ ਨੂੰ ਇਉਂ ਬਿਆਨ ਕੀਤਾ ਸੀ,

ਓਸ ਦਿਨ ਸੰਮੇਲਨ ਦੀਆਂ ਕਰਤਾ-ਧਰਤਾ ਔਰਤਾਂ ਇਸ ਲੰਮੀ-ਲੰਝੀ ਕਾਲੀ ਔਰਤ ਨੂੰ ਜਿਸ ਨੇ ਸਲੇਟੀ ਰੰਗੀ ਲੰਮੀ ਪੁਸ਼ਾਕ ਪਾਈ ਹੋਈ ਸੀ ਤੇ ਸਿਰ 'ਤੇ ਚਿੱਟੀ ਪੱਗ ਬੰਨ੍ਹੀ ਹੋਈ ਸੀ ਤੇ ਉਤੋਂ ਦੀ ਇਕ ਟੋਪਾ ਜਿਹਾ ਲਿਆ ਹੋਇਆ ਸੀ, ਦੇਖ ਕੇ ਡਰ ਗਈਆਂ ਸਨ। ਉਹ ਕਾਲੀ ਔਰਤ ਧੜੱਲੇ ਨਾਲ ਹਾਲ ਵਿਚ ਆ ਵੜੀ ਸੀ ਤੇ ਕਿਸੇ ਮਹਾਰਾਣੀ ਵਾਂਗ ਆ ਕੇ ਸਟੇਜ 'ਤੇ ਲੱਗੀਆਂ ਕੁਰਸੀਆਂ ਵਿਚੋਂ ਇਕ 'ਤੇ ਆ ਕੇ ਬਿਨਾਂ ਕਿਸੇ ਤੋਂ ਪੁੱਛਿਆਂ, ਹੱਕ ਨਾਲ ਬਹਿ ਗਈ ਸੀ। ਲੋਕਾਂ ਵਿਚ ਉਹਦੀ ਇਸ ਹਰਕਤ ਨਾਲ ਘੁਸਰ-ਮੁਸਰ ਹੋਣ ਲੱਗ ਪਈ ਸੀ, 'ਗੁਲਾਮੀ ਦੇ ਵਿਰੋਧੀ', 'ਔਰਤਾਂ ਦੇ ਹੱਕ, ਤੇ ਕਾਲੇ ਲੋਕ।' ਮੈਂ ਤਾਂ ਪਹਿਲਾਂ ਹੀ ਕਿਹਾ ਸੀ, 'ਕਾਲੀ-ਕਲੂਟੀ ਜਿਹੀ ਨਾ ਹੋਵੇ ਤਾਂ' ਵਰਗੀਆਂ ਆਵਾਜ਼ਾਂ ਵੀ ਕੰਨੀ ਪਈਆਂ ਸਨ। ਬਥੇਰੀਆਂ ਕਮਜ਼ੋਰ ਤੇ ਡਰਾਕਲ ਔਰਤਾਂ ਬਾਰ-ਬਾਰ ਮੇਰੇ ਕੋਲ ਆਈਆਂ ਤੇ ਆਖਣ ਲੱਗੀਆਂ, 'ਇਹਨੂੰ ਬੋਲਣ ਨਾ ਦੇਈਂ, ਦੇਖੀਂ ਕਿਤੇ ਇਹ ਗਲਤੀ ਨਾ ਕਰ ਬੈਠੀਂ। ਇਹ ਸਾਡਾ ਭੱਠਾ ਬਹਾ ਕੇ ਰੱਖ ਦੇਊਗੀ। ਹਰ ਅਖਬਾਰ ਨੇ ਸਾਡੇ ਮੁੱਦੇ ਗੁਲਾਮੀ ਅਤੇ ਇਨ੍ਹਾਂ ਕਾਲਿਆਂ ਦੀਆਂ ਸੱਮਸਿਆਵਾਂ ਨਾਲ ਰਲਗੱਡ ਕਰ ਕੇ ਰੱਖ ਦੇਣੇ ਨੇ। ਸਾਡਾ ਕੱਖ ਨਹੀਂ ਜੇ ਬਚਣਾ।

ਦੂਜੇ ਦਿਨ ਬੜੇ ਵੱਡੇ ਵੱਡੇ ਵਿਦਵਾਨ ਤੇ ਪਤਵੰਤੇ ਸੱਜਣ ਯੂਨੀਵਰਸਿਟੀਆਂ ਅਤੇ ਚਰਚਾਂ ਵਿਚੋਂ ਸੁਣਨ ਆਏ ਹੋਏ ਸਨ। ਉਨ੍ਹਾਂ ਨੇ ਬਹਿਸ ਵਿਚ ਹਿੱਸਾ ਵੀ ਲੈਣਾ ਸੀ। ਇਕ ਨੇ ਉਠ ਕੇ ਆਦਮੀਆਂ ਲਈ ਬਿਹਤਰ ਹੱਕਾਂ ਤੇ ਵਿਸ਼ੇਸ਼ ਅਧਿਕਾਰਾਂ ਦੀ ਗੱਲ ਤੋਰੀ। ਉਹਦਾ ਤਰਕ ਸੀ ਕਿ ਆਦਮੀ ਔਰਤਾਂ ਨਾਲੋਂ ਵੱਧ ਸਿਆਣੇ ਹੁੰਦੇ ਨੇ। ਦੂਜਾ ਤਰਕ ਉਹਦਾ ਇਹ ਸੀ ਕਿ ਯਿਸੂ ਮਸੀਹ, ਪਰਮਾਤਮਾ ਨੇ ਆਦਮੀ ਦੇ ਤੌਰ 'ਤੇ ਪੈਦਾ ਕੀਤਾ ਸੀ, ਜੇ ਰੱਬ ਨੂੰ ਬਰਾਬਰੀ ਦਾ ਖਿਆਲ ਹੁੰਦਾ ਤਾਂ ਜਨਮ ਤੋਂ ਹੀ ਔਰਤ ਲਈ ਜੀਵਨ ਵਿਚ ਜੰਮਣ-ਮਰਨ ਤੋਂ ਵੱਖਰਾ ਹੀ ਕੁਝ ਹੋਰ ਹੁੰਦਾ। ਕਿਸੇ ਹੋਰ ਨੇ ਦੁਨੀਆਂ ਦੀ ਸਭ ਤੋਂ ਪਹਿਲੀ ਮਾਂ ਦੇ ਕੀਤੇ ਪਾਪ ਦੀ ਗੱਲ ਵੀ ਕੀਤੀ।



ਸਜੋਰਨਰ ਟਰੁੱਥ

ਉਨ੍ਹੀਂ ਦਿਨੀਂ ਬਹੁਤ ਘੱਟ ਔਰਤਾਂ ਮੀਟਿੰਗਾਂ ਵਿਚ ਖੜ੍ਹੇ ਹੋ ਕੇ ਬੋਲਣ ਦਾ ਹੀਆ ਕਰ ਸਕਦੀਆਂ। ਦੂਜੇ ਪਾਸੇ ਆਦਮੀ ਬੁਲਾਰੇ ਔਰਤਾਂ ਨਾਲੋਂ ਵਧੀਆ ਬੋਲ ਕੇ ਆਪਣੀ ਭੱਲ ਬਣਾ ਰਹੇ ਸਨ। ਗੈਲਰੀਆਂ ਵਿਚ ਬੈਠੇ ਜਵਾਨ ਮੁੰਡੇ ਇਸ ਸਥਿਤੀ ਦਾ ਫਾਇਦਾ ਉਠਾ ਕੇ ਚੀਕਾਂ ਤੇ ਸੀਟੀਆਂ ਮਾਰ ਰਹੇ ਸਨ। ਔਰਤਾਂ ਨੂੰ ਆਪਣੀ ਇੱਜ਼ਤ ਦਾ ਖਿਆਲ ਮੁੜ ਮੁੜ ਆ ਰਿਹਾ ਸੀ ਤੇ ਮਾਹੌਲ ਵਿਚ ਗਰਮੀ ਆ ਰਹੀ ਸੀ। ਉਸ ਪਲ, ਉਸ ਵੇਲੇ, ਸਜੋਰਨਰ ਕੁਰਸੀ ਤੋਂ ਉਠ ਕੇ ਖੜ੍ਹੀ ਹੋ ਗਈ। ਉਹਨੇ ਹੁਣ ਤਕ ਨਾ ਹੀ ਕੋਈ ਸ਼ਬਦ ਬੋਲਿਆ ਸੀ ਤੇ ਨਾ ਹੀ ਕੋਈ ਹਿਲਜੁਲ ਕੀਤੀ ਸੀ। ਉਸ ਵੇਲੇ ਪੰਜ-ਛੇ ਔਰਤਾਂ ਨੇ ਵਾਰ ਵਾਰ ਮੇਰੇ ਕੰਨ ਵਿਚ ਆ ਕੇ ਕਿਹਾ ਸੀ, 'ਇਹਨੂੰ ਬੋਲਣ ਨਾ ਦੇਈਂ।' ਪਰ ਉਹ ਹੌਲੀ ਹੌਲੀ ਤੁਰਦੀ ਸਟੇਜ 'ਤੇ ਸਭ ਦੇ ਸਾਹਮਣੇ ਆ ਖੜ੍ਹੀ ਹੋਈ। ਸਿਰ ਤੋਂ ਉਹਨੇ ਆਪਣਾ ਪੁਰਾਣਾ ਟੋਪਾ ਜਿਹਾ ਲਾਹਿਆ ਤੇ ਆਪਣੇ ਪੈਰਾਂ ਕੋਲ ਰੱਖ ਲਿਆ ਅਤੇ ਉਹਨੇ ਅਨੇਕਾਂ ਗੱਲਾਂ ਕਰਦੀਆਂ ਅੱਖਾਂ ਮੇਰੇ ਚਿਹਰੇ 'ਤੇ ਗੱਡ ਦਿੱਤੀਆਂ। ਨਾਮਨਜ਼ੂਰੀ ਦੀਆਂ ਆਵਾਜ਼ਾਂ ਸਟੇਜ ਤੋਂ ਅਤੇ ਸਾਹਮਣੇ ਇੱਕਠ ਵਿਚੋਂ ਉਭਰੀਆਂ ਸਨ।

ਮੈਂ ਖੜ੍ਹੀ ਹੋ ਕੇ ਸਜੋਰਨਰ ਦਾ ਨਾਂ ਲੈ ਕੇ ਸੂਚਨਾ ਦਿੰਦਿਆਂ ਸਭ ਨੂੰ ਕੁਝ ਮਿੰਟਾਂ ਲਈ ਚੁੱਪ ਰਹਿਣ ਲਈ ਬੇਨਤੀ ਕੀਤੀ। ਮੈਂ ਕਿਹਾ ਸੀ ਕਿ ਸਿਰਫ ਕੁਝ ਮਿੰਟਾਂ ਦੀ ਤਾਂ ਗੱਲ ਹੈ, ਸਭ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ। ਸਾਰੇ ਪਾਸੇ ਇਕ ਦਮ ਚੁੱਪ ਛਾ ਗਈ ਸੀ। ਸਾਰੇ ਉਸ ਛੇ ਫੁੱਟੀ ਲੰਮ-ਸਲੰਮੀ ਔਰਤ ਵੱਲ ਦੇਖਣ ਲੱਗ ਪਏ ਸਨ। ਉਹ ਆਪਣਾ ਸਿਰ ਅਕੜਾਈ ਦੂਰ ਕਿਧਰੇ ਅੱਖਾਂ ਗੱਡੀ ਜਿਵੇਂ ਕੋਈ ਸੁਪਨਾ ਦੇਖ ਰਹੀ ਹੋਵੇ, ਖੜ੍ਹੀ ਸੀ। ਉਸ ਦੇ ਪਹਿਲੇ ਸ਼ਬਦਾਂ ਨਾਲ ਖਾਮੋਸ਼ੀ ਛਾ ਗਈ। ਉਹ ਹੌਲੀ ਹੌਲੀ ਡੂੰਘੀ ਆਵਾਜ਼ ਨਾਲ ਬੋਲੀ। ਆਵਾਜ਼ ਭਾਵੇਂ ਉਚੀ ਨਹੀਂ ਸੀ ਪਰ ਉਹਦੀ ਆਵਾਜ਼ ਹਰ ਕੰਨ ਤੱਕ ਪਹੁੰਚੀ ਸੀ ਤੇ ਹਰ ਕੰਨ ਉਹਦੀ ਆਵਾਜ਼ ਸੁਣ ਰਿਹਾ ਸੀ। ਇਹ ਇਕ ਇਹੋ ਜਿਹੀ ਆਵਾਜ਼ ਸੀ, ਜਿਹੜੀ ਘਰਾਂ ਦੇ ਬੂਹੇ ਤੇ ਖਿੜਕੀਆਂ ਟੱਪ ਕੇ ਧੁਰ-ਅੰਦਰ ਤਕ ਲੋਕਾਂ ਨੇ ਸੁਣੀ ਸੀ। ਉਸ ਨੇ ਪਹਿਲੇ ਸ਼ਬਦ ਪ੍ਰਧਾਨ ਨੂੰ ਸੰਬੋਧਨ ਹੁੰਦਿਆਂ ਕਹੇ, 'ਕੀ ਮੈਂ ਕੁਝ ਕਹਿ ਸਕਦੀ ਆਂ?' ਪ੍ਰਧਾਨ ਦੀ ਹਾਂ ਤੋਂ ਪਿੱਛੋਂ ਉਹ ਬੋਲੀ,

'ਮੈਂ ਇਸ ਸਿਲਸਿਲੇ ਵਿਚ ਕੁਝ ਕਹਿਣਾ ਚਾਹੁੰਦੀ ਹਾਂ। ਮੈਂ ਲੋਕ ਹੱਕਾਂ ਲਈ ਲੜਦੀ ਹਾਂ। ਮੈਂ ਆਦਮੀਆਂ ਜਿੰਨੀ ਹੀ ਤਕੜੀ ਹਾਂ ਤੇ ਜਿੰਨਾ ਕੰਮ ਕੋਈ ਵੀ ਆਦਮੀ ਕਰ ਸਕਦੈ, ਮੈਂ ਵੀ ਕਰ ਸਕਦੀ ਆਂ। ਮੈਂ ਹਲ ਵਾਹਿਆ, ਪਾਣੀ ਲਾਇਆ, ਗੋਡੀਆਂ ਕੀਤੀਆਂ, ਫਸਲਾਂ ਵੱਢੀਆਂ ਤੇ ਲੱਦੀਆਂ ਵੀ ਨੇ। ਕੀ ਕੋਈ ਆਦਮੀ ਇਸ ਤੋਂ ਵੀ ਵੱਧ ਕੰਮ ਕਰ ਸਕਦੈ? ਮੈਂ ਆਦਮੀ ਤੇ ਔਰਤ ਦੀ ਬਰਾਬਰੀ ਦੀਆਂ ਗੱਲਾਂ ਵੀ ਸੁਣੀਆਂ ਨੇ। ਮੈਂ ਕਿਸੇ ਵੀ ਆਦਮੀ ਜਿੰਨਾ ਭਾਰ ਚੱਕ ਕੇ ਤੁਰ ਸਕਦੀ ਆਂ ਤੇ ਆਦਮੀਆਂ ਦੇ ਬਰਾਬਰ ਦਾ ਖਾ ਵੀ ਸਕਦੀ ਆਂ, ਪਰ ਜੇ ਖਾਣ ਨੂੰ ਮਿਲੇ ਤਾਂ...। ਮੈਂ ਅੱਜ ਇਸ ਵੇਲੇ ਕਿਸੇ ਵੀ ਆਦਮੀ ਜਿੰਨੀ ਤਕੜੀ ਆਂ। ਜਿੱਥੋਂ ਤਕ ਸਮਝ ਦਾ ਸੁਆਲ ਐ, ਜੇ ਔਰਤ ਪਊਆ ਹੈ ਤੇ ਆਦਮੀ ਅਧੀਆ ਤਾਂ ਔਰਤ ਕਿਉਂ ਨਹੀਂ ਆਪਣੇ ਪਊਏ ਨੂੰ ਭਰ ਸਕਦੀ? ਸਾਡੇ ਹੱਕ ਸਾਡੇ ਹਵਾਲੇ ਕਰਨ ਵੇਲੇ ਤੁਹਾਨੂੰ ਡਰਨਾ ਜਾਂ ਝਿਜਕਣਾ ਨਹੀਂ ਚਾਹੀਦਾ। ਜੇ ਤੁਸੀਂ ਡਰੇ ਤਾਂ ਸਾਨੂੰ ਹਿੱਸਾ ਵੱਧ ਮਿਲੂ ਤੇ ਅਸੀਂ ਇਹ ਹਿੱਸਾ ਹਥਿਆ ਲਵਾਂਗੀਆਂ ਕਿਉਂਕਿ ਜਿੰਨਾ ਕੁ ਸਾਡੇ ਪਊਏ ਵਿਚ ਆਊ ਓਨਾ ਤਾਂ ਸਾਡਾ ਹੈ ਈ ਤੇ ਉਸ ਤੋਂ ਵੱਧ ਸਾਨੂੰ ਚਾਹੀਦਾ ਵੀ ਨਹੀਂ। ਇਹ ਵਿਚਾਰੇ ਗਰੀਬ ਆਦਮੀ ਭੰਬਲਭੂਸਿਆਂ ਵਿਚ ਘਿਰੇ ਹੋਏ ਨੇ। ਇਨ੍ਹਾਂ ਨੂੰ ਸਮਝ ਨਹੀਂ ਪੈਂਦੀ ਕਿ ਇਹ ਕਰਨ ਤਾਂ ਕੀ ਕਰਨ। ਓਏ ਨਿਆਣਿਓ, ਜੇ ਤੁਹਾਡੇ ਕੋਲ ਔਰਤਾਂ ਦੇ ਹੱਕ ਹੈਗੇ ਨੇ ਤਾਂ ਉਨ੍ਹਾਂ ਨੂੰ ਦੇ ਕੇ ਪਰ੍ਹਾਂ ਕਰੋ, ਫੇਰ ਸਾਰੇ ਝਗੜੇ ਆਪੇ ਨਿਬੜ ਜਾਣਗੇ। ਮੈਂ ਉਕਾ ਪੜ੍ਹ-ਲਿਖ ਨਹੀਂ ਸਕਦੀ, ਪਰ ਮੈਂ ਸੁਣ ਸਕਦੀ ਆਂ। ਮੈਂ ਅੰਜੀਲ ਵੀ ਸੁਣੀ ਹੈ ਕਿ ਹਵਾ ਨੇ ਆਦਮ ਨੂੰ ਪਾਪ ਕਰਨ ਲਈ ਮਜਬੂਰ ਕੀਤਾ। ਚਲੋ, ਏਵੇਂ ਈ ਸਹੀ, ਜੇ ਇਕ ਔਰਤ ਨੇ ਦੁਨੀਆਂ ਪੁੱਠੀ ਕਰ ਦਿੱਤੀ ਸੀ ਤਾਂ ਉਸ ਨੂੰ ਦੁਨੀਆਂ ਸਿੱਧੀ ਕਰਨ ਦਾ ਮੌਕਾ ਵੀ ਤਾਂ ਦਿਓ। ਇਥੇ ਇਕ ਔਰਤ ਨੇ ਯਸੂ

(ਬਾਕੀ ਸਫਾ 37 ਉਤੇ)

# ਵੈਰੋਕਿਆਂ ਦਾ ਪਹਿਲਾ ਆਦਮੀ

***ਕਹਾਣੀ ਦੇ ਖੇਤਰ ਵਿਚ ਨਵੀਆਂ ਜੁਗਤਾਂ ਵਰਤਣ ਵਾਲੇ ਵਰਿਆਮ ਸਿੰਘ ਸੰਧੂ ਦੀਆਂ ਵਾਰਤਕ ਦਾ ਰੰਗ ਵੀ ਬਹੁਤ ਗੂੜ੍ਹਾ ਹੈ। 'ਵੈਰੋਕਿਆਂ ਦਾ ਪਹਿਲਾ ਆਦਮੀ' ਵਿਚ ਲਹਿੰਦੇ ਪੰਜਾਬ ਵਿਚ ਹੋਈ ਇਕ ਮਿਲਣੀ ਦਾ ਜ਼ਿਕਰ ਹੈ। ਇਹ ਲਿਖਤ ਪੜ੍ਹਦਿਆਂ ਲੇਖਕ ਦੀ ਵਰਿਆਮ ਲਿਖਣ-ਸਮਰਥਾ ਦੀ ਹੀ ਸੂਹ ਪੈਂਦੀ ਹੈ। ਇਹ ਉਹਦੀ ਲਿਖਤ ਵਿਚ ਵਾਰ-ਵਾਰ ਆਉਂਦੇ ਬਹੁ-ਪੱਖਾਂ ਦੀ ਹੀ ਕੋਈ ਬਾਤ ਹੈ ਕਿ ਉਹ ਸਰਦਾਰ ਅਹਿਮਦ ਦੀ ਕਥਾ ਨੂੰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਕਹਾਣੀ 'ਮੁਬੀਨਾ ਕਿ ਸੁਕੀਨਾ' ਨਾਲ ਜੋੜ ਲੈਂਦਾ ਹੈ। ਉਹਦੀਆਂ ਲਿਖਤਾਂ ਦਾ ਇਹੀ ਪੱਖ ਪਾਠਕਾਂ ਨੂੰ ਆਪਣੇ ਵੱਲ ਖਿੱਚਦਾ ਲਈ ਜਾਂਦਾ ਹੈ। ਇਸ ਲਿਖਤ ਵਿਚ ਜ਼ਿਕਰ ਅਧੀਨ ਕਹਾਣੀ 'ਮੁਬੀਨਾ ਕਿ ਸੁਕੀਨਾ' ਅਸੀਂ ਆਪਣੇ ਪਾਠਕਾਂ ਲਈ ਪਰਚੇ ਦੇ ਇਸੇ ਅੰਕ ਵਿਚ ਛਾਪ ਰਹੇ ਹਾਂ। ਇਹ ਕਹਾਣੀ ਪੜ੍ਹ ਕੇ ਪਾਠਕਾਂ ਨੂੰ ਉਸ ਤੀਬਰਤਾ ਪਿੱਛੇ ਲੁਕੇ ਕਾਰਨ ਲੱਭਣ ਵਿਚ ਮੱਦਦ ਮਿਲੇਗੀ ਜੋ ਵਰਿਆਮ ਸੰਧੂ ਦੀ ਇਸ ਲਿਖਤ ਵਿਚ ਸਰਦਾਰ ਅਹਿਮਦ ਦੇ ਮੂੰਹੋਂ ਬਿਆਨ ਹੋਈ ਹੈ। -ਸੰਪਾਦਕ***

ਸਾਡਾ ਦੁਪਹਿਰ ਦਾ ਖਾਣਾ ਡਾਕਟਰ ਸਰਦਾਰ ਅਹਿਮਦ ਵੱਲੋਂ ਲਾਹੌਰ ਦੇ ਕਿਸੇ ਚੀਨੀ ਰੈਸਟੋਰੈਂਟ ਵਿਚ ਸੀ। ਗੁਜਰਾਂਵਾਲੇ ਤੋਂ ਤੁਰਦਿਆਂ ਕਰਦਿਆਂ ਸਾਨੂੰ ਦੇਰ ਹੋ ਗਈ। ਵਾਰ ਵਾਰ ਫ਼ੋਨ ਆ ਰਹੇ ਸਨ। ਹਰਨੇਕ ਸਿੰਘ ਘੜੂੰਆਂ "ਹੁਣੇ ਪਹੁੰਚੇ ਲਓ" ਆਖ ਕੇ ਉਨ੍ਹਾਂ ਨੂੰ ਧਰਵਾਸ ਦੇ ਰਿਹਾ ਸੀ। ਉਹਦੀ ਪਤਨੀ ਅਤੇ ਬੱਚਿਆਂ ਨੇ ਰਾਹ ਵਿਚ ਪੈਂਦੇ ਕਸਬੇ ਮੁਰੀਦ ਕੇ ਦੇ ਸ਼ੋਅਰੂਮ ਤੋਂ ਜੁੱਤੀਆਂ ਖ਼ਰੀਦਦਿਆਂ ਹੋਰ ਵੀ ਦੇਰ ਕਰ ਦਿੱਤੀ।

ਜਦੋਂ ਅਸੀਂ ਲਾਹੌਰ ਪਹੁੰਚੇ ਤਾਂ ਸਾਰੇ ਜਣੇ ਸਾਡੇ ਇਸਤਕਬਾਲ ਲਈ ਰੈਸਟੋਰੈਂਟ ਤੋਂ ਬਾਹਰ ਖੜ੍ਹੇ ਸਨ। ਅਸੀਂ ਦਿੱਤੇ ਟਾਈਮ ਤੋਂ ਦੋ ਢਾਈ ਘੰਟੇ ਪਛੜ ਕੇ ਪਹੁੰਚੇ ਸਾਂ। ਜ਼ਾਹਿਰ ਹੈ ਕਿ ਸਾਰੇ ਜਣੇ ਇੰਨੇ ਚਿਰ ਤੋਂ ਬਾਹਰ ਖਲੋਤੇ ਸਾਡੀ ਉਡੀਕ ਕਰ ਰਹੇ ਸਨ।



**ਵਰਿਆਮ ਸਿੰਘ ਸੰਧੂ**
**ਫੋਨ: 1-416-918-5212**

ਮੁੱਢਲੀ ਦੁਆ ਸਲਾਮ ਤੋਂ ਬਾਅਦ ਅਸੀਂ ਅੰਦਰ ਖਾਣੇ ਦੀ ਮੇਜ਼ ਉਤੇ ਜਾ ਬੈਠੇ। ਸਾਥੋਂ ਇਲਾਵਾ ਚੌਧਰੀ ਅਸ਼ਰਫ਼ ਅਤੇ ਡਾ. ਸਰਦਾਰ ਅਹਿਮਦ ਦੇ ਪਰਿਵਾਰ ਦੇ ਜੀਅ ਰਲਾ ਮਿਲਾ ਕੇ ਬਾਰਾਂ ਚੌਦਾਂ ਜਣੇ ਸਨ। ਉਹ ਤਾਂ ਸਾਰੇ ਈ ਪਹਿਲਾਂ ਇੱਕ ਦੂਜੇ ਨੂੰ ਜਾਣਦੇ ਸਨ। ਸਿਰਫ਼ ਮੈਂ ਹੀ ਓਪਰਾ ਸਾਂ। ਹਰਨੇਕ ਸਿੰਘ ਘੜੂੰਆਂ ਨੇ ਹਰ ਵਾਰ ਵਾਂਗ ਇੱਥੇ ਵੀ ਮੇਰੀ ਚੰਗੇ ਸ਼ਬਦਾਂ ਵਿਚ ਲੇਖਕ ਵਜੋਂ ਜਾਣ ਪਛਾਣ ਕਰਵਾਈ।

ਮੇਰੇ ਸੱਜੇ ਹੱਥ ਕੁਰਸੀ 'ਤੇ ਬੈਠੇ ਡਾ. ਸਰਦਾਰ ਅਹਿਮਦ ਨੇ ਬੜੇ ਉਤਸ਼ਾਹ ਨਾਲ ਆਖਿਆ, "ਲਓ ਜੀ! ਫ਼ਿਰ ਤਾਂ ਲਿਖਾਰੀ, ਪੁਕਾਰੀ ਤੇ ਖਿਡਾਰੀ ਇਕੱਠੇ ਹੋ ਗਏ।"

ਫ਼ਿਰ ਉਹਨੇ ਆਪ ਹੀ ਆਪਣੇ ਕਹੇ ਦੀ ਵਿਆਖਿਆ ਕੀਤੀ, "ਲਿਖਾਰੀ ਸੰਧੂ ਸਾਹਬ ਹੋ ਗਏ ਤੁਸੀਂ ਤੇ ਘੜੂੰਆਂ ਸਾਹਬ; ਤੇ ਪੁਕਾਰੀ ਹੋ ਗਏ ਤਕਰੀਰਾਂ ਕਰਨ ਵਾਲੇ ਲੀਡਰ, ਮੇਰੇ ਅਤੇ ਘੜੂੰਆਂ ਸਾਹਬ ਵਰਗੇ; ਤੇ ਖਿਡਾਰੀ ਆਪਾਂ ਉਂਜ ਬੜੇ ਵਧੀਆ ਰਹੇ ਆਂ। ਹਾਕੀ ਦੇ ਕਪਤਾਨ ਹੁੰਦੇ ਸਾਂ। ਜ਼ਿਲ੍ਹਾ ਕਿਹੜਾ ਏ ਤੁਹਾਡਾ ਸੰਧੂ ਸਾਹਬ?"

"ਸਾਡਾ ਪਿੰਡ ਸੁਰ ਸਿੰਘ ਪੁਰਾਣੇ ਜ਼ਿਲ੍ਹੇ ਲਾਹੌਰ ਦੀ ਤਹਿਸੀਲ ਕਸੂਰ ਦਾ ਹੀ ਪਿੰਡ ਸੀ। ਪਿੱਛੋਂ ਵੰਡ ਸਮੇਂ ਕਸੂਰ ਤਹਿਸੀਲ ਦੇ ਚਾਰ ਠਾਣੇ ਹਿੰਦੋਸਤਾਨ ਨੂੰ ਮਿਲ ਗਏ। ਉਨ੍ਹਾਂ ਨੂੰ ਮਿਲਾ ਕੇ ਵੱਖ਼ਰੀ ਤਹਿਸੀਲ ਪੱਟੀ ਬਣਾ ਦਿੱਤੀ ਗਈ ਹੈ। ਹੁਣ ਇਹ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦਾ ਹੈ।

ਸਰਦਾਰ ਅਹਿਮਦ ਦੇ ਚਿਹਰੇ ਉਤੇ ਚਮਕ ਆਈ। ਜਿਹੜੇ ਆਪਸ ਵਿਚ ਛੋਟੀਆਂ ਛੋਟੀਆਂ ਗੱਲਾਂ ਕਰਨ ਵਿਚ ਰੁੱਝੇ ਹੋਏ ਸਨ, ਉਨ੍ਹਾਂ ਨੂੰ ਆਵਾਜ਼ ਦੇ ਕੇ ਕਹਿੰਦਾ, "ਲਓ ਸੁਣੋ ਬਈ! ਐਧਰ ਅੰਬਰਸਰੀਏ ਵੀ ਇਕੱਠੇ ਹੋ ਗਏ।"

"ਡਾਕਟਰ ਸਾਹਬ ਕਿਹੜਾ ਪਿੰਡ ਸੀ ਤੁਹਾਡਾ?"

"ਪਿੰਡ ਵੈਰੋਕੇ, ਥਾਣਾ ਲੋਪੋਕੇ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ! ਤੁਸੀਂ ਲਿਖਾਰੀ ਓ, ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਨਾਮ ਤਾਂ ਸੁਣਿਆ ਈ ਹੋਵੇਗਾ। ਉਨ੍ਹਾਂ ਦੇ ਵਸਾਏ ਪ੍ਰੀਤਨਗਰ ਦੇ ਗੁਆਂਢ 'ਚ ਸੀ ਸਾਡਾ ਪਿੰਡ। ਲੋਪੋਕੇ ਦੇ ਨੇੜੇ।"

ਐਤਕੀਂ ਜ਼ਰੂਰ ਮੇਰੇ ਚਿਹਰੇ 'ਤੇ ਵੀ ਲਿਸ਼ਕ ਹੋਵੇਗੀ। ਅੰਮ੍ਰਿਤਸਰ ਤੋਂ ਸਾਂਝ ਦਾ ਪਰੁੱਚਾ ਧਾਗਾ ਜਦੋਂ ਪ੍ਰੀਤਨਗਰ ਦੇ ਮਣਕੇ ਵਿਚੋਂ ਲੰਘਿਆ ਤਾਂ ਉਸ ਦੀ ਜਗਮਗਾਹਟ ਨੇ ਰੂਹ ਨੂੰ ਰੁਸ਼ਨਾਉਣਾ ਹੀ ਸੀ।

ਸਰਦਾਰ ਅਹਿਮਦ ਮੈਨੂੰ ਪ੍ਰੀਤਨਗਰ ਤੋਂ ਚੁੱਕ ਕੇ ਲਾਹੌਰ ਦੇ ਲਾਰੰਸ ਗਾਰਡਨ ਜਿਸ ਨੂੰ ਅੱਜਕੱਲ੍ਹ ਬਾਗ਼-ਏ-ਜਿੱਨਾਹ ਕਿਹਾ ਜਾਂਦਾ ਹੈ, ਵਿਚ ਲੈ ਆਇਆ। ਦ੍ਰਿਸ਼ ਹਰਨੇਕ ਸਿੰਘ ਘੜੂੰਆਂ ਨਾਲ ਉਹਦੀ ਪਹਿਲੀ ਮਿਲਣੀ ਦਾ ਸੀ। ਸਵੇਰ ਦਾ ਵੇਲਾ ਸੀ। ਸੂਰਜ ਨੇ ਅਜੇ ਪੂਰਬ ਦੀ ਬੁੱਕਲ ਵਿਚੋਂ ਥੋੜ੍ਹਾ ਜਿਹਾ ਚਿਹਰਾ ਬਾਹਰ ਕੱਢ ਕੇ ਝਾਤ ਮਾਰੀ ਸੀ। ਬਾਗ਼-ਏ-ਜਿੱਨਾਹ ਵਿਚ ਇੱਕ ਬਣਦਾ ਤਣਦਾ ਸਰਦਾਰ ਆਪਣੇ ਵੱਲ ਤੁਰਿਆ ਆਉਂਦਾ ਵੇਖ ਕੇ ਸਰਦਾਰ ਅਹਿਮਦ ਨੇ ਕਿਹਾ, "ਸਰਦਾਰ ਜੀ, ਸਾਸਰੀਕਾਲ! ਕੀ ਹਾਲ ਚਾਲ ਨੇ? ਕਿੱਥੋਂ ਆਏ ਹੋ? ਕਿੱਥੇ ਰਹਿੰਦੇ ਹੋ?"

"ਮੇਰਾ ਨਾਮ ਹਰਨੇਕ ਸਿੰਘ ਘੜੂੰਆਂ ਹੈ। ਮੈਂ ਪੰਜਾਬ ਸਰਕਾਰ ਦਾ ਵਜ਼ੀਰ-ਏ-ਮਾਲ ਰਹਿ ਚੁੱਕਾ ਹਾਂ ਅਤੇ ਅੱਜਕੱਲ੍ਹ ਚੰਡੀਗੜ੍ਹ ਰਹਿੰਦਾ ਹਾਂ।"

"ਵਾਹ ਜੀ ਵਾਹ!" ਸਰਦਾਰ ਅਹਿਮਦ ਨੇ ਆਪਣਾ ਹੱਥ ਗਰਮਜੋਸ਼ੀ ਨਾਲ ਘੜੂੰਏਂ ਨੂੰ ਮਿਲਾਇਆ ਅਤੇ ਜ਼ੋਰ ਦੀ ਹੱਥ ਘੁੱਟਦਿਆਂ ਖੁਸ਼ੀ ਸਾਂਝੀ ਕੀਤੀ, "ਜਨਾਬ! ਮੈਂ ਵੀ ਪੰਜਾਬ ਦਾ ਸਾਬਕਾ ਵਜ਼ੀਰ ਜੇ। ਇਸ ਵੇਲੇ ਇੱਕ ਸਾਬਕਾ ਵਜ਼ੀਰ ਦੂਜੇ ਸਾਬਕਾ ਵਜ਼ੀਰ ਨੂੰ ਮੁਖ਼ਾਤਬ ਹੋ ਰਿਹਾ ਹੈ।"

ਦੋਹਾਂ ਦੇ ਮਿਲਣ-ਚਾਅ ਵਿਚ ਚੜ੍ਹਦੇ ਸੂਰਜ ਦੀ ਲਾਲੀ ਘੁਲ ਗਈ।

"ਇੱਕ ਵਜ਼ੀਰ ਹੁਣ ਦੂਜੇ ਵਜ਼ੀਰ ਨੂੰ ਚਾਹ ਅਤੇ ਖਾਣੇ ਉਤੇ ਨਾ ਬੁਲਾਵੇ ਤਾਂ ਦੋਵਾਂ ਵਜ਼ੀਰਾਂ ਦੀ ਹੱਤਕ ਹੈ।"

ਘੜੂੰਏਂ ਨੇ ਉਹਦਾ ਚਾਹ ਅਤੇ ਖਾਣੇ ਦਾ ਸੱਦਾ ਪ੍ਰਵਾਨ ਕਰ ਲਿਆ। ਫ਼ਿਰ ਇਨ੍ਹਾਂ ਮੁਹੱਬਤੀ ਮਿਲਣੀਆਂ ਦੀ ਸ਼ੁਰੂਆਤ ਹੋ ਗਈ ਸੀ। ਹੁਣ ਜਦੋਂ ਵੀ ਘੜੂੰਆਂ ਲਾਹੌਰ ਆਉਂਦਾ, ਸਰਦਾਰ ਅਹਿਮਦ ਨੂੰ ਮਿਲੇ ਅਤੇ ਉਹਦੀ ਮਹਿਮਾਨ ਨਿਵਾਜ਼ੀ ਕਬੂਲੇ ਬਿਨਾਂ ਵਾਪਸ ਨਾ ਜਾਂਦਾ।

ਸਰਦਾਰ ਅਹਿਮਦ ਦੇ ਕਹੇ ਮੁਤਾਬਕ ਉਹ ਸਚਮੱਚ ਬਹੁਤ ਅੱਛਾ 'ਪੁਕਾਰੀ' ਭਾਵ ਬੁਲਾਰਾ ਸੀ। ਉਸ ਨੇ ਕੁੱਝ ਹੀ ਪਲਾਂ ਵਿਚ ਸਭ ਨੂੰ ਆਪਣੀ ਗੁਫ਼ਤਗੂ ਦੀ ਗ੍ਰਿਫ਼ਤ ਵਿਚ ਲੈ ਲਿਆ। ਹੁਣ ਤਾਂ ਬੱਸ ਮੇਰੇ ਨਿੱਕੇ ਨਿੱਕੇ ਸਵਾਲ ਸਨ ਅਤੇ ਸਰਦਾਰ ਅਹਿਮਦ ਦੇ ਤਰਲ ਤਿਲਕਦੇ ਬੋਲ। ਉਹਦੇ ਬੋਲ ਉਡਦੇ ਹੋਏ ਆਪਣੇ ਪਿਛੋਕੜ ਨਾਲ ਜੁੜੀਆਂ ਯਾਦਾਂ ਦੇ ਕਦੀ ਇਸ ਬਨੇਰੇ ਉਤੇ ਬੈਠਦੇ ਤੇ ਕਦੇ ਉਸ ਬਨੇਰੇ 'ਤੇ। ਉਹਦਾ ਪਿੰਡ, ਉਹਦਾ ਇਲਾਕਾ, ਜਿਹੜਾ ਉਹਦੇ ਅੰਦਰ ਬੰਦ ਕਲੀ ਵਾਂਗ, ਛੇ ਦਹਾਕਿਆਂ ਤੋਂ ਸਿਮਟਿਆ ਹੋਇਆ ਸੀ, ਉਹ ਪੂਰੇ ਜਲੌ ਵਿਚ ਖੁਸ਼ਬੂ ਖਿੰਡਾਉਂਦਾ ਖਿੜ ਉਠਿਆ ਸੀ। ਉਹਨੇ ਆਪਣੇ ਵੈਰੋਕੇ ਪਿੰਡ ਅਤੇ ਉਸ ਨਾਲ ਜੁੜੀਆਂ ਯਾਦਾਂ ਨੂੰ ਫ਼ਿਲਮ ਵਾਂਗ ਸਾਡੀਆਂ ਨਜ਼ਰਾਂ ਸਾਹਵੇਂ ਵਿਛਾ ਕੇ ਰੱਖ ਦਿੱਤਾ। ਪਿੰਡਾਂ ਅਤੇ ਸ਼ਹਿਰਾਂ ਦੇ ਨਕਸ਼ੇ, ਰਾਹਾਂ ਦੇ ਮੋੜ, ਬੱਸਾਂ ਦੇ ਅੱਡੇ, ਬੰਦਿਆਂ ਦੇ ਬੋਲ ਅਤੇ ਉਨ੍ਹਾਂ ਦੇ ਨਕਸ਼ ਉਸ ਨੂੰ ਅਜੇ ਕੱਲ੍ਹ ਵਾਂਗ ਯਾਦ ਸਨ। ਵੈਰੋਕੇ ਪਿੰਡ ਨਿੱਕਾ ਜਿਹਾ ਸੰਸਾਰ ਬਣ ਗਿਆ ਸੀ ਅਤੇ ਅੱਜ ਦੇ ਪਾਕਿਸਤਾਨੀ ਪੰਜਾਬ ਦਾ ਇਹ ਮੰਨਿਆ ਪ੍ਰਮੰਨਿਆ ਸ਼ਖ਼ਸ ਬਾਲਾਂ ਵਾਂਗ ਵੈਰੋਕਿਆਂ ਦੀਆਂ ਗਲੀਆਂ ਵਿਚ ਫ਼ਿਰ ਰਿਹਾ ਸੀ। ਮੈਂ ਦੱਸਿਆ, "ਮੇਰੇ ਵੀ ਤਹਿਸੀਲ ਅਜਨਾਲੇ ਵਿਚ ਨਾਨਕੇ ਨੇ।"


"ਕਿਹੜੇ ਪਿੰਡ?"

"ਚਵਿੰਡਾ ਕਲਾਂ।"

"ਲੈ ਚਵਿੰਡਾ। ਆਹ ਆਪਣਾ ਚਵਿੰਡਾ! ਚਵਿੰਡੇ ਦੀਆਂ ਜੁੱਤੀਆਂ ਬੜੀਆਂ ਮਸ਼ਹੂਰ ਸਨ, ਤਿੱਲੇ ਵਾਲੀਆਂ। ਆਹੋ! ਅਟਾਰੀ ਤੋਂ ਅੱਗੇ ਖੱਬੇ ਹੱਥ ਰਣੀਕੇ ਰਣਗੜ੍ਹ ਵਾਲਾ ਮੋੜ ਮੁੜੀਏ, ਅੱਗੇ ਲਾਹੌਰ ਬਰਾਂਚ ਦਾ ਬਹਿੜਵਾਲ ਵਾਲਾ ਪੁਲ। ਬਹਿੜਵਾਲ ਤੋਂ ਜੇ ਨਹਿਰੇ ਨਹਿਰ ਜਾਣਾ ਹੋਵੇ ਤਾਂ ਅਗਲਾ ਪਿੰਡ ਚਵਿੰਡਾ, ਅੱਗੇ ਬਰਾੜ, ਅੱਗੇ ਕੁਹਾਲੀ ਦੇ ਘਰਾਟ। ਜੇ ਬਹਿੜਵਾਲੋਂ ਸੜਕੇ ਸੜਕ ਚੱਲੀਏ, ਅੱਗੇ ਖੱਬੇ ਹੱਥ ਵਣੀਏ ਕੇ, ਸਜੇ ਹੱਥ ਚਵਿੰਡਾ, ਅੱਗੇ ਕੁਹਾਲਾ, ਤੇ ਫ਼ਿਰ ਚੁਗਾਵੇਂ ਵਾਲਾ ਚੌਕ, ਚੁਗਾਵੇਂ ਤੋਂ ਸਿੱਧੀ ਸੜਕ ਅਜਨਾਲੇ ਨੂੰ, ਖੱਬੇ ਹੱਥ ਲੋਪੋਕੇ, ਪ੍ਰੀਤਨਗਰ, ਵੈਰੋਕੇ ਤੇ ਚੱਕ ਮਿਸ਼ਰੀ ਖਾਂ। ਚੁਗਾਵੇਂ ਵਾਲੇ ਚੌਕ ਤੋਂ ਸੱਜੇ ਹੱਥ ਕੁਹਾਲੀ, ਰਾਮ ਤੀਰਥ ਤੇ ਅੰਬਰਸਰ। ਰਾਮ ਤੀਰਥ ਰੋਡ ਤੇ ਅਟਾਰੀ ਰੋਡ ਦੇ ਪੁਤਲੀ ਘਰ ਤੋਂ ਅੱਗੇ ਜਾ ਮਿਲਦੇ ਤਿਕੋਣ ਦੇ ਵਿਚਕਾਰ ਥੋੜਾ ਪਿੱਛੇ ਕਰਕੇ ਖਾਲਸਾ ਕਾਲਜ ਦੀ ਸ਼ਾਹੀ ਇਮਾਰਤ। ਪਿੰਡੋਂ ਸਾਈਕਲ 'ਤੇ ਚੱਲਣਾ, ਭਾਵੇਂ ਚੁਗਾਵੇਂ ਤੋਂ ਸੱਜੇ ਹੱਥ ਹੋ ਕੇ ਅੰਮ੍ਰਿਤਸਰ ਚਲੇ ਜਾਓ ਤੇ ਭਾਵੇਂ ਸਿੱਧੇ ਰਾਮ ਤੀਰਥ ਰੋਡ ਰਾਹੀਂ। ਮੈਂ ਸਾਰਾ ਪੈਂਡਾ ਸਾਈਕਲ 'ਤੇ ਗਾਹਿਆ ਹੋਇਆ। ਕੀ ਘਰਿੰਡਾ, ਘਰਿੰਡੀ, ਕਾਓਂਕੇ, ਮੋਦੇ, ਧਣੋਏ, ਕੰਜਰੀ ਦਾ ਪੁਲ। ਰਾਮ ਤੀਰਥ ਦਾ ਮੇਲਾ ਵੇਖਣ ਜਾਣਾ, ਮੇਲੇ 'ਤੇ ਮੰਡੀ ਵੀ ਲੱਗਦੀ ਸੀ। ਰਾਮ ਤਲਾਈ ਵਿਚ ਵੱਟੇ ਵੁੱਟੇ ਵੀ ਮਾਰਨੇ। ਆਹਾ...ਹਾ...ਹਾ...ਆਹਾ...।"

ਉਹਨੇ ਆਨੰਦ ਵਿਚ ਸਰਸ਼ਾਰ ਹੋ ਕੇ ਅੱਖਾਂ ਮੀਟ ਲਈਆਂ।

ਉਸ ਨੂੰ ਸਮਝ ਨਹੀਂ ਸੀ ਆਉਂਦੀ ਪਈ ਕਿ ਉਹ ਕਿਹੜੀ ਗੱਲ ਕਰੇ ਤੇ ਕਿਹੜੀ ਨਾ ਕਰੇ। ਉਹ ਉਸ ਦੌਰ ਨੂੰ, ਉਸ ਇਲਾਕੇ ਨੂੰ, ਉਸ ਮਾਹੌਲ ਨੂੰ ਮੁੱਠੀ ਵਿਚ ਫੜਨਾ ਚਾਹੁੰਦਾ ਸੀ। ਯਾਦਾਂ ਦੇ ਇਕ ਕਬੂਤਰ ਨੂੰ ਫੜਨਾ ਲੋਚਦਾ ਤਾਂ ਦੂਜਾ ਉਹਦੀ ਤਲੀ 'ਤੇ ਆ ਬੈਠਦਾ ਤੇ ਫ਼ਿਰ ਤੀਜਾ। ਉਸ ਦੇ ਅੰਦਰ 'ਗੁਟਰ-ਗੂੰ, ਗੁਟਰ-ਗੂੰ' ਹੋ ਰਹੀ ਸੀ। ਸਾਰੇ ਸਰੋਤੇ ਉਸ ਗੰਭੀਰ ਬੰਦੇ ਦੇ ਚਿਹਰੇ ਉਤੇ ਝਲਕ ਆਏ ਬਚਪਨ ਦੇ ਵੈਰਾਗ ਨੂੰ ਮਹਿਸੂਸ ਕਰ ਰਹੇ ਸਨ। ਉਹਦੇ ਬੋਲਾਂ ਵਿਚਲੇ ਉਤਸ਼ਾਹ ਨੇ ਤਾਂ ਮੈਨੂੰ ਇਹ ਦੱਸਣ ਦਾ ਮੌਕਾ ਹੀ ਨਹੀਂ ਸੀ ਦਿੱਤਾ ਕਿ ਪ੍ਰੀਤਨਗਰ ਅਤੇ ਪ੍ਰੀਤ ਲੜੀ ਜਾਂ ਪ੍ਰੀਤ ਪਰਿਵਾਰ ਦਾ ਮੇਰੇ ਸਮੇਤ ਪੂਰੇ ਪੰਜਾਬੀ ਪਾਠਕ ਵਰਗ ਨਾਲ ਕਿੰਨਾ ਨੇੜੇ ਦਾ ਰਿਸ਼ਤਾ ਸੀ। ਜਦੋਂ ਮੈਂ ਇਸ ਰਿਸ਼ਤੇ ਨੂੰ ਉਸ ਨਾਲ ਸਾਂਝਾ ਕਰਦਿਆਂ ਪ੍ਰੀਤਨਗਰ ਤੇ ਸ. ਗੁਰਬਖ਼ਸ਼ ਸਿੰਘ ਦੀ ਕੋਈ ਚੇਤੇ ਵਿਚ ਵੱਸੀ ਯਾਦ ਦੱਸਣ ਲਈ ਉਸ ਨੂੰ ਆਖਿਆ ਤਾਂ ਉਹ ਤਾਂ ਜਿਵੇਂ ਨਸ਼ਿਆਇਆ ਹੀ ਗਿਆ।



*ਲਾਹੌਰ ਦੇ ਸ਼ਾਹੀ ਕਿਲੇ ਦੀ ਇਕ ਝਲਕ।*

ਉਹਨੇ ਇੱਕ ਪਲ ਲਈ ਅੱਖਾਂ ਮੀਟੀਆਂ ਅਤੇ ਹੱਥ ਉਠਾ ਕੇ ਅੱਖਾਂ ਖੋਲ੍ਹਦਿਆਂ ਆਖਿਆ, "ਆਏ-ਹਾਏ-ਹਾਏ! ਉਥੋਂ ਦੀਆਂ ਯਾਦਾਂ! ਉਸ ਵੇਲੇ ਦੀਆਂ ਯਾਦਾਂ! ਬਾਬੇ ਸ਼ਾਹ ਬਖ਼ਤਿਆਰ ਦਾ ਮੇਲਾ ਲੱਗਣਾ। ਜਿਨ੍ਹਾਂ ਦੀ ਦੁਆ ਨਾਲ ਸ਼ਾਹ ਜਹਾਨ ਦੇ ਘਰ ਬੇਟਾ ਹੋਇਆ ਸੀ। ਇਹ ਪ੍ਰੀਤਨਗਰ ਵਾਲਾ ਥਾਂ ਉਨ੍ਹਾਂ ਬਣਾਇਆ। ਪਿੱਛੋਂ ਇਹ ਥਾਂ ਗੁਰਬਖ਼ਸ਼ ਸਿੰਘ ਹੁਰਾਂ ਨੇ ਲੈ ਲਿਆ। ਤੁਸੀਂ ਪ੍ਰੀਤਨਗਰ ਅਤੇ ਗੁਰਬਖ਼ਸ਼ ਸਿੰਘ ਹੁਰਾਂ ਦੀ ਕੀ ਪੁੱਛਦੇ ਓ? ਮੈਂ ਤਾਂ ਜੀ ਪ੍ਰੀਤ-ਪਰਿਵਾਰ ਦਾ ਬੜਾ ਨਜ਼ਦੀਕੀ ਹਿੱਸਾ ਰਿਹਾ ਹਾਂ। ਮੈਂ ਆਪਣੇ ਪਿੰਡ ਦਾ ਪਹਿਲਾ ਮੁਸਲਮਾਨ ਵਿਦਿਆਰਥੀ ਸਾਂ ਜੋ ਪ੍ਰੀਤਨਗਰ ਦੇ ਐਕਟੀਵਿਟੀ ਸਕੂਲ ਵਿਚ ਦਾਖ਼ਲ ਹੋਇਆ।"

ਤੇ ਫ਼ਿਰ ਉਹਨੂੰ ਆਪਣੇ 'ਪਹਿਲਾ' ਹੋਣ ਨਾਲ ਜੁੜੀ ਆਪਣੀ ਸ਼ਖ਼ਸੀਅਤ ਦੇ ਹੋਰ ਪਸਾਰ ਦਿੱਸਣੇ ਸ਼ੁਰੂ ਹੋ ਗਏ।

"ਆਪਣੇ ਪਿੰਡ ਵੈਰੋਕਿਆਂ ਦੇ ਐਕਟੀਵਿਟੀ ਸਕੂਲ ਦਾ ਪਹਿਲਾ ਮੁਸਲਮਾਨ ਵਿਦਿਆਰਥੀ ਮੈਂ ਸਾਂ। ਆਪਣੇ ਪਿੰਡ ਵੈਰੋਕਿਆਂ ਦਾ ਪਹਿਲਾ ਐਮ.ਬੀ.ਬੀ.ਐਸ. ਡਾਕਟਰ ਮੈਂ, ਆਪਣੇ ਪਿੰਡ ਵੈਰੋਕਿਆਂ ਦਾ ਪਰੋਵਿੰਸ਼ਲ ਅਸੈਂਬਲੀ ਦਾ ਦੋ ਵਾਰ ਬਣਿਆ ਪਹਿਲਾ ਮੈਂਬਰ ਮੈਂ। ਆਪਣੇ ਪਿੰਡ ਵੈਰੋਕਿਆਂ ਦਾ ਪਹਿਲਾ ਹੋਮ ਅਤੇ ਟਰਾਂਸਪੋਰਟ ਮਨਿਸਟਰ ਮੈਂ।" ਉਹ ਆਪਣੀਆਂ ਸਾਰੀਆਂ 'ਪਹਿਲਾਂ' ਨੂੰ ਅਜੇ ਵੀ ਆਪਣੇ ਪਿੰਡ ਵੈਰੋਕਿਆਂ ਨਾਲ ਜੋੜ ਕੇ ਮਾਣ ਮੱਤਾ ਮਹਿਸੂਸ ਕਰ ਰਿਹਾ ਸੀ। ਉਹ ਕਈ ਸੂਬਾਈ ਅਤੇ ਕੇਂਦਰੀ; ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰਿਆਂ ਦਾ ਮੈਂਬਰ, ਵਾਈਸ ਪ੍ਰੈਜ਼ੀਡੈਂਟ ਅਤੇ ਪ੍ਰੈਜ਼ੀਡੈਂਟ ਸੀ ਪਰ ਇਸ ਵੇਲੇ ਉਹ ਇਹ ਸਾਰਾ ਕੁੱਝ 'ਆਪ' ਨਹੀਂ ਸੀ ਸਗੋਂ ਵੈਰੋਕਿਆਂ ਦਾ 'ਪਹਿਲਾ' ਆਦਮੀ ਸੀ। ਉਹ ਸਰਦਾਰ ਅਹਿਮਦ ਹੋ ਕੇ ਵੀ ਇਸ ਵੇਲੇ 'ਵੈਰੋਕੇ' ਬਣਿਆ ਹੋਇਆ ਸੀ। ਆਪਣੇ ਸਾਰੇ ਮਾਣ ਸਨਮਾਨ ਨੂੰ ਉਹ 'ਵੈਰੋਕੇ' ਦੇ ਸ਼ੀਸ਼ੇ ਵਿਚੋਂ ਨਿਹਾਰ ਰਿਹਾ ਸੀ। ਸਰਦਾਰ ਅਹਿਮਦ ਐਕਟੀਵਿਟੀ ਸਕੂਲ 'ਚੋਂ ਨਿਕਲ ਕੇ ਆਪਣੇ ਆਪੇ ਅਤੇ ਆਪਣੇ ਪਿੰਡ ਨਾਲ ਜੁੜ ਗਿਆ ਸੀ।

"ਮੇਰੀ ਜਨਮ ਤਰੀਕ 24 ਜੁਲਾਈ 1929 ਦੀ ਹੈ। ਪੰਜ ਸਾਲਾਂ ਦਾ ਸਾਂ ਜਦੋਂ ਮੇਰਾ ਅੱਬਾ ਗੁਜ਼ਰ ਗਿਆ। ਅਸੀਂ ਨੰਬਰਦਾਰ ਹੁੰਦੇ ਸਾਂ। ਮੇਰਾ ਅੰਕਲ ਜ਼ਿਲ੍ਹੇਦਾਰ ਹੁੰਦਾ ਸੀ। ਮੇਰਾ ਮਾਮਾ ਪ੍ਰੀਤਨਗਰ ਦੇ ਬੈਂਕ ਦਾ ਡਾਇਰੈਕਟਰ ਸੀ। ਸਾਡਾ ਦਸ ਹਜ਼ਾਰ ਰੁਪਿਆ ਬੈਂਕ 'ਚ ਰਹਿ ਗਿਆ। ਲੈਣ ਵਾਲਾ ਰਹਿੰਦਾ ਤੁਹਾਡੇ ਕੋਲੋਂ।" ਉਹ ਹੱਸਿਆ।

"ਰਾਈਂ ਬਰਾਦਰੀ ਸੀ ਸਾਡੀ। ਦੋ ਮੁਰੱਬੇ ਜ਼ਮੀਨ। ਕਿੱਕਰਾਂ ਵਾਲਾ ਖੂਹ ਸੀ ਸਾਡਾ। ਇਹ ਜ਼ਮੀਨ ਅਸੀਂ ਕਿਸੇ ਜੱਟ ਸਿੱਖ ਤੋਂ ਮੁੱਲ ਲਈ ਸੀ। ਮੈਨੂੰ ਕੁੱਝ ਨਹੀਂ ਭੁੱਲਾ। ਸਭ ਯਾਦ ਨੇ। ਸਾਧੂ ਸਿੰਘ, ਲੱਖਾ ਸਿੰਘ, ਸਾਵਣ ਸਿੰਘ, ਤੇਜੋ, ਕੁਸ਼ੱਲਿਆ, ਪ੍ਰੀਤੋ। ਆਹ, ਮੇਰੇ ਸਾਹਮਣੇ ਖਲੋਤੇ ਨੇ ਅਜੇ ਵੀ। ਸ. ਗੁਰਬਖ਼ਸ਼ ਸਿੰਘ, ਨਵਤੇਜ, ਉਮਾ, ਉਰਮਿਲਾ। ਮਾਸਟਰ ਤਾਰਾ ਸਿੰਘ ਵੀ ਮੈਨੂੰ ਨਹੀਂ ਭੁੱਲਿਆ। ਪਹਿਲਾਂ ਮੈਂ ਐਕਟੀਵਿਟੀ ਸਕੂਲ ਪੜ੍ਹਿਆ। ਫ਼ਿਰ ਭੀਲੋਵਾਲ ਦੇ ਡੀ.ਬੀ. ਸਕੂਲ ਤੋਂ ਅੱਠਵੀਂ ਪਾਸ ਕੀਤੀ। ਜੂਨੀਅਰ, ਸੀਨੀਅਰ ਗੌਰਮੈਂਟ ਹਾਈ ਸਕੂਲ ਅਜਨਾਲੇ ਤੋਂ ਕੀਤੀ। ਵੈਰੋਕਿਆਂ ਦਾ ਪਹਿਲਾ ਮੁੰਡਾ ਜਿਹੜਾ ਹਰ ਜਮਾਤ ਵਿਚ ਵਜ਼ੀਫ਼ਾ ਲੈਂਦਾ ਰਿਹਾ। ਚੌਥੀ ਤੋਂ ਐਮ.ਬੀ.ਬੀ.ਐਸ. ਤੱਕ ਮੈਂ ਵਜ਼ੀਫ਼ਾ ਲਿਆ। ਸਾਰੀ ਉਮਰ ਜਿੰਨਾ ਚਿਰ ਪੜ੍ਹਿਆ, ਮੈਨੂੰ ਸਕਾਲਰਸ਼ਿੱਪ ਮਿਲਦਾ ਰਿਹਾ। ਹਾਕੀ ਦਾ ਖਿਡਾਰੀ ਮੈਂ ਬੜਾ ਆਹਲਾ ਸਾਂ। ਪ੍ਰੀਤਨਗਰ ਦੇ ਕੱਲਰਾਂ ਵਿਚ ਬੜੀ ਹਾਕੀ ਖੇਡੀ। ਇਨ੍ਹਾਂ ਕੱਲਰਾਂ ਵਿਚ ਨਵਤੇਜ ਸਿੰਘ ਵੀ ਸਾਡੇ ਨਾਲ ਹਾਕੀ ਖੇਡਦਾ ਹੁੰਦਾ ਸੀ। ਅਜਨਾਲੇ ਮੈਂ ਆਪਣੀ ਹਾਕੀ ਦੀ ਟੀਮ ਦਾ ਕਪਤਾਨ ਸਾਂ। 1944-45 ਦੀ ਗੱਲ ਹੈ। ਅਸੀਂ ਖੇਡ ਰਹੇ ਸਾਂ। ਇੱਕ ਬੰਦਾ ਡਾਂਗ ਫੜ ਕੇ ਆਇਆ, ਕਹਿੰਦਾ, "ਭਰਤੀ ਹੋ ਰਹੀ ਹੈ। ਆਓ ਤੁਹਾਨੂੰ ਭਰਤੀ ਕਰਵਾ ਦੇਈਏ। ਅਸੀਂ ਗਏ ਵੇਖਣ। ਮੈਂ ਤਾਂ ਭਰਤੀ ਨਾ ਹੋਇਆ, ਪਰ ਕੁੱਝ ਹੋਰ ਜਣੇ ਭਰਤੀ ਹੋ ਗਏ। ਉਨ੍ਹਾਂ ਵਿਚ ਜਸਤਰਵਾਲੀਏ ਪਠਾਣਾਂ ਦਾ ਮੁੰਡਾ ਵੀ ਸੀ ਜਿਹੜਾ ਮੈਥੋਂ ਦੋ ਸਾਲ ਅੱਗੇ ਪੜ੍ਹਦਾ ਸੀ। ਪਿੱਛੋਂ ਜਾ ਕੇ ਉਹੋ ਹੀ ਮੁੰਡਾ ਅਖ਼ਤਰ ਅਬਦੁੱਲਾ ਰਹਿਮਾਨ ਪਾਕਿਸਤਾਨ ਦਾ ਚੀਫ਼ ਆਫ਼ ਆਰਮੀ ਸਟਾਫ਼ ਵੀ ਬਣਿਆ।" ਉਹਦੇ ਭਰੇ ਅੰਦਰ ਵਿਚੋਂ ਯਾਦਾਂ ਬੇਤਰਤੀਬੀ ਨਾਲ ਛਲਕ ਰਹੀਆਂ ਸਨ।

"ਐਕਟੀਵਿਟੀ ਸਕੂਲ ਦੀ ਕੋਈ ਯਾਦ?" ਮੈਂ ਉਹਨੂੰ ਵਾਪਸ ਪ੍ਰੀਤਨਗਰ ਮੋੜ ਕੇ ਲਿਆਉਣਾ ਚਾਹੁੰਦਾ ਸਾਂ।

"ਮੈਂ ਦੱਸਿਆ ਤਾਂ ਹੈ ਕਿ ਐਕਟੀਵਿਟੀ ਸਕੂਲ ਦਾ ਮੈਂ ਪਹਿਲਾ ਮੁਸਲਮਾਨ ਵਿਦਿਆਰਥੀ ਸਾਂ, ਦੂਜਾ ਮੁਸਲਮਾਨ ਵਿਦਿਆਰਥੀ ਸੀ ਮੇਰਾ ਛੋਟਾ ਭਰਾ ਮੁਹੰਮਦ ਸਾਦਿਕ। ਉਹ ਵੀ ਪ੍ਰੀਤਨਗਰ ਤੋਂ ਪੜ੍ਹਿਆ। ਜਦੋਂ ਮੈਂ ਪ੍ਰੀਤਨਗਰ ਦਾਖ਼ਲ ਹੋਇਆ ਤਾਂ ਪਿੰਡ ਵਾਲਿਆਂ ਨੇ ਕਿਹਾ ਕਿ ਇਸ ਮੁੰਡੇ ਨੂੰ ਉਥੇ ਦਾਖ਼ਲ ਕਰਾ ਕੇ ਚੰਗਾ ਨਹੀਂ ਕੀਤਾ। ਇਹ ਦਹਿਰੀਆ (ਨਾਸਤਕ ਜਾਂ ਰੱਬ ਨੂੰ ਨਾ ਮੰਨਣ ਵਾਲਾ) ਹੋ ਜਾਊ ਪਰ ਸਾਡਾ ਪਰਿਵਾਰ ਪ੍ਰੋਗਰੈਸਿਵ ਖ਼ਿਆਲਾਂ ਦਾ ਸੀ। ਮੇਰੇ ਨਾਨਾ ਚੌਧਰੀ ਚਿਰਾਗ਼ਦੀਨ ਤਾਂ ਉਰਦੂ ਪ੍ਰੀਤਲੜੀ ਵਿਚ ਲਿਖਦੇ ਵੀ ਹੁੰਦੇ ਸਨ।"

"ਅਸੀਂ ਆਪਣੇ ਉਸਤਾਦਾਂ ਨੂੰ 'ਭਰਾ ਜੀ' ਕਹਿੰਦੇ ਹੁੰਦੇ ਸਾਂ।" ਉਹ ਹੱਸਦਾ ਹੈ, "ਕੋਈ ਉਸਤਾਦ ਕਿਸੇ ਨੂੰ ਮਾਰਦਾ ਤਾਂ ਬਿਲਕੁਲ ਨਹੀਂ ਸੀ, ਸਭ ਪਿਆਰ ਨਾਲ ਪੜ੍ਹਾਉਂਦੇ ਅਤੇ ਸਮਝਾਉਂਦੇ, ਪਰ ਭਰਾ ਜੀ, ਸਾਡੀ ਓਨਾ ਚਿਰ ਤੱਕ ਜਾਨ ਨਹੀਂ ਸਨ ਛੱਡਦੇ ਜਿੰਨਾ ਚਿਰ ਤੱਕ ਸਾਨੂੰ ਸਾਰੀ ਗੱਲ ਚੰਗੀ ਤਰ੍ਹਾਂ ਸਮਝ ਨਹੀਂ ਸੀ ਪੈ ਜਾਂਦੀ। ਛੁੱਟੀ ਤੋਂ ਬਾਅਦ ਵੀ ਅਸੀਂ ਜਦੋਂ ਚਾਹੀਏ, ਕਿਸੇ ਵੀ ਭਰਾ ਜੀ ਦੇ ਘਰ ਐਂ ਆ ਜਾ ਸਕਦੇ ਸਾਂ ਜਿਵੇਂ ਆਪਣੇ ਘਰ ਜਾਈਦਾ ਹੈ। ਪ੍ਰੀਤਨਗਰ ਵਰਗੀ ਐਜੂਕੇਸ਼ਨ ਅਤੇ ਮਾਹੌਲ ਮੈਂ ਸਾਰੀ ਦੁਨੀਆਂ ਵਿਚ ਕਿਤੇ ਨਹੀਂ ਵੇਖੇ। ਸਾਡੀ ਸਵੇਰ ਦੀ ਪਰੇਅਰ ਹੁੰਦੀ ਸੀ,

ਜੈ ਜੈ ਜਨਨੀ ਭਾਰਤ ਮਾਂ!
ਕਸ਼ਟ-ਨਿਵਾਰਨੀ ਭਾਰਤ ਮਾਂ!"

"ਤੇ ਜਾਂ ਹੁੰਦੀ ਸੀ ਇਕਬਾਲ ਦੀ 'ਉਠੋ ਮੇਰੀ ਦੁਨੀਆਂ ਕੇ ਗਰੀਬੋਂ ਕੋ ਜਗਾ ਦੋ।' ਸ. ਗੁਰਬਖ਼ਸ਼ ਸਿੰਘ ਹਫ਼ਤੇ ਵਿਚ ਇੱਕ ਵਾਰ ਸਕੂਲ ਦਾ ਗੇੜਾ ਮਾਰਦੇ। ਉਸਤਾਦਾਂ ਅਤੇ ਤਾਲਬੇ-ਇਲਮਾਂ ਨੂੰ ਬੜੇ ਪਿਆਰ ਨਾਲ ਮਿਲਦੇ। ਸਾਨੂੰ ਲੈਕਚਰ ਵੀ ਦਿੰਦੇ। ਮੈਨੂੰ ਅਜੇ ਵੀ ਯਾਦ ਹੈ, ਉਹ ਸਪੇਸ ਨੂੰ 'ਵਾਯੂ-ਮੰਡਲ' ਕਹਿੰਦੇ ਹੁੰਦੇ ਸਨ। ਉਹ ਲਾਗੇ ਦੇ ਮੁਸਲਮਾਨ ਪਿੰਡਾਂ ਵਿਚ ਕਦੇ-ਕਦੇ ਸ਼ਾਮ ਨੂੰ ਜਾਂਦੇ ਅਤੇ ਜਾ ਕੇ ਪਿਆਰ ਦਾ ਦਰਸ ਦਿੰਦੇ। ਉਨ੍ਹਾਂ ਦੀ ਪਤਨੀ, ਜਿਨ੍ਹਾਂ ਨੂੰ ਮਾਤਾ ਜੀ ਕਹਿੰਦੇ ਸਨ, ਸਰੀਰ ਦੀ ਥੋੜ੍ਹੀ ਜਿਹੀ ਭਾਰੀ ਸੀ ਪਰ ਬੜੀ ਬਣਦੀ ਤਣਦੀ, ਸੁਨੱਖੀ ਜ਼ਨਾਨੀ ਸੀ। ਉਨ੍ਹਾਂ ਦੀ ਵੱਡੀ ਧੀ ਉਮਾ, ਬਹੁਤ ਅੱਛਾ ਗਾਉਂਦੀ ਸੀ, ਨਵਤੇਜ ਹਾਕੀ ਦਾ ਬੜਾ ਵਧੀਆ ਖਿਡਾਰੀ ਸੀ। ਸਕੂਲ ਦੀ ਇਮਾਰਤ ਦੇ ਸਾਹਮਣੇ ਸੜਕੋਂ ਪਾਰ ਸੁੱਕਾ ਤਲਾਬ ਸੀ, ਚੁਗੱਤਿਆਂ ਦੇ ਵੇਲੇ ਦਾ। ਇੱਥੇ ਅਸੀਂ ਡਰਾਮੇ ਵੇਖਦੇ ਸਾਂ। ਇਥੇ ਹੀ ਡਰਾਮਿਆਂ ਵਿਚ ਪਹਿਲੀ ਵਾਰ ਔਰਤਾਂ ਦਾ ਕਿਰਦਾਰ ਔਰਤਾਂ ਨੇ ਕੀਤਾ। ਇਸ ਤਲਾਅ ਦੇ ਕੰਢੇ ਤੋਂ ਅੰਬਰਸਰ ਨੂੰ ਜਾਣ ਵਾਲੀ ਮੋਟਰ ਚੱਲਦੀ ਹੁੰਦੀ ਸੀ।"

"ਆਪਣੀਆਂ ਈ ਗੱਲਾਂ ਸੁਣਾਈ ਜਾਂਦੇ ਓ। ਇਹ ਵੀ ਦੱਸੋ ਕਿ ਮੇਰੇ ਦਾਦਾ ਜੀ ਵੀ ਅੰਬਰਸਰ ਮਹਾਂ ਸਿੰਘ ਗੇਟ ਅੰਦਰ ਰਹਿੰਦੇ ਸਨ।" ਮੇਜ਼ ਦੇ ਪਰਲੇ ਪਾਰ ਸਾਹਮਣੇ ਬੈਠੀ ਉਹਦੀ ਦੂਜੇ ਵਿਆਹ ਦੀ ਖ਼ੂਬਸੂਰਤ ਜਵਾਨ ਪਤਨੀ ਜਿਹੜੀ ਲਾਹੌਰ ਦੇ ਗੌਰਮਿੰਟ ਕਾਲਜ ਵਿਚ ਸਾਈਕਲੋਜੀ ਦੀ ਪ੍ਰੋਫ਼ੈਸਰ ਸੀ, ਨੇ ਮੁਸਕਰਾ ਕੇ ਲਾਡ ਨਾਲ ਆਖਿਆ ਤਾਂ ਸਰਦਾਰ ਅਹਿਮਦ ਉਹਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਕੇ ਕਹਿੰਦਾ, "ਉਹ ਵੀ ਦੱਸਦਾਂ, ਉਹ ਵੀ ਦੱਸਦਾਂ। ਪਹਿਲਾਂ ਮੇਰੀ ਗੱਲ ਤਾਂ ਮੁੱਕ ਲੈਣ ਦੇ।"

ਉਹਦੀ ਬੇਗ਼ਮ ਦੀ ਵੱਖੀ ਨਾਲ ਬੈਠੀ ਉਨ੍ਹਾਂ ਦੀ ਸੋਲਾਂ-ਸਤਾਰਾਂ ਸਾਲਾਂ ਦੀ ਜਵਾਨ ਬੇਟੀ ਨੇ ਮੁਸਕਰਾ ਕੇ ਪਿਤਾ ਨੂੰ ਟਕੋਰ ਕੀਤੀ, "ਤੁਹਾਡੀ ਗੱਲ ਨਾ ਹੁਣ ਸ਼ਾਮ ਤੱਕ ਮੁੱਕੀ!" ਨੇੜੇ ਹੀ ਉਹਦਾ ਛੋਟਾ ਭਰਾ ਵੀ ਬੈਠਾ ਮੁਸਕੜੀਏਂ ਹੱਸ ਰਿਹਾ ਸੀ।

ਬੈਰੇ ਟੇਬਲਾਂ ਉਤੇ ਪਈਆਂ ਜੂਠੀਆਂ ਪਲੇਟਾਂ ਚੁੱਕ ਰਹੇ ਸਨ। ਅੱਗੇ ਪਿੱਛੇ ਹੋ ਰਹੇ ਬੈਰਿਆਂ ਦੀ ਹਾਜ਼ਰੀ ਦਾ ਲਾਭ ਲੈਂਦਿਆਂ ਸਰਦਾਰ ਅਹਿਮਦ ਨੇ ਹੌਲੀ ਜਿਹੀ ਮੇਰੇ ਕੰਨ ਵਿਚ ਕਿਹਾ, "ਮੈਂ ਇਸ ਵੇਲੇ 77 ਸਾਲ ਦਾ ਹਾਂ। ਇਹ ਮੇਰੀ ਦੂਜੀ ਬੀਵੀ ਹੈ। ਮੈਥੋਂ ਕਈ ਸਾਲ ਛੋਟੀ। ਮੈਂ ਵੇਖੋ ਅਜੇ ਵੀ ਕਾਇਮ ਹਾਂ।" ਉਹਦੀ ਦਿੱਖ ਤੋਂ ਅਜਿਹਾ ਹੀ ਲੱਗਦਾ ਸੀ। ਫਿਰ ਵੀ ਮੈਂ ਮਨ ਹੀ ਮਨ ਹਿਸਾਬ ਲਾ ਕੇ ਵੇਖਿਆ। ਦੋਹਾਂ ਦੀ ਉਮਰ ਦਾ ਫ਼ਰਕ ਘੱਟੋ ਘੱਟ 20-25 ਸਾਲ ਦਾ ਹੋਵੇਗਾ।

ਖਾਣਾ ਖ਼ਤਮ ਹੋ ਗਿਆ ਸੀ ਪਰ ਸਰਦਾਰ ਅਹਿਮਦ ਦਿਲ ਫੋਲਣ ਦਾ ਹੱਥ ਆਇਆ ਮੌਕਾ ਗਵਾਉਣਾ ਨਹੀਂ ਸੀ ਚਾਹੁੰਦਾ। ਉਹ ਹੁਣ ਸਭ ਨੂੰ ਨੇੜੇ ਹੀ ਆਪਣੇ ਪਹਿਲੇ ਵਿਆਹ ਦੇ ਡਾਕਟਰ

ਪੁੱਤਰਾਂ ਦੀਆਂ ਅਲੱਗ ਅਲੱਗ ਬਣੀਆਂ ਆਲੀਸ਼ਾਨ ਕੋਠੀਆਂ ਵੀ ਵਿਖਾਉਣਾ ਚਾਹੁੰਦਾ ਸੀ ਅਤੇ ਉਥੋਂ ਹੀ ਚਾਹ ਪਿਆ ਕੇ ਵਿਦਾ ਕਰਨ ਦਾ ਇੱਛੁਕ ਸੀ। ਰਾਤ ਅਸੀਂ ਚੌਧਰੀ ਅਸ਼ਰਫ਼ ਦੇ ਮਹਿਮਾਨ ਸਾਂ।

ਅਸੀਂ ਉਹਦੇ ਇੱਕ ਡਾਕਟਰ ਪੁੱਤ ਦੇ ਘਰ ਗਏ। ਦੂਜੀ ਕੋਠੀ ਵੀ ਨਾਲ ਹੀ ਜੁੜਵੀਂ ਸੀ। ਉਹਦੀਆਂ ਨੂੰਹਾਂ ਅਤੇ ਪੋਤਰੇ ਪੋਤਰੀਆਂ ਇਕੱਠੇ ਹੋ ਗਏ। ਨੂੰਹਾਂ ਆਪਣੀ ਹਮ ਉਮਰ ਸੱਸ ਨੂੰ ਬੜੇ ਚਾਅ ਨਾਲ ਮਿਲੀਆਂ। ਸਾਰਾ ਪਰਿਵਾਰ ਰਲ ਕੇ ਬੈਠਾ ਸੀ। ਕਿਸੇ ਕਿਸਮ ਦੀ ਕੋਈ ਪਰਦਾਦਾਰੀ ਨਹੀਂ ਸੀ। ਜਿਵੇਂ ਇੱਕੋ ਪਰਿਵਾਰ ਦੇ ਜੀਅ ਮਿਲ ਬੈਠੇ ਹੋਈਏ।

ਸਰਦਾਰ ਅਹਿਮਦ ਦੇ ਹੋਠਾਂ 'ਚੋਂ ਬੋਲ ਕਿਰ ਕਿਰ ਪੈ ਰਹੇ ਸਨ। "ਮੈਂ ਅੰਬਰਸਰ ਦੀ ਗਲੀ ਗਲੀ ਦਾ ਵਾਕਿਫ਼ ਸਾਂ। ਕੰਪਨੀ ਬਾਗ਼ ਵਿਚ ਅਸੀਂ ਸੈਰ ਕਰਿਆ ਕਰਦੇ। ਹਾਲ ਬਾਜ਼ਾਰ ਵਿਚ ਘੁੰਮਦੇ। ਇੱਕ ਦਿਨ ਮੈਂ ਅੰਬਰਸਰ ਵਿਚ ਸਾਂ; ਕਟੜਾਂ ਮਹਾਂ ਸਿੰਘ, ਚਾਹ ਮਹਿਰ ਖੀਵਾ, ਨਜ਼ਦੀਕ ਜ਼ਨਾਨਾ ਹਸਪਤਾਲ। ਉਥੋਂ ਮੈਂ ਤੁਰਦਾ ਤੁਰਦਾ ਹਾਲ ਬਾਜ਼ਾਰ ਗਿਆ। ਮੇਰੀਆਂ ਅੱਖਾਂ ਸਾਹਮਣੇ ਇੱਕ ਮੁਸਲਮਾਨ ਨੇ ਹੱਥ ਵਿਚ ਫੜਿਆ ਮੋਟਾ ਸਾਰਾ ਗੰਨਾ ਇੱਕ ਸਰਦਾਰ ਦੇ ਗੁੱਟ 'ਤੇ ਮਾਰ ਕੇ ਉਹਦੀ ਤਲਵਾਰ ਖੋਹ ਕੇ ਉਹਨੂੰ ਕਤਲ ਕਰ ਦਿੱਤਾ। ਉਸ ਤੋਂ ਕਟੜਾ ਜੈਮਲ ਸਿੰਘ ਵਿਚ ਲੜਾਈ ਹੋਈ। ਫਿਰ ਤਾਂ ਚੱਲ ਸੋ ਚੱਲ। ਹਵਾ ਵਿਚ ਜਿਵੇਂ ਜ਼ਹਿਰ ਹੀ ਘੁਲ ਗਿਆ। ਮੁਸਲਮਾਨ ਛੁਰੇ ਮਾਰਦੇ ਅਤੇ ਸਿੱਖ ਤਲਵਾਰਾਂ ਵਰਤਦੇ। ਤੁਰਦੀ ਹੋਈ ਅੱਗ ਪਿੰਡਾਂ ਵਿਚ ਵੀ ਪਹੁੰਚ ਗਈ।"

ਮੇਰੇ ਆਖਣ 'ਤੇ ਉਹ ਆਪਣੇ ਵੈਰੋਕਿਆਂ ਤੋਂ ਉਜੜਨ ਦੀ ਖਿੱਲਰੀ ਕਹਾਣੀ ਨੂੰ ਤਰਤੀਬ ਦੇਣ ਦੀ ਕੋਸ਼ਿਸ਼ ਕਰਦਾ ਹੈ।

"ਕੁਝ ਦਿਨ ਪਹਿਲਾਂ ਦਰਿਆਓਂ ਪਾਰ ਲਹਿੰਦੇ ਬਾਬੁਕ ਵਾਲੀਆਂ ਦਾ ਘਰ ਸੜਿਆ। ਉਨ੍ਹਾਂ ਇਸ਼ਤਿਆਲ ਮਚਾਇਆ। ਸਾਨੂੰ ਪਤਾ ਲੱਗਾ ਕਿ ਸਵੇਰੇ ਦਸ ਵਜੇ ਹਮਲਾ ਹੋਣਾ ਹੈ। ਮੇਰਾ ਖਾਲੂ ਚੱਕ ਮਿਸ਼ਰੀ ਖਾਂ ਦਾ ਨੰਬਰਦਾਰ ਸੀ। ਉਹਨੂੰ ਭੱਜ ਕੇ ਹਮਲਾ ਹੋਣ ਦੀ ਖ਼ਬਰ ਦੱਸੀ ਤਾਂ ਉਹ ਕਹਿੰਦਾ, "ਹੱਦ ਹੋ ਗਈ ਯਾਰ! ਸਾਰੇ ਸਿੱਖ ਇਸ ਇਲਾਕੇ ਦੇ ਆਪਣੇ ਯਾਰ ਨੇ। ਸਾਡੇ ਭਰਾ ਨੇ, ਸਾਨੂੰ ਕਿਸੇ ਨੇ ਕੀ ਕਹਿਣਾ?" ਪਾਕਿਸਤਾਨ ਤਾਂ ਬਣ ਗਿਆ ਸੀ ਪਰ ਸਾਡੀ ਕਿਸਮਤ ਦਾ ਫ਼ੈਸਲਾ ਅਜੇ ਹੋਣਾ ਸੀ। ਰੈਡ ਕਲਿੱਫ਼ ਮਿਸ਼ਨ ਨੇ 18 ਨੂੰ ਆਪਣਾ ਫ਼ੈਸਲਾ ਸੁਣਾਉਣਾ ਸੀ ਜਿਸ ਤੋਂ ਪਤਾ ਲੱਗਣਾ ਸੀ ਕਿ ਸਾਡਾ ਇਲਾਕਾ ਪਾਕਿਸਤਾਨ ਵਿਚ ਆਇਆ ਹੈ ਜਾਂ ਹਿੰਦੁਸਤਾਨ ਵਿਚ। ਸਾਨੂੰ ਸ. ਗੁਰਬਖ਼ਸ਼ ਸਿੰਘ ਦਾ ਬੜਾ ਆਸਰਾ ਸੀ। ਆਪਣੇ ਪਿੰਡ ਦੇ ਚਾਰ ਜਣੇ ਅਸੀਂ ਉਸ ਵੇਲੇ ਸ. ਗੁਰਬਖ਼ਸ਼ ਸਿੰਘ ਦੇ ਘਰ ਬੈਠੇ ਹੋਏ ਸਾਂ। ਉਨ੍ਹਾਂ ਦੇ ਘਰ ਹੀ ਸਾਂ ਕਿ ਰੈਡ ਕਲਿੱਫ਼ ਕਮਿਸ਼ਨ ਨੇ ਸਾਡੀ ਕਿਸਮਤ ਦਾ ਫ਼ੈਸਲਾ ਰੇਡੀਓ ਉਤੇ ਸੁਣਾ ਦਿੱਤਾ। ਗੁਰਬਖ਼ਸ਼ ਸਿੰਘ ਦੇ ਘਰ ਹੀ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਲੋਪੋਕੇ ਬਹੁਤ ਸਾਰੇ ਸਿੱਖ ਇਕੱਠੇ ਹੋ ਰਹੇ ਨੇ ਹਮਲਾ ਕਰਨ ਲਈ। ਗੁਰਬਖ਼ਸ਼ ਸਿੰਘ ਨੇ ਮੈਨੂੰ ਕਿਹਾ ਕਿ ਫ਼ਟਾ ਫ਼ਟ ਪਿੰਡ ਨੂੰ ਦੌੜ ਜਾਹ ਤੇ ਆਪਣੇ ਅੱਬੂ ਨੂੰ ਕਹਿ ਕਿ ਘਰ ਛੱਡ ਜਾਣ। ਅਸੀਂ ਮਾਰਦੇ ਛਾਲਾਂ ਪਿੰਡ ਨੂੰ ਆ ਗਏ। ਸੋਚਿਆ ਕਿ ਆਹ ਤਾਂ ਵਾਹਗਾ ਹੈ, ਆਪਾਂ ਹੁਣੇ ਟੱਪ ਜਾਣਾ ਹੈ।"

"ਮੈਨੂੰ ਅਜੇ ਵੀ ਯਾਦ ਹੈ, ਮੇਰੀ ਮਾਂ ਰੋਟੀਆਂ ਪਕਾ ਰਹੀ ਸੀ। ਨਾਨਾ ਹੁਣੇ ਮੱਝ ਚੋਅ ਕੇ ਲਿਆਇਆ ਸੀ ਤੇ ਉਹਨੇ ਦੁੱਧ ਵਾਲੀ ਬਾਲਟੀ ਚੌਂਤਰੇ ਵਿਚ ਰੱਖੀ ਸੀ। ਮੈਂ ਤਾਜ਼ੇ ਦੁੱਧ ਦਾ ਇੱਕ ਗਿਲਾਸ ਭਰ ਕੇ ਪੀਤਾ ਤੇ ਮਾਂ ਨੂੰ ਕਿਹਾ ਕਿ ਰੋਟੀਆਂ ਪਕਾਉਣੀਆਂ ਛੱਡੋ ਤੇ ਭੱਜਣ ਦੀ ਤਿਆਰੀ ਕਰੋ। ਕਾਹਲੀ ਅਤੇ ਘਬਰਹਾਟ ਵਿਚ ਘਰ ਦੇ ਸਾਰੇ ਜੀਅ ਪਿੰਡ ਛੱਡਣ ਨੂੰ ਤਿਆਰ ਹੋ ਗਏ। 1700 ਰੁਪਈਆ ਕੋਲ ਸੀ। ਉਹ ਅਸੀਂ ਲੱਕਾਂ ਨਾਲ ਬੰਨ੍ਹ ਲਿਆ। ਚਾਰ ਮੱਝਾਂ ਸਨ ਸਾਡੇ ਕੋਲ। ਉਨ੍ਹਾਂ ਦੇ ਸੰਗਲ ਲਪੇਟ ਦਿੱਤੇ ਅਤੇ ਅੱਲਾ ਦੇ ਹਵਾਲੇ ਕਰ ਦਿੱਤੀਆਂ। ਬਾਹਰ ਆ ਕੇ ਗਵਾਂਢੀ ਲੱਖਾ ਸਿੰਘ ਤਰਖਾਣ ਨੂੰ ਕਿਹਾ, "ਲੈ ਇਹ ਘਰ-ਬਾਰ ਹੁਣ ਤੇਰੇ ਹਵਾਲੇ।" ਦੋ ਕੋਠੇ ਕਣਕ ਨਾਲ ਭਰੇ ਸਨ। ਮਨ ਵਿਚ ਇਹ ਵੀ ਸੀ ਕਿ ਸ਼ਾਇਦ ਵਾਪਸ ਵੀ ਆ ਹੀ ਜਾਈਏ। ਭੀਲੋਵਾਲ ਦੇ ਕੱਲਰਾਂ 'ਚ ਅਸੀਂ ਵੱਡੀ ਗਿਣਤੀ 'ਚ ਇੱਕਠੇ ਹੋ ਗਏ। ਸਾਡੇ ਕੋਲ ਪੱਕੀ ਬੰਦੂਕ ਸੀ। ਰਾਣੀਆਂ ਕੋਲ ਹੇਤਮ ਦੇ ਕਿਲੇ ਕੋਲ ਪੁੱਜੇ ਤਾਂ ਸਾਡੇ ਉਤੇ ਹਮਲਾ ਹੋ ਗਿਆ। ਇੱਕ ਸਿੱਖ ਬਰਛੀ ਲੈ ਕੇ ਮੇਰੇ ਪਿੱਛੇ ਦੌੜਿਆ, ਅੱਗੇ ਮੱਝਾਂ ਚਰ ਰਹੀਆਂ ਸਨ। ਮੈਂ ਮੱਝਾਂ ਵਿਚ ਵੜ ਗਿਆ ਤੇ ਉਨ੍ਹਾਂ ਵਿਚੋਂ ਰਾਹ ਬਣਾ ਕੇ ਭੱਜਿਆ। ਮੈਂ ਲੰਘਿਆ ਤਾਂ ਮੱਝਾਂ ਆਪਸ ਵਿਚ ਜੁੜ ਗਈਆਂ ਅਤੇ ਉਨ੍ਹਾਂ ਨੇ ਅੱਲਾ ਪਾਕ ਦੇ ਹੁਕਮ ਮੁਤਾਬਕ ਉਸ ਬਰਛੀ ਵਾਲੇ ਦਾ ਰਾਹ ਰੋਕ ਦਿੱਤਾ। ਮੈਂ ਬਚ ਕੇ ਅੱਗੇ ਨਿਕਲ ਗਿਆ। ਓਦਣ ਜੁੰਮੇ ਦਾ ਦਿਨ ਸੀ।"

"ਅਸੀਂ ਕਿਸੇ ਨਾ ਕਿਸੇ ਤਰੀਕੇ ਨਾਲ ਬਚ ਕੇ ਪਾਰ ਆ ਗਏ। ਡਰ, ਭੁੱਖ ਅਤੇ ਪਿਆਸ ਅੰਤਾਂ ਦੀ। ਮਰਲ ਮਾੜੀ ਇੱਕ ਬੀਬੀ ਰੋਟੀਆਂ ਲਾਉਂਦੀ ਸੀ ਤੰਦੂਰ ਉਤੇ। ਉਸ ਨੇ ਤੰਦੂਰ ਦੀ ਪੱਕੀ ਰੋਟੀ ਅਚਾਰ ਨਾਲ ਦਿੱਤੀ। ਉਸ ਰੋਟੀ ਦਾ ਜੋ ਸਵਾਦ ਆਇਆ, ਉਹ ਅੱਜ ਤੱਕ ਨਹੀਂ ਭੁੱਲਾ। ਈਚੋਗਿਲ ਅਜੇ ਤੱਕ ਸਿੱਖ ਬੈਠੇ ਹੋਏ ਸਨ। ਅਸੀਂ ਇੱਥੋਂ ਉਨ੍ਹਾਂ ਨੂੰ ਭਜਾਇਆ, ਪਰ ਆਪਣੀ ਬੰਦੂਕ ਨਾ ਚਲਾਈ। ਅਸੀਂ ਸਿੱਖਾਂ ਤੋਂ ਖਾਲੀ ਕਰਾਏ ਉਨ੍ਹਾਂ ਘਰਾਂ ਵਿਚ ਬਹਿ ਗਏ। ਇੱਥੇ ਅਸੀਂ ਸਾਰੇ ਟੱਬਰ ਨੇ ਚੌਲ ਬਣਾ ਕੇ ਖਾਧੇ। ਡੇਢ ਮਹੀਨਾ ਸਾਰੇ ਜੀਅ ਭੁੰਜੇ ਸੌਂਦੇ ਰਹੇ, ਫ਼ਿਰ ਇੱਥੇ ਆ ਕੇ ਬਾਗ਼ਬਾਨ ਪੁਰੇ ਲਾਹੌਰ ਸੈਟ ਹੋ ਗਏ।"

"ਮੈਂ ਛੇ ਮਹੀਨੇ ਨਹੀਂ ਸੁੱਤਾ। ਹਰ ਵੇਲੇ ਪਿੰਡ ਦੀਆਂ ਗਲੀਆਂ ਵਿਚ ਫਿਰਦਾ ਰਹਿੰਦਾ। ਕੱਲਰਾਂ ਵਿਚ ਯਾਰਾਂ ਨਾਲ ਹਾਕੀ ਖੇਡਦਾ ਰਹਿੰਦਾ। ਸਾਈਕਲ 'ਤੇ ਚੜ੍ਹ ਕੇ ਕਦੀ ਅੰਬਰਸਰ ਦੇ ਬਾਜ਼ਾਰਾਂ ਵਿਚ ਫਿਰਦਾ ਅਤੇ ਕਦੀ ਅਜਨਾਲੇ ਦੇ ਸਕੂਲ ਵਿਚ ਮਾਸਟਰ ਦੇ ਕਹਿਣ 'ਤੇ ਮੁੰਡਿਆਂ ਦਾ ਨੱਕ ਫੜ ਕੇ ਚਪੇੜਾਂ ਮਾਰਦਾ। ਹੁਣ ਆਪ ਦੇ ਐਸੀ ਚਪੇੜ ਵੱਜੀ ਸੀ ਕਿ ਹਰ ਵੇਲੇ ਆਪਣੀਆਂ ਦੁਖਦੀਆਂ ਗੱਲ੍ਹਾਂ ਪਲੋਸਦਾ ਰਹਿੰਦਾ। ਪਿਛਲੇ ਸੱਠ ਸਾਲਾਂ ਤੋਂ ਇਹ ਪੀੜ ਮੇਰੇ ਅੰਦਰ ਮੱਚ ਰਹੀ ਹੈ। ਗੱਲਾਂ ਕਰ ਰਿਹਾਂ ਤਾਂ ਲੱਗਦਾ ਹੈ ਜਿਵੇਂ ਪੀੜ ਦਾ ਸੇਕ ਘਟ ਰਿਹਾ ਹੈ।"

ਤੇ ਫ਼ਿਰ ਉਹਨੇ ਜਿਹੜਾ ਬਿਰਤਾਂਤ ਛੋਹਿਆ, ਉਹ ਮੈਨੂੰ ਬੜਾ ਜਾਣਿਆਂ ਪਛਾਣਿਆਂ ਲੱਗਾ। ਉਹ ਦੱਸ ਰਿਹਾ ਸੀ, "ਮੇਰੀ ਸਕੀ ਮਾਸੀ ਸਰਦਾਰ ਬੀਬੀ ਤੇ ਮਾਸੜ ਚੌਧਰੀ ਇਬਰਾਹੀਮ ਨੇੜਲੇ ਪਿੰਡ ਚੱਕ ਮਿਸ਼ਰੀ ਖਾਂ ਰਹਿੰਦੇ ਸਨ। ਇਹ ਉਹੋ ਚੌਧਰੀ ਇਬਰਾਹਿਮ ਸੀ ਜਿਹੜਾ ਕਹਿੰਦਾ ਸੀ ਕਿ ਸਾਰੇ ਸਿੱਖ ਸਾਡੇ ਯਾਰ ਨੇ, ਭਰਾ ਨੇ ਪਰ ਜਦੋਂ ਰਾਤੋ ਰਾਤ ਅਗਲਿਆਂ ਥਾਣੇਦਾਰ ਸਿਕੰਦਰ ਹਯਾਤ ਦੀ ਵਰਦੀ ਲੁਹਾ ਕੇ ਉਹਨੂੰ ਭਜਾ ਦਿੱਤਾ ਅਤੇ ਸਿੱਖ ਪੁਲਿਸ ਆ ਗਈ ਤਾਂ ਹਮਲਾ ਹੋਣਾ ਪੱਕ ਹੋ ਗਿਆ। ਸ. ਗੁਰਬਖ਼ਸ਼ ਸਿੰਘ ਵੱਲੋਂ ਪਹਿਲਾਂ ਤਾਂ ਸਭ ਨੂੰ ਬੜਾ ਹੌਸਲਾ ਦਿੱਤਾ ਜਾਂਦਾ ਰਿਹਾ ਅਤੇ ਉਹਨੇ ਇਹ ਵੀ ਕਿਹਾ ਹੋਇਆ ਸੀ ਕਿ ਜੇ ਤੁਹਾਨੂੰ ਇਤਬਾਰ ਨਹੀਂ ਆਉਂਦਾ ਤਾਂ ਮੈਂ ਆਪਣੇ ਬੱਚੇ ਤੁਹਾਡੇ ਘਰ ਸੁਆਉਣ ਲਈ ਤਿਆਰ ਹਾਂ ਪਰ ਜਦੋਂ ਨਵੇਂ ਬਣੇ ਪਾਕਿਸਤਾਨ ਵਿਚੋਂ ਉਜੜ ਕੇ ਆਏ ਲੋਕਾਂ ਨੇ ਜਥੇ ਬਣਾ ਕੇ ਲੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਰਦਾਰ ਹੁਰਾਂ ਵੀ ਆਪਣੀ ਬੇਵੱਸੀ ਜ਼ਾਹਿਰ ਕਰ ਦਿੱਤੀ। ਉਹ ਕਰ ਵੀ ਕੀ ਸਕਦੇ ਸਨ!"

"ਜਦੋਂ ਹਮਲਾ ਹੋਇਆ ਤਾਂ ਮੇਰੀ ਮਾਸੀ ਤੇ ਮਾਸੜ ਆਪਣੇ ਅੱਠਾਂ ਮਹੀਨਿਆਂ ਦੇ ਪੁੱਤ ਨੂੰ ਲੈ ਕੇ ਘਰੋਂ ਦੌੜ ਪਏ। ਹਮਲਾਵਰ ਉਨ੍ਹਾਂ ਦੀ ਹਵੇਲੀ ਵਿਚ ਉਨ੍ਹਾਂ ਨੂੰ ਲੱਭਦੇ ਫਿਰਦੇ ਸਨ। ਉਹ ਘਰ ਦੇ ਪਿਛਵਾੜੇ ਫ਼ਸਲਾਂ ਵਿਚ ਲੁਕ ਗਏ। ਅੱਠ ਮਹੀਨੇ ਦਾ ਮੁੰਡਾ ਮੁਹੰਮਦ ਨਵਾਜ਼ ਰੋਈ ਜਾਵੇ, ਉਹਦਾ ਰੋਣਾ ਮੌਤ ਨੂੰ ਸੱਦਾ ਦਿੰਦਾ ਪਿਆ ਸੀ। ਆਪਣੀ ਜਾਨ ਬਚਾਉਣ ਲਈ ਉਨ੍ਹਾਂ ਨੇ ਮਿਰਚਾਂ ਦੇ ਖੇਤ ਵਿਚ ਇੱਕ ਵੱਟ ਉਤੇ ਆਪਣੇ ਅੱਠ ਮਹੀਨੇ ਦਾ ਪੁੱਤ ਲਿਟਾ ਦਿੱਤਾ ਅਤੇ ਆਪ ਬਚਦੇ ਬਚਾਉਂਦੇ ਦਰਿਆ ਪਾਰ ਕਰ ਕੇ ਲਾਹੌਰ ਮੇਰੇ ਮਾਮੂ ਐਮ.ਆਰ. ਸ਼ਰੀਫ਼ ਦੇ ਘਰ ਪਹੁੰਚ ਗਏ। ਉਹ ਕਹਿੰਦੇ ਹੁੰਦੇ ਨੇ ਨਾ ਕਿ ਆਪਣੀ ਜਾਨ ਬਚਾਉਣ ਲਈ ਮਾਂਵਾਂ ਨੇ ਉਦੋਂ ਪੁੱਤ ਨਹੀਂ ਸਨ ਸੰਭਾਲੇ। ਇਹਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ!"

ਉਹਦੀ ਗੱਲ ਸੁਣ ਕੇ ਮੈਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਮੁਬੀਨਾ ਕਿ ਸੁਕੀਨਾ' ਦਾ ਦ੍ਰਿਸ਼ ਯਾਦ ਹੋ ਆਇਆ ਜਿਸ ਵਿਚ ਇੰਜ ਹੀ ਇੱਕ ਮੁਸਲਮਾਨ ਜੋੜਾ ਆਪਣੀ ਅੱਠ-ਨੌਂ ਮਹੀਨੇ ਦੀ ਬੱਚੀ ਨੂੰ ਖੇਤਾਂ ਵਿਚ ਛੱਡ ਕੇ ਦੌੜ ਗਿਆ ਸੀ। ਪਿੱਛੋਂ ਇਹ ਰੋਂਦੀ ਹੋਈ ਬੱਚੀ ਬੇਔਲਾਦ ਚੰਗੜ੍ਹ ਦੀ ਨਜ਼ਰੀਂ ਪੈ ਗਈ। ਉਹ ਉਹਨੂੰ ਚੁੱਕ ਕੇ ਘਰ ਲੈ ਆਇਆ ਜਿਸ ਨੂੰ ਚੰਗੜ੍ਹੀ ਨੇ ਆਪਣੀ ਛਾਤੀ ਨਾਲ ਲਾ ਲਿਆ ਅਤੇ ਉਹਨੂੰ ਉਹ ਆਪਣੀ ਧੀ ਬਣਾ ਕੇ ਪਾਕਿਸਤਾਨ ਲੈ ਆਏ। ਕਹਾਣੀ ਦੇ ਪਾਤਰ ਕਿਤੇ ਉਹਦੇ ਮਾਸੀ ਤੇ ਮਾਸੜ ਹੀ ਤਾਂ ਨਹੀਂ ਸਨ!

ਸਰਦਾਰ ਅਹਿਮਦ ਦੱਸ ਰਿਹਾ ਸੀ, "ਮਾਸੀ ਆਪਣੇ ਪੁੱਤ ਨੂੰ ਛੱਡ ਤਾਂ ਆਈ ਤੇ ਆਪਣੀ ਜਾਨ ਵੀ ਬਚਾ ਲਿਆਈ ਪਰ ਹੁਣ ਹਰ ਵੇਲੇ ਧਾਹਾਂ ਮਾਰਿਆ ਕਰੇ, ਦੁਹੱਥੜੀਂ ਪਿੱਟਿਆ ਕਰੇ। ਵਿਰਲਾਪ ਕਰੇ ਤੇ ਵਾਰ-ਵਾਰ ਆਪਣੇ ਪੁੱਤ ਦਾ ਨਾਮ ਲੈ ਲੈ ਕੇ ਕੀਰਨੇ ਪਾਵੇ। ਉਹਨੂੰ ਗਸ਼ਾਂ ਪੈ-ਪੈ ਜਾਣ। ਉਹਦੇ ਦੁੱਖ ਵੱਲ ਵੇਖ ਕੇ ਕੰਧਾਂ ਵੀ ਰੋਂਦੀਆਂ ਲੱਗਦੀਆਂ। ਆਪਣੇ ਵਾਲ ਖੋਂਹਦੀ ਉਹ ਆਖਦੀ, "ਮੈਂ ਪੁੱਤ ਨਾਲੋਂ ਜਾਨ ਪਿਆਰੀ ਕਿਉਂ ਕਰ ਲਈ! ਯਾ ਅੱਲਾ, ਮੈਂ ਉਥੇ ਮਰ ਕਿਓਂ ਨਾ ਗਈ! ਮੈਂ ਮਾਂ ਨਹੀਂ, ਡੈਣ ਆਂ। ਡੈਣ ਆਂ ਮੈਂ, ਮਾਂ ਨਹੀਂ। ਵੇ ਜਾਓ, ਮੇਰਾ ਲਾਲ ਲੱਭ ਕੇ ਲਿਆ ਦਿਓ ਕਿਤਿਓਂ!" ਉਹ ਛਾਤੀ 'ਤੇ ਹੱਥ ਮਾਰਦੀ, ਸਿਰ ਦੇ ਵਾਲ ਖੋਂਹਦੀ।"

ਗੁਰਬਖ਼ਸ਼ ਸਿੰਘ ਦੀ ਕਹਾਣੀ ਵਿਚ ਵੀ ਮਾਂ ਕੁੱਝ ਇਸ ਤਰ੍ਹਾਂ ਹੀ ਆਖਦੀ ਹੈ, "ਮਾਂ ਨਹੀਂ, ਮੈਂ ਡੈਣ ਹਾਂ-ਮਤੇ ਰੋ ਪਏ-ਮਾਰੇ ਜਾਈਏ-ਮੈਂ ਜਿਉਂਦੀ ਨੂੰ ਸੁੱਟ ਆਈ-ਗਿੱਦੜ ਖਾ ਗਏ ਹੋਣਗੇ-ਘੋੜੀਆਂ ਦੇ ਪੈਰਾਂ ਹੇਠਾਂ ਨਿੱਕੇ ਨਿੱਕੇ ਖ਼ੁਸ਼ਬੂਦਾਰ ਹੱਥ ਚਿੱਥੇ ਗਏ ਹੋਣਗੇ-ਉਹ ਭੁੱਖੀ ਮਰ ਗਈ ਹੋਵੇਗੀ-ਉਹਨੂੰ ਕਿਸ ਦਫ਼ਨਾਇਆ ਹੋਣਾ ਏਂ!"

"ਮਾਸੜ ਸਾਡਾ ਕਮਲਿਆਂ ਵਾਂਗ ਡੌਰ ਭੌਰ ਹੋਇਆ ਚਾਰ ਚੁਫ਼ੇਰੇ ਖ਼ਿਲਾਅ ਵਿਚ ਵੇਖੀ ਜਾਂਦਾ। ਕਦੀ ਕਦੀ ਸਿਰ ਮਾਰ ਕੇ ਆਖਦਾ, 'ਕੀ ਖੱਟ ਲਿਆ ਆਪਣੀ ਜਾਨ ਬਚਾ ਕੇ! ਹੁਣ ਤਾਂ ਰੋਜ਼ ਮਰਨਾ ਹੈ। ਹਰ ਪਲ ਆਪ, ਆਪਣੀਆਂ ਅੱਖਾਂ ਦੇ ਸਾਹਮਣੇ!' ਸਾਥੋਂ ਉਨ੍ਹਾਂ ਦਾ ਦੁੱਖ ਵੇਖਿਆ ਨਾ ਜਾਂਦਾ। ਅਸੀਂ ਸੋਚਿਆ ਇੱਕ ਕੋਸ਼ਿਸ਼ ਤਾਂ ਕਰ ਕੇ ਵੇਖੀਏ, ਭਾਵੇਂ ਸਾਡੇ ਮਨ ਨੂੰ ਪਤਾ ਸੀ ਕਿ ਇਸ ਕੰਮ ਵਿਚ ਸੌ ਫ਼ੀਸਦੀ ਨਾਉਮੀਦੀ ਹੀ ਹੱਥ ਲੱਗਣੀ ਹੈ। ਫਿਰ ਵੀ ਅਸੀਂ ਪੁੱਛਦੇ ਪੁਛਾਉਂਦੇ, ਇੱਧਰੋਂ ਉਧਰੋਂ ਇੱਕ ਪਿੰਡ ਤੋਂ ਦੂਜੇ ਪਿੰਡ ਹੁੰਦੇ ਹੋਏ ਬਾਰਡਰ ਤੱਕ ਗਏ। ਉਧਰੋਂ ਆਉਣ ਵਾਲੇ ਪਰਿਵਾਰਾਂ ਨੂੰ ਲੱਭ ਲੱਭ ਕੇ ਮਿਲੇ। ਕੁੱਝ ਵੀ ਪੱਲੇ ਨਾ ਪਿਆ। ਅਸੀਂ ਫੌਜ ਦੀ ਹਿਫ਼ਾਜ਼ਤ ਵਿਚ ਟਰੱਕ ਲੈ ਕੇ ਆਪਣੇ ਪਿੰਡ ਵੀ ਗਏ। ਉਥੋਂ ਇੰਨਾ ਤਾਂ ਪਤਾ ਲੱਗ ਗਿਆ ਕਿ ਜਦੋਂ ਚੱਕ ਮਿਸ਼ਰੀ ਖਾਂ 'ਤੇ ਹਮਲਾ ਕਰਨ ਵਾਲੇ ਪਿੰਡ ਨੂੰ ਲੁੱਟ ਪੁੱਟ ਕੇ ਚਲੇ ਗਏ ਤਾਂ ਬਚਦੇ ਬਚਾਉਂਦੇ ਇੱਕ ਚੰਗੜ੍ਹ ਤੇ ਚੰਗੜ੍ਹੀ ਜਦੋਂ ਮਿਰਚਾਂ ਦੀ ਪੈਲੀ ਕੋਲੋਂ ਲੰਘੇ ਤਾਂ ਮਿਰਚਾਂ ਵਿਚ ਪਏ ਮੁੰਡੇ ਦੀ ਰੋਣ ਦੀ ਆਵਾਜ਼ ਉਨ੍ਹਾਂ ਦੇ ਕੰਨੀ ਪਈ। ਰੱਬ ਦੀ ਦਿੱਤੀ ਦਾਤ ਸਮਝ ਕੇ ਚੰਗੜ੍ਹ ਅਤੇ ਚੰਗੜ੍ਹੀ ਨੇ ਉਹਨੂੰ ਚੁੱਕ ਲਿਆ ਸੀ। ਮਾਰਨ ਵਾਲੇ ਨਾਲੋਂ ਰੱਖਣ ਵਾਲੇ ਦੇ ਰਾਹ ਨਿਆਰੇ!"

ਚੰਗੜ੍ਹ ਅਤੇ ਚੰਗੜ੍ਹੀ ਇਹ ਕਹਾਣੀ ਤਾਂ ਐਨ ਗੁਰਬਖ਼ਸ਼ ਸਿੰਘ ਦੀ ਕਹਾਣੀ ਨਾਲ ਮੇਲ ਖਾ ਰਹੀ ਸੀ। ਮੈਂ ਉਹਨੂੰ ਕਿਹਾ, "ਹੋਰ ਵੀ ਦੱਸੋ! ਇਸ ਬਾਰੇ ਤਾਂ ਸ. ਗੁਰਬਖ਼ਸ਼ ਸਿੰਘ ਹੁਰਾਂ ਕਹਾਣੀ ਵੀ ਲਿਖੀ ਸੀ 'ਮੁਬੀਨਾ ਕਿ ਸੁਕੀਨਾ'।"

"ਅੱਛਾ!" ਉਹ ਹੈਰਾਨ ਅਤੇ ਖ਼ੁਸ਼ ਹੋਇਆ।

"ਲਓ ਜੀ, ਹੁਣ ਅਸੀਂ ਚੰਗੜ੍ਹ ਅਤੇ ਚੰਗੜ੍ਹੀ ਦੀ ਤਲਾਸ਼ ਸ਼ੁਰੂ ਕੀਤੀ। ਇਹ ਤਾਂ ਪਤਾ ਲੱਗ ਗਿਆ ਕਿ ਉਹ ਮੁੰਡੇ ਨੂੰ ਚੱਕ ਮਿਸ਼ਰੀ ਖਾਂ ਤੋਂ ਆਪਣੇ ਨਾਲ ਲੈ ਆਏ ਨੇ ਪਰ ਹੁਣ ਉਨ੍ਹਾਂ ਨੂੰ ਲੱਭੀਏ ਕਿਵੇਂ? ਪਤਾ ਨਹੀਂ ਉਹ ਵੀ ਜਿਉਂਦੇ ਪਹੁੰਚੇ ਸਨ ਕਿ ਨਹੀਂ! ਜੇ ਬਚ ਵੀ ਗਏ ਹੋਏ ਤਾਂ ਪਤਾ ਨਹੀਂ ਕਿੱਥੇ ਹੋਣਗੇ? ਕਿਹੜੇ ਸ਼ਹਿਰ? ਕਿਹੜੇ ਪਿੰਡ? ਉਜੜ ਪੁੱਜੜ ਕੇ ਆਏ ਲੱਖਾਂ ਲੋਕ ਇਧਰ ਉਧਰ ਸਿਰ ਲੁਕਾਉਂਦੇ ਫਿਰਦੇ ਸਨ ਪਰ ਸਾਨੂੰ ਆਸ ਬੱਝ ਗਈ ਕਿ ਜੇ ਰੱਬ ਨੇ ਮੁੰਡੇ ਦੇ ਬਚਣ ਦੀ ਸੂਹ ਦੇ ਦਿੱਤੀ ਹੈ ਤਾਂ ਉਹ ਹੁਣ ਉਹਨੂੰ ਲਭਾ ਵੀ ਜ਼ਰੂਰ ਦੇਵੇਗਾ। ਇਸ ਸਾਰੀ ਮੁਹਿੰਮ ਵਿਚ ਮੈਂ ਅੱਗੇ ਅੱਗੇ ਸਾਂ। ਮਾਸੀ ਮਾਸੜ ਵਿਚਾਰੇ ਤਾਂ ਉਠ ਕੇ ਤੁਰਨ ਜੋਗੇ ਨਹੀਂ ਸਨ ਰਹਿ ਗਏ। ਹਰ ਵੇਲੇ ਗੁਨਾਹ ਦੇ ਪਹਾੜ ਹੇਠਾਂ ਦੱਬੇ ਆਪਣੀ ਕਿਸਮਤ ਨੂੰ ਕੋਸਦੇ ਰਹਿੰਦੇ। ਅਸੀਂ ਸਵੇਰੇ ਸੂਰਜ ਚੜ੍ਹਦਿਆਂ ਨਿਕਲ ਤੁਰਦੇ ਅਤੇ ਸੋਤੇ ਪਏ ਵਾਪਸ ਪਰਤਦੇ। ਮਾਸੀ ਬਰੂਹਾਂ 'ਚ ਬੈਠੀ ਉਡੀਕ ਰਹੀ ਹੁੰਦੀ, "ਵੇ ਦੱਸੋ ਮੈਨੂੰ ਮੇਰੇ ਲਾਲ ਦੀ ਕੋਈ ਖ਼ਬਰ!" ਉਹ ਵਿਰੜ੍ਹੇ ਕਰਦੀ।"

"ਲੱਭਦਿਆਂ ਕਰਦਿਆਂ ਪਤਾ ਲੱਗਾ ਕਿ ਚੰਗੜ੍ਹ ਤੇ ਚੰਗੜ੍ਹੀ ਫਤਹਿਗੜ੍ਹ ਆ ਕੇ ਠਹਿਰੇ ਨੇ। ਅਸੀਂ ਉਥੇ ਗਏ। ਪਤਾ ਲੱਗਾ, ਉਹ ਤਾਂ ਕੁੱਝ ਦਿਨ ਪਹਿਲਾਂ ਹੀ ਇਹ ਥਾਂ ਛੱਡ ਗਏ ਨੇ। ਫ਼ਿਰ ਪਤਾ ਲੱਗਾ; ਉਹ ਸ਼ਾਹਦਰੇ ਚਲੇ ਗਏ ਨੇ। ਅਸੀਂ ਹਿੰਮਤ ਨਾ ਹਾਰੀ। ਲਓ ਜੀ, ਅਸੀਂ ਲੱਭਦਿਆਂ ਲੱਭਦਿਆਂ ਉਨ੍ਹਾਂ ਨੂੰ ਸ਼ਾਹਦਰਿਓਂ ਜਾ ਲੱਭਾ। ਮੈਂ ਆਪ ਉਸ ਵੇਲੇ ਨਾਲ ਸਾਂ। ਅਸੀਂ ਸ਼ਾਹਦਰੇ ਚੰਗੜ੍ਹ ਅਤੇ ਚੰਗੜ੍ਹੀ ਕੋਲ ਗਏ ਤਾਂ ਉਹ ਤਾਂ ਜੀ ਸਾਨੂੰ ਪੱਲਾ ਨਾ ਫੜਾਉਣ। ਆਖਣ ਇਹ ਤਾਂ ਸਾਡਾ ਮੁੰਡਾ ਹੈ। ਉਨ੍ਹਾਂ ਦਾ ਮੁੰਡੇ ਨਾਲ ਮੋਹ ਪੈ ਗਿਆ ਸੀ। ਉਂਜ ਵੀ ਬੇਔਲਾਦ ਸਨ। ਉਹ ਰੱਬ ਦੀ ਦਿੱਤੀ ਦੌਲਤ ਸਮਝ ਕੇ ਉਹਨੂੰ ਆਪਣੇ ਕੋਲ ਰੱਖਣਾ ਚਾਹੁੰਦੇ ਸਨ। ਉਹ ਕਹਿਣ ਲੱਗੇ, ਇਹ ਮੁੰਡਾ ਤੁਹਾਡਾ ਹੈ ਹੀ ਨਹੀਂ। ਤੁਹਾਡਾ ਹੈ ਤਾਂ ਉਹਦੀ ਕੋਈ ਪਛਾਣ ਦੱਸੋ। ਅਸੀਂ ਆਖਿਆ, "ਤੁਸੀਂ ਮੁੰਡਾ ਫੜਾਓ। ਅਸੀਂ ਝੱਟ ਪਛਾਣ ਕੇ ਦੱਸ ਦਿੰਦੇ ਹਾਂ। ਉਹਦਾ ਧੁੰਨ ਬਾਹਰ ਨਿਕਲਿਆ ਹੋਇਆ ਹੈ।" ਉਨ੍ਹਾਂ ਦੇ ਤਾਂ ਚਿਹਰੇ ਦਾ ਰੰਗ ਉਡ ਗਿਆ। ਅਸੀਂ ਪੁਲਿਸ ਨਾਲ ਲੈ ਕੇ ਗਏ ਸਾਂ। ਮਾਸੀ ਮਾਸੜ ਤਾਂ ਨਾਲ ਨਹੀਂ ਸਨ ਪਰ ਅਸੀਂ ਧੁੰਨ ਤੋਂ ਮੁੰਡਾ ਪਛਾਣ ਲਿਆ ਪਰ ਉਹ ਤਾਂ ਦੋਵੇਂ ਜੀਅ ਅੜ ਖਲੋਤੇ। ਮੁੰਡਾ ਸਾਨੂੰ ਦੇਣ ਹੀ ਨਾ। ਚੰਗੜ੍ਹੀ ਰੋਈ ਜਾਵੇ। ਆਖੇ-ਮੈਂ ਕਿਵੇਂ ਦੇ ਦਿਆਂ ਆਪਣਾ ਲਾਲ ਤੁਹਾਨੂੰ'!"

ਸਾਰੀ ਕਹਾਣੀ 'ਮੁਬੀਨਾ ਕਿ ਸੁਕੀਨਾ' ਨਾਲ ਹੀ ਮੇਲ ਖਾ ਰਹੀ ਸੀ। ਸਿਰਫ਼ ਕਹਾਣੀ ਵਿਚ ਪਾਤਰ ਮੁੰਡੇ ਦੀ ਥਾਂ ਕੁੜੀ ਨੂੰ ਬਣਾ ਦਿੱਤਾ ਗਿਆ ਸੀ।

"ਥਾਣੇਦਾਰ ਨੇ ਉਨ੍ਹਾਂ ਨੂੰ ਦਬਕਾਇਆ ਅਤੇ ਬਿਗਾਨਾ ਮੁੰਡਾ ਚੁਰਾਉਣ ਦੇ ਜੁਰਮ ਵਿਚ ਉਨ੍ਹਾਂ ਖ਼ਿਲਾਫ਼ ਕੇਸ ਹੋ ਜਾਣ ਦਾ ਡਰਾਵਾ ਦਿੱਤਾ ਤਾਂ ਉਹ ਦਹਿਲ ਗਏ। ਅਸੀਂ ਦੋ ਸੌ ਰੁਪਏ ਇਨਾਮ ਵਜੋਂ ਚੰਗੜ੍ਹ ਅਤੇ ਚੰਗੜ੍ਹੀ ਨੂੰ ਦਿੱਤੇ ਅਤੇ ਮੁੰਡਾ ਲਿਆ ਕੇ ਆਪਣੀ ਮਾਸੀ ਦੀ ਝੋਲੀ ਪਾਇਆ। ਅੱਜਕੱਲ੍ਹ ਉਹੋ ਈ ਮੁੰਡਾ ਮੁਹੰਮਦ ਨਵਾਜ਼ ਪਾਕਿਸਤਾਨ ਸੁਪੀਰੀਅਰ ਸਰਵਿਸ ਵਿਚ ਡਾਕਖਾਨੇ ਦਾ ਡਿਪਟੀ ਪੋਸਟ ਮਾਸਟਰ ਜਨਰਲ ਲੱਗਾ ਹੋਇਆ ਹੈ।"

'ਮੁਬੀਨਾ ਤੇ ਸੁਕੀਨਾ' ਕਹਾਣੀ ਦਾ ਅਸਲ ਮੁੱਖ ਪਾਤਰ ਲੱਭ ਗਿਆ ਸੀ। ਮੈਂ ਉਹਨੂੰ ਪੰਜਾਬੀ ਦੇ ਪਾਠਕਾਂ ਦੇ ਸਨਮੁੱਖ ਲਿਆਉਣਾ ਚਾਹੁੰਦਾ ਸਾਂ।

"ਤੁਸੀਂ ਮੈਨੂੰ ਉਹਦੀ ਫ਼ੋਟੋ ਮੰਗਵਾ ਦਿਓ।"

"ਨਾ, ਮੈਂ ਨਹੀਂ ਉਹਨੂੰ ਫੋਟੋ ਭੇਜਣ ਵਾਸਤੇ ਆਖਣਾ। ਲੜਿਆ ਹੋਇਆਂ ਓਸ ਨਾਲ। ਮੈਂ ਨਹੀਂ ਓਸ ਨਾਲ ਬੋਲਦਾ ਅੱਜਕੱਲ੍ਹ। ਨਰਾਜ਼ ਆਂ ਉਹਦੇ ਨਾਲ।"

ਸਾਰੇ ਉਹਦੀ ਗੱਲ ਸੁਣ ਕੇ ਹੱਸ ਪਏ।

ਜਿਸ ਨੂੰ ਉਹਨੇ ਇੰਨੇ ਵਖ਼ਤਾਂ ਨਾਲ ਲੱਭਿਆ ਸੀ, ਉਸੇ ਨੂੰ ਹੀ ਅੰਦਰਲੀ ਫੋਕੀ ਹਉਮੈ ਨੇ ਦੂਰ ਕਰ ਦਿੱਤਾ ਹੋਇਆ ਸੀ। ਇਹ ਹਉਮੈ ਕੇਡੀ ਭੈੜੀ ਸ਼ੈਅ ਹੈ, ਦੋ ਭਰਾਵਾਂ ਨੂੰ ਅੱਡ ਕਰ ਦਿੰਦੀ ਹੈ। ਉਨ੍ਹਾਂ ਦਾ ਬੋਲਣਾ ਬੰਦ ਕਰਾ ਦਿੰਦੀ ਹੈ। ਉਨ੍ਹਾਂ ਨੂੰ ਦੋ ਘਰਾਂ ਤੇ ਦੋ ਮੁਲਕਾਂ ਵਿਚ ਤਕਸੀਮ ਕਰ ਦਿੰਦੀ ਹੈ। ਇੱਕ ਪਲ ਰੁਕ ਕੇ ਉਹਨੇ ਸਾਹਮਣੇ ਆਣ ਖਲੋਤੇ ਆਪਣੇ ਪੋਤਰੇ ਨੂੰ ਬਾਹਾਂ ਖੋਲ੍ਹ ਕੇ ਕਿਹਾ, "ਆ, ਪਾ ਜੱਫੀ।" ਪੋਤਰਾ ਜੱਫੀ ਪਾਉਣ ਲਈ ਦੌੜਦਾ ਆਇਆ। ਉਹਦੇ ਪਿੱਛੋਂ ਪੋਤਰੀ ਗਲ ਨਾਲ ਆਣ ਚੰਬੜੀ। ਉਹਨੇ ਬਟੂਆ ਕੱਢਿਆ ਅਤੇ ਦੋ ਨੋਟ ਕੱਢ ਕੇ ਵਾਰੀ ਵਾਰੀ ਦੋਹਾਂ ਨੂੰ ਫੜਾਏ।

"ਇਹ ਸਾਡਾ ਜੱਫੀ ਟੈਕਸ ਹੈ।"

ਗੱਲ ਅੱਗੇ ਤੋਰ ਲਈ।

"ਜਦੋਂ ਮੈਂ ਪਹਿਲੀ ਵਾਰ ਵਾਘਾ ਬਾਰਡਰ ਵੇਖਣ ਗਿਆ ਤਾਂ ਮੈਂ ਬੜੀ ਹਸਰਤ ਨਾਲ ਆਪਣੇ ਕਿਸੇ ਅਫ਼ਸਰ ਨੂੰ ਕਿਹਾ, "ਯਾਰ! ਕਿਸੇ ਸਿੱਖ ਨੂੰ ਬੁਲਾ। ਮੇਰਾ ਬੜਾ ਜੀ ਕਰਦੈ ਮਿਲਣ ਨੂੰ। ਉਹ ਇੱਕ ਸਿੱਖ ਕਸਟਮ ਅਫ਼ਸਰ ਨੂੰ ਬੁਲਾ ਕੇ ਲਿਆਇਆ ਤਾਂ ਮੈਂ ਉਹਨੂੰ ਆਪਣੀ ਜੱਫੀ ਵਿਚ ਘੁੱਟ ਲਿਆ। ਘੁੱਟੀ ਰੱਖਿਆ। ਉਸ ਜੱਫੀ 'ਤੇ ਕਿਹੜਾ ਟੈਕਸ ਸੀ!" ਉਹ ਖਿੜਖਿੜਾ ਕੇ ਹੱਸਿਆ।

ਮੈਂ ਸੋਚਣ ਲੱਗਾ; 'ਟੈਕਸ' ਤਾਂ ਸੀ! 'ਟੈਕਸ' ਤਾਂ ਹੈ, ਸਾਡੀਆਂ ਜੱਫੀਆਂ 'ਤੇ! ਇਹ ਹੱਦਾਂ, ਇਹ ਕੰਡੇਦਾਰ ਤਾਰਾਂ, ਇਹ ਵੀਜ਼ੇ, ਇਹ ਲੜਾਈਆਂ, ਇਹ ਲਾਸ਼ਾਂ! ਇਹ ਕਿਉਂ ਖਲੋ ਜਾਂਦੀਆਂ ਨੇ ਇੱਕ ਦੂਜੇ ਨੂੰ ਗਲਵੱਕੜੀ ਪਾਉਣ ਲਈ ਉਠੀਆਂ ਸਾਡੀਆਂ ਬਾਹਾਂ ਦੇ ਦਰਮਿਆਨ!

ਸਰਦਾਰ ਅਹਿਮਦ ਕਹਿ ਰਿਹਾ ਸੀ, "ਉਸ ਦਿਨ ਉਹ ਜੱਫੀ ਪਾ ਕੇ ਮੈਨੂੰ ਲੱਗਾ; ਮੈਂ ਪੂਰੇ ਵੈਰੋਕਿਆਂ ਨੂੰ ਆਪਣੀ ਜੱਫੀ ਵਿਚ ਘੁੱਟ ਲਿਆ ਹੈ! ਮੈਂ ਲੱਖਾ ਸਿੰਘ ਅਤੇ ਸਾਧੂ ਸਿੰਘ ਨੂੰ ਜੱਫੀ ਵਿਚ ਘੁੱਟ ਲਿਆ ਹੈ ਜਿਹੜੇ 1948 ਵਿਚ ਬਾਰਡਰ ਖੁੱਲ੍ਹਣ 'ਤੇ ਸਾਡੇ ਘਰ ਵਿਚ ਪਿਆ ਕੁਰਾਨ ਸ਼ਰੀਫ਼ ਦੋਸ਼ਾਲਿਆਂ ਵਿਚ ਲਪੇਟ ਕੇ ਅਤੇ ਆਪਣੇ ਗਲ ਨਾਲ ਲਾ ਕੇ ਸਾਨੂੰ ਸੌਂਪਣ ਲਈ ਲੈ ਕੇ ਆਏ ਸਨ। ਹੁਣ ਜਦੋਂ ਵੀ ਸਰਹੱਦ ਪਾਰੋਂ ਘੜੂੰਆਂ ਸਾਹਿਬ ਜਾਂ ਤੁਹਾਡੇ ਵਰਗਾ ਕੋਈ ਸੱਜਣ ਆਉਂਦਾ ਹੈ ਤਾਂ ਮੈਨੂੰ ਲੱਗਦਾ ਹੈ ਜਿਵੇਂ ਪਾਕ ਕੁਰਾਨ ਦਾ ਕੋਈ ਹਰਫ਼ ਮੇਰੇ ਅੰਦਰ ਨੂੰ ਰੋਸ਼ਨ ਕਰਨ ਤੁਰਿਆ ਆ ਰਿਹਾ ਹੈ।"

ਵਿਛੜਨ ਲੱਗਿਆਂ ਅਸੀਂ ਜੱਫੀ ਪਾਈ ਤਾਂ ਮੈਨੂੰ ਲੱਗਾ ਜਿਵੇਂ ਕੁਰਾਨੇ-ਪਾਕ ਦੇ ਪਵਿੱਤਰ ਹਰਫ਼ ਰੌਸ਼ਨੀ ਬਣ ਕੇ ਮੇਰੇ ਅੰਦਰ ਵੀ ਘੁਲ ਗਏ ਹੋਣ!

"ਵੈਰੋਕੇ ਨੂੰ ਮੇਰਾ ਸਲਾਮ ਆਖਣਾ।" ਉਹਨੇ ਕਿਹਾ ਤਾਂ ਮੈਨੂੰ ਲੱਗਾ ਲਾਹੌਰ ਵਰਗੇ ਸ਼ਹਿਰ ਵਿਚ ਰਹਿੰਦਾ, ਇੰਨੇ ਵੱਡੇ ਅਹੁਦਿਆਂ ਵਾਲਾ, ਕੋਠੀਆਂ ਵਾਲਾ, ਪੈਸੇ ਵਾਲਾ, ਇੰਨਾ 'ਇੰਨਾ ਰੱਜਿਆ ਪੁੱਜਿਆ' ਵੈਰੋਕਿਆਂ ਦਾ ਪਹਿਲਾ ਆਦਮੀ, ਵੈਰੋਕਿਆਂ ਤੋਂ ਬਿਨਾਂ ਕਿਵੇਂ ਅੱਧਾ ਅਧੂਰਾ, ਖਾਲੀ ਤੇ ਊਣਾ ਸੀ! 'ਪਹਿਲਾ' ਹੋ ਕੇ ਵੀ ਉਹ ਕਿਵੇਂ ਹੁਣ ਤੱਕ 'ਦੂਜਾ' ਬਣ ਕੇ ਜਿਉਂਦਾ ਆ ਰਿਹਾ ਸੀ!

# ਕੀ ਮੈਂ ਔਰਤ ਨਹੀਂ?

*(ਸਫਾ 33 ਦੀ ਬਾਕੀ)*

ਮਸੀਹ ਬਾਰੇ ਸਹੀ ਗੱਲ ਕੀਤੀ ਸੀ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਔਰਤ ਨੂੰ ਨਹੀਂ ਸੀ ਦੁਰਕਾਰਿਆ। ਤੇ ਯਸੂ ਮਸੀਹ ਇਸ ਦੁਨੀਆਂ ਵਿਚ ਕਿਵੇਂ ਆਏ? ਉਸ ਪਰਮਾਤਮਾ ਰਾਹੀਂ ਜਿਸ ਨੇ ਉਨ੍ਹਾਂ ਤੇ ਕਿਰਪਾ ਕੀਤੀ ਤੇ ਇਕ ਔਰਤ ਜਿਸ ਨੇ ਉਨ੍ਹਾਂ ਨੂੰ ਜਨਮ ਦਿੱਤਾ। ਮੈਂ ਹੁਣ ਆਦਮੀਆਂ ਨੂੰ ਪੁਛਦੀ ਆਂ ਕਿ ਇਸ ਸਿਲਸਿਲੇ ਵਿਚ ਆਦਮੀ ਨੇ ਕੀ ਕੀਤਾ? ਕੋਈ ਹੈ ਜਵਾਬ? ਕੀ ਮੈਂ ਔਰਤ ਨਹੀਂ? ਮੇਰੇ ਤੇਰਾਂ ਨਿਆਣੇ ਹੋਏ। ਸਾਰਿਆਂ ਨੂੰ ਮੈਂ ਵਾਰੀ ਵਾਰੀ ਗੁਲਾਮਾਂ ਦੀ ਮੰਡੀ ਵਿਚ ਇਕ ਇਕ ਕਰਕੇ ਵਿਕਦਾ ਦੇਖਦੀ ਰਹੀ। ਤੇ ਜਦੋਂ ਮੇਰੀ ਮਮਤਾ ਲਹੂ ਦੇ ਹੰਝੂ ਰੋਈ ਤਾਂ ਕਿਸੇ ਨੇ ਮੇਰੀ ਫਰਿਆਦ ਨਾ ਸੁਣੀ, ਸਿਰਫ ਯਸੂ ਮਸੀਹ ਹੀ ਸੀ ਮੇਰੇ ਦੁੱਖ ਸੁਣਨ ਵਾਲਾ। ਕੀ ਮੈਂ ਔਰਤ ਨਹੀਂ?

ਫੇਰ ਆਹ ਟੁੱਟ ਪੈਣਾ ਕੀ ਆਖਦੇ ਐ ਇਹਨੂੰ (ਸਿਰ ਨੂੰ ਹੱਥ ਲਾਉਂਦਿਆਂ, ਕਿਸੇ ਨੇ ਭੀੜ ਵਿਚੋਂ ਕਿਹਾ, ਸਮਝ?) ਹਾਂ, ਓਹੀ ਸਮਝ। ਇਹ ਸਮਝ ਦਾ ਭਲਾ ਔਰਤਾਂ ਦੇ ਹੱਕਾਂ ਨਾਲ ਕੀ ਸਬੰਧ ਐ ਜਾਂ ਕਾਲੇ ਲੋਕ-ਹੱਕਾਂ ਨਾਲ ਕੀ ਸਬੰਧ ਐ? ਕੀ ਸਾਡੇ ਵਰਗਿਆਂ ਨੂੰ ਅੱਧੇ ਕੁ ਸਮਝਦਾਰ ਹੋਣ ਦਾ ਵੀ ਹੱਕ ਨਹੀਂ?

ਫੇਰ ਔਹ ਦੇਖੋ ਸਾਹਮਣੇ ਬੈਠਾ ਨਿਕਚੂ ਜਿਹਾ ਬੰਦਾ, ਕਹਿੰਦੈ ਔਰਤਾਂ ਨੂੰ ਆਦਮੀਆਂ ਤੋਂ ਵੱਧ ਹੱਕ ਨਹੀਂ ਮਿਲਣੇ ਚਾਹੀਦੇ ਕਿਉਂਕਿ ਯਸੂ ਮਸੀਹ ਇਕ ਔਰਤ ਨਹੀਂ ਸੀ। ਇਹ ਕੋਈ ਗੱਲ ਬਣੀ?

ਰੱਬ ਨੇ ਜਿਹੜੀ ਪਹਿਲੀ ਔਰਤ ਬਣਾਈ, ਜਿਵੇਂ ਤੁਸੀਂ ਆਖਦੇ ਓਂ ਕਿ ਉਹਨੇ ਦੁਨੀਆਂ ਪੁੱਠੀ ਕਰਕੇ ਰੱਖ ਦਿੱਤੀ ਸੀ। ਕੀ ਉਹ ਕੱਲੀ ਨੇ ਈ ਦੁਨੀਆਂ ਪੁੱਠੀ ਕਰ ਦਿੱਤੀ ਸੀ? ਜੇ ਇਹ ਗੱਲ ਸਹੀ ਐ ਤਾਂ ਅਸੀਂ ਸਾਰੀਆਂ ਔਰਤਾਂ ਮਿਲ ਕੇ ਇਹਨੂੰ ਮੁੜ ਕੇ ਸਿੱਧੀ ਕਰ ਲਵਾਂਗੀਆਂ। ਤੇ ਇਹ ਗੱਲ ਅਸੀਂ ਹੁਣ ਆਖ ਰਹੀਆਂ ਹਾਂ ਤੇ ਆਦਮੀਆਂ ਨੂੰ ਬੰਦੇ ਬਣ ਕੇ ਸਾਨੂੰ ਇਹ ਕੰਮ ਕਰ ਲੈਣ ਦੇਣਾ ਚਾਹੀਦੈ। ਮੈਂ ਤੁਹਾਡਾ ਧੰਨਵਾਦ ਕਰਦੀ ਆਂ ਕਿ ਤੁਸੀਂ ਮੇਰੀ ਗੱਲ ਸੁਣੀ। ਹੁਣ ਇਸ ਬੁੱਢੀ ਸਜੋਰਨਰ ਕੋਲ ਕਹਿਣ ਲਈ ਹੋਰ ਕੁਝ ਵੀ ਨਹੀਂ। ਚੰਗਾ, ਫੇਰ ਮਿਲਾਂਗੇ।'

***ਆਪਣਾ ਮਨ ਪਸੰਦ ਅਖਬਾਰ ਪੰਜਾਬ ਟਾਈਮਜ਼ ਵੈਬ ਸਾਈਟ 'ਤੇ ਪੜ੍ਹਨ ਲਈ ਕਲਿਕ ਕਰੋ: www.punjabtimesusa.com***

# ਕਾਰਗਿਲ ਦੀ ਜੰਗ ਤਾਂ ਮੁੱਕ ਗਈ ਸੀ...

*(ਸਫਾ 31 ਦੀ ਬਾਕੀ)*

ਮਨਪ੍ਰੀਤ ਇੰਨੀ ਮਿੱਠੀ ਬਣ ਗਈ ਕਿ ਅਸੀਂ ਭੁੱਲ ਹੀ ਗਏ ਕਿ ਚਲਾਕੀ ਦਾ ਸ਼ੀਸ਼ਾ ਲੋਕ ਵੇਖਦੇ ਕਿਵੇਂ। ਫੌਜ ਨੇ ਲੱਖਾਂ ਰੁਪਏ ਸ਼ਹੀਦ ਪੁੱਤ ਲਈ ਦਿੱਤੇ। ਅਸੀਂ ਕਿਹਾ, ਮਨਪ੍ਰੀਤ ਤੂੰ ਹੀ ਸਾਂਭ, ਕਿਉਂਕਿ ਸਭ ਕੁਝ ਮਿਲਦਾ ਉਹਦੇ ਨਾਂ 'ਤੇ ਸੀ...ਫਿਰ ਪੰਜਾਬ ਸਰਕਾਰ ਨੇ ਕਈ ਲੱਖ ਦਿੱਤੇ ਤੇ ਚਾਰ ਮਹੀਨੇ ਪਹਿਲਾਂ ਜਦੋਂ ਪੁੱਤ ਕਰ ਕੇ ਨੂੰਹ ਨੂੰ ਸਰਕਾਰੀ ਨੌਕਰੀ ਮਿਲੀ ਤਾਂ ਉਹਦਾ ਧਰਮੀ ਬਾਬਲ ਬਹਾਨੇ ਨਾਲ ਲੈ ਗਿਆ ਤੇ ਦੋ ਕੁ ਮਹੀਨੇ ਪਿੱਛੋਂ ਸਾਨੂੰ ਦੱਸ ਗਿਆ, ਧੀ ਦਾ ਚਿਹਰਾ ਵੇਖ ਨਹੀਂ ਹੁੰਦਾ ਸੀ...ਲੋਕ ਕਹਿਣਗੇ ਪੈਸੇ ਦੇ ਲਾਲਚੀ ਹੋ ਗਏ, ਤਾਂ ਨ੍ਹੀਂ ਵਿਆਉਂਦੇ ਧੀ ਨੂੰ। ਇਸ ਲਈ ਗੁੱਸਾ ਨਾ ਕਰਿਓ, ਮਜਬੂਰੀ ਨਾਲ ਧੀ ਦੇ ਹੱਥ ਦੁਬਾਰਾ ਪੀਲ ਕਰਨੇ ਪੈ ਗਏ।'

'...ਤੇ ਜਨਾਬ, ਲੰਕਾ ਦੂਜੀ ਵਾਰ ਤਾਂ ਨਹੀਂ ਸੀ ਲੁੱਟੀ ਗਈ?'

...ਤੇ ਉਹ ਫੌਜੀ ਅਫਸਰ ਬੁੱਢੇ ਜੋੜੇ ਦੇ ਵੈਣ ਸੁਣ ਕੇ ਸੋਚਦਾ ਸੀ, ਜਿਵੇਂ ਸ਼ਹੀਦ ਦੀ ਮਕਾਣੇ ਆ ਗਿਆ ਹੋਵਾਂ।

ਭਾਗੂ ਤੇ ਕੁਸ਼ੱਲਿਆ ਦੀਆਂ ਅੱਡੀਆਂ ਸਵਾਲੀਆ ਨਜ਼ਰਾਂ ਦਾ ਫੌਜੀ ਕੋਲ ਵੀ ਜਵਾਬ ਨਹੀਂ ਸੀ।

ਫੌਜੀ ਦੀ ਜੀਪ ਚਲੇ ਜਾਣ ਪਿੱਛੋਂ ਫਿਰ ਕੋਈ ਗੱਡੀ ਨਾ ਗੁਜ਼ਰੀ ਤੇ ਜਿਵੇਂ ਇਹ ਫੌਜੀ ਤੇ ਜੀਪ ਉਨ੍ਹਾਂ ਦੋਹਾਂ ਦੇ ਦੁੱਖਾਂ ਦੀ ਟਕਸਾਲ ਦਾ ਬੂਹਾ ਖੋਲ੍ਹ ਕੇ ਚਾਬੀ ਤੇ ਜਿੰਦਰਾ ਨਾਲ ਲੈ ਗਿਆ ਹੋਵੇ।

# ਅਣਥੱਕ ਆਜ਼ਾਦੀ ਘੁਲਾਟੀਆ ਗਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ

ਕੋਟਿ ਕੋਟਿ ਪ੍ਰਣਾਮ ਸੰਗਰਾਮੀਆਂ ਵੇ,
ਸਾਡੀ ਕਰੀਂ ਸਲਾਮ ਕਬੂਲ ਅੜਿਆ।

ਦੇਸ਼ ਭਗਤੀ, ਕੁਰਬਾਨੀ ਕਿਸੇ ਖਿੱਤੇ, ਧਰਮ, ਜਾਤ, ਰੰਗ, ਨਸਲ ਅਤੇ ਲਹੂ ਦੀ ਕਿਸੇ ਖਾਸ ਕਲਾਸ ਨਾਲ ਬੱਝੀ ਹੋਈ ਨਹੀਂ ਹੁੰਦੀ। ਜ਼ਿੰਦਗੀ ਦੀਆਂ ਲੋੜਾਂ ਹੀ ਇਨਸਾਨ ਨੂੰ ਸਮੇਂ ਦਾ ਹਾਣੀ ਬਣਨ ਲਈ ਪ੍ਰੇਰਦੀਆਂ ਹਨ। ਸਮਾਜ ਵਿਚ ਇੱਜ਼ਤ ਮਾਣ ਦੀ ਜ਼ਿੰਦਗੀ ਜੀਣਾ ਹਰ ਬੰਦੇ ਦੀ ਕੁਦਰਤੀ ਖਾਹਿਸ਼ ਹੁੰਦੀ ਹੈ। ਅੱਜ ਮੈਂ ਉਸ ਦੇਸ਼ ਭਗਤ ਦੀ ਗੱਲ ਕਰਨ ਲੱਗਾ ਹਾਂ



ਕਿਰਪਾਲ ਸਿੰਘ ਸੰਧੂ
ਫੋਨ:559-259-4844

ਜਿਹੜਾ ਜਲਾਲਦੀਵਾਲ ਦਾ ਬਾਬਾ ਦੁੱਲਾ ਸਿੰਘ ਗਦਰੀ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਤਹਿਸੀਲ ਬਰਨਾਲਾ ਜ਼ਿਲ੍ਹਾ ਸੰਗਰੂਰ ਦੇ ਪਿੰਡ ਜਲਾਲਦੀਵਾਲ ਵਿਚ ਸ. ਹਜ਼ਾਰਾ ਸਿੰਘ ਦੇ ਘਰ 1884 ਵਿਚ ਦੁੱਲਾ ਸਿੰਘ ਦਾ ਜਨਮ ਹੋਇਆ। ਘਰੇਲੂ ਹਾਲਾਤ ਆਮ ਸਾਧਾਰਨ ਕਿਸਾਨ ਵਰਗੇ ਸਨ। ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਖੇਤੀ ਵਿਚ ਹੱਥ ਪਵਾਉਣ ਲੱਗ ਪਏ। ਚੜ੍ਹਦੀ ਜਵਾਨੀ ਵਿਚ ਸਾਦਾ ਖੁਰਾਕ, ਸਾਦਾ ਲਿਬਾਸ, ਸੱਚਾ ਸੁੱਚਾ, ਇਖਲਾਕ 'ਤੇ ਪਹਿਰਾ ਦੇਣ ਦੇ ਵਿਚਾਰਵਾਨ ਹੋਣ ਕਰ ਕੇ ਹਾਣੀਆਂ ਤੋਂ ਵੱਡੇ ਵੀ ਦੁੱਲਾ ਸਿੰਘ ਨੂੰ ਇੱਜ਼ਤ ਦੀ ਨਿਗ੍ਹਾ ਨਾਲ ਦੇਖਦੇ ਸਨ। ਵਿਦੇਸ਼ਾਂ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰ ਕੇ ਘਰੇਲੂ ਹਾਲਤ ਸੁਧਾਰਨ ਦੇ ਮੰਤਵ ਨਾਲ ਆਪਣੇ ਮਾਂ ਬਾਪ ਨਾਲ ਸਲਾਹ ਮਸ਼ਵਰਾ ਕਰਨ ਲੱਗੇ। ਇਸੇ ਦੌਰਾਨ 9 ਸਤੰਬਰ 1923 ਨੂੰ ਨਾਭਾ ਦਿਵਸ ਦੇ ਰੂਪ ਵਿਚ ਦਿਨ ਮਨਾਉਣ ਕਰ ਕੇ ਗੁਰੂਘਰ ਵਿਚ ਰੱਖੇ ਅਖੰਡ ਪਾਠ ਸਮੇਂ ਪੁਲਿਸ ਨੇ ਵਿਘਨ ਪਾਇਆ। ਇਸ ਤੋਂ ਬਾਅਦ ਇਸ ਖਿਲਾਫ ਉਠੀ ਕਾਂਗ ਮੋਰਚੇ ਦਾ ਰੂਪ ਧਾਰ ਗਈ। ਦੁੱਲਾ ਸਿੰਘ ਨੇ ਵੀ ਇਸ ਮੋਰਚੇ ਵਿਚ ਯੋਗਦਾਨ ਪਾਇਆ। ਨਾਲੇ ਸਦਾ ਲਈ ਸਿੱਖੀ ਸਰੂਪ ਵਿਚ ਰਹਿਣ ਦਾ ਮਨ ਬਣਾਇਆ। ਇਹ ਮੋਰਚਾ ਜੈਤੋ ਦੇ ਮੋਰਚੇ ਵਜੋਂ ਦੇਸ਼ ਭਰ ਵਿਚ ਪ੍ਰਸਿੱਧ ਹੋਇਆ। ਇਸ ਮੋਰਚੇ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਗ੍ਰਿਫਤਾਰੀ ਦਿੱਤੀ ਸੀ। ਆਖਰ ਸਰਕਾਰ ਨੂੰ ਝੁਕਣਾ ਪਿਆ। ਲੋਕਾਂ ਦੀ ਜਿੱਤ ਹੋਈ। ਮਹਾਤਮਾ ਗਾਂਧੀ ਨੇ ਵੀ ਇਸ ਮੋਰਚੇ ਨੂੰ ਬ੍ਰਿਟਿਸ਼ ਸਰਕਾਰ ਖਿਲਾਫ ਹਿੰਦੁਸਤਾਨ ਦੀ ਆਜ਼ਾਦੀ ਦੇ ਘੋਲ ਦੀ ਪਹਿਲੀ ਜਿੱਤ ਕਰਾਰ ਦਿੱਤਾ ਸੀ। ਦੁੱਲਾ ਸਿੰਘ ਦੀ ਅੰਗਰੇਜ਼ ਸਰਕਾਰ ਖਿਲਾਫ ਸ਼ੁਰੂਆਤ ਇਸ ਮੋਰਚੇ ਤੋਂ ਹੀ ਹੋਈ ਸੀ।


ਹਿੰਦੋਸਤਾਨ ਦੇ ਮੁੱਢਲੇ ਇਤਿਹਾਸ ਦੀ ਜਾਣਕਾਰੀ ਰਿਗਵੇਦ ਤੋਂ ਵੀ ਪ੍ਰਾਪਤ ਹੁੰਦੀ ਹੈ ਅਤੇ ਹਿਊਨਸਾਂਗ ਤੇ ਮੰਗਸਤਨੀਜ਼ ਦੀਆਂ ਲਿਖਤਾਂ ਤੋਂ ਵੀ। ਕੁਦਰਤੀ ਸੋਮਿਆਂ, ਪੌਣ ਪਾਣੀ ਦਾ ਅਨੁਭਵ ਹੋਣ ਕਰ ਕੇ ਖੁੱਲ੍ਹੇ ਡੁੱਲ੍ਹੇ ਪਹਾੜ ਤੇ ਮੈਦਾਨਾਂ ਵਿਚ ਲੋਕ ਪਸ਼ੂ ਪਾਲਣ ਤੋਂ ਸ਼ੁਰੂ ਹੋ ਕੇ ਮੁੱਖ ਕਿੱਤਾ ਖੇਤੀਬਾੜੀ ਅਪਨਾ ਚੁੱਕੇ ਸਨ। ਵਪਾਰ ਖੁਸ਼ਕ ਰਸਤੇ ਗੁਆਂਢੀ ਮੁਲਕਾਂ ਤੋਂ ਸ਼ੁਰੂ ਹੋ ਕੇ ਮਿਸਰ ਤੱਕ ਹੁੰਦਾ। ਬੱਚਿਆਂ ਦੇ ਪੜ੍ਹਨ ਲਈ ਨਾਲੰਦਾ, ਬਨਾਰਸ, ਟੈਕਸਲਾ ਯੂਨੀਵਰਸਿਟੀਆਂ ਸਨ। ਗੁਆਂਢੀ ਦੇਸ਼ਾਂ ਤੋਂ ਵੀ ਬੱਚੇ ਉਥੇ ਪੜ੍ਹਨ ਆਉਂਦੇ ਸਨ। ਚੋਰੀ ਅਤੇ ਇਖਲਾਕੀ ਗਿਰਾਵਟ ਦਾ ਨਾਂ ਨਿਸ਼ਾਨ ਨਹੀਂ ਸੀ। ਲੋਕ ਆਪਣੇ ਘਰਾਂ ਨੂੰ ਤਾਲੇ ਨਹੀਂ ਸਨ ਲਾਉਂਦੇ। ਔਰਤਾਂ ਦੀ ਬੜੀ ਇੱਜ਼ਤ ਸੀ। ਇਹ ਲੋਕ ਕਿਸੇ ਗੁਆਂਢੀ ਮੁਲਕ 'ਤੇ ਹਮਲਾ ਕਰਨਾ ਜਾਂ ਕਿਸੇ ਬੰਦੇ ਨੂੰ ਆਪਣੇ ਅਧੀਨ ਰੱਖਣਾ ਪਾਪ ਸਮਝਦੇ ਸਨ। ਲੋਕ ਖੁਸ਼ਹਾਲ ਸਨ। ਇਨ੍ਹਾਂ ਗੁਣਾਂ ਕਰ ਕੇ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ।

ਮਨੁੱਖ ਕਬੀਲਿਆਂ, ਪੱਥਰ ਤੇ ਧਾਤ ਦੇ ਜ਼ਮਾਨੇ, ਗੁਲਾਮਦਾਰੀ, ਜਗੀਰਦਾਰੀ ਤੋਂ ਹੁੰਦਾ ਹੋਇਆ ਸਰਮਾਏਦਾਰੀ ਯੁੱਗ ਵੱਲ ਪੈਰ ਵਧਾਉਣ ਲੱਗਾ। ਨਵੀਆਂ ਖੋਜਾਂ ਤੇ ਕਾਢਾਂ ਦੇ ਜਨਮ ਨਾਲ ਵੀ ਮਨੁੱਖ ਦੀ ਸਰਮਾਏ ਵੱਲ ਰੁਚੀ ਵਧਣ ਲੱਗੀ। ਇਹ ਮੰਡੀਆਂ ਤਲਾਸ਼ਣ ਲੱਗਾ। ਹਿੰਦੁਸਤਾਨ ਦੇ ਵਪਾਰ ਅਤੇ ਧਨ-ਦੌਲਤ ਨਾਲ ਮਾਲਾ ਮਾਲ ਹੋਣ ਦੀਆਂ ਖ਼ਬਰਾਂ ਹੌਲੀ-ਹੌਲੀ ਦੂਰ ਨੇੜੇ ਦੇ ਦੇਸ਼ਾਂ ਵਿਚ ਅੱਪੜ ਚੁੱਕੀਆਂ ਸਨ। ਪੁਰਤਗਾਲੀ, ਫਰਾਂਸੀਸੀ, ਇੰਗਲੈਂਡ ਵਾਲੇ ਪਾਣੀਆਂ ਰਾਹੀਂ ਵਪਾਰ ਕਰਨ ਲਈ ਆਉਣੇ ਸ਼ੁਰੂ ਹੋਏ। ਇੰਗਲੈਂਡ ਦੇ ਧਨੀ ਲੋਕਾਂ ਨੇ ਈਸਟ ਇੰਡੀਆ ਕੰਪਨੀ ਬਣਾਈ। ਉਹ ਸੰਨ 1600 ਦੇ ਨੇੜੇ-ਤੇੜੇ ਜਹਾਂਗੀਰ ਬਾਦਸ਼ਾਹ ਵੇਲੇ ਪਹਿਲਾਂ ਕੋਲਕਾਤਾ ਆਏ, ਫਿਰ ਆਪਣੀ ਕੂਟਨੀਤੀ ਰਾਹੀਂ ਮੁਲਕ ਵਿਚ ਪੈਰ ਪੱਕੇ ਕਰਨ ਲੱਗ ਪਏ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ 1839 ਹੋਈ। ਇਸ ਤੋਂ ਬਾਅਦ 10 ਫਰਵਰੀ 1848 ਨੂੰ ਸਭਰਾਵਾਂ ਦੀ ਲੜਾਈ ਵਿਚ ਖਾਲਸਾ ਪੰਜਾਬੀ ਫੌਜ ਦੇ ਹਾਰ ਜਾਣ ਤੋਂ ਬਾਅਦ ਇੰਗਲੈਂਡ ਦੀ ਮਹਾਰਾਣੀ ਸਾਰੇ ਭਾਰਤ ਦੀ ਮਾਲਕ ਬਣ ਗਈ। ਬਰਤਾਨੀਆ ਦਾ ਯੂਨੀਅਨ ਜੈਕ ਝੰਡਾ ਸਾਰੇ ਦੇਸ਼ 'ਚ ਝੁਲਾ ਦਿੱਤਾ ਗਿਆ।

ਚਿੱਟੇ ਦਿਨ ਵਿਦੇਸ਼ੀ ਬਰਤਾਨਵੀ ਕੱਚਾ ਮਾਲ ਵਪਾਰੀਆਂ ਰਾਹੀਂ ਖਰੀਦ ਕਰਵਾ ਕੇ ਕਰਾਚੀ ਬੰਦਰਗਾਹ ਤੋਂ ਲੈ ਜਾਂਦੇ। ਇੰਗਲੈਂਡ ਦੇ ਕਾਰਖਾਨਿਆਂ ਵਿਚ ਮਾਲ ਤਿਆਰ ਕਰਵਾ ਕੇ ਵਾਪਸ ਹਿੰਦੁਸਤਾਨ ਪਹੁੰਚਾ ਕੇ ਆਪਣੀ ਮਨ ਮਰਜ਼ੀ ਦੇ ਭਾਅ ਫਰੋਖਤ ਕਰਦੇ। ਇਸ ਤਰ੍ਹਾਂ ਦੋਵੇਂ ਤਰ੍ਹਾਂ ਲੋਕਾਂ ਦੀ ਲੁੱਟ ਕਰਦੇ। ਹਿੰਦੁਸਤਾਨੀ ਕਾਰਖਾਨੇ ਬੰਦ ਹੋਣ ਲੱਗੇ ਤੇ ਸਨਅਤੀ ਮਜ਼ਦੂਰ ਬੇਕਾਰ। 19ਵੀਂ ਸਦੀ ਦੇ ਅਖੀਰਲੇ ਦਹਾਕੇ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ ਸਰਕਾਰ, ਰਜਵਾੜਾਸ਼ਾਹੀ, ਜਗੀਰਦਾਰੀ ਢਾਂਚਾ ਤੇ ਸ਼ਾਹੂਕਾਰਾਂ ਦੀ ਮਿਲੀਭੁਗਤ ਕਰ ਕੇ ਕਿਸਾਨ ਤਨ ਕੱਜਣ ਤੇ ਢਿੱਡ ਭਰਨ ਤੋਂ ਵੀ ਆਪਣੇ ਆਪ ਨੂੰ ਅਸਮਰਥ ਸਮਝਣ ਲੱਗ ਪਿਆ। ਮਜਬੂਰੀਵਸ ਆਪਣੇ ਬੱਚਿਆਂ ਨੂੰ ਬਾਹਰਲੇ ਮੁਲਕਾਂ ਵਿਚ ਮਜ਼ਦੂਰੀ ਕਰਨ ਲਈ ਭੇਜਣ ਲੱਗਾ।

ਘਰ ਦੀ ਗਰੀਬੀ ਤੋਂ ਪਿੱਛਾ ਛਡਾਉਣ ਖਾਤਰ ਦੁੱਲਾ ਸਿੰਘ ਹਾਂਗਕਾਂਗ ਕੁਝ ਸਮਾਂ ਮਜ਼ਦੂਰੀ ਕਰ ਕੇ ਪਨਾਮਾ ਪਹੁੰਚ ਗਿਆ। ਉਥੇ ਕੱਪੜਾ ਵੇਚਣ ਲੱਗਾ ਤੇ ਡਾਲਰ ਵੀ ਖੂਬ ਕਮਾਏ। ਹਿੰਦੋਸਤਾਨੀ ਕਾਮੇ ਜਿਨ੍ਹਾਂ ਵਿਚ ਬਹੁਤੇ ਪੰਜਾਬੀ ਸਨ, ਜਦੋਂ ਅਮਰੀਕਾ, ਕੈਨੇਡਾ ਦੀ ਧਰਤੀ 'ਤੇ ਹੱਡ ਭੰਨਵੀਂ ਮਿਹਨਤ ਕਰ ਕੇ ਕਮਾਈ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਨਸਲੀ ਵਿਤਕਰੇ ਕਰ ਕੇ ਔਕੜਾਂ ਆਉਂਦੀਆਂ ਤੇ ਕਈ ਵਾਰੀ ਤਸ਼ੱਦਦ ਦਾ ਟਾਕਰਾ ਵੀ ਕਰਨਾ ਪਿਆ। ਇਸੇ 'ਚੋਂ ਇਹ ਸੋਚ ਨਿਕਲੀ ਸੀ ਕਿ ਪਹਿਲਾਂ ਦੇਸ਼ ਦੀ ਗੁਲਾਮੀ ਖਤਮ ਕੀਤੀ ਜਾਵੇ। ਗਦਰ ਲਹਿਰ 1913-14 ਵਿਚ ਅਮਰੀਕਾ ਵਿਚ ਗਦਰ ਪਾਰਟੀ ਦੇ ਰੂਪ 'ਚ ਜਨਮ ਲੈ ਚੁੱਕੀ ਸੀ। ਦੁੱਲਾ ਸਿੰਘ ਨੂੰ ਜੈਤੋ ਦੇ ਮੋਰਚੇ ਵਿਚ ਹਿੱਸਾ ਲੈਣ ਕਰ ਕੇ ਦੇਸ਼ ਭਗਤੀ ਦਾ ਜਾਗ ਲੱਗ ਚੁੱਕਾ ਸੀ। ਸੋ ਉਹ 1923 ਵਿਚ ਆਪਣੇ ਸਾਥੀਆਂ ਅਮਰ ਸਿੰਘ, ਦਲੀਪ ਸਿੰਘ, ਰਲਾ ਸਿੰਘ, ਵਰਿਆਮ ਸਿੰਘ, ਚੈਨ ਸਿੰਘ ਨਾਲ ਗਦਰ ਪਾਰਟੀ ਦੇ ਸਰਗਰਮ ਮੈਂਬਰ ਬਣ ਗਏ। 'ਗਦਰ ਦੀ ਗੂੰਜ' ਅਖ਼ਬਾਰ ਮੰਗਵਾਉਂਦੇ, ਪੜ੍ਹਦੇ ਤੇ ਵਿਚਾਰਾਂ ਕਰਦੇ ਉਹ ਸੈਨ ਫਰਾਂਸਿਸਕੋ ਵੀ ਗਏ ਸਨ।

ਜਦੋਂ 23 ਮਾਰਚ 1931 ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਤਾਂ ਗਦਰ ਪਾਰਟੀ ਦੀ ਪਨਾਮਾ ਬਰਾਂਚ ਨੇ ਇਕ ਦਿਨ ਦੀ ਭੁੱਖ ਹੜਤਾਲ ਵੀ ਕੀਤੀ। ਹਾਲ ਵਿਚ ਮੀਟਿੰਗ ਕਰ ਕੇ ਫੰਡ ਵੀ ਇਕੱਠਾ ਕੀਤਾ ਗਿਆ। 1932 ਵਿਚ ਜਦੋਂ ਗਦਰੀ ਦੇਸ਼ ਭਗਤ ਤੇਜਾ ਸਿੰਘ ਸੁਤੰਤਰ ਪਨਾਮਾ ਗਿਆ ਸੀ ਤਾਂ ਪਨਾਮਾ ਬਰਾਂਚ ਨੂੰ ਗਦਰ ਪਾਰਟੀ ਵੱਲੋਂ ਉਲੀਕੇ ਹੋਏ ਹਥਿਆਰਬੰਦ ਘੋਲ ਰਾਹੀਂ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਸਮਝਾਇਆ ਸੀ। ਉਸ ਵੇਲੇ ਗਦਰ ਪਾਰਟੀ ਦੀ ਪਨਾਮਾ ਬਰਾਂਚ ਦੇ 500 ਮੈਂਬਰ ਸਨ। ਸਰਬਸੰਮਤੀ ਨਾਲ ਦੁੱਲਾ ਸਿੰਘ ਨੂੰ ਪ੍ਰਧਾਨ, ਚੈਨ ਸਿੰਘ ਨੂੰ ਸਕੱਤਰ ਅਤੇ ਅਮਰ ਸਿੰਘ ਨੂੰ



ਬਾਬਾ ਦੁੱਲਾ ਸਿੰਘ ਜਲਾਲਦੀਵਾਲ

ਖ਼ਜ਼ਾਨਚੀ ਚੁਣਿਆ ਗਿਆ। ਗਦਰ ਪਾਰਟੀ ਵੱਲੋਂ ਮਿਲੇ ਸੁਨੇਹੇ ਮੁਤਾਬਕ ਦੁੱਲਾ ਸਿੰਘ ਫੌਜੀ ਟਰੇਨਿੰਗ ਵਾਸਤੇ ਮਾਸਕੋ ਚਲੇ ਗਏ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗਦਰ ਪਾਰਟੀ ਦੇ ਇਤਿਹਾਸ ਵਿਚ ਪਨਾਮਾ ਬਰਾਂਚ ਗਦਰੀ ਸਰਗਰਮੀਆਂ ਅਤੇ ਫੰਡ ਇਕੱਠਾ ਕਰਨ ਲਈ ਅਹਿਮ ਸਥਾਨ ਰੱਖਦੀ ਹੈ।

ਬ੍ਰਿਟਿਸ਼ ਸਰਕਾਰ ਇਨ੍ਹਾਂ ਗਦਰੀਆਂ, ਖਾਸ ਕਰ ਕੇ ਜਿਹੜੇ ਮਾਸਕੋ ਤੋਂ ਟਰੇਨਿੰਗ ਲੈ ਕੇ ਆਉਂਦੇ ਸਨ, ਉਤੇ ਧਿਆਨ ਰੱਖ ਰਹੀ ਸੀ। ਪੰਜਾਬ ਵਿਚ ਦੇਸ਼ ਭਗਤਾਂ ਨੇ 'ਕਿਰਤੀ' ਨਾਂ ਦਾ ਅਖ਼ਬਾਰ ਕੱਢਣਾ ਸ਼ੁਰੂ ਕੀਤਾ ਹੋਇਆ ਸੀ ਜਿਹੜਾ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਦੇਸ਼ ਭਗਤਾਂ, ਗਦਰੀਆਂ, ਕਿਸਾਨਾਂ, ਮਿਹਨਤ ਮਜ਼ਦੂਰੀ ਕਰਨ ਵਾਲਿਆਂ ਦੇ ਹੱਕ ਵਿਚ ਪ੍ਰਚਾਰ ਕਰਦਾ ਅਤੇ ਨਾਲ ਨਾਲ ਬਰਤਾਨੀਆ ਸਰਕਾਰ ਦੀ ਗਰੀਬ ਮਾਰੂ ਬੇਈਮਾਨ ਨੀਤੀ ਦਾ ਪਰਦਾ ਵੀ ਫਾਸ਼ ਕਰਦਾ ਸੀ। ਫੌਜੀ ਟਰੇਨਿੰਗ ਲੈਣ ਤੋਂ ਬਾਅਦ ਦੁੱਲਾ ਸਿੰਘ ਵੀ ਪੰਜਾਬ ਅੱਪੜ ਗਏ ਤੇ 'ਕਿਰਤੀ' ਅਖ਼ਬਾਰ ਵਿਚ ਕੰਮ ਕਰਨ ਲੱਗੇ।

27 ਅਕਤੂਬਰ 1935 ਨੂੰ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਵਿਚ ਦੇਸ਼ ਭਗਤ ਪਰਿਵਾਰਕ ਸਹਾਇਤਾ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਵਿਚ ਆਪਣੇ ਸਾਥੀ ਨਾਲ ਸ਼ਿਰਕਤ ਕਰਨ ਗਏ ਸਨ ਕਿ ਉਥੋਂ ਦੋਹਾਂ ਗਦਰੀ ਯੋਧਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਲਾਹੌਰ ਇੰਟੈਰੋਗੇਸ਼ਨ ਸੈਂਟਰ ਵਿਚ ਲੈ ਗਏ ਜਿਸ ਨੂੰ ਧਰਤੀ 'ਤੇ ਦੋਜ਼ਖ ਕਿਹਾ ਜਾਂਦਾ ਸੀ। ਦੁੱਲਾ ਸਿੰਘ ਨੇ ਦੋ ਮਹੀਨੇ ਸਰੀਰਕ ਤਸ਼ੱਦਦ ਆਪਣੇ ਪਿੰਡੇ ਉਤੇ ਹੰਢਾਇਆ। ਇਸੇ ਤਸ਼ੱਦਦ ਨਾਲ ਅੱਖਾਂ ਦੀ ਰੌਸ਼ਨੀ ਵੀ ਕਮਜ਼ੋਰ ਹੋ ਗਈ ਪਰ ਪੁਲਿਸ ਦੇ ਹੱਥ ਪੱਲੇ ਕੁਝ ਨਾ ਪਿਆ। ਇਸ ਤੋਂ ਖਫਾ ਹੋ ਕੇ ਉਨ੍ਹਾਂ ਦੇ ਇਕੋ ਇੱਕ ਪੁੱਤਰ ਹਰਨਾਮ ਸਿੰਘ ਜੋ ਅਜੇ ਜਵਾਨੀ ਵਿਚ ਪੈਰ ਧਰ ਰਿਹਾ ਸੀ, ਨੂੰ ਫੜ ਕੇ ਪੁਲਿਸ ਉਸੇ ਇੰਟੈਰੋਗੇਸ਼ਨ ਸੈਂਟਰ ਵਿਚ ਲੈ ਆਈ ਸੀ। ਦੁੱਲਾ ਸਿੰਘ ਨੇ ਆਪਣੀਆਂ ਅੱਖਾਂ ਨਾਲ ਪੁਲਿਸ ਵੱਲੋਂ ਕੁੱਟੇ ਜਾਂਦੇ ਆਪਣੇ ਪੁੱਤਰ ਨੂੰ ਦੇਖਿਆ ਤੇ ਉਸ ਦੀਆਂ ਪੈਂਦੀਆਂ ਲੇਰਾਂ ਆਪਣੇ ਕੰਨਾਂ ਨਾਲ ਸੁਣੀਆਂ ਪਰ ਆਫਰੀਨ ਸਿਦਕੀ ਯੋਧੇ ਦੇ, ਆਜ਼ਾਦੀ ਦੀ ਲੜੀ ਜਾ ਰਹੀ ਲੜਾਈ ਦਾ ਇਕ ਵੀ ਸੁਰਾਗ ਪੁਲਿਸ ਨਾ ਲੱਭ ਸਕੀ। ਆਖਰ ਥੱਕ ਟੁੱਟ ਕੇ ਦੁੱਲਾ ਸਿੰਘ ਨੂੰ ਇਕ ਸਾਲ ਲਈ ਉਸ ਦੇ ਪਿੰਡ ਨਜ਼ਰਬੰਦੀ ਦਾ ਹੁਕਮ ਸੁਣਾਇਆ।

ਦੁੱਲਾ ਸਿੰਘ ਨੇ ਪਿੰਡ ਆ ਕੇ ਹੱਟੀ ਪਾ ਲਈ। ਹੱਟੀ 'ਤੇ ਹਰ ਆਏ ਗਏ ਨੂੰ ਹਿੰਦੁਸਤਾਨ ਦੀ ਆਜ਼ਾਦੀ ਲਈ ਪ੍ਰੇਰਦੇ ਰਹਿੰਦੇ। 1936-37 ਦੀਆਂ ਅਸੈਂਬਲੀ ਚੋਣਾਂ ਹੋਈਆਂ। ਯੂ.ਪੀ. ਸੂਬੇ ਵਿਚ ਕਾਂਗਰਸ ਦੀ ਵਜ਼ਾਰਤ ਕਾਇਮ ਹੋਈ। ਪੰਡਿਤ ਪੰਤ ਮੁੱਖ ਮੰਤਰੀ ਬਣਿਆ। ਸੋ, ਕਾਂਗਰਸ ਦਾ ਫਾਇਦਾ ਉਠਾਉਂਦਿਆਂ ਅਖ਼ਬਾਰ 'ਕਿਰਤੀ' ਉਰਦੂ ਤੇ ਪੰਜਾਬੀ ਵਿਚ ਮੇਰਠ ਤੋਂ ਕੱਢਣਾ ਸ਼ੁਰੂ ਕਰ ਦਿੱਤਾ। ਕਰਮ ਸਿੰਘ ਧੂਤ ਅਤੇ ਦੁੱਲਾ ਸਿੰਘ ਮੇਰਠ ਚਲੇ ਗਏ ਅਤੇ ਇਲਾਕੇ ਵਿਚ ਕਿਸਾਨ ਕਮੇਟੀਆਂ ਬਣਾਉਣ ਲੱਗ ਪਏ। ਨਾਲ ਹੀ ਹਿੰਦੁਸਤਾਨ ਦੀ ਆਜ਼ਾਦੀ ਲਈ ਸਟੱਡੀ ਸਰਕਲ ਵੀ ਦੇਣ ਲੱਗੇ। ਇਹ ਅਖ਼ਬਾਰ 1939 ਤਕ ਬਾਖੂਬੀ ਚੱਲਿਆ। ਸਰਕਾਰ ਨੇ ਫਿਰ ਪ੍ਰੈਸ ਜ਼ਬਤ ਕਰ ਲਈ। ਦੁੱਲਾ ਸਿੰਘ ਤੇ ਸਾਥੀਆਂ ਦੀਆਂ ਗ੍ਰਿਫਤਾਰੀਆਂ ਵੀ ਹੋਈਆਂ। ਦੁੱਲਾ ਸਿੰਘ ਮਿੰਟਗੁਮਰੀ, ਰਾਵਲਪਿੰਡੀ, ਗੁਜਰਾਤ, ਲਾਹੌਰ, ਬਠਿੰਡਾ, ਸੰਗਰੂਰ, ਪਟਿਆਲਾ, ਅੰਬਾਲਾ, ਮੇਰਠ ਜੇਲ੍ਹਾਂ ਵਿਚ ਰਹੇ। ਉਨ੍ਹਾਂ ਨੇ ਦੋ ਦਫ਼ਾ ਕਈ-ਕਈ ਸਾਲ ਗੁਪਤਵਾਸ ਦੀ ਜ਼ਿੰਦਗੀ ਵੀ ਗੁਜ਼ਾਰੀ। ਗੁਪਤਵਾਸ ਦੀ ਜ਼ਿੰਦਗੀ ਸਮੇਂ ਇਕ ਦਫ਼ਾ ਉਹ ਕਿਸੇ ਖਾਸ ਕੰਮ ਲਈ ਜਲੰਧਰ ਸ਼ਹਿਰ ਦੇ ਨੂਰਮਹਿਲ ਸਟੇਸ਼ਨ ਤੋਂ ਉਤਰ ਕੇ ਗਦਰੀ ਬਾਬੇ ਕਰਮ ਸਿੰਘ ਚੀਮਾ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਜਾ ਰਹੇ ਸਨ ਕਿ ਸੀ.ਆਈ.ਡੀ. ਇੰਸਪੈਕਟਰ ਨੇ ਪਹਿਰਾਵੇ ਅਤੇ ਬੋਲੀ ਤੋਂ ਪਛਾਣ ਕੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਸ ਵੇਲੇ ਉਨ੍ਹਾਂ ਕੋਲ 10,000 ਰੁਪਿਆ ਵੀ ਸੀ। ਪੁਲਿਸ ਨੇ ਫਿਰ ਸਰੀਰਕ ਤਸ਼ੱਦਦ ਕੀਤਾ ਜੋ ਉਨ੍ਹਾਂ ਨੇ ਬੁਢਾਪੇ ਵਿਚ ਵੀ ਖਿੜੇ ਮੱਥੇ ਸਹਾਰਿਆ।

ਸਿਆਣੇ ਆਖਦੇ ਹਨ ਕਿ ਜ਼ਿੰਦਗੀ ਵਿਚ ਵਿਆਹ ਵਾਲਾ ਦਿਨ ਅਹਿਮ ਦਿਨ ਹੁੰਦਾ ਹੈ। ਦੁੱਲਾ ਸਿੰਘ ਦੀ ਪਤਨੀ ਬੀਬੀ ਦਿਆ ਕੌਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆਪਣੇ ਜੀਵਨ ਸਾਥੀ ਨਾਲ ਦੁੱਖ ਸੁੱਖ ਵਿਚ ਸਾਰੀ ਜ਼ਿੰਦਗੀ ਗੁਜ਼ਾਰਨ ਦਾ ਵਾਅਦਾ ਯਾਦ ਆਇਆ। ਸੋ, ਬੀਬੀ ਦਿਆ ਕੌਰ ਨੇ ਘਰ ਦੇ ਇੱਜ਼ਤ ਮਾਣ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਆਪਣੀ ਮਿਠਾਸ ਭਰੀ ਬੋਲੀ ਵਿਚ ਲੋਹਤੇ ਦੀ ਕੁੜੱਤਣ ਤੇ ਸਖ਼ਤੀ ਲੈ ਆਂਦੀ। ਸਾਰੀ ਜ਼ਿੰਦਗੀ ਆਪਣੇ ਦੇਸ਼ ਭਗਤ ਪਤੀ ਦੇ ਵਿਚਾਰਾਂ ਨਾਲ ਸਹਿਮਤ ਹੋ ਕੇ ਗੁਜ਼ਾਰ ਦਿੱਤੀ। ਆਪਣੇ ਦੋਵੇਂ ਬੱਚਿਆਂ-ਹਰਨਾਮ ਸਿੰਘ ਤੇ ਗੁਰਨਾਮ ਕੌਰ ਨੂੰ ਚੰਗੇ ਗੁਣ ਗ੍ਰਹਿਣ ਕਰਵਾਏ ਜਿਨ੍ਹਾਂ ਨੇ ਵੱਡੇ ਹੋ ਕੇ ਅੱਗੇ ਆਪਣੇ ਬੱਚਿਆਂ ਨੂੰ ਇਹ ਗੁਣ ਵਿਰਾਸਤ ਵਿਚ ਦਿੱਤੇ। ਜਿਵੇਂ ਬਾਬਾ ਦੁੱਲਾ ਸਿੰਘ ਦੀ ਪੋਤੀ ਬੀਬੀ ਗਿਆਨ ਕੌਰ ਆਪਣੇ ਨਿੰਗਰ ਤੇ ਨਰੋਈ ਸੋਚ ਵਾਲੇ ਪਤੀ ਜਿਨ੍ਹਾਂ ਨੂੰ ਗਦਰੀ ਬਾਬਾ ਦੁੱਲਾ ਸਿੰਘ ਹਰਦੇਵ ਸਿੰਘ ਦੇ ਨਾਂ ਨਾਲ ਬੁਲਾਉਂਦੇ ਸਨ, ਅੱਜਕੱਲ੍ਹ ਫਰਿਜਨੋ ਰਹਿੰਦੇ ਹਨ। ਦੇਸ਼ ਭਗਤੀ ਦੀ ਸੋਚ ਰੱਖਣ ਵਾਲੇ ਘਰ ਆਏ ਹਰ ਬੰਦੇ ਨੂੰ ਖਿੜੇ ਮੱਥੇ ਜੀ ਆਇਆਂ ਆਖਦੇ ਹਨ।

ਗਦਰ ਪਾਰਟੀ ਦੇ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਭੁੱਖ ਹੜਤਾਲਾਂ, ਨਾ ਮਿਲਵਰਤਣ ਲਹਿਰਾਂ, ਬਾਈਕਾਟ ਦੇਸ਼ ਦੀ ਜਨਤਾ ਦੇ ਮਨੋਬਲ ਦਾ ਗਰਾਫ ਡਿੱਗਣ ਤੋਂ ਬਚਾਉਣ ਲਈ ਹਥਿਆਰ ਤਾਂ ਸਾਬਤ ਹੋ ਸਕਦੀਆਂ ਹਨ ਪਰ ਬਰਤਾਨੀਆ ਸਰਕਾਰ ਨੂੰ ਹਿੰਦੁਸਤਾਨ ਵਿਚੋਂ ਸਿਖ਼ਰ ਦੁਪਹਿਰੇ ਤੁਰਦਾ ਕਰਨ ਲਈ ਇਕ ਵਦਾਣੀ ਸੱਟ ਸਾਬਤ ਨਹੀਂ ਹੋ ਸਕਦੀਆਂ। ਇਸੇ ਲਈ ਗਦਰ ਪਾਰਟੀ ਹਥਿਆਬੰਦ ਘੋਲ 'ਤੇ ਜ਼ੋਰ ਦੇ ਰਹੀ ਸੀ। ਗਦਰੀਆਂ ਤੇ ਦੇਸ਼ ਭਗਤਾਂ ਦੀ ਇਹੀ ਮੁਢਲੀ ਤੇ ਆਖਰੀ ਖਾਹਿਸ਼ ਸੀ ਕਿ ਭਾਰਤ ਦੇਸ਼ ਆਜ਼ਾਦ ਹੋਵੇ, ਖੁਸ਼ਹਾਲ ਹੋਵੇ ਤੇ ਪਹਿਲਾਂ ਵਾਂਗ ਸੋਨੇ ਦੀ ਚਿੜੀ ਕਹਾਵੇ। ਆਖਰਕਾਰ ਲਗਾਤਾਰ ਸੰਘਰਸ਼ ਅਤੇ ਕੁਰਬਾਨੀਆਂ ਸਦਕਾ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ।

1955 ਵਿਚ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ। ਗਦਰੀ ਬਾਬਾ ਦੁੱਲਾ ਸਿੰਘ ਇਸ ਕਮੇਟੀ ਦੇ ਵੀ ਮੈਂਬਰ ਸਨ। ਉਨ੍ਹਾਂ ਦੀ ਪਿੱਠ 'ਤੇ ਨਾਸੂਰ ਫੋੜਾ ਸੀ ਜੋ ਜਾਨਲੇਵਾ ਸਾਬਤ ਹੋਇਆ। ਉਹ 82 ਸਾਲ ਦਾ ਸੰਘਰਸ਼ੀ ਜੀਵਨ ਗੁਜ਼ਾਰ ਕੇ 29 ਦਸੰਬਰ 1966 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

## ਕਾਵਿ-ਜਗਤ

### ਸੰਜੀਵਨੀ

ਕੌਣ ਡੱਬੀ ਮਲ੍ਹਮ ਲਗਾਏਗਾ,
ਹੁਣ ਪਾਣੀ ਕੌਣ ਪਿਲਾਏਗਾ,
ਮਸ਼ਕ ਦੀ ਥਾਂਵੇਂ ਘਣੌਈਏ ਮੋਢੇ,
ਪਾਈ ਫਿਰਨ ਹਥਿਆਰਾਂ ਨੂੰ।

ਧਰਮ ਦੀ ਰਾਖੀ ਲੱਗ'ਗੀ ਫੋਰਸ,
ਛਾਉਣੀ ਖਾਲਮ ਖਾਲੀ,
ਨਿਹੱਥੀ ਪਬਲਿਕ ਬੇਵੱਸ ਹੋਈ,
ਰੋਕੂ ਕੌਣ ਬਘਿਆੜਾਂ ਨੂੰ।

ਪਲਾਇਨ ਕਰਕੇ ਜੰਗਲ ਵਿਚੋਂ,
ਕਿੱਥੇ ਸਿਰ ਲੁਕਾਉਗੇ,
ਦਹਿਸ਼ਤਗਰਦੀ ਹਰ ਥਾਂ ਰਾਣੀ,
ਚੰਬੜੀ ਪਈ ਉਜਾੜਾਂ ਨੂੰ।

ਮ੍ਰਿਗ-ਛਲਾਵਾ ਪਾਣੀ ਨਹੀਂ ਔਹ,
ਚਮਕ ਰਿਹਾ ਜੋ ਅੱਗੇ,
ਅਗਿਆਨੀ ਅੰਨ੍ਹੇ ਦੌੜੀ ਜਾਂਦੇ,
ਦੱਸੋ ਪਿਆਸੀਆਂ ਧਾੜਾਂ ਨੂੰ।

ਤੰਦ ਗੰਢਿਆਂ ਹੁਣ ਨਹੀਂ ਸਰਨਾ,
ਉਲਝ ਗਈ ਜਦ ਤਾਣੀ,
ਬਨਾਉਟੀ ਡਰਨੇ ਰੋਕ ਨਾ ਸਕਦੇ,
ਖੇਤ ਖਾਂਦੀਆਂ ਵਾੜਾਂ ਨੂੰ।

ਰਿਉੜੀਆਂ ਵੰਡਦੇ ਆਪਣਿਆਂ ਨੂੰ,
ਸਾਰੇ ਬੋਲੇ ਅੰਨ੍ਹੇ ਕਾਣੇ,
ਵੈਦ ਧਨੰਤਰ ਮਚਲਾ ਹੋਇਆ,
ਕੌਣ ਦਾਰੂ ਦਊ ਬਿਮਾਰਾਂ ਨੂੰ।

ਸਦਾਚਾਰ ਮੂਰਛਿਤ ਹੋਇਆ ਸਾਰਾ,
ਕਿਸ ਨੂੰ ਕੀ ਸੁੰਘਾਉਗੇ,
'ਸੰਜੀਵਨੀ' ਹੁਣ ਨਹੀਂ ਮਿਲਣੀ ਪੰਨੂ,
ਗਾਹੋ ਕੁੱਲ ਪਹਾੜਾਂ ਨੂੰ।

-ਚਰਨਜੀਤ ਸਿੰਘ ਪੰਨੂ

---

### ਮੇਰੀਏ ਕਾਨੀਏ!

ਐ ਮੇਰੀਏ ਕਾਨੀਏ!
ਅਸ਼ਲੀਲ ਨਾ ਲਿਖੀਂ,
ਲੱਚਰਤਾ ਨੂੰ ਨਕਾਰੀਂ,
ਕੁਝ ਲਿਖਣੇ ਤੋਂ ਪਹਿਲਾਂ,
ਤੂੰ ਸੋਚੀਂ ਤੇ ਵਿਚਾਰੀਂ।
ਗਿਆਨ ਦੇ ਸਾਗਰ ਵਿਚ
ਟੁੱਭੀਆਂ ਰੱਜ ਮਾਰੀਂ,
ਸਿੱਪ ਮੋਤੀ ਲਾ ਕੇ
ਇਹ ਨਜ਼ਮਾਂ ਸ਼ਿੰਗਾਰੀਂ।
ਨਸ਼ਿਆਂ 'ਚ ਡੁੱਬਾ
ਪੰਜਾਬ ਜੋ ਮੇਰਾ,
ਸਹੁਰੇ, ਪੇਕੇ,
ਸਖੀਆਂ ਦਾ ਜਿਥੇ ਬਸੇਰਾ,
ਜ਼ਿੰਦੇ ਨਾਲ ਗੂੜ੍ਹਾ ਨਾਤਾ ਹੈ ਤੇਰਾ,
ਲਿਖ ਹਰ ਘਰ
ਅੱਜ ਕਿਉਂ ਹੈ ਹਨੇਰਾ।

ਸ਼ਰਮ ਹਯਾ ਦੀ
ਜੋ ਮੂਰਤ ਸੀ ਸਾਰੀ,
ਨੈਣਾਂ 'ਚ ਜਿਸਦੇ
ਭਰੀ ਸੀ ਖੁਮਾਰੀ।
ਤਦੇ ਸੀ ਮਰਦਾਂ ਦੀ
ਮਤ ਜਾਂਦੀ ਮਾਰੀ।
ਲੱਭੇ ਨਾ ਕਿਉਂ
ਗੁੰਮ ਕਿੱਥੇ ਉਹ ਨਾਰੀ।

ਕਿਉਂ ਪੱਬਾਂ ਕਲੱਬਾਂ ਦੇ ਵਿਚ
ਨਿੱਤ ਜਾਵੇ,
ਕਿਉਂ ਚੀਰ ਹਰਨ
ਆਪਣਾ ਆਪੇ ਕਰਵਾਵੇ।
ਕਿਉਂ ਅਰਧ ਨਗਨ
ਚਿੱਤਰ ਆਪਣੇ ਖਿਚਾਵੇ,
ਕਿਉਂ ਨਸ਼ਿਆਂ ਦੀ ਦਲਦਲ 'ਚ
ਧਸਦੀ ਹੀ ਜਾਵੇ।

ਨਿੱਤ ਤੈਨੂੰ ਘੜ ਕੇ
ਮੈਂ ਤਿੱਖਾ ਹਾਂ ਕਰਦੀ,
ਨ੍ਹੇਰੇ ਦੀ ਬੁੱਕਲ 'ਚ
ਕਿਉਂ ਜਾਵੇਂ ਤੂੰ ਠਰਦੀ।
ਉਕਰੇਂ ਨਾ ਸੱਚ
ਕਿਉਂ ਚਾਨਣ ਤੋਂ ਡਰਦੀ,
ਸੱਚੇ ਦੀ ਹਾਮੀ
ਕਿਉਂ ਨਹੀਂ ਭਰਦੀ।

ਹਾੜ੍ਹਾ! ਨਿਡਰ ਹੋ ਕੇ
ਚੱਲਦੀ ਤੂੰ ਜਾਵੀਂ,
ਸੱਭਿਅਕ ਬਣ ਕੇ
ਤੂੰ ਜੱਗ ਨੂੰ ਦਿਖਾਵੀਂ,
ਸੱਚ ਦੀ ਸਿਆਹੀ 'ਚ
ਡੋਬੇ ਲਗਾਵੀਂ,
ਸ਼ਬਦਾਂ ਦੀ ਘਟਾ ਬਣ
ਅੰਬਰਾਂ 'ਤੇ ਛਾਵੀਂ।

-ਨੀਲਮ ਸੈਣੀ
ਫੋਨ: 510-502-0551

# ਬੈਠ ਮਨ ਨੂੰ ਘਰੇ ਸਮਝਾਈਏ ਜੀ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੈਨੂੰ ਆਪਣੇ ਅਪਾਰਟਮੈਂਟ ਤੋਂ ਪਾਰਕਿੰਗ ਵਿਚ ਆਪਣੀ ਕਾਰ ਤੱਕ ਜਾਣ ਲਈ ਉਨ੍ਹਾਂ ਦੀ ਅਪਾਰਟਮੈਂਟ ਅੱਗਿਓਂ ਲੰਘਣਾ ਪੈਂਦਾ ਸੀ। ਮੇਰਾ ਮੇਲ ਬਾਕਸ ਵੀ ਉਨ੍ਹਾਂ ਦੀ ਅਪਾਰਟਮੈਂਟ ਅੱਗੇ ਸੀ। ਇੱਥੇ ਮੂਵ ਹੋਇਆਂ ਸਾਨੂੰ ਅਜੇ ਇਕ ਹਫ਼ਤਾ ਹੀ ਹੋਇਆ ਸੀ ਕਿ ਇਕ ਦਿਨ ਇਕ ਪੰਜਾਬਣ ਬੀਬੀ ਨੇ ਮੈਨੂੰ ਘੇਰਾ ਪਾਉਂਦਿਆਂ ਪੁੱਛਿਆ, "ਲੱਗਦਾ ਹੈ ਤੁਸੀਂ ਨਵੇਂ ਮੂਵ ਹੋਏ ਹੋ?"

"ਹਾਂ ਜੀ।" ਕੰਨਾਂ ਤੱਕ ਤਾਜ਼ੀ ਲਾਈ ਹੋਈ ਕਲਫ ਦੇ ਨਿਸ਼ਾਨ ਤੇ ਕਾਲੀਆਂ ਘਟਾਵਾਂ ਵਰਗੇ ਕੀਤੇ ਹੋਏ ਵਾਲ, ਮੁਖੜੇ ਦੇ ਨਕਸ਼ੇ ਤੋਂ ਲੱਗਦਾ ਸੀ ਕਿ ਇਸ ਬੀਬੀ ਨੇ ਚੌਥੀ ਪੰਦਰੀ ਪੂਰੀ ਕਰ ਲਈ ਹੋਵੇਗੀ; ਯਾਨਿ ਸੱਠਾਂ ਸਾਲਾਂ ਦੀ ਹੋਣ ਵਾਲੀ ਹੈ। ਮੈਂ ਦੋਚਿੱਤੀ ਵਿਚ ਫਸ ਗਿਆ ਕਿ ਭੈਣ ਜੀ ਕਹਾਂ ਜਾਂ ਆਂਟੀ ਜੀ! ਕਿਉਂਕਿ ਉਸ ਨੇ ਵੀ ਕੋਈ ਅਜਿਹਾ ਸੰਕੇਤ ਨਹੀਂ ਸੀ ਦਿੱਤਾ ਕਿ ਵੀਰ ਜੀ, ਜਾਂ ਬੇਟਾ ਜੀ ਕਿਹਾ ਹੋਵੇ। ਮੈਂ ਖਿੱਲਰ ਚੁੱਕੀ ਅਕਲ ਇਕੱਠੀ ਕੀਤੀ ਤੇ ਮੁਖੜੇ ਵਾਲਾ ਬੁਝਦਾ ਜਾ ਰਿਹਾ ਦੀਵਾ ਦੇਖ ਕੇ ਮੈਂ 'ਹਾਂ ਜੀ, ਆਂਟੀ ਜੀ' ਆਖ ਦਿੱਤਾ।

ਆਂਟੀ ਸ਼ਬਦ ਸੁਣ ਕੇ ਬੀਬੀ ਨੇ ਅੱਖਾਂ ਦੀਆਂ ਪਲਕਾਂ ਮੱਥੇ ਨੂੰ ਲਾ ਲਈਆਂ। ਮੈਂ ਡਰ ਜਿਹਾ ਗਿਆ ਕਿ ਗੱਲ ਕਸੂਤੀ ਕਹਿ ਬੈਠਾ ਹੋਵਾਂਗਾ। ਮੈਨੂੰ ਝੱਟ ਪਿੰਡ ਵਾਲੀ ਘਟਨਾ ਯਾਦ ਆ ਗਈ। ਮੈਂ ਅੱਠਵੀਂ ਵਿਚ ਪੜ੍ਹਦਾ ਸੀ। ਦਾਦਾ ਜੀ ਨੇ ਕਿਸੇ ਕੰਮ ਵਾਸਤੇ ਮੈਨੂੰ ਪਰਜਾਪੱਤਾਂ ਦੇ ਘਰ ਭੇਜ ਦਿੱਤਾ। ਮੈਂ ਉਨ੍ਹਾਂ ਦੇ ਘਰ ਜਾ ਕੇ ਬੂਹੇ ਅੱਗੇ ਖੜ੍ਹ ਕੇ ਕਿਹਾ, "ਤਾਈ ਜੀ, ਚਾਚਾ ਜੀ ਘਰੇ ਨੇ?" ਅੱਗਿਓਂ ਆਵਾਜ਼ ਆਈ, "ਕੀ ਕਿਹਾ ਤੈਂ?" ਮੈਂ ਕਿਹਾ, "ਤਾਈ ਜੀ, ਚਾਚਾ ਜੀ ਘਰੇ ਹੈਗੇ ਨੇ?" ਚੁੱਲ੍ਹੇ ਚੌਂਕੇ ਵਿਚੋਂ ਸਿਰ ਉਤਾਂਹ ਨੂੰ ਚੁੱਕਦੀ ਹੋਈ ਤਾਈ ਮੇਰੇ ਨਜ਼ਰੀਂ ਪਈ ਤੇ ਬੋਲੀ, "ਆ ਜਾ ਬਹਿ ਜਾ। ਮੈਂ ਹਾਕ ਮਾਰਦੀ ਹਾਂ।" ਮੈਂ ਸਾਈਕਲ ਕੰਧ ਨਾਲ ਲਾ ਕੇ ਮੰਜੇ 'ਤੇ ਬੈਠ ਗਿਆ ਤੇ ਤਾਈ ਨੇ ਬੀਹੀ ਦਾ ਬੂਹਾ ਬੰਦ ਕਰ ਦਿੱਤਾ।

ਫਿਰ ਤਾਈ ਨੇ ਸੁਆਹ ਨਾਲ ਲਿਬੜੇ ਹੱਥਾਂ ਨਾਲ ਮੇਰੇ ਕੰਨਾਂ ਨੂੰ ਇੰਜ ਮਰੋੜਾ ਦਿੱਤਾ ਜਿਵੇਂ ਅਸੀਂ ਪਹਿਲੀਆਂ ਵਿਚ ਰੇਡੀਓ ਦੀ ਇਕਦਮ ਆਵਾਜ਼ ਉੱਚੀ ਕਰਨ ਲਈ ਉਸ ਦਾ ਗੋਲ ਜਿਹਾ ਬਟਨ ਘੁੰਮਾ ਦਿੰਦੇ ਸੀ। ਮੇਰੀ ਚੀਕ ਨਿਕਲ ਗਈ ਤਾਂ ਤਾਈ ਬੋਲੀ, "ਮਾਂ ਨੇ ਕੁਝ ਸਿਖਾਇਆ ਨਹੀਂ ਕਿ ਕਿਵੇਂ ਬੋਲੀਦਾ ਹੈ। ਜੇ ਮੈਨੂੰ ਤਾਈ ਕਿਹਾ ਤਾਂ ਉਹ ਤੇਰਾ ਤਾਇਆ ਲੱਗਿਆ, ਜੇ ਉਹਨੂੰ ਚਾਚਾ ਕਿਹਾ ਤਾਂ ਮੈਂ ਤੇਰੀ ਲੱਗੀ ਚਾਚੀ। ਗੱਲ ਪਈ ਕੰਨ ਵਿਚ ਕਿ ਨਹੀਂ?" ਤਾਈ ਨੇ ਦੋਵੇਂ ਕੰਨ ਇਕੱਠਿਆਂ ਛੱਡਦੇ ਹੋਏ ਪੁੱਛਿਆ।

"ਤਾਈ, ਬੀਬੀ ਨੇ ਤਾਂ ਬਹੁਤ ਕੁਝ ਸਿਖਾਇਆ ਹੈ ਪਰ ਕਾਹਲੀ ਵਿਚ ਵਾਧ-ਘਾਟ ਹੋ ਗਈ।" ਮੈਂ ਕੰਨਾਂ ਨੂੰ ਤਲੀਆਂ ਨਾਲ ਮਲਦਾ ਬੋਲਿਆ।

"ਮਾਂ ਨੂੰ ਆਖੀਂ, ਤੇਜੋ ਕੋਲੋਂ ਕੰਟ ਪਟਾ ਕੇ ਆਇਆ ਹਾਂ।" ਤਾਈ ਨੇ ਚੁੰਨੀ ਸਿਰ ਉਪਰ ਲੈਂਦਿਆਂ ਕਿਹਾ।

ਮੈਂ ਸਾਇਕਲ ਨੂੰ ਹੱਥ ਪਾ ਕੇ ਫਿਰ ਪੁੱਛ ਬੈਠਾ, "ਚਾਚੀ ਜੀ ਤਾਇਆ ਜੀ ਕਦੋਂ ਆਉਣਗੇ?"

"ਖੜ੍ਹ ਜਾ ਹਰਾ...।" ਤਾਈ ਗੁੱਸੇ 'ਚ ਬੋਲੀ।

ਇਸ ਬੀਬੀ ਨੇ ਵੀ ਆਂਟੀ ਅਖਵਾਉਣ ਤੋਂ ਨੱਕ ਜਿਹਾ ਵੱਟਿਆ ਪਰ ਗੁੱਸਾ ਪੀ ਜਾਣ ਬਾਅਦ ਬੋਲੀ, "ਇਕੱਲੇ ਹੋ ਕਿ ਫੈਮਿਲੀ ਹੈ?"

"ਮੈਂ, ਢਿੱਲੋਂ, ਸੰਧੂ ਤੇ ਬਾਜਵਾ ਇਕੱਠੇ ਰਹਿੰਦੇ ਹਾਂ। ਚਾਰਾਂ ਦੀਆਂ ਫੈਮਿਲੀਆਂ ਪਿੰਡ ਨੇ।" ਮੈਂ ਜਵਾਬ ਦਿੱਤਾ। ਆਂਟੀ ਅਜੇ ਹੋਰ ਸਵਾਲ ਪੁੱਛਣਾ ਚਾਹੁੰਦੀ ਸੀ ਪਰ ਮੈਂ ਉਥੋਂ ਤੁਰ ਪਿਆ। ਦੋ ਕੁ ਹਫ਼ਤਿਆਂ ਵਿਚ ਸਾਨੂੰ ਚਾਰਾਂ ਨੂੰ ਆਂਟੀ ਨੇ ਘੇਰ-ਘੇਰ ਸਾਡਾ ਅਤਾ-ਪਤਾ, ਕੰਮ-ਕਾਰ ਸਭ ਕੁਝ ਪੁੱਛ ਲਿਆ। ਆਂਟੀ ਸਵੇਰੇ ਹੀ ਕੇਸੀਂ ਨਹਾ ਕੇ ਸੈਰ ਦੇ ਬਹਾਨੇ ਅਪਾਰਟਮੈਂਟਾਂ ਦਾ ਨੱਕ ਅਤੇ ਅੱਖਾਂ ਨਾਲ ਮੁਆਇਨਾ ਕਰਦੀ ਰਹਿੰਦੀ ਸੀ। ਇਕ ਦਿਨ ਅਸੀਂ ਸਬਜ਼ੀ ਨੂੰ ਤੜਕਾ ਲਾ ਰਹੇ ਸੀ, ਥੱਲੇ ਆਂਟੀ ਵਾਕ ਕਰ ਰਹੀ ਸੀ। ਮੈਂ ਆਂਟੀ ਨੂੰ ਦੇਖ ਕੇ ਸੰਧੂ ਨੂੰ ਜ਼ੋਰ ਨਾਲ ਕਿਹਾ, "ਸੰਧੂਆ, ਤੜਕਾ ਮੱਚ ਗਿਆ। ਹੁਣ ਮੀਟ ਪਾ ਦੇ। ਤਰੀ ਪਤਲੀ ਰੱਖੀਂ। ਪਿਛਲੀ ਵਾਰ ਤਰੀ ਗਾੜ੍ਹੀ ਸੀ। ਮੀਟ ਇਕ ਡੰਗ ਹੀ ਮਸਾਂ ਗਿਆ ਸੀ। ਫਿਰ ਸ਼ਾਮ ਨੂੰ ਮੱਛੀ ਲਿਆਉਣੀ ਪਈ ਸੀ।"

"ਢਿੱਲੋਂ, ਆਹ ਦੇਖ ਮੂੰਗੀ ਖਾਣੇ ਕੁਲਾਰ ਵੱਲ, ਮੀਟ ਕਿੰਨਾ ਵੱਡਾ ਕੱਟਿਆ ਵਾ", ਸੰਧੂ ਨੇ ਵੀ ਮੇਰੀ ਬੋਲੀ ਦੀ ਪੈੜ ਨੱਪ ਲਈ, "ਅੱਜ ਬਣੂੰ ਹਲਵਾਈਆਂ ਵਰਗਾ।" ਸੰਧੂ ਨੇ ਕੜਛੀ ਪਤੀਲੇ 'ਚ ਮਾਰਦਿਆਂ ਕਿਹਾ। ਸਾਡੀ ਗੱਲਬਾਤ ਨੇ ਆਂਟੀ ਨੂੰ ਪੌੜੀਆਂ ਚੜ੍ਹਨ ਲਈ ਮਜਬੂਰ ਕਰ ਦਿੱਤਾ। ਆਂਟੀ ਆ ਗਈ ਤੇ ਬੋਲੀ, "ਮੁੰਡਿਓ, ਕੀ ਬਣਾਈ ਜਾਂਦੇ ਹੋ? ਲੱਗਦਾ ਮੀਟ ਨੂੰ ਤੜਕਾ ਲਾਉਂਦੇ ਹੋ।" ਆਂਟੀ ਨੇ ਡੂੰਘੀਆਂ ਅੱਖਾਂ ਨਾਲ ਅਪਾਰਟਮੈਂਟ ਦਾ ਜਾਇਜ਼ਾ ਲੈਂਦਿਆਂ ਪੁੱਛਿਆ। "ਆਂਟੀ ਜੀ, ਤੁਹਾਨੂੰ ਪਤਾ ਹੀ ਹੈ...ਕੰਮ-ਕਾਰ ਕਰ ਕੇ ਹੱਡ ਦੁਖਣ ਲੱਗ ਗਏ ਹਨ। ਅੱਜ ਸੋਚਿਆ ਆਲੂ-ਗਾਜਰਾਂ ਦਾ ਮੀਟ ਬਣਾ ਲਈਏ।" ਮੈਂ ਆਂਟੀ ਨੂੰ ਜਵਾਬ ਦਿੱਤਾ।

ਆਂਟੀ ਸਿੱਧੀ ਸਲੋਟ ਖੜ੍ਹੀ ਹੋ ਗਈ ਤੇ ਰਸੋਈ ਵੱਲ ਹੋ ਤੁਰੀ। ਝੱਟ ਪਤੀਲੇ ਦਾ ਢੱਕਣ ਚੁੱਕ ਲਿਆ। ਗਾਜਰਾਂ ਬਣਦੀਆਂ ਦੇਖ ਆਂਟੀ ਸ਼ਰਮ ਨਾਲ ਭਿੱਜ ਗਈ। ਅਸੀਂ ਆਂਟੀ ਨੂੰ ਚਾਹ ਪਿਆ ਕੇ ਤੋਰਿਆ। ਆਪਣੇ ਪਰਿਵਾਰਾਂ ਦੇ ਵੇਰਵਿਆਂ ਵਾਲੇ ਐਫੀਡੇਵਿਟ ਬਣਾ ਕੇ ਆਂਟੀ ਨੂੰ ਯਕੀਨ ਦਿਵਾਇਆ ਕਿ ਅਸੀਂ ਸਾਊ ਘਰਾਂ ਦੇ ਬੀਬੇ ਮੁੰਡੇ ਹਾਂ, ਪਰ ਆਂਟੀ ਗਈ ਤੋਂ ਬਾਅਦ ਹੱਸੇ ਬੜੇ ਕਿ 'ਨਾ ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ'; ਬਈ ਜੇ ਤੇਰੇ ਕੋਲ ਸਮਾਂ ਹੈ, ਬੈਠ ਕੇ ਬਾਣੀ ਪੜ੍ਹ ਲੈ, ਗੁਰਦੁਆਰੇ ਜਾ ਆ, ਪਰ ਕਿਥੇ! ਚੰਗੇ ਕੰਮਾਂ ਵੱਲ ਧਿਆਨ ਨਹੀਂ ਦੇਣਾ। ਮਾਈਆਂ ਨੂੰ ਵੀ ਖੋਟੀ ਆਦਤ ਪੈ ਜਾਂਦੀ ਹੈ ਦੂਜੇ ਦੇ ਘਰਾਂ ਵੱਲ ਦੇਖਣ ਦੀ।

ਇਸ ਆਂਟੀ ਨੂੰ ਸਭ ਪਤਾ ਸੀ ਕਿ ਕਿਹੜੇ ਕਿਹੜੇ ਅਪਾਰਟਮੈਂਟ ਵਿਚ ਕੌਣ ਕੌਣ ਰਹਿੰਦਾ ਹੈ। ਸਾਰਿਆਂ ਦੇ ਪਾਰਕਿੰਗ ਨੰਬਰਾਂ ਦਾ ਵੀ ਪਤਾ ਸੀ। ਦੂਜਿਆਂ ਨੂੰ ਘੱਟ, ਪਰ ਮੈਨੂੰ ਸਭ ਤੋਂ ਵੱਧ ਆਂਟੀ ਵਾਲੇ ਬਾਰਡਰ ਤੋਂ ਲੰਘਣਾ ਪੈਂਦਾ ਸੀ।

"ਕੀ ਗੱਲ ਹੋ ਗਈ ਕੁਲਾਰ, ਕੱਲ੍ਹ ਰਾਤ ਢਿੱਲੋਂ ਬੜਾ ਲੇਟ ਆਇਆ?" ਆਂਟੀ ਨੇ ਬੂਹੇ ਅੱਗੇ ਰੱਖੇ ਗਮਲੇ ਵਿਚ ਪਾਣੀ ਪਾਉਂਦਿਆਂ ਪੁੱਛਿਆ।

"ਆਂਟੀ ਉਹ ਸੁੱਤਾ ਪਿਆ, ਮੇਰੀ ਗੱਲ ਨਹੀਂ ਹੋਈ ਉਹਦੇ ਨਾਲ।" ਮੈਂ ਹੈਰਾਨ ਕਿ ਢਿੱਲੋਂ ਰਹਿੰਦਾ ਸਾਡੇ ਨਾਲ ਹੈ, ਸਾਨੂੰ ਪਤਾ ਨਹੀਂ ਉਹ ਕਦੋਂ ਆਇਆ, ਪਰ ਆਂਟੀ ਦੀ 'ਸੀ.ਆਈ.ਡੀ.' ਕਮਾਲ ਦੀ ਹੈ।

ਇਕ ਦਿਨ ਅਸੀਂ ਮੰਡੀਓਂ ਕਰੇਲੇ ਲੈ ਕੇ ਆਏ। ਬਾਰਡਰ 'ਤੇ ਆਂਟੀ ਨੇ ਘੇਰ ਲਿਆ।

"ਮੁੰਡੇ ਅੱਜ ਕਰੇਲਿਆਂ ਦਾ ਮੀਟ ਬਣਾਉਣਗੇ।" ਆਂਟੀ ਨੇ ਅੱਖਾਂ ਨਾਲ ਲਫਾਫੇ ਦਾ ਅਲਟਰਾ ਸਾਊਂਡ ਕਰਦਿਆਂ ਪੁੱਛਿਆ।

"ਆਂਟੀ ਜੀ, ਕਰੇਲੇ ਭਰ ਕੇ ਬਣਾਵਾਂਗੇ।" ਮੈਂ ਉਤਰ ਦਿੱਤਾ।

"ਵੇ ਭਰ ਕੇ ਕੌਣ ਬਣਾਊ?" ਆਂਟੀ ਨੇ ਹੈਰਾਨ ਹੁੰਦਿਆਂ ਪੁੱਛਿਆ।

"ਆਂਟੀ, ਦਰਅਸਲ ਗੱਲ ਇਹ ਹੈ ਕਿ ਢਿੱਲੋਂ ਵੱਤੋਂ ਲੰਘਦਾ ਜਾਂਦਾ। ਸੋਚਿਆ, ਇੱਥੇ ਹੀ ਕੋਈ ਲੱਭ ਲਈਏ...ਇਹਦੀ 'ਗਰਲ ਫਰੈਂਡ' ਹੈ; ਉਹਨੂੰ ਬੁਲਾਇਆ ਹੈ ਕਿ ਦੇਖਦੇ ਹਾਂ, ਕੁੜੀ ਨੂੰ ਕਰੇਲੇ ਬਣਾਉਣੇ ਆਉਂਦੇ ਹਨ ਕਿ ਨਹੀਂ। ਨਾਲੇ ਦੋ-ਚਾਰ ਸਵਾਲ ਹੋਰ ਪੁੱਛ ਲਵਾਂਗੇ।" ਮੈਂ ਮਸਾਂ ਹਾਸਾ ਰੋਕਦੇ ਹੋਏ ਕਿਹਾ।

"ਕਰੇਲੇ ਬਣਾਉਣੇ ਕਿੱਦਣ ਨੇ? ਮੈਂ ਉਹਦੀ ਮਦਦ ਕਰਾ ਦਊਂ।" ਆਂਟੀ ਨੇ ਸੱਦਾ ਮੰਗਣ ਦੀ ਚਾਹਤ ਨਾਲ ਪੁੱਛਿਆ।

"ਆਂਟੀ, ਜੇ ਤੁਸੀਂ ਉਸ ਦੀ ਮਦਦ ਕਰਨੀ ਹੈ ਤਾਂ ਇੰਜ ਕਿਉਂ ਨਹੀਂ ਕਰਦੇ ਕਿ ਅਸੀਂ ਤੁਹਾਡੀ ਮਦਦ ਕਰ ਦਿੰਦੇ ਹਾਂ ਤੇ ਤੁਸੀਂ ਹੀ ਬਣਾ ਦਿਉ।" ਮੈਂ ਆਂਟੀ ਨੂੰ ਪੁਲਿਸ ਵਾਲਾ ਘੇਰਾ ਪਾਉਂਦਿਆਂ ਪੁੱਛਿਆ।

"ਮੈਨੂੰ ਤਾਂ ਭਾਈ ਤੇਲ ਚੜ੍ਹਦਾ ਹੈ।" ਆਂਟੀ ਚਲਾਕ ਬਲੈਕੀਏ ਵਾਂਗ ਘੇਰੇ ਵਿਚੋਂ ਨਿਕਲ ਗਈ।

"ਆਂਟੀ, ਖੱਬਾ-ਸੱਜਾ ਅਸੀਂ ਆਪ ਕਰ ਲਵਾਂਗੇ। ਬੱਸ ਤੂੰ ਸਾਨੂੰ ਕਰੇਲੇ ਬਣਾਉਣ ਦੀਆਂ ਵਿਉਂਤਾਂ ਦੱਸੀ ਜਾਈਂ।" ਮੈਂ ਫਿਰ ਆਂਟੀ ਅੱਗਿਓਂ ਘੇਰ ਲਈ।

"ਢਿੱਲੋਂ ਦੀ 'ਗਰਲ ਫਰੈਂਡ' ਦਾ ਫਿਰ ਕੀ ਹੋਊ? ਉਹਨੂੰ ਕਦੋਂ ਮਿਲਾਂਗੇ?" ਆਂਟੀ ਨੇ ਹੁਕਮ ਦੇ ਗੋਲੇ 'ਤੇ ਦੁੱਕੀ ਰੱਖ ਕੇ ਤੇਰਾਂ ਨੰਬਰ ਬਣਾਉਂਦਿਆਂ ਪੁੱਛਿਆ।

"ਆਂਟੀ, ਉਹਨੂੰ ਵੀ ਮਿਲਾ ਦਿਆਂਗੇ। ਤੁਸੀਂ ਭਰ ਕੇ ਕਰੇਲੇ ਬਣਾ ਦਿਉ।" ਬਾਜਵਾ ਤਰਲਾ ਜਿਹਾ ਕੱਢਦਾ ਬੋਲਿਆ।

ਦੂਜੇ ਤੀਜੇ ਦਿਨ ਆਂਟੀ ਨੇ ਕਰੇਲੇ ਬਣਾ ਦਿੱਤੇ ਪਰ ਬਣਾਏ ਵਟਾਈ 'ਤੇ। ਅੱਧਿਉਂ ਵੱਧ ਆਪ ਰੱਖ ਗਈ, ਸਾਨੂੰ ਤਾਂ ਪੂਛਾਂ ਜਿਹੀਆਂ ਦੇ ਗਈ।

ਇਕ ਵਾਰ ਆਂਟੀ ਗੱਲਾਂ ਗੱਲਾਂ ਵਿਚ ਕਹਿ ਗਈ ਕਿ ਮੈਂ ਪਿੰਡ ਦਸ ਬਾਰਾਂ ਜਣੇਪੇ ਆਪਣੇ ਹੱਥੀਂ ਕੱਢੇ ਨੇ।

ਇਹ ਸੁਣ ਕੇ ਸਾਡੀ ਤਾਂ ਚਾਹ ਨੱਕ ਰਾਹੀਂ ਬਾਹਰ ਆ ਗਈ। ਹੱਸ ਹੱਸ ਦੂਹਰੇ ਹੋ ਗਏ ਅਸੀਂ। ਅੱਗਿਓਂ ਆਂਟੀ ਵੀ ਦੇਖ ਕੇ ਹੱਸ ਪਈ। ਉਹਨੂੰ ਦੇਖ ਕੇ ਅਸੀਂ ਹੋਰ ਹੱਸ ਪਏ। ਹੱਸ ਹੱਸ ਕੇ ਬੁਰਾ ਹਾਲ ਕਰ ਲਿਆ।

ਆਂਟੀ ਦੇ ਕਹਿਣ ਦਾ ਮਤਲਬ ਸੀ ਕਿ ਪਿੰਡ ਜੁਆਕ ਜੰਮਣ ਤੋਂ ਲੈ ਕੇ ਪੰਜੀਰੀ ਬਣਾਉਣ ਤੱਕ ਉਹ ਆਪਣੇ ਹੱਥੀਂ ਕੰਮ ਕਰ ਲੈਂਦੀ ਸੀ। ਅਗਲੇ ਦਾ ਨਿਆਣਾ ਵੀ ਸਾਂਭ ਲੈਣਾ ਤੇ ਜਨਾਨੀ ਵੀ। ਜੱਚਾ ਬੱਚਾ ਦੋਹਾਂ ਨੂੰ ਸਾਂਭ ਲੈਂਦੀ ਸੀ।

"ਆਂਟੀ, ਫਿਰ ਤੁਸੀਂ ਤਾਂ ਪੰਜੀਰੀ ਬਹੁਤ ਸੁਵਾਦ ਬਣਾਉਂਦੇ ਹੋਵੋਗੇ? ਬਾਜਵੇ ਦੀ ਬੇਬੇ ਨੇ ਪੰਜੀਰੀ ਭੇਜੀ ਹੈ, ਕਿਸੇ ਕੰਮ ਦੀ ਪੰਜੀਰੀ ਨਹੀਂ ਬਣਾਈ।" ਮੈਂ ਪੰਜੀਰੀ ਵਾਲੀ ਕੜਾਹੀ ਆਂਟੀ ਵੱਲ ਰੱਖਣ ਦੇ ਖਿਆਲ ਨਾਲ ਕਿਹਾ।

"ਮੈਨੂੰ ਕੀ ਪਤਾ, ਮੈਨੂੰ ਕਿਹੜਾ ਸਵਾਦ ਦਿਖਾਇਆ।" ਆਂਟੀ ਨੇ ਝੱਟ ਮੂੰਹ ਮਰੋੜ ਲਿਆ।

"ਆਂਟੀ ਸੌਰੀ! ਉਹ ਪੰਜੀਰੀ ਨੂੰ ਜਿੰਦੀ ਲਾ ਗਿਆ।" ਢਿੱਲੋਂ ਗੱਲ ਬੋਚ ਗਿਆ ਸੀ। ਉਸੇ ਸ਼ਾਮ ਹੀ ਆਂਟੀ ਨੇ ਬਾਰਡਰ 'ਤੇ ਬਾਜਵਾ ਘੇਰ ਲਿਆ ਤੇ ਪੁੱਛਿਆ, "ਕਿਉਂ ਵੇ ਬਾਜਵਿਆ! ਆਂਟੀ ਦੇ ਕਰੇਲੇ ਤਾਂ ਖਾ ਲਏ ਸੀ, ਮਾਂ ਦੀ ਪੰਜੀਰੀ ਤਾਂ ਖਵਾਈ ਨਹੀਂ।"

"ਆਂਟੀ, ਕਿਹੜੀ ਪੰਜੀਰੀ? ਕਿਹੜੀ ਮਾਂ?" ਬਾਜਵਾ ਹੱਕਾ ਬੱਕਾ ਰਹਿ ਗਿਆ ਤੇ ਫਿਰ ਬੋਲਿਆ, "ਆਂਟੀ, ਤੂੰ ਕਦੋਂ ਸੁਧਰੇਂਗੀ? ਤੈਨੂੰ ਕਿਹੜੀਆਂ ਆਫ਼ਤਾਂ ਆਈਆਂ ਨੇ ਜਿਹੜਾ ਤੂੰ ਲੋਕਾਂ ਦੇ ਘਰਾਂ ਵਿਚ ਆਹ ਭੈੜੀ ਜਿਹੀ ਆਸ਼ਕੀ ਕਰੀ ਜਾਂਦੀ ਹੈ। ਮੈਨੂੰ ਸਪੀਡ ਦੀ ਟਿਕਟ ਮਿਲ ਗਈ, ਤੈਨੂੰ ਪੰਜੀਰੀ ਦੀ ਪਈ ਹੈ।" ਬਾਜਵਾ ਸੱਚੀਂ ਅੱਕਿਆ ਪਿਆ ਸੀ।

ਮਗਰੇ ਥੋੜ੍ਹੀ ਦੇਰ ਬਾਅਦ ਸੰਧੂ ਆ ਗਿਆ। ਬਾਰਡਰ 'ਤੇ ਆਂਟੀ ਢਿੱਲਾ ਜਿਹਾ ਮੂੰਹ ਬਣਾਈ ਬੈਠੀ ਸੀ।

"ਆਂਟੀ ਕੀ ਗੱਲ ਹੋ ਗਈ? ਚਾਹ ਨਹੀਂ ਪੀਤੀ?" ਸੰਧੂ ਨੇ ਮਜ਼ਾਕ ਜਿਹੇ ਨਾਲ ਪੁੱਛਿਆ।

"ਸੰਧੂਆ, ਤੈਨੂੰ ਚਾਹ ਦੀ ਪਈ ਹੈ; ਉਧਰ ਬਾਜਵੇ ਨੂੰ ਗੱਡੀ ਤੇਜ਼ ਭਜਾਉਣ ਦੀ ਟਿਕਟ ਮਿਲ ਗਈ।" ਆਂਟੀ ਨੇ ਮੂੰਹ ਇਸ ਤਰ੍ਹਾਂ ਕਰ ਲਿਆ ਜਿਵੇਂ ਕਿਸੇ ਦੇ ਸਸਕਾਰ ਤੋਂ ਆਈ ਹੋਵੇ।

"ਬੜੀ ਮਾੜੀ ਹੋਈ ਆਂਟੀ, ਮੈਂ ਪੁੱਛਦਾਂ ਜਾ ਕੇ।" ਸੰਧੂ ਨੇ ਫਿਕਰ ਜਿਹਾ ਕਰਦਿਆਂ ਕਿਹਾ।

"ਤੂੰ ਆਹ ਅਟੈਚੀਕੇਸ ਚੁੱਕੀ ਫਿਰਦਾਂ।" ਆਂਟੀ ਨੇ ਝੱਟ ਹੀ ਡੂੰਘੀਆਂ ਨਜ਼ਰਾਂ ਸੰਧੂ ਦੇ ਹੱਥ ਵਿਚ ਫੜੇ ਅਟੈਚੀ ਵੱਲ ਗੱਡ ਦਿੱਤੀਆਂ।

"ਇੰਡੀਆ ਦੀ ਤਿਆਰੀ ਆ, ਸਾਮਾਨ ਪਾਉਣ ਵਾਸਤੇ ਅਟੈਚੀ ਲਿਆਇਆਂ।" ਸੰਧੂ ਨੇ ਜਵਾਬ ਦਿੱਤਾ। ਜਾਣਾ ਸੰਧੂ ਨੇ ਕਿਸੇ ਪਾਸੇ ਵੀ ਨਹੀਂ ਸੀ।

ਅਸੀਂ ਕਈ ਵਾਰ ਸੋਚਿਆ ਕਿ ਇੱਥੋਂ ਛਾਉਣੀ ਬਦਲ ਲਈਏ, ਪਰ ਅਧੂਰੀ ਇਮੀਗ੍ਰੇਸ਼ਨ ਕਰ ਕੇ ਟਿਕੇ ਰਹੇ, ਕਿਉਂਕਿ ਸਾਰਿਆਂ ਦੇ ਸਿਰਨਾਵੇ ਇਸੇ ਛਾਉਣੀ ਦੇ ਸਨ। ਆਂਟੀ ਦਾ ਸਭ ਨਾਲੋਂ ਜ਼ਿਆਦਾ ਮੋਹ ਮੇਰੇ ਨਾਲ ਸੀ, ਤੇ ਦੁੱਖ ਵੀ ਮੈਨੂੰ ਹੀ ਜ਼ਿਆਦਾ ਦਿੰਦੀ ਸੀ। ਘਰੋਂ ਰੱਬ ਦਾ ਨਾਂ ਲੈ ਕੇ ਤੁਰਨਾ, ਸਤਿਗੁਰਾਂ ਦਾ ਓਟ ਆਸਰਾ ਲੈ ਕੇ ਜਾਣਾ, ਪਰ ਰਾਹ ਵਿਚ ਆਂਟੀ ਨੇ ਪੁੱਛਣਾ, "ਕੁਲਾਰ, ਬੱਚਿਆਂ ਦਾ ਕੁਝ ਬਣਿਆ ਕਿ ਨਹੀਂ?" ਰੋਜ਼ ਇਕੋ ਹੀ ਸਵਾਲ ਆਂਟੀ ਨੇ ਪੁੱਛ ਕੇ ਮੱਲੋ ਮੱਲੀ ਪਰਿਵਾਰ ਦੀ ਯਾਦ ਤਾਜ਼ਾ ਕਰਾ ਦੇਣੀ। ਉਹਨੂੰ ਮੇਰੇ ਨਾਲ ਹਮਦਰਦੀ ਸੀ ਜਾਂ ਉਹ ਜਾਣ ਬੁਝ ਕੇ ਦੁਖਦੀ ਰਗ ਨੂੰ ਹੱਥ ਪਾਉਂਦੀ ਸੀ! ਕਈ ਵਾਰ ਸੋਚਣਾ, ਆਂਟੀ ਅਮਰੀਕਾ ਤਾਂ ਆ ਗਈ ਪਰ ਪਿੰਡਾਂ ਦੀਆਂ ਮਾਈਆਂ ਵਾਲੀਆਂ ਆਦਤਾਂ ਵੀ ਨਾਲ ਲੈ ਆਈ।

ਐਰੀਜ਼ੋਨਾ ਤੋਂ ਢਿੱਲੋਂ ਦੀ ਭੈਣ ਹਫਤੇ ਭਰ ਵਾਸਤੇ ਸਾਡੇ ਕੋਲ ਆ ਗਈ। ਨਾਲ ਦੋ ਬੱਚੇ ਵੀ ਸਨ। ਢਿੱਲੋਂ ਦੀ ਭੈਣ ਸਾਡੀ ਵੀ ਭੈਣ ਸੀ। ਛੇ-ਸੱਤ ਦਿਨ ਅਸੀਂ ਭੈਣ ਤੋਂ ਮਨਮਰਜ਼ੀ ਦੇ ਖਾਣੇ ਬਣਵਾਉਂਦੇ ਰਹੇ। ਭੈਣ ਨੇ ਵੀ ਰੂਹ ਨਾਲ ਖਾਣੇ ਬਣਾਏ। ਸੰਧੂ ਕਹਿੰਦਾ, "ਭੈਣੇ, ਤੁਹਾਨੂੰ ਅਖੰਡ ਪਾਠ ਕਰਵਾਉਣ ਦੀ ਲੋੜ ਨਹੀਂ, ਸਾਡੀ ਸੇਵਾ ਨਾਲ ਹੀ ਤੁਸੀਂ ਮੂੰਹੋਂ ਮੰਗੀ ਮੁਰਾਦ ਪਾ ਲਵੋਗੇ।"

ਸਾਡੇ ਕੋਲ ਕੁੜੀ ਆਈ ਦੇਖ ਕੇ ਆਂਟੀ ਭਲਾ ਪਿੱਛੇ ਕਿਵੇਂ ਰਹਿ ਸਕਦੀ ਸੀ। ਮੈਨੂੰ ਰੋਕ ਕੇ ਪੁੱਛ ਹੀ ਲਿਆ, "ਵੇ ਕੁਲਾਰ, ਢਿੱਲੋਂ ਦਾ ਕੰਮ ਸਿਰੇ ਚੜ੍ਹ ਹੀ ਗਿਆ। ਚੱਲ ਚੰਗਾ ਹੋਇਆ ਘਰ ਵੱਸ ਗਿਆ।" ਮਨ ਵਿਚ ਇਕਦਮ ਉਬਾਲਾ ਜਿਹਾ ਉਠਿਆ, 'ਕਰਾਂ ਤਾਂ ਹੁਣ ਕੀ ਕਰਾਂ।'...ਪਰ ਹੋਸ਼ ਟਿਕਾਣੇ ਕਰ ਕੇ ਮੈਂ ਕਿਹਾ, "ਆਂਟੀ, ਢਿੱਲੋਂ ਦੀ ਭੈਣ ਹੈ। ਪੰਜ ਸੱਤ ਦਿਨ ਸਾਡੇ ਕੋਲ ਆਈ ਹੈ। ਤੂੰ ਮੈਨੂੰ ਤਾਂ ਪੁੱਛ ਲਿਆ ਪਰ ਆਹ ਸਵਾਲ ਦੂਜਿਆਂ ਨੂੰ ਨਾ ਪੁੱਛੀਂ। ਉਹ ਤਾਂ ਤਿੰਨੇ ਚੰਗਿਆੜੇ ਨੇ।"

ਆਂਟੀ ਦੀਆਂ ਪੁੱਛ ਪੁਛਾਈ ਦੀਆਂ ਆਦਤਾਂ, ਬਿਨਾਂ ਗੱਲ ਤੋਂ ਦਖਲਅੰਦਾਜ਼ੀ ਦੇਣਾ ਸਾਨੂੰ ਪਸੰਦ ਨਹੀਂ ਸੀ ਪਰ ਪੰਜਾਬਣ ਮਾਈ ਹੋਣ ਕਰ ਕੇ ਅਸੀਂ ਉਹਦੀ ਇੱਜ਼ਤ ਕਰਦੇ ਸੀ। ਆਂਟੀ ਆਪਣੇ ਆਪ ਨੂੰ ਢੱਕਦੀ ਤੇ ਲੋਕਾਂ ਨੂੰ ਬੇਪਰਦ ਕਰਨੋਂ ਨਾ ਹਟਦੀ। ਆਂਟੀ ਨੇ ਕਦੇ ਆਪਣੇ ਪਿੰਡ ਦਾ ਨਾਂ ਨਹੀਂ ਸੀ ਦੱਸਿਆ। ਇਹੀ ਕਹਿ ਦਿੰਦੀ ਸੀ ਕਿ ਸਾਨੂੰ ਨਕੋਦਰ ਸ਼ਹਿਰ ਲੱਗਦਾ ਹੈ। ਅੰਕਲ ਕਿਸੇ ਕੰਪਨੀ ਵਿਚ ਰਾਤ ਦੀ ਡਿਊਟੀ ਕਰਦਾ ਸੀ। ਆਂਟੀ ਦਾ ਵੱਡਾ ਮੁੰਡਾ ਤੇ ਨੂੰਹ ਪਿੰਡ ਸਨ। ਛੋਟਾ ਮੁੰਡਾ ਵੀ ਇੱਥੇ ਕਿਸੇ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ। ਆਂਟੀ ਬੈਠੀ ਹੀ ਕਿਸੇ ਕੰਪਨੀ ਤੋਂ ਪੈਸੇ ਲੈ ਰਹੀ ਸੀ, ਕਿਉਂਕਿ ਆਂਟੀ ਦੇ ਸੱਟ ਲੱਗ ਗਈ ਸੀ। ਅੰਕਲ ਸਾਨੂੰ ਬਹੁਤ ਘੱਟ ਮਿਲਦਾ, ਮੁੰਡੇ ਨਾਲ ਕਦੇ ਕਦਾਈਂ 'ਹੈਲੋ ਹਾਏ' ਹੋ ਜਾਂਦੀ ਸੀ। ਫਿਰ ਆਂਟੀ ਬਿਨਾਂ ਦੱਸਿਆਂ ਹੀ ਮੁੰਡੇ ਦਾ ਵਿਆਹ ਕਰਨ ਇੰਡੀਆ ਚਲੀ ਗਈ। ਦੋ ਮਹੀਨਿਆਂ ਪਿੱਛੋਂ ਆਈ ਆਂਟੀ ਸਾਡੇ ਨਾਲ ਸਿੱਧੇ ਮੂੰਹ ਗੱਲ ਨਾ ਕਰੇ। ਛੇ ਮਹੀਨਿਆਂ ਪਿੱਛੋਂ ਆਂਟੀ ਦੀ ਨੂੰਹ ਰਾਣੀ ਆ ਗਈ। ਆਂਟੀ ਦੇ ਘਰ ਭੰਗੜੇ ਪੈਣ। ਮਹਿਮਾਨ ਸੱਦੇ ਹੋਏ ਸਨ ਕਿ ਨੂੰਹ ਆਈ ਹੈ ਪਰ ਸਾਨੂੰ ਆਂਟੀ ਨੇ ਇਕ ਵਾਰ ਵੀ ਨਹੀਂ ਕਿਹਾ ਕਿ ਕੁਲਾਰ ਅਜ ਦਾ ਖਾਣਾ ਅਸਾਂ ਦੇ ਘਰ ਹੈ। ਜਦੋਂ ਨੂੰਹ ਰਾਣੀ ਦਾ ਚਾਅ ਮੱਠਾ ਜਿਹਾ ਹੋਇਆ, ਆਂਟੀ ਨੇ ਬਾਰਡਰ 'ਤੇ ਮੋਰਚਾ ਫਿਰ ਗੱਡ ਦਿੱਤਾ।

ਆਂਟੀ ਦੀ ਨੂੰਹ ਵੀ ਆਂਟੀ ਨਾਲ ਸੈਰ ਕਰਨ ਲੱਗ ਪਈ। ਮਹੀਨੇ ਪਿੱਛੋਂ ਹੀ ਉਹਨੇ ਚੁੰਨੀ ਕਿੱਲੀ 'ਤੇ ਟੰਗ ਦਿੱਤੀ ਅਤੇ ਟਾਪ ਤੇ ਜੀਨ ਪਾਉਣ ਲੱਗ ਪਈ। ਫਿਰ ਆਂਟੀ ਉਹਦੇ ਕੰਮ ਵਾਸਤੇ ਮੈਨੂੰ ਕਹਿਣ ਲੱਗੀ, "ਵੇ ਕੁਲਾਰ, ਨੂੰਹ ਬੀ.ਏ. ਪੜ੍ਹੀ ਹੈ, ਕੋਈ ਕੰਮ ਦੱਸ। ਅੰਗਰੇਜ਼ੀ ਵੀ ਆਉਂਦੀ ਹੈ।" ਮੈਂ ਕਹਿ ਦਿੰਦਾ, "ਚੰਗਾ ਆਂਟੀ, ਲੱਭਾਂਗੇ।" ਆਂਟੀ ਬਾਹਰ ਗੇੜੇ ਕੱਢੀ ਜਾਂਦੀ, ਨੂੰਹ ਰਾਣੀ ਖਿੜਕੀ ਦੇ ਪਰਦੇ ਚੁੱਕ ਕੇ ਆਂਉਂਦੇ ਜਾਂਦੇ ਦੇਖੀ ਜਾਂਦੀ। ਨੂੰਹ ਰਾਣੀ ਦਾ ਜੀਅ ਲਵਾਉਣ ਵਾਸਤੇ ਉਹਨੂੰ ਲੈਪਟਾਪ ਲੈ ਕੇ ਦਿੱਤਾ ਹੋਇਆ ਸੀ। ਅਸੀਂ ਤਾਂ ਲੰਘਣ ਲੱਗੇ ਨੀਵੀਂ ਪਾ ਲੈਂਦੇ ਪਰ ਨੂੰਹ ਰਾਣੀ ਯੂਟਿਊਬ 'ਤੇ ਗਾਣੇ ਸੁਣਦੀ ਆਵਾਜ਼ ਉੱਚੀ ਕਰ ਦਿੰਦੀ। ਹੌਲੀ-ਹੌਲੀ ਨੂੰਹ ਰਾਣੀ ਨੂੰ ਬਾਹਰ ਦੀ ਹਵਾ ਲੱਗ ਗਈ। ਉਹਨੇ ਕਾਰ ਦਾ ਲਾਇਸੰਸ ਵੀ ਲੈ ਲਿਆ ਤੇ ਉਹਦਾ ਗਰੀਨ ਕਾਰਡ ਵੀ ਆ ਗਿਆ।

ਸੰਧੂ ਮੈਨੂੰ ਕਹਿੰਦਾ, "ਬਾਈ ਕੁਲਾਰ, ਲੱਗਦਾ ਆਂਟੀ ਦੀ ਨੂੰਹ ਬਹੁਤਾ ਚਿਰ ਟਿਕਦੀ ਨਹੀਂ। ਮੈਨੂੰ ਦਾਲ ਵਿਚ ਕੁਝ ਕਾਲਾ ਲੱਗਦਾ ਹੈ।"

"ਇੰਜ ਨਹੀਂ ਕਹੀਦਾ।" ਮੈਂ ਸੰਧੂ ਨੂੰ ਕਿਹਾ।

ਪਰ ਆਂਟੀ ਵਿਚਾਰੀ ਨੂੰ ਕੀ ਪਤਾ ਸੀ ਕਿ ਉਹਦੇ ਨਾਲ ਇੰਜ ਹੀ ਹੋਣੀ ਹੈ! ਆਂਟੀ ਕਿਸੇ ਦਾ ਘਰ ਪੱਟਣ ਲਈ ਤੁਰੀ ਰਹਿੰਦੀ ਸੀ, ਆਂਟੀ ਦਾ ਘਰ ਖੁਦ ਪੱਟਿਆ ਗਿਆ। ਕਿਸੇ ਦੇ ਵਿਆਹ ਦੀ ਪਾਰਟੀ 'ਤੇ ਜਾਣ ਲਈ ਤਿਆਰ ਹੋ ਰਹੀ ਨੂੰਹ ਸਭ ਕੁਝ ਲੈ ਕੇ ਕਿਸੇ ਨਾਲ ਭੱਜ ਗਈ। ਸਾਨੂੰ ਤਾਂ ਚਾਰ ਦਿਨ ਬਾਅਦ ਪਤਾ ਲੱਗਿਆ, ਜਦੋਂ ਬੂਹਾ ਖੋਲ੍ਹ ਕੇ ਸੋਫੇ 'ਤੇ ਬੈਠੀ ਆਂਟੀ ਨੇ ਮੈਨੂੰ ਤੇ ਬਾਜਵੇ ਨੂੰ ਹਾਕ ਮਾਰ ਕੇ ਅੰਦਰ ਸੱਦਿਆ, "ਵੇ ਕੁਲਾਰ, ਮੈਂ ਤਾਂ ਪੱਟੀ ਗਈ, ਉਹ ਸਾਰਾ ਕੁਝ ਲੁੱਟ ਕੇ ਲੈ ਗਈ। ਅਸੀਂ ਤਾਂ ਨਾਗਣੀ ਵਿਆਹ ਲੈ ਆਏ। ਸਾਨੂੰ ਡੰਗ ਕੇ ਤੁਰ'ਗੀ। ਆਪਣਾ ਗਹਿਣਾ ਗੱਟਾ ਵੀ, ਤੇ ਮੇਰਾ ਵੀ, ਸਭ ਲੈ ਗਈ। ਮੈਂ ਤਾਂ ਖਾਲੀ ਹੋ ਗਈ।" ਅਸੀਂ ਆਂਟੀ ਮਸਾਂ ਚੁੱਪ ਕਰਾਈ, ਪਰ ਹੁਣ ਕੁਝ ਹੋ ਨਹੀਂ ਸਕਦਾ ਸੀ। ਉਹ ਆਪਣੀ ਮਰਜ਼ੀ ਨਾਲ ਤੁਰ ਗਈ ਸੀ।

"ਆਂਟੀ ਜੀ, ਜਿਹੜਾ ਬਾਰਡਰ ਉਥੇ ਬਣਾ ਕੇ ਬੈਠ ਜਾਂਦੇ ਸੀ, ਉਹ ਬਾਰਡਰ ਘਰੇ ਬਣਾਉਣਾ ਸੀ! ਜਿਹੜੀ ਗਸ਼ਤ ਅਪਾਰਟਮੈਂਟਾਂ ਵਿਚ ਕਰਦੇ ਸੀ, ਉਹ ਘਰੇ ਕਰਨੀ ਸੀ!! ਸਮੇਂ ਅਨੁਸਾਰ ਦੁੱਧ ਦਾ ਉਬਾਲ ਸਾਂਭਿਆ ਜਾਂਦਾ ਹੈ ਪਰ ਤੁਸੀਂ ਤਾਂ ਸਾਡੇ ਮਗਰ ਹੀ ਪਏ ਰਹੇ। ਤੁਹਾਡੇ ਨਾਲ ਤਾਂ ਉਸ ਚੌਕੀਦਾਰ ਵਾਂਗ ਹੋਈ, ਲੋਕਾਂ ਨੂੰ ਜਗਾਈ ਗਿਆ ਤੇ ਆਪਣੇ ਘਰ ਚੋਰੀ ਕਰਵਾ ਬੈਠਾ।" ਮੈਂ ਆਂਟੀ ਨੂੰ ਦਿਲ ਦੀਆਂ ਕਹਿ ਦਿੱਤੀਆਂ। ਆਂਟੀ ਨੇ ਰੋ ਰੋ ਕੇ ਬਾਜਵੇ ਦਾ ਮੋਢਾ ਗਿੱਲਾ ਕਰ ਦਿੱਤਾ। ਫਿਰ ਮਹੀਨੇ ਪਿੱਛੋਂ ਹੀ ਆਂਟੀ ਛਾਉਣੀ ਬਦਲ ਗਈ। ਕਈ ਦਿਨ ਸਾਨੂੰ ਆਂਟੀ ਦੇ ਭੁਲੇਖੇ ਪੈਂਦੇ ਰਹੇ। ਹੁਣ ਪਤਾ ਲੱਗਿਆ ਸੀ ਕਿ ਆਂਟੀ ਪਿੰਡ ਗਈ ਸੁਰਗਵਾਸ ਹੋ ਗਈ। ਮੁੰਡਾ ਇੱਥੇ ਹੀ ਘਰਵਾਲੀ ਦੇ ਵਿਯੋਗ ਵਿਚ ਦਾਰੂ ਪੀਈ ਜਾਂਦਾ ਹੈ। ਆਂਟੀ ਦੀ ਖ਼ਬਰ ਸੁਣ ਕੇ ਅਸੀਂ ਸਾਰੇ ਹੀ ਬੜਾ ਰੋਏ ਜਿਹਨੇ ਸਾਡੇ ਉਤੇ ਮਾਂਵਾਂ ਨਾਲੋਂ ਵੱਧ ਪਹਿਰਾ ਰੱਖਿਆ ਪਰ ਆਪਣਾ ਘਰ ਨਾ ਬਚਾ ਸਕੀ!

### ਵਰ ਕੈਨੇਡਾ ਵਾਲਾ

ਮਾਂ ਦੀ ਕੁੱਖ ਵਿਚ ਕਰ ਕੇ ਅਰਜੋਈਆਂ
ਮਸਾਂ ਸੀ ਆਪਣੀ ਜਾਨ ਬਚਾਈ।
ਤਿੰਨਾਂ ਭੈਣਾਂ ਦੀ ਭੈਣ ਮੈਂ ਚੌਥੀ
ਕਰ ਅਰਦਾਸਾਂ ਜੱਗ 'ਤੇ ਆਈ।
ਮਾਂ ਨੇ ਨੱਕ ਬੁੱਲ੍ਹ ਜਿਹੇ ਚਾੜ੍ਹ ਕੇ
ਨਿਪਲ ਬਣਾਉਟੀ ਮੂੰਹ ਨੂੰ ਲਾਈ,
ਤਰਸ ਗਈ ਮੈਂ ਮਾਂ ਦੇ ਦੁੱਧ ਨੂੰ
ਮਾਂ ਨੇ ਨਾ ਇਕ ਘੁੱਟ ਪਿਲਾਈ।

ਰੁਲਦੀ ਖੁਲਦੀ ਮੈਂ ਗਈ ਸਕੂਲੇ
ਸ਼ੁਰੂ ਹੋਈ ਫਿਰ ਮੇਰੀ ਪੜ੍ਹਾਈ,
ਘਰ ਦਾ ਸਾਰਾ ਕੰਮ ਮੈਂ ਕਰਦੀ
ਬਚਪਨ ਦੀ ਨਾ ਉਮਰ ਹੰਢਾਈ।
ਸਾਲ ਸੋਲਵਾਂ ਜਦੋਂ ਮੈਨੂੰ ਚੜ੍ਹਿਆ
ਹੁਸਨ ਮੇਰੇ ਨੇ ਲਈ ਅੰਗੜਾਈ,
ਘਰੇ ਕੈਦਣ ਕੀਤਾ ਮਾਂ ਨੇ ਮੈਨੂੰ
ਮੈਂ ਆਖਾਂ ਕਿਉਂ ਜਵਾਨੀ ਆਈ।

ਬਾਪੂ ਨੂੰ ਆਖ ਆਜ਼ਾਦ ਹੋ ਕੇ
ਕਾਲਜ ਦੀ ਸ਼ੁਰੂ ਕੀਤੀ ਪੜ੍ਹਾਈ,
ਤਿੰਨਾਂ ਭੈਣਾਂ ਦੇ ਬਾਬਲ ਹੱਥ ਪੀਲੇ ਕੀਤੇ
ਲੱਗਦਾ ਹੁਣ ਵਾਰੀ ਮੇਰੀ ਆਈ।
ਹਰ ਇਕ ਆਖੇ ਕੁੜੀ ਸੁਨੱਖੀ
ਮਾਸੜ ਵਰ ਦੀ ਦੱਸ ਕੈਨੇਡਾ ਪਾਈ,
ਸੱਠ ਸਾਲ ਦਾ ਦੁਹਾਜੂ ਬੁੱਢੜਾ
ਬਣ ਗਿਆ ਮੇਰੇ ਬਾਬਲ ਦਾ ਜਵਾਈ।

ਦੇਖ ਕੇ ਬੁੱਢੜੇ ਨੂੰ ਭੁੱਬੀਂ ਰੋਂਦੀ
ਕੂੰਜ ਜਿਵੇਂ ਬਾਜ਼ ਹੱਥ ਆਈ,
ਸੋਹਣੇ ਸੋਹਣੇ ਸੁਪਨੇ ਦਿਖਾ ਕੇ
ਮੈਨੂੰ ਫਿਰ ਉਸ ਨੇ ਕੈਨੇਡਾ ਦਿਖਾਈ।
ਚਾਰ ਦਿਨ ਮੈਨੂੰ ਖੂਬ ਘੁਮਾਇਆ
ਫਿਰ ਵਾਰੀ ਕੰਮ ਦੀ ਆਈ।


ਦੋ ਕੁ ਸਾਲਾਂ ਦੇ ਪਿੱਛੋਂ ਬੁੱਢੜਾ
ਹੋ ਗਿਆ ਰੱਬ ਨੂੰ ਪਿਆਰਾ,
ਮੇਰਾ ਸਭ ਕੁਝ ਲੁੱਟ ਹੋ ਗਿਆ
ਟੁੱਟਿਆ ਕਹਿਰ ਮੇਰੇ 'ਤੇ ਭਾਰਾ।
ਸਸਕਾਰ ਦੀਆਂ ਰਸਮਾਂ ਪੂਰੀਆਂ ਕਰ ਕੇ
ਮੈਂ ਫਿਰ ਰਹਿ ਗਈ ਇਕੱਲੀ,
ਰਿਸ਼ਤੇਦਾਰਾਂ ਨੂੰ ਫੋਨ ਬਥੇਰੇ ਕੀਤੇ
ਕਿਸੇ ਨੇ ਵੀ ਇਕ ਦਿਨ ਨਾ ਝੱਲੀ।

ਜਿਸ ਨੂੰ ਦੁੱਖ ਸੁਣਾਵਾਂ ਆਪਣਾ
ਉਹੀ ਫਾਇਦਾ ਉਠਾਉਂਦਾ ਮੇਰਾ,
ਅੰਦਰ ਵੜ ਕੇ 'ਕੱਲੀ ਰੋਂਦੀ
ਆਪੇ ਆਖਾਂ ਹੈ ਨਹੀਂ ਕੋਈ ਤੇਰਾ!

ਜਿਸ ਨੂੰ ਸਮਝਣ ਲੱਗਾਂ ਆਪਣਾ
ਉਹੀ ਮੇਰੀ ਪਹਿਲਾਂ ਜਵਾਨੀ ਦੇਖੇ,
ਆਪਣਿਆਂ ਹੱਥੋਂ ਲੁੱਟਦੀ ਜਾਂਦੀ
ਹਰ ਇਕ ਮੇਰੀ ਜਵਾਨੀ ਸੇਕੇ।
ਦਰ ਅੱਲਾਹ ਦੇ ਜਾ ਕੇ ਰੋਂਦੀ
ਕਿਸੇ ਨੂੰ ਨਾ ਕਦੇ ਕੈਨੇਡਾ ਲਿਆਈਂ,
ਇਸ ਨਾਲੋਂ ਤਾਂ ਸੌ ਗੁਣਾ ਚੰਗਾ
ਮਾਂ ਦੀ ਕੁੱਖ ਵਿਚ ਕਤਲ ਕਰਾਈਂ!


ਆਪਣੀ ਸ਼ਤਰੰਜ ਦੀ ਚਾਲ ਵਿਚ
ਧੀਆਂ ਨੂੰ ਨਾ ਮੋਹਰਾ ਬਣਾਈਏ,
ਮੇਜਰ ਕੁਲਾਰ ਖੁਦ ਕੈਨੇਡਾ ਆਉਣ ਲਈ
ਐਸੀ ਭੈੜੀ ਰੀਤ ਨਾ ਚਲਾਈਏ।

*-ਮੇਜਰ ਕੁਲਾਰ ਬੋਪਾਰਾਏ*




# ਫਿਲਮਾਂ ਦਾ ਜਾਦੂਗਰ ਯਸ਼ ਚੋਪੜਾ

ਬਾਲੀਵੁੱਡ ਦੇ ਸਫਲ ਤੇ ਸਭ ਤੋਂ ਵੱਧ ਲੋਕਪ੍ਰਿਯ ਫਿਲਮ ਨਿਰਮਾਤਾ-ਨਿਰਦੇਸ਼ਕਾਂ ਵਿਚੋਂ ਇਕ ਯਸ਼ ਚੋਪੜਾ ਦੇ ਹੱਥਾਂ ਵਿਚ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਬਾਰੀਕੀਆਂ ਨੂੰ ਖੂਬ ਨਜ਼ਾਕਤ ਨਾਲ ਸੁਨਹਿਰੇ ਪਰਦੇ 'ਤੇ ਪੇਸ਼ ਕਰਨ ਦਾ ਜਾਦੂ ਸਮਾਇਆ ਹੋਇਆ ਸੀ। ਹੁਣੇ ਜਿਹੇ 80 ਸਾਲ ਦੇ ਹੋਏ ਇਸ ਨਿਰਦੇਸ਼ਕ 'ਚ ਫਿਲਮਾਂ ਬਣਾਉਣ ਦਾ ਜਨੂੰਨ ਇਸ ਉਮਰ ਵਿਚ ਵੀ ਕਾਇਮ ਸੀ। ਅੱਜਕਲ ਉਹ ਸ਼ਾਹਰੁਖ ਖਾਨ ਤੇ ਕੈਟਰੀਨਾ ਕੈਫ ਤੇ ਅਨੁਸ਼ਕਾ ਸ਼ਰਮਾ ਦੇ ਅਭਿਨੈ ਵਾਲੀ ਫਿਲਮ 'ਜਬ ਤਕ ਹੈ ਜਾਨ' ਦਾ ਨਿਰਦੇਸ਼ਨ ਕਰਨ ਵਿਚ ਜੀ-ਜਾਨ ਨਾਲ ਜੁਟੇ ਹੋਏ ਸਨ ਪਰ ਡੇਂਗੂ ਤੋਂ ਪੀੜਤ ਹੋਣ ਕਾਰਨ ਕਈ ਦਿਨਾਂ ਤਕ ਹਸਪਤਾਲ ਵਿਚ ਰਹਿਣ ਤੋਂ ਬਾਅਦ 21 ਅਕਤੂਬਰ ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ।



ਲਾਹੌਰ ਵਿਚ ਪੈਦਾ ਹੋਏ ਯਸ਼ਰਾਜ ਚੋਪੜਾ ਨੇ ਜਲੰਧਰ ਤੇ ਲੁਧਿਆਣਾ ਵਿਚ ਆਪਣੀ ਸਕੂਲੀ ਸਿੱਖਿਆ ਪੂਰੀ ਕੀਤੀ। ਅੱਲ੍ਹੜ ਉਮਰ ਵਿਚ ਉਨ੍ਹਾਂ ਦੀ ਤਮੰਨਾ ਇੰਜਨੀਅਰ ਬਣਨ ਦੀ ਸੀ। ਇਸੇ ਖਾਹਿਸ਼ ਨਾਲ ਉਹ ਮੁੰਬਈ ਵੀ ਪਹੁੰਚੇ ਪਰ ਉਨ੍ਹਾਂ ਦੀ ਕਿਸਮਤ ਵਿਚ ਇੱਟਾਂ-ਸੀਮੈਂਟ ਦੀਆਂ ਇਮਾਰਤਾਂ ਜਾਂ ਮਸ਼ੀਨਾਂ ਬਣਾਉਣਾ ਨਹੀਂ, ਸਗੋਂ ਸੁਨਹਿਰੇ ਪਰਦੇ 'ਤੇ ਕਮਾਲ ਦੀਆਂ ਕਹਾਣੀਆਂ ਘੜ੍ਹਨਾ ਲਿਖਿਆ ਸੀ। ਉਨ੍ਹਾਂ ਦੇ ਵੱਡੇ ਭਰਾ ਬੀ.ਆਰ. ਚੋਪੜਾ ਪਹਿਲਾਂ ਤੋਂ ਹੀ ਫਿਲਮ ਨਿਰਮਾਣ ਵਿਚ ਸੀ।

ਉੱਚ ਸਿੱਖਿਆ ਲਈ ਲੰਦਨ ਜਾਣ ਤੋਂ ਪਹਿਲਾਂ ਜਦੋਂ ਉਹ ਮੁੰਬਈਆ ਆਏ ਤਾਂ ਫਿਲਮ ਨਿਰਮਾਣ ਦੇਖਦੇ ਹੀ ਉਨ੍ਹਾਂ ਦੇ ਮਨ ਵਿਚ ਵੀ ਫਿਲਮਾਂ ਨਾਲ ਕਿਸੇ ਤਰ੍ਹਾਂ ਜੁੜਨ ਦੀ ਇੱਛਾ ਪੈਦਾ ਹੋਈ। ਆਪਣੇ ਭਰਾ ਦੇ ਸਾਹਮਣੇ ਉਨ੍ਹਾਂ ਨੇ ਆਪਣੀ ਇੱਛਾ ਜ਼ਾਹਿਰ ਕੀਤੀ ਤਾਂ ਉਨ੍ਹਾਂ ਨੂੰ ਬਤੌਰ ਸਹਾਇਕ ਨਿਰਦੇਸ਼ਨ ਸਿੱਖਣ ਲਈ ਆਈ.ਐਸ.ਜੌਹਰ ਕੋਲ ਭੇਜ ਦਿੱਤਾ ਗਿਆ ਪਰ ਆਪਣੀ ਮਿਹਨਤ ਤੇ ਲਗਨ ਨਾਲ ਉਨ੍ਹਾਂ ਨੇ ਬੀ.ਆਰ. ਚੋਪੜਾ ਨੂੰ ਅਜਿਹਾ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਆਪਣਾ ਸੈਕਿੰਡ ਅਸਿਸਟੈਂਟ ਬਣਾ ਲਿਆ ਤੇ ਉਹ ਤਿੰਨ ਫਿਲਮਾਂ 'ਏਕ ਹੀ ਰਾਸਤਾ', 'ਸਾਧਨਾ' ਤੇ 'ਨਯਾ ਦੌਰ' ਵਿਚ ਉਨ੍ਹਾਂ ਨਾਲ ਸਹਾਇਕ ਨਿਰਦੇਸ਼ਕ ਰਹੇ।

ਫਿਰ ਜਲਦੀ ਹੀ ਉਨ੍ਹਾਂ ਨੂੰ ਬੀ.ਆਰ. ਚੋਪੜਾ ਨੇ ਫਿਲਮ 'ਧੂਲ ਕਾ ਫੂਲ' ਦੇ ਨਿਰਦੇਸ਼ਨ ਦੀ ਵੱਡੀ ਜ਼ਿੰਮੇਦਾਰੀ ਸੌਂਪ ਦਿੱਤੀ। ਇਕ ਨਾਜਾਇਜ਼ ਬੱਚੇ ਦੀ ਕਹਾਣੀ 'ਤੇ ਆਧਾਰਤ ਇਸ ਫਿਲਮ ਦੀ ਸਫਲਤਾ ਨੇ ਯਸ਼ ਚੋਪੜਾ ਨੂੰ ਪ੍ਰਸਿੱਧੀ ਦਿੱਤੀ। ਉਨ੍ਹਾਂ ਦੀ ਅਗਲੀ ਫਿਲਮ 'ਧਰਮ ਪੁਤਰ' ਜੋ ਹਿੰਦੂ-ਮੁਸਲਿਮ ਏਕਤਾ 'ਤੇ ਆਧਾਰਤ ਸੀ। ਬੇਸ਼ੱਕ ਫਿਲਮ ਬਾਕਸ ਆਫਿਸ 'ਤੇ ਸਫਲ ਨਾ ਰਹੀ ਹੋਵੇ ਪਰ ਇਸ ਨੂੰ ਰਾਸ਼ਟਰੀ ਐਵਾਰਡ ਜ਼ਰੂਰ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਦੀ ਫਿਲਮ 'ਵਕਤ' ਨੂੰ ਜੋ ਭਾਰੀ ਸਫਲਤਾ ਮਿਲੀ, ਉਨ੍ਹਾਂ ਨੂੰ ਦੁਬਾਰਾ ਪਿੱਛੇ ਮੁੜ ਕੇ ਦੇਖਣਾ ਨਹੀਂ ਪਿਆ।

ਉਨ੍ਹਾਂ ਨੇ 1971 ਵਿਚ ਯਸ਼ਰਾਜ ਫਿਲਮਸ ਦੀ ਸਥਾਪਨਾ ਕੀਤੀ ਤੇ ਸੁਤੰਤਰ ਨਿਰਦੇਸ਼ਕ ਵਜੋਂ ਫਿਲਮ 'ਦਾਗ' ਪੇਸ਼ ਕੀਤੀ। ਇਹ ਫਿਲਮ ਵੀ ਖੂਬ ਸਫਲ ਰਹੀ। ਤਕਰੀਬਨ ਪੰਜ ਦਹਾਕਿਆਂ ਦੇ ਆਪਣੇ ਕਰੀਅਰ ਦੌਰਾਨ ਯਸ਼ ਚੋਪੜਾ ਦੇ ਨਾਂ ਅਣਗਿਣਤ ਸਫਲ ਫਿਲਮਾਂ ਹਨ। ਇਨ੍ਹਾਂ ਵਿਚੋਂ ਮੁੱਖ ਤੌਰ 'ਤੇ 'ਇਤੇਫਾਕ', 'ਦੀਵਾਰ', 'ਕਭੀ-ਕਭੀ', 'ਤ੍ਰਿਸ਼ੂਲ', 'ਕਾਲਾ ਪੱਥਰ', 'ਸਿਲਸਿਲਾ', 'ਚਾਂਦਨੀ', 'ਲਮਹੇ', 'ਡਰ', 'ਦਿਲਵਾਲੇ ਦੁਲਹਨੀਆ ਲੇ ਜਾਏਂਗੇ', 'ਦਿਲ ਤੋ ਪਾਗਲ ਹੈ', 'ਮੋਹੱਬਤੇਂ', 'ਧੂਮ', 'ਵੀਰ ਜ਼ਾਰਾ', 'ਬੰਟੀ ਔਰ ਬਬਲੀ', 'ਫਨਾ', 'ਧੂਮ-2', 'ਚਕ ਦੇ ਇੰਡੀਆ', 'ਰਬ ਨੇ ਬਨਾ ਦੀ ਜੋੜੀ' ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।


ਫਿਲਮ ਨਿਰਮਾਣ ਤੇ ਨਿਰਦੇਸ਼ਨ ਦੇ ਖੇਤਰ ਵਿਚ ਉੱਤਮ ਯੋਗਦਾਨ ਲਈ ਯਸ਼ ਚੋਪੜਾ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਤ ਤਾਂ ਕੀਤਾ ਹੀ ਗਿਆ, ਇਸ ਤੋਂ ਇਲਾਵਾ ਕਈ ਰਾਸ਼ਟਰੀ ਅਤੇ ਫਿਲਮਫੇਅਰ ਐਵਾਰਡ ਉਨ੍ਹਾਂ ਨੂੰ ਮਿਲ ਚੁੱਕੇ ਹਨ।1970 ਵਿਚ ਉਨ੍ਹਾਂ ਨੇ ਪਾਮੇਲਾ ਸਿੰਘ ਨਾਲ ਵਿਆਹ ਕੀਤਾ ਤੇ ਉਨ੍ਹਾਂ ਦੇ ਦੋ ਬੇਟੇ ਆਦਿਤਯ ਤੇ ਉਦੇ ਚੋਪੜਾ ਹਨ ਜੋ ਕ੍ਰਮਵਾਰ ਬਤੌਰ ਨਿਰਮਾਤਾ-ਨਿਰਦੇਸ਼ਕ ਤੇ ਅਭਿਨੇਤਾ ਬਾਲੀਵੁੱਡ ਵਿਚ ਸਰਗਰਮ ਹਨ।

# ਬਾਲੀਵੁੱਡ 'ਚ ਵਿਆਹੀਆਂ ਵਹੁਟੀਆਂ ਦਾ ਦੌਰ

ਪਿਛਲੇ ਦਿਨੀਂ ਵਿਆਹ ਦੇ ਇਕ ਵਕਫ਼ੇ ਬਾਅਦ ਫ਼ਿਲਮ 'ਡੇਂਜਰਸ ਇਸ਼ਕ' ਵਿਚ ਆ ਕੇ ਅਭਿਨੇਤਰੀ ਕ੍ਰਿਸ਼ਮਾ ਕਪੂਰ ਨੇ ਸਿਨੇ ਦਰਸ਼ਕਾਂ ਨੂੰ ਬਹੁਤ ਹੈਰਾਨ ਕੀਤਾ ਸੀ ਜਦੋਂਕਿ ਇਧਰ ਕੁਝ ਸਾਲ ਤੋਂ ਇਹ ਫ਼ਿਲਮੀ ਸੋਚ ਬਣ ਗਈ ਸੀ ਕਿ ਵੱਡੇ ਪਰਦੇ 'ਤੇ ਵਿਆਹੁਤਾ ਹੀਰੋਇਨਾਂ ਨੂੰ ਦਰਸ਼ਕ ਪਸੰਦ ਨਹੀਂ ਕਰਦੇ। ਹੁਣ ਇਹ ਸੋਚ ਅਪਵਾਦ ਬਣਦੀ ਜਾ ਰਹੀ ਹੈ। ਅੱਜ ਦੀਆਂ ਵਿਆਹੁਤਾ ਹੀਰੋਇਨਾਂ ਹੁਣ ਉਸ ਦੌਰ ਦੀ ਯਾਦ ਤਾਜ਼ਾ ਕਰਾ ਰਹੀਆਂ ਹਨ ਜਦੋਂ ਗੀਤਾਬਾਲੀ, ਵੈਜੰਤੀਮਾਲਾ, ਮੀਨਾ ਕੁਮਾਰੀ ਤੇ ਹੇਮਾ ਮਾਲਿਨੀ ਕਈ ਹੀਰੋਇਨਾਂ ਵਿਆਹ ਤੋਂ ਬਾਅਦ ਵੀ ਫ਼ਿਲਮਾਂ ਵਿਚ ਕੰਮ ਕਰਦੀਆਂ ਰਹੀਆਂ ਹਨ।



ਹੁਣ ਇਕ ਕਮਾਲ ਹੋਰ ਹੋ ਰਿਹਾ ਹੈ। ਵਿਆਹ ਦੇ ਬਾਅਦ ਬਹੁਤ ਅਰਾਮ ਨਾਲ ਘਰ-ਗ੍ਰਹਿਸਥੀ ਦੀ ਜ਼ਿੰਮੇਦਾਰੀ ਸੰਭਾਲਣ ਤੋਂ ਬਾਅਦ ਕਈ ਵਿਆਹੁਤਾ ਹੀਰੋਇਨਾਂ ਫ਼ਿਲਮਾਂ ਵਿਚ ਆਉਣ ਦਾ ਮਨ ਬਣਾ ਰਹੀਆਂ ਹਨ। ਕ੍ਰਿਸ਼ਮਾ ਕਪੂਰ ਨੇ ਪੂਰੀ ਸੋਚ-ਵਿਚਾਰ ਕਰਨ ਤੋਂ ਬਾਅਦ ਫ਼ਿਲਮਾਂ ਵਿਚ ਆਉਣ ਦਾ ਮਨ ਬਣਾਇਆ। ਵਿਆਹ ਤੋਂ ਬਾਅਦ ਰਿਲੀਜ਼ ਹੋਣ ਵਾਲੀ ਉਨ੍ਹਾਂ ਦੀ ਪਹਿਲੀ ਫ਼ਿਲਮ 'ਡੇਂਜਰਸ ਇਸ਼ਕ' ਨੇ ਉਸ ਨੂੰ ਨਿਰਾਸ਼ ਹੀ ਕੀਤਾ ਪਰ ਉਸ ਨੇ ਇਹ ਸਾਬਤ ਕਰ ਦਿੱਤਾ ਕਿ ਮੌਕਾ ਮਿਲੇ ਤਾਂ ਉਹ ਫਿਰ ਆਪਣੇ ਪੁਰਾਣੇ ਸਮੇਂ ਨੂੰ ਵਾਪਸ ਲਿਆ ਸਕਦੀ ਹੈ।



ਅਦਾਕਾਰਾ ਮਾਧੁਰੀ ਦੀਕਸ਼ਤ ਨੇ ਅਮਰੀਕਾ ਤੋਂ ਮੁੰਬਈ ਸ਼ਿਫਟ ਕੀਤਾ ਹੈ। ਹੁਣ ਉਸ ਦੇ ਪਤੀ ਮੁੰਬਈ ਵਿਚ ਕੰਮ ਕਰਦੇ ਹਨ। ਇਸ ਲਈ ਹੁਣ ਉਹ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਹੀ ਕੁਝ ਚੰਗੀਆਂ ਫ਼ਿਲਮਾਂ ਕਰਨਾ ਚਾਹੁੰਦੀ ਹੈ। ਮਾਧੁਰੀ ਦਾ ਕਹਿਣਾ ਹੈ ਕਿ 'ਡੇਢ ਇਸ਼ਕੀਆ' ਤੇ 'ਗੁਲਾਬੋ' ਦੋ ਇਸ ਤਰ੍ਹਾਂ ਦੀਆਂ ਫ਼ਿਲਮਾਂ ਹਨ ਜਿਨ੍ਹਾਂ ਨੂੰ ਕਰਕੇ ਉਹ ਬਹੁਤ ਸੰਤੁਸ਼ਟ ਹੈ। ਲਗਾਤਾਰ ਫ਼ਿਲਮਾਂ ਕਰਨਾ ਨਾ ਉਸ ਤੋਂ ਸੰਭਵ ਹੈ ਤੇ ਨਾ ਉਹ ਕਰ ਸਕੇਗੀ।

ਵਿਆਹ ਤੋਂ ਬਾਅਦ ਇਕ-ਅੱਧ ਫ਼ਿਲਮ ਵਿਚ ਕੰਮ ਕਰਕੇ ਐਸ਼ਵਰਿਆ ਰਾਏ ਬੱਚਨ ਵੀ ਬਹੁਤ ਖੁਸ਼ ਹੈ ਪਰ ਬੇਟੀ ਦੇ ਜਨਮ ਤੋਂ ਬਾਅਦ ਜਿਸ ਤਰ੍ਹਾਂ ਉਨ੍ਹਾਂ ਦੀ ਕਾਇਆ ਬਦਲੀ ਹੈ, ਉਸ ਦੇ ਬਾਅਦ ਦੁਬਾਰਾ ਫ਼ਿਲਮਾਂ ਵਿਚ ਉਸ ਦੇ ਕੰਮ ਸ਼ੁਰੂ ਕਰਨ ਵਿਚ ਥੋੜ੍ਹਾ ਸਮਾਂ ਲੱਗੇਗਾ ਪਰ ਵਿਸ਼ਵ ਸੁੰਦਰੀ ਲਈ ਇਹ ਇਕ ਮਾਮੂਲੀ ਗੱਲ ਹੈ। ਮਣੀ ਰਤਨਮ ਦੀ ਅਗਲੀ ਫ਼ਿਲਮ ਵਿਚ ਉਸ ਦੇ ਕੰਮ ਕਰਨ ਦੀ ਗੱਲ ਤੈਅ ਹੈ।

ਇਕ ਜ਼ਮਾਨੇ ਬਾਅਦ ਸ੍ਰੀਦੇਵੀ ਵਰਗੀ ਸਟਾਰ ਵੀ ਫ਼ਿਲਮਾਂ ਵਿਚ ਵਾਪਸ ਆ ਗਈ ਹੈ। ਉਸ ਦੀ ਫਿਲਮ 'ਇੰਗਲਿਸ਼ ਵਿੰਗਲਿਸ਼' ਦੀ ਕਾਫੀ ਚਰਚਾ ਹੈ। ਅਭਿਨੇਤਰੀ ਰਵੀਨਾ ਟੰਡਨ ਵੀ ਕੁਝ ਇਸੇ ਅੰਦਾਜ਼ ਵਿਚ ਆਪਣੇ ਸੈਲਿਊਲਾਈਡ ਪ੍ਰੇਮ ਨੂੰ ਅੱਗੇ ਵਧਾਈ ਰੱਖਣਾ ਚਾਹੁੰਦੀ ਹੈ। ਫ਼ਿਲਮ 'ਬੁੱਢਾ ਹੋਗਾ ਤੇਰਾ ਬਾਪ' ਵਿਚ ਉਹ ਨਜ਼ਰ ਆਈ ਸੀ। ਕੁੱਲ ਮਿਲਾ ਕੇ ਉਹ ਛੋਟੇ-ਮੋਟੇ ਤੌਰ 'ਤੇ ਸਰਗਰਮ ਹੈ। ਮਹਿਮਾ ਵੀ ਪਿੱਛੇ ਨਹੀਂ ਹੈ। ਬੇਟੀ ਆਰਿਨਾ ਦੇ ਵੱਡੇ ਹੋਣ ਤੋਂ ਬਾਅਦ ਮਹਿਮਾ ਚੌਧਰੀ ਨੇ ਵੀ ਫਿਰ ਤੋਂ ਆਪਣੀ ਫ਼ਿਲਮੀ ਸਰਗਰਮੀ ਨੂੰ ਵਧਾ ਦਿੱਤਾ ਹੈ।

'ਦ ਗੈਂਗਸਟਰ ਵਾਈਫ' ਵਿਚ ਉਹ ਇਨ੍ਹੀਂ ਦਿਨੀਂ ਕੰਮ ਕਰ ਰਹੀ ਹੈ। ਸਭ ਤੋਂ ਅਹਿਮ ਖ਼ਬਰ ਇਹ ਹੈ ਕਿ ਉਹ ਖੁਦ ਫ਼ਿਲਮ ਪ੍ਰੋਡਕਸ਼ਨ ਵਿਚ ਆਉਣ ਦਾ ਪੂਰਾ ਮਨ ਬਣਾ ਚੁੱਕੀ ਹੈ। 'ਯਾਦ ਰਖੇਗੀ ਦੁਨੀਆ' ਦੀ ਬੇਹੱਦ ਸੰਜੀਦਾ ਰੁਖਸਾਰ ਨੂੰ ਭਲਾ ਦਰਸ਼ਕ ਕਿਵੇਂ ਭੁੱਲ ਸਕਦੇ ਹਨ। ਵਿਆਹ ਤੋਂ ਬਾਅਦ ਉਹ ਕਿਤੇ ਗਵਾਚ ਗਈ ਸੀ। ਪਰ ਰਾਮੂ ਦੀ ਫ਼ਿਲਮ 'ਸਰਕਾਰ' ਤੋਂ ਬਾਅਦ ਉਹ ਫਿਰ ਤੋਂ ਸਰਗਰਮ ਹੋਈ ਹੈ। ਫ਼ਿਲਮਾਂ ਦੀ ਚੋਣ ਨੂੰ ਲੈ ਕੇ ਰੁਖ਼ਸਾਰ ਦੇ ਮਨ ਵਿਚ ਕੋਈ ਜ਼ਿਦ ਨਹੀਂ ਹੈ। ਇਸ ਲਈ ਉਹ ਛੋਟਾ ਵੱਡਾ ਹਰ ਰੋਲ ਬਹੁਤ ਅਰਾਮ ਨਾਲ ਕਰ ਰਹੀ ਹੈ।



# ਯਾਮੀ ਗੌਤਮ ਨੇ ਕੀਮਤ ਵਧਾਈ



ਫਿਲਮ 'ਵਿੱਕੀ ਡੋਨਰ' ਦੀ ਸਫਲਤਾ ਦੀ ਬਦੌਲਤ ਲੋਕਪ੍ਰਿਯਤਾ ਹਾਸਲ ਕਰ ਚੁੱਕੀ ਯਾਮੀ ਗੌਤਮ ਇਨ੍ਹੀਂ ਦਿਨੀਂ ਕਾਫੀ ਬਿਜ਼ੀ ਹੈ। ਉਸ ਕੋਲ ਕੁਝ ਫਿਲਮਾਂ ਦੇ ਨਾਲ-ਨਾਲ ਕਈ ਵਿਗਿਆਪਨ ਫਿਲਮਾਂ ਵੀ ਹਨ ਪਰ ਆਪਣੀ ਸਫਲਤਾ ਤੋਂ ਉਤਸ਼ਾਹਿਤ ਯਾਮੀ ਨੇ ਹੁਣ ਨਵੇਂ ਵਿਗਿਆਪਨਾਂ ਦੇ ਕਰਾਰ ਲਈ ਆਪਣਾ ਮਿਹਨਤਾਨਾ ਇੰਨਾ ਵਧਾ ਦਿੱਤਾ ਹੈ ਕਿ ਕੰਪਨੀਆਂ ਨੂੰ ਉਸ ਤੋਂ ਆਪਣਾ ਪੱਲਾ ਝਾੜਨਾ ਪੈ ਰਿਹਾ ਹੈ।

ਹਾਲ ਹੀ ਵਿਚ ਇਕ ਜਿਊਲਰੀ ਬ੍ਰਾਂਡ ਕੰਪਨੀ ਨੇ ਉਸ ਨਾਲ ਸੰਪਰਕ ਕੀਤਾ ਤਾਂ ਉਸ ਨੇ ਉਸ ਦੇ ਵਿਗਿਆਪਨ ਲਈ ਡੇਢ ਕਰੋੜ ਰੁਪਏ ਦੀ ਮੰਗ ਕਰ ਦਿੱਤੀ। ਹੁਣ ਇਕ ਨਵੀਂ ਅਭਿਨੇਤਰੀ ਨੂੰ ਇੰਨਾ ਪੈਸਾ ਦੇਣ ਨੂੰ ਕੰਪਨੀ ਤਿਆਰ ਨਹੀਂ ਹੈ ਤੇ ਉਸ ਨੇ ਤੁਰੰਤ ਯਾਮੀ ਦੀ ਜਗ੍ਹਾ ਫਿਲਮ 'ਬਰਫੀ' ਫੇਮ ਇਲਿਆਨਾ ਡਿਕਰੂਜ਼ ਨੂੰ ਸਾਈਨ ਕਰ ਲਿਆ। ਕੰਪਨੀ ਦੇ ਬੁਲਾਰੇ ਨੇ ਦੱਸਿਆ ਕਿ ਬੇਸ਼ੱਕ ਯਾਮੀ ਦੀ ਮੰਗ ਇਨ੍ਹੀਂ ਦਿਨੀਂ ਕਾਫੀ ਹੈ ਪਰ ਉਸ ਨੇ ਜੋ ਰਕਮ ਮੰਗੀ ਸੀ, ਉਹ ਬਹੁਤ ਜ਼ਿਆਦਾ ਸੀ। ਦੂਜੇ ਪਾਸੇ ਜਿਥੇ ਯਾਮੀ ਨੇ ਹੁਣੇ ਇਕ ਹੀ ਫਿਲਮ ਕੀਤੀ ਹੈ, ਉਥੇ ਹੀ ਇਲਿਆਨਾ ਸਾਊਥ ਇੰਡਸਟਰੀ ਦੀ ਵੱਡੀ ਸਟਾਰ ਹੈ, ਜਿਸ ਨੂੰ ਕੰਪਨੀ ਨੇ 50 ਲੱਖ ਰੁਪਏ ਤੋਂ ਵੀ ਘੱਟ 'ਚ ਸਾਈਨ ਕਰ ਲਿਆ ਹੈ।


Vista
CCTV TECHNOLOGY
Corporate people first choice for Security
High End HD Series
SPECIAL OFFER
4 CAMERAS WITH 4 CH DVR
LED MONITOR INCLUDED
$1449
$1349 +Tax
SPECIAL OFFER
8 CAMERAS INSTALLATION INCLUDED
LED MONITOR INCLUDED
$2449
$2349 +Tax
SPECIAL OFFER
12 CAMERAS INSTALLATION INCLUDED
LED MONITOR INCLUDED
$4249
$3749 +Tax
• HIGH QUALITY PRODUCT WITH 2 YEARS WARRANTY
• HIGH BRAND REPUTATION
• 16 YEARS HISTORY IN CCTV
• ADVANCE PRODUCT DESIGN
• TRAINED TECHNICAL STAFF
• PROFESSIONAL INSTALLATION
Why Vista CCTV TECHNOLOGY
24/7 HIGH END SECURITY SOLUTION
WE INSTALL ANYWHERE IN USA
16 YEARS EXPERIENCE IN CCTV BUSINESS
2 Years Warranty
QUALITY & RESOLUTION BUILD BY TECHNOLOGY NOT BY THE PRICE
Buy Online : www.ezchase.com
Email : commvision@sbcglobal.net
Call Sukhpal 661-586-5080
Customer Service : 1-800-235-1391
• NOW YOU CAN WATCH YOUR BUSINESS ON YOUR ANY SMART PHONE


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ੴ ਸਤਿਗੁਰ ਪ੍ਰਸਾਦਿ

# ਯੂਬਾ ਸਿਟੀ ਮਹਾਨ ਨਗਰ ਕੀਰਤਨ



ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਅਤੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਨਾਲ ਪਵਿੱਤਰ ਕਰਨ ਆਈਆਂ ਗੁਰੂ ਰੂਪ ਸੰਗਤਾਂ ਨੂੰ

## ਖਾਲਸਾਈ ਜੀ ਆਇਆਂ ਨੂੰ

ਨਾਹਰ ਸਿੰਘ ਹੀਰ ਤੇ ਹੈਪੀ ਹੀਰ

**Norcal Valley Pump**

Yuba City, CA, Ph: 530-682-6800

ੴ ਸਤਿਗੁਰ ਪ੍ਰਸਾਦਿ

# ਮਹਾਨ ਨਗਰ ਕੀਰਤਨ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਜੁਗੋ ਜੁਗ ਅਟੱਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਆਪਣੀ ਚਰਨ ਧੂੜ ਨਾਲ ਸਾਨੂੰ ਵਡਭਾਗੀ ਬਣਾਓ ਜੀ





ਪਿਆਰਾ ਸਿੰਘ ਗੋਸਲ, ਫੋਨ:530-682-6099

ਗੋਸਲ ਫਾਰਮਸ

# ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਯੂਬਾ ਸਿਟੀ ਦੀ ਧਰਤੀ ਨੂੰ ਭਾਗ ਲਾਉਣ ਆਈਆਂ ਗੁਰੂ ਪਿਆਰੀਆਂ ਸੰਗਤਾਂ ਨੂੰ

# ਜੀ ਆਇਆਂ ਨੂੰ



ਖੱਬਿਓਂ: ਜਸ ਥਿਆੜਾ, ਹਰਮਨ ਥਿਆੜਾ, ਜੂਨੀਅਰ ਥਿਆੜਾ, ਸਰਬਜੀਤ (ਸਰਬ) ਥਿਆੜਾ ਅਤੇ ਸ. ਮਹਿੰਦਰ ਸਿੰਘ ਥਿਆੜਾ

ਵਲੋਂ

ਮਹਿੰਦਰ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ (530) 682-5861
ਜਸਪ੍ਰੀਤ ਸਿੰਘ ਥਿਆੜਾ (530) 682-5863 ਅਤੇ ਸਮੂਹ ਪਰਿਵਾਰ
(ਯੂਬਾ ਸਿਟੀ, ਕੈਲੀਫੋਰਨੀਆ)

# S & J Royal Inc.

## Golden Valley Fruit Packing